




Twenty-Sixth Year of Publication

ਨਿਊਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 14; April 4, 2026 20451 N. Plum Grove Rd., Palatine, IL 60074 Ph:847-359-0746, Fax:847-705-9388


## ਛੇਤੀ ਸਮਝੌਤਾ ਨਾ ਹੋਇਆ ਤਾਂ ਹੋਵੇਗੀ ਤਬਾਹੀ: ਡੋਨਲਡ ਟਰੰਪ

**ਨਵੀਂ ਦਿੱਲੀ:** ਪਾਕਿਸਤਾਨ ਪੱਛਮੀ ਏਸ਼ੀਆ 'ਚ ਜਾਰੀ ਅਮਰੀਕਾ- ਈਰਾਨ ਜੰਗ ਵਿਚਾਲੇ ਖ਼ੁਦ ਨੂੰ ਸੰਭਾਵਿਤ ਵਿਚੋਲੇ ਦੇ ਰੂਪ 'ਚ ਪੇਸ਼ ਕਰ ਰਿਹਾ ਹੈ, ਪਰ ਈਰਾਨ ਨੇ ਇਸਲਾਮਾਬਾਦ ਦੀ ਅਜਿਹੀ ਕਿਸੇ ਪਹਿਲ ਤੋਂ ਸਾਫ਼ ਦੂਰੀ ਬਣਾ ਲਈ ਹੈ। ਮੁੰਬਈ ਸਥਿਤ ਈਰਾਨ ਦੇ ਕੌਂਸਲੇਟ ਜਨਰਲ ਨੇ ਸਪੱਸ਼ਟ ਕੀਤਾ ਕਿ ਅਮਰੀਕਾ ਨਾਲ ਉਸ ਦੀ ਕੋਈ ਪ੍ਰਤੱਖ ਵਾਰਤਾ ਨਹੀਂ ਹੋਈ ਹੈ ਤੇ ਪਾਕਿਸਤਾਨ ਦੇ ਕਿਸੇ ਵੀ ਮੰਚ 'ਚ ਈਰਾਨ ਨੇ ਹਿੱਸਾ ਨਹੀਂ ਲਿਆ ਹੈ। ਇਸ ਨਾਲ ਹੀ ਪਾਕਿਸਤਾਨ ਦੀ ਨਿਰਪੱਖਤਾ 'ਤੇ ਵੀ ਸਵਾਲ ਉੱਠਣ ਲੱਗੇ ਹਨ। ਇਸ ਵਿਚਾਲੇ ਈਰਾਨ ਨੇ ਪਰਮਾਣੂ ਗ਼ੈਰਪਸਾਰ ਸੰਧੀ (ਐੱਨਪੀਟੀ) ਤੋਂ ਬਾਹਰ ਨਿਕਲਣ ਦੀ ਸੰਭਾਵਨਾ 'ਤੇ ਮੁੜ ਵਿਚਾਰ ਸ਼ੁਰੂ ਕਰ ਦਿੱਤਾ ਹੈ ਤੇ ਇਸ ਵਿਸ਼ੇ 'ਤੇ ਉਥੇ ਦੀ ਸੰਸਦ 'ਚ ਚਰਚਾ ਚੱਲ ਰਹੀ ਹੈ। ਇਸ ਨੂੰ ਈਰਾਨ ਦੀ ਪਰਮਾਣੂ ਨੀਤੀ 'ਚ ਸੰਭਾਵਿਤ ਵੱਡੀ ਤਬਦੀਲੀ ਦੇ ਸੰਕੇਤ ਦੇ ਰੂਪ 'ਚ ਦੇਖਿਆ ਜਾ ਰਿਹਾ ਹੈ। ਦੂਜੇ ਪਾਸੇ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ ਜਲਦੀ ਸਮਝੌਤਾ ਕਰਨ ਦੀ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇ ਅਜਿਹਾ ਨਹੀਂ ਹੋਇਆ ਤਾਂ ਈਰਾਨ ਦੇ ਖਾਰਗ ਦੀਪ, ਊਰਜਾ ਢਾਂਚੇ ਤੇ ਜਲ ਸੋਧ ਪਲਾਂਟਾਂ ਸਮੇਤ ਸਭ ਕੁਝ ਤਬਾਹ ਕਰ ਦਿੱਤਾ ਜਾਵੇਗਾ। ਇਸ ਵਿਚਾਲੇ ਪੱਛਮੀ ਏਸ਼ੀਆ 'ਚ ਫ਼ੌਜੀ ਟਕਰਾਅ ਹੋਰ ਤੇਜ਼ ਹੋ ਗਿਆ। ਇਜ਼ਰਾਈਲ ਦੇ ਹਾਈਫਾ ਸਥਿਤ ਮਹੱਤਵਪੂਰਨ ਤੇਲ ਰਿਫਾਇਨਰੀ ਕੰਪਲੈਕਸ 'ਚ ਰਾਕਟ ਹਮਲੇ ਤੋਂ ਬਾਅਦ ਅੱਗ ਲੱਗ ਗਈ। ਇਜ਼ਰਾਈਲ ਨੇ ਕਿਹਾ ਕਿ ਇਹ ਹਮਲਾ ਹਿਜ਼ਬੁੱਲਾ ਵੱਲੋਂ ਕੀਤਾ ਗਿਆ। ਦੂਜੇ ਪਾਸੇ ਈਰਾਨ ਦੇ ਕਈ ਮਹੱਤਵਪੂਰਨ ਫ਼ੌਜੀ ਤੇ ਤਕਨੀਕੀ ਅਦਾਰਿਆਂ 'ਤੇ ਅਮਰੀਕੀ-



ਇਜ਼ਰਾਇਲੀ ਹਮਲੇ ਜਾਰੀ ਰਹੇ। ਈਰਾਨ ਨੇ ਰਿਵੋਲਿਊਸ਼ਨਰੀ ਗਾਰਡ ਜਲ ਸੈਨਾ ਦੇ ਕਮਾਂਡਰ ਅਲੀਰੇਜਾ ਤੰਗਸਿਰੀ ਦੇ ਇਜ਼ਰਾਇਲੀ ਹਮਲੇ 'ਚ ਮਾਰੇ ਜਾਣ ਦੀ ਪੁਸ਼ਟੀ ਕਰ ਦਿੱਤੀ। ਰਾਇਟਰ ਮੁਤਾਬਕ, ਈਰਾਨੀ ਕੌਂਸਲੇਟ ਜਨਰਲ ਨੇ ਬਿਆਨ ਜਾਰੀ ਈਰਾਨ ਦੀ ਦੋ ਟੁੱਕ ਕਰ ਕੇ ਕਿਹਾ ਕਿ ਅਮਰੀਕਾ ਵੱਲੋਂ ਸਿਰਫ਼ ਵਿਚੋਲਿਆਂ ਰਾਹੀਂ ਤਰਕਹੀਣ ਤੇ ਗ਼ੈਰ ਵਿਹਾਰਕ ਮੰਗਾਂ ਭੇਜੀਆਂ ਗਈਆਂ ਹਨ। ਬਿਆਨ 'ਚ ਕਿਹਾ ਗਿਆ ਕਿ ਅਮਰੀਕਾ ਨਾਲ ਕੋਈ ਸਿੱਧੀ ਗੱਲਬਾਤ ਨਹੀਂ ਹੋਈ। ਸਿਰਫ਼ ਵਿਚੋਲਿਆਂ ਦੇ ਰਾਹੀਂ ਜ਼ਿਆਦਾ ਤੇ ਗ਼ੈਰ ਸੰਗਤ ਮੰਗਾਂ ਆਈਆਂ ਹਨ। ਪਾਕਿਸਤਾਨ ਦੇ ਮੰਚ ਉਸ ਦਾ ਆਪਣਾ ਮਾਮਲਾ ਹਨ, ਅਸੀਂ ਉਸ 'ਚ ਸ਼ਾਮਲ ਨਹੀਂ ਸੀ। ਖੇਤਰੀ ਪੱਧਰ 'ਤੇ ਜੰਗ ਖ਼ਤਮ ਕਰਨ ਦੀਆਂ ਅਪੀਲਾਂ ਦਾ ਸਵਾਗਤ ਹੈ, ਪਰ ਇਹ ਵੀ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਸੰਘਰਸ਼ ਕਿਸ ਨੇ ਸ਼ੁਰੂ ਕੀਤਾ। ਈਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਘੇਈ ਨੇ ਵੀ ਇਸੇ ਸੁਰ 'ਚ ਕਿਹਾ ਕਿ ਈਰਾਨ ਦੀ ਸਥਿਤੀ ਬਿਲਕੁਲ ਸਪੱਸ਼ਟ ਹੈ। ਉਸ ਮੁਤਾਬਕ, ਦੇਸ਼ 'ਤੇ ਫ਼ੌਜੀ ਹਮਲਾ ਹੋਇਆ ਹੈ ਤੇ ਫ਼ਿਲਹਾਲ ਪੂਰਾ ਧਿਆਨ ਆਤਮ ਰੱਖਿਆ 'ਤੇ ਕੇਂਦਰਿਤ ਹੈ। ਇਹ ਪ੍ਰਤੀਕਿਰਿਆ ਪਾਕਿਸਤਾਨ ਦੇ ਉਸ ਦਾਅਵੇ ਦੇ ਤੁਰੰਤ ਬਾਅਦ ਆਈ ਜਿਸ 'ਚ ਵਿਦੇਸ਼ ਮੰਤਰੀ ਇਸ਼ਾਕ ਡਾਰ ਨੇ ਕਿਹਾ ਸੀ ਕਿ ਪਾਕਿਸਤਾਨ ਅਮਰੀਕਾ ਤੇ ਈਰਾਨ ਵਿਚਾਲੇ ਪ੍ਰਤੱਖ ਵਾਰਤਾ ਕਰਵਾਉਣ ਲਈ ਤਿਆਰ ਹੈ। ਡਾਰ, ਜੋ ਉਪ ਪ੍ਰਧਾਨ ਮੰਤਰੀ ਵੀ ਹਨ, ਨੇ ਐਤਵਾਰ ਨੂੰ ਇਸਲਾਮਾਬਾਦ 'ਚ ਸਾਊਦੀ ਅਰਬ, ਮਿਸਰ ਤੇ ਤੁਰਕੀਏ ਦੇ ਵਿਦੇਸ਼ ਮੰਤਰੀਆਂ ਦੇ

*(ਬਾਕੀ ਸਫ਼ਾ 6 'ਤੇ)*

## ਸਿੱਖਿਆ ਦੇ ਖੇਤਰ ਵਿਚ ਪੰਜਾਬ ਨੇ ਕੇਰਲਾ ਨੂੰ ਪਛਾੜਿਆ: ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਿੱਖਿਆ ਤੇ ਖੇਤਰ 'ਚ ਪੰਜਾਬ ਦੇਸ਼ ਦਾ ਮੋਹਰੀ ਸੂਬਾ ਬਣ ਗਿਆ ਹੈ। ਨੈਸ਼ਨਲ ਅਚੀਵਮੈਂਟ ਸਰਵੇ-2024 'ਚ ਪੰਜਾਬ ਨੇ ਕੇਰਲਾ ਨੂੰ ਪਛਾੜ ਦਿੱਤਾ ਹੈ ਤੇ ਇਹ ਪ੍ਰਾਪਤੀ ਸੂਬੇ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਲਗਨ ਤੇ ਵਿਦਿਆਰਥੀਆਂ ਦੀ ਮਿਹਨਤ ਕਾਰਨ ਹੀ ਸੰਭਵ ਹੋਇਆ ਹੈ। ਮੁੱਖ ਮੰਤਰੀ ਸੋਮਵਾਰ ਨੂੰ ਆਮ ਆਦਮੀ ਪਾਰਟੀ ਦੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਸੂਬਾ ਸਰਕਾਰ ਦੀ ਸਿੱਖਿਆ ਕ੍ਰਾਂਤੀ ਦਾ ਚਾਰ ਸਾਲਾਂ ਦਾ ਵਿਸਥਾਰਤ ਰਿਪੋਰਟ ਕਾਰਡ ਪੇਸ਼ ਕਰਦਿਆਂ ਕਿਹਾ ਕਿ ਕੌਮੀ ਮੁਲਾਂਕਣ 'ਚ ਚੋਟੀ ਦੀਆਂ ਦਰਜਾਬੰਦੀਆਂ, ਰਿਕਾਰਡ ਅਕਾਦਮਿਕ ਨਤੀਜੇ, ਜ਼ੀਰੋ ਪੇਪਰ ਲੀਕ ਅਤੇ ਬੁਨਿਆਦੀ ਢਾਂਚੇ ਅਤੇ ਅਧਿਆਪਕ ਸਿਖਲਾਈ 'ਚ ਕੀਤੇ ਬੇਮਿਸਾਲ ਨਿਵੇਸ਼ 'ਤੇ ਚਾਨਣਾ ਪਾ ਰਹੇ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਸਾਲ 2021-22 'ਚ ਸਿੱਖਿਆ ਬਜਟ 12,657 ਕਰੋੜ ਰੁਪਏ ਸੀ ਜੋ 2026- 27 ਵਿਚ ਵਧਾ ਕੇ 19,279 ਕਰੋੜ ਰੁਪਏ ਕੀਤਾ ਗਿਆ ਹੈ। ਮਾਨ ਨੇ ਕਿਹਾ ਕਿ ਸਿੱਖਿਆ ਨੂੰ ਤਰਜੀਹ ਦੇਣ ਵਾਲੇ ਦੇਸ਼ਾਂ ਨੇ ਹਰ ਖੇਤਰ ਵਿਚ ਤਰੱਕੀ ਕੀਤੀ ਹੈ। ਪਿਛਲੀਆਂ ਸਰਕਾਰਾਂ ਨੇ ਸਕੂਲਾਂ ਨੂੰ ਸਿਰਫ ਮਿਡ ਡੇ ਮੀਲ ਦੇ ਕੇਂਦਰਾਂ ਤੱਕ ਸੀਮਿਤ ਕਰ ਦਿੱਤਾ ਪਰ ਸਾਡੀ ਸਰਕਾਰ ਨੇ ਪੂਰੀ ਪ੍ਰਣਾਲੀ ਨੂੰ ਬਦਲ ਦਿੱਤਾ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰੀ ਸਕੂਲਾਂ 'ਚ ਹੁਣ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਜਿਸ ਨਾਲ ਮਾਪਿਆਂ ਨੂੰ ਬਿਹਤਰ ਬਦਲ ਮਿਲੇਗਾ। ਇਕ ਅਪ੍ਰੈਲ ਤੋਂ ਮਾਪਿਆਂ ਨੂੰ ਉਨ੍ਹਾਂ ਦੇ ਬੱਚੇ ਦੀ ਸਕੂਲ ਤੋਂ ਗੈਰ-ਹਾਜ਼ਰੀ ਅਤੇ ਅਧਿਆਪਕਾਂ ਦੀ ਛੁੱਟੀ ਬਾਰੇ ਵੀ ਸੂਚਿਤ ਕੀਤਾ ਜਾਵੇਗਾ, ਜਿਸ ਨਾਲ ਹਰ ਪੱਧਰ 'ਤੇ ਜਵਾਬਦੇਹੀ ਯਕੀਨੀ ਬਣਾਈ ਜਾ ਸਕੇਗੀ।

ਉਨ੍ਹਾਂ ਕਿਹਾ ਕਿ ਗੁਜਰਾਤ ਦੇ ਉਲਟ, ਪਿਛਲੇ ਚਾਰ ਸਾਲਾਂ ਵਿਚ ਪੰਜਾਬ ਵਿਚ ਇੱਕ ਵੀ ਪੇਪਰ ਲੀਕ ਦੀ ਘਟਨਾ ਸਾਹਮਣੇ ਨਹੀਂ ਆਈ। ਮਾਨ ਨੇ ਕਿਹਾ ਕਿ ਨੈਸ਼ਨਲ ਅਚੀਵਮੈਂਟ ਸਰਵੇ-2024 ਵਿਚ ਪੰਜਾਬ ਨੇ ਕੇਰਲਾ ਨੂੰ ਵੀ ਪਛਾੜ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ ਜਦੋਂਕਿ ਗੁਜਰਾਤ 16ਵੇਂ ਅਤੇ ਹਰਿਆਣਾ ਲਗਭਗ 7ਵੇਂ ਜਾਂ 8ਵੇਂ ਸਥਾਨ 'ਤੇ ਹੈ। ਇਹ ਪ੍ਰਾਪਤੀ ਸਾਡੇ ਸਰਕਾਰੀ ਸਕੂਲ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਹੈ। ਇਸੇ ਤਰ੍ਹਾਂ 740 ਵਿਦਿਆਰਥੀਆਂ ਨੇ ਜੇਈਈ ਪ੍ਰੀਖਿਆ

*(ਬਾਕੀ ਸਫ਼ਾ 6 'ਤੇ)*







# ਨਿਰਵੈਰ ਪੰਨੂ 18 ਅਪਰੈਲ ਨੂੰ ਸ਼ਿਕਾਗੋ ਵਿਚ ਲਾਏਗਾ ਰੌਣਕਾਂ!!



# ਭਾਰਤ ਆ ਰਹੇ ਈਰਾਨੀ ਜਹਾਜ਼ ਨੂੰ ਹਮਲੇ 'ਚ ਨੁਕਸਾਨ




**ਤਹਿਰਾਨ:** ਮਸ਼ਹਦ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਅਮਰੀਕੀ ਹਵਾਈ ਹਮਲੇ 'ਚ ਮਾਹਾਨ ਏਅਰ ਦਾ ਇਕ ਜਹਾਜ਼ ਨੁਕਸਾਨਿਆ ਗਿਆ। ਦੱਸਿਆ ਗਿਆ ਹੈ ਕਿ ਇਹ ਜਹਾਜ਼ ਮਨੁੱਖੀ ਸਹਾਇਤਾ ਮਿਸ਼ਨ 'ਤੇ ਸੀ। ਏਐੱਨਆਈ ਦੇ ਮੁਤਾਬਕ, ਇਹ ਜਹਾਜ਼ ਨਵੀਂ ਦਿੱਲੀ ਆ ਕੇ ਜੰਗ ਪ੍ਰਭਾਵਿਤ ਲੋਕਾਂ ਲਈ ਦਵਾਈਆਂ ਤੇ ਰਾਹਤ ਸਮੱਗਰੀ ਦੀ ਖੇਪ ਲੈਣ ਵਾਲਾ ਸੀ। ਦੱਸਿਆ ਗਿਆ ਕਿ ਜਹਾਜ਼ ਨੇ 11 ਟਨ ਤੋਂ ਵੱਧ ਮੈਡੀਕਲ ਸਹਾਇਤਾ ਸਮੱਗਰੀ ਲੈ ਕੇ ਵਾਪਸ ਈਰਾਨ ਮੁੜਨਾ ਸੀ।

## ਕੁਵੈਤ 'ਚ ਇਕ ਹੋਰ ਭਾਰਤੀ ਦੀ ਮੌਤ

ਕੁਵੈਤ ਦੇ ਬਿਜਲੀ ਤੇ ਜਲ ਸੋਧ ਪਲਾਂਟ 'ਤੇ ਈਰਾਨ ਦੇ ਹਮਲੇ 'ਚ ਇਕ ਹੋਰ ਭਾਰਤੀ ਦੀ ਮੌਤ ਹੋ ਗਈ। ਇਸ ਦੇ ਨਾਲ ਹੀ ਖਾੜੀ ਦੇਸ਼ਾਂ 'ਚ ਹੁਣ ਤੱਕ ਅੱਠ ਭਾਰਤੀਆਂ ਦੀ ਮੌਤ ਹੋ ਚੁੱਕੀ ਹੈ। ਪੀਟੀਆਈ ਮੁਤਾਬਕ, ਕੁਵੈਤ ਦੇ ਬਿਜਲੀ ਅਤੇ ਜਲ ਮੰਤਰਾਲੇ ਨੇ ਕਿਹਾ ਕਿ ਹਮਲੇ ਕਾਰਨ ਸਰਵਿਸ ਬਿਲਡਿੰਗ ਨੂੰ ਨੁਕਸਾਨ ਪੁੱਜਾ। ਮੰਤਰਾਲੇ ਨੇ ਇਸ ਹਮਲੇ ਦੀ ਸਖ਼ਤ ਨਿੰਦਾ ਕੀਤਾ। ਮੰਤਰਾਲੇ ਨੇ ਐਕਸ 'ਤੇ ਲਿਖਿਆ ਕਿ ਇਸ ਹਮਲੇ 'ਚ ਭਾਰਤੀ ਮੂਲ ਦੇ ਸਾਡੇ ਮੁਲਾਜ਼ਮ ਦੀ ਮੌਤ ਹੋ ਗਈ। ਕੁਵੈਤ ਸਥਿਤ ਭਾਰਤੀ ਦੂਤਘਰ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ। ਦੂਤਘਰ ਨੇ ਕਿਹਾ ਕਿ ਕੁਵੈਤ ਦੇ ਅਧਿਕਾਰੀਆਂ ਦੇ ਨਾਲ ਮਿਲ ਕੇ ਉਹ ਹਰ ਸੰਭਵ ਸਹਾਇਤਾ ਤੇ ਸਮਰਥਨ ਉਪਲਬਧ ਕਰਵਾ ਰਿਹਾ ਹੈ।


## ਮਠਿਆਈ ਵਾਲਾ ਕਾਰੀਗਰ, ਹੈਲਪਰ ਅਤੇ ਕਾਊਂਟਰ ਸਾਂਭਣ ਲਈ ਵਰਕਰ ਦੀ ਲੋੜ ਹੈ।

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲਾ ਕਾਰੀਗਰ, ਹੈਲਪਰ ਅਤੇ ਕਾਊਂਟਰ ਦਾ ਕੰਮ ਸੰਭਾਲਣ ਵਾਲੇ ਵਰਕਰ ਚਾਹੀਦੇ ਹਨ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਚਾਹਵਾਨ ਸੰਪਰਕ ਕਰੋ:

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

## ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।

* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ
* ਜੋੜੇ ਨੂੰ ਪਹਿਲ

## Restaurant Help Wanted

Immediately hiring Chef and Tandoori Chef for Indian restaurant in Murfreesboro, TN.

*Good salary, free accommodation & Food. * Priority to Couples

ਸੰਪਰਕ ਕਰੋ: ਗੁਰਇਕਬਾਲ ਸਿੰਘ

Direct call or What's up call 615-482-5158

## ਇੰਡੀਅਨ ਰੈਸਟੋਰੈਂਟ ਲਈ ਫੌਰੀ ਵਰਕਰਾਂ ਦੀ ਲੋੜ ਹੈ

ਅਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।

*ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਫਰੀ

ਚਾਹਵਾਨ ਕਾਲ ਕਰੋ:

ਕਾਲ ਮਿ. ਸਿੰਘ

ਫੋਨ: 515-291-1961


# Matrimonials

## ਲੜਕੇ ਦੀ ਲੋੜ ਹੈ

Jat sikh Dhillon family invites suitable alliance for their Very Fair, slim, Beautiful, 25/5.7", daughter. She is Convent Educated and doing final Semester BBA in supply Chain Management at California, USA. Seeks well educated USA citizen, working professional OR Business family Boy settled in USA.

14-17

Jat Sikh family looking for a compatible US citizen match for their daughter, age 27, height 5' 5". She has done Masters in computer and information system and working as a business system analyst at manufacturing company. Please contact us at 262-716-2016 or 262-716-5859 or Email- karan2@sbcglobal.net

## ਲੜਕੀ ਦੀ ਲੋੜ ਹੈ

ਅਮਰੀਕਾ ਵਿਚ ਸਥਾਪਤ ਨਾਈ ਸਿੱਖ ਪਰਿਵਾਰ ਨੂੰ ਆਪਣੇ ਗ੍ਰੀਨ ਕਾਰਡ ਹੋਲਡਰ, ਉਮਰ, 27 ਸਾਲ, ਕੱਦ 6 ਫੁੱਟ ਦੋ ਇੰਚ, ਪੁੱਤਰ ਲਈ ਪੜ੍ਹੀ-ਲਿਖੀ, ਸੋਹਣੀ, ਸਿਆਣੀ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਮਕੈਨੀਕਲ ਇੰਜੀਨੀਅਰ ਦੀ ਡਿਗਰੀ ਕਰਕੇ ਨਾਮੀ ਕੰਪਨੀ ਵਿੱਚ ਕੰਮ ਕਰਦਾ ਹੈ। ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ੍ਰੂੰੲ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਚਾਹਵਾਨ ਸੰਪਰਕ ਕਰਨ। 475-777-4778 ਜਾਂ ਈਮੇਲ ਮਅਨਗਅਟਗੁਰੋਪਨਿਦਏਰ@ਗਮਅਲਿ।ਚੋਮ

13-16

Gursikh Family from USA is looking for educated, vegetarian, amritdhari, family oriented GURSIKH singhnee who wears Keski (or willing to do so) & is open to relocating to San Francisco Bay Area, for their son. SINGH is 5'11' tall, Amritdhari, 38 years, Master Degree from USA, WELL SETTLED, having own home, Green Card filed & is living in USA since 2009. Currently working as SENIOR software product leader in CALIFORNIA. Singh is an innocent issueless divorcee(short marriage) and is looking for a fresh start. PREFERENCE will be given to girls living in USA/CANADA but also open to sponsorship for right match from other countries. For more details, DIAL us at +1 (510) 558-5650 or what's app at +91 98993 79442 or email at: singhmat001@gmail.com

11-14

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

Ramgarhia Family seeks a suitable match for their USA Born and Raised Non-vegetarian 31 year 5'6.5" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.


## SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



EARLY BIRD SALE!!!!

*Etihad, Air India, KLM, Lufthansa, Delta, Qatar Airlines.*

**Domestic fares available**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
*847-359-0746*
*To Advertise In Punjab Times*
*Call: 847-359-0746*

# ਚੰਡੀਗੜ੍ਹ ਵਿਚ ਗੁਰੂ ਨਾਨਕ ਰਿਸਰਚ ਇੰਸਟੀਚਿਊਟ ਬ੍ਰਿਮਿੰਘਮ (ਇੰਗਲੈਂਡ) ਵਲੋਂ ਸਮਾਗਮ

## ਖੋਜੀ ਕਾਫ਼ਰ ਨੂੰ 'ਲਾਈਫ਼ ਟਾਈਮ ਐਚੀਵਮੈਂਟ ਐਵਾਰਡ' ਨਾਲ ਸਨਮਾਨਿਆ





ਗੁਰੂ ਨਾਨਕ ਰਿਸਰਚ ਇੰਸਟੀਚਿਊਟ ਬ੍ਰਿਮਿੰਘਮ (ਇੰਗਲੈਂਡ) ਵੱਲੋਂ ਬੀਤੇ ਦਿਨੀਂ ਚਾਰ ਕਿਤਾਬਾਂ 'ਕਥਾ ਜਪੁਜੀ ਸਾਹਿਬ', 'ਸੁਖਮਨੀ ਸਾਹਿਬ ਦੀ ਕਥਾ', 'ਲੋਹਗੜ੍ਹ (ਸਿੱਖ ਰਾਜ ਦੀ ਪਹਿਲੀ ਰਾਜਧਾਨੀ)', 'ਸੰਜੀਦਾ ਪੰਥਕ ਮਸਲੇ' ਰਿਲੀਜ਼ ਕੀਤੀਆਂ ਗਈਆਂ। ਪਹਿਲੀਆਂ 2 ਕਿਤਾਬਾਂ ਡਾ. ਬਲਜਿੰਦਰ ਸਿੰਘ ਨਾਰਵੇ ਦੀਆਂ ਲਿਖੀਆਂ ਹੋਈਆਂ ਹਨ। ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਤ ਕਿਤਾਬਾਂ 'ਲੋਹਗੜ੍ਹ' ਅਤੇ 'ਸੰਜੀਦਾ ਪੰਥਕ ਮਸਲੇ' ਦਾ ਪੰਜਾਬੀ ਰੂਪ ਤੇ ਸੰਪਾਦਨ ਡਾ. ਬਲਜਿੰਦਰ ਸਿੰਘ ਨਾਰਵੇ ਨੇ ਕੀਤਾ ਹੈ।

ਸਮਾਗਮ ਵਿਚ ਕੈਨੇਡਾ ਵਾਸੀ ਲੇਖਕ ਖੋਜੀ ਕਾਫ਼ਿਰ (ਪ੍ਰੋ. ਭੂਪਿੰਦਰ ਸਿੰਘ ਢਿੱਲੋਂ) ਨੂੰ 'ਜੀਵਨ ਪ੍ਰਾਪਤੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਕਿਤਾਬਾਂ 'ਤੇ ਡਾ. ਯੋਗ ਰਾਜ ਐਂਗਰਸ਼ (ਮੁਖੀ ਪੰਜਾਬੀ ਵਿਭਾਗ ਪੰਜਾਬ ਯੂਨੀਵਰਸਿਟੀ), ਡਾ. ਦਲਜੀਤ ਸਿੰਘ (ਹਿਸਟੋਰੀਅਨ ਮੁਖੀ ਹਿਸਟਰੀ ਡਿਪਾਰਟਮੈਂਟ ਪੰਜਾਬੀ ਯੂਨੀਵਰਸਿਟੀ ਪਟਿਆਲਾ) ਤੇ ਡਾ. ਰਾਜ ਕੁਮਾਰ ਹੰਸ (ਗੁਜਰਾਤ ਯੂਨੀਵਰਸਿਟੀ) ਨੇ ਪੇਪਰ ਪੇਸ਼ ਕੀਤੇ।

ਸਮਾਗਮ ਦੀ ਪ੍ਰਧਾਨਗੀ ਪ੍ਰੋ. ਡਾ. ਰੌਣਕੀ ਰਾਮ (ਪੰਜਾਬ ਯੂਨੀਵਰਸਿਟੀ) ਨੇ ਕੀਤੀ। ਵੋਟ ਆਫ਼ ਥੈਂਕਸ ਪ੍ਰੋ. ਮੁਨੀਸ਼



ਸਿੰਘ ਨੇ ਪੇਸ਼ ਕੀਤਾ। ਸਟੇਜ ਦੀ ਕਾਰਵਾਈ ਫ਼ਿਲਮੀ ਕਲਾਕਾਰ ਪੰਮੀ ਸਿੱਧੂ-ਸੰਧੂ ਨੇ ਸੰਭਾਲੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਇਤਿਹਾਸਕਾਰ ਡਾ. ਸੁਭਾਸ਼ ਪਰਿਹਾਰ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੀ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ, ਪ੍ਰਿੰਸੀਪਲ ਬਲਜੀਤ ਸੈਣੀ ਮੁਕੇਰੀਆਂ, ਮਸ਼ਹੂਰ ਬੈਂਕਰ ਤੇ ਵਿਦਵਾਨ ਸ. ਦਵਿੰਦਰ ਸਿੰਘ ਜਟਾਣਾ (ਕੈਲੇਫ਼ੋਰਨੀਆ), ਇਤਿਹਾਸਕਾਰ ਡਾ. ਗੁਰਦੇਵ ਸਿੰਘ ਸਿੱਧੂ, ਡਾ. ਖ਼ੁਸ਼ਹਾਲ ਸਿੰਘ ਤੇ ਪ੍ਰੋ. ਸ਼ਾਮ ਸਿੰਘ (ਕੇਂਦਰੀ ਸਿੰਘ ਸਭਾ), ਸ. ਜਸਪਾਲ ਸਿੰਘ ਸਿੱਧੂ ਸੀਨੀਅਰ ਜਰਨਲਿਸਟ, ਪੱਤਰਕਾਰ ਜਗਤਾਰ ਸਿੰਘ ਸੰਧੂ, ਇੰਦਰਮੋਹਨ ਸਿੰਘ ਛਾਬੜਾ (ਫ਼ਿਲਮ ਪ੍ਰੋਡਿਊਸਰ ਤੇ ਜਰਨਲਿਸਟ ਸ਼ਿਕਾਗੋ), ਐਡਵੋਕੇਟ ਅੰਗਰੇਜ਼ ਸਿੰਘ ਪੰਨੂ ਕਰਨਾਲ, ਸਿਨੇਮਾ ਹਿਸਟੋਰੀਅਨ ਮਨਦੀਪ ਸਿੰਘ ਸਿੱਧੂ, ਪੱਤਰਕਾਰ ਰੈਕਟਰ ਕਥੂਰੀਆ, ਸ. ਅਜਮੇਰ ਸਿੰਘ ਲੋਧੀ ਨੰਗਲ, ਮਸ਼ਹੂਰ ਗੁਰਮਤਿ ਪ੍ਰਚਾਰਕ ਸ. ਪ੍ਰੀਤਮ ਸਿੰਘ ਮਟਵਾਣੀ, ਸ. ਸੁਰਜੀਤ ਸਿੰਘ ਛਦੌਂੜੀ ਬੈਲਜੀਅਮ, ਕਵੀ ਬੀਬੀ ਕਾਰਥਿਕ ਕਲਿਆਣੀ ਸਿੰਘ, ਪ੍ਰੋ. ਹਰਪਾਲ ਸਿੰਘ ਬੰਗਾ ਆਦਿ ਨੇ ਸ਼ਿਰਕਤ ਕੀਤੀ। ਉਨ੍ਹਾਂ ਨੂੰ ਫੁਲਕਾਰੀਆਂ ਭੇਟ ਕੀਤੀਆਂ ਗਈਆਂ।

# ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ

ਕੈਲਗਰੀ: ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਹੀਨਾਵਾਰ ਮੀਟਿੰਗ ਲੰਘੀ 23 ਮਾਰਚ ਨੂੰ ਕੌਂਸਲ ਆਫ ਸਿੱਖ ਆਰਗੇਨਾਈਜ਼ੇਸ਼ਨ ਹਾਲ ਵਿਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ। ਸ. ਸੋਹਣ ਸਿੰਘ ਭੁੱਚੋ ਨੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ ਤੇ ਆਪਣੀਆਂ ਰਚਨਾਵਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਰਿਟਾਇਰਡ ਪ੍ਰਿੰਸੀਪਲ ਅਮਰਜੀਤ ਸਿੰਘ ਸਿੱਧੂ ਨੇ ਇਹ ਨਜ਼ਮ ਪੇਸ਼ ਕਰ ਕੇ ਵਾਹ-ਵਾਹ ਖੱਟੀ:

ਮੂੰਹੋਂ ਨਿਕਲੇ ਬੋਲ ਨਹੀਂ ਮੁੜਦੇ
ਤੀਰ ਨਾ ਮੁੜਨ ਕਮਾਨੀ
ਓ ਰੌਣਕ ਮਿਤਰਾਂ ਦੀ
ਢਾਈ ਦਿਨ ਦੀ ਜ਼ਿੰਦਗਾਨੀ।

ਉਨ੍ਹਾਂ ਦੀ ਦੂਸਰੀ ਨਜ਼ਮ ਦਾ ਮੁਖੜਾ ਸੀ:

ਮੈਂ ਸੈਰਾਂ 'ਤੇ ਨਹੀਂ ਹਾਂ, ਹਾਂ ਸਫਰਾਂ ਦੇ ਉਤੇ।
ਐਵੇਂ ਫੁੱਲ ਨਹੀਂ ਰੱਖੇ, ਕਦੇ ਕਬਰਾਂ ਦੇ ਉਤੇ।

ਉਪਰੰਤ ਸ. ਸੁਰਿੰਦਰ ਸਿੰਘ ਢਿਲੋਂ ਨੇ ਸ਼ਹੀਦ ਭਗਤ ਸਿੰਘ ਅਤੇ ਸੁਭਾਸ਼ ਚੰਦਰ ਬੋਸ ਦੇ ਆਜ਼ਾਦੀ ਲਈ ਪਾਏ ਯੋਗਦਾਨ ਬਾਰੇ ਚਾਨਣਾ ਪਾਇਆ ਤੇ ਉਨ੍ਹਾਂ ਦੀ ਰਹੱਸਮਈ ਮੌਤ ਬਾਰੇ ਵਿਚਾਰ ਪ੍ਰਗਟਾਏ। ਸਰਬਜੀਤ ਕੌਰ ਉਪਲ ਨੇ 'ਸਾਡੀ ਬੀਹੀ ਵਿਚ ਪਾ ਕੇ ਹੱਟੀ ਤੇ ਪੱਟ ਲਈ ਬੁਲਬੁਲ ਵਰਗੀ ਜੱਟੀ' ਗਾ ਕੇ ਵਾਹਵਾ ਰੌਣਕ ਲਾਈ। ਨੌਜਵਾਨ ਸ਼ਾਇਰ ਤਾਜਬੀਰ ਚਾਹਲ ਨੇ ਆਪਣੀ ਰਚਨਾ ਜੋਸ਼ੀਲੇ ਅੰਦਾਜ਼ ਵਿਚ ਸੁਣਾਈ। ਇਹ ਹਰ ਦੁੱਖ ਵਿਚ ਚੜ੍ਹਦੀ ਕਲਾ ਵਿਚ ਰਹਿਣ ਦਾ ਸੁਰਖ਼ ਸੁਨੇਹਾ ਸੀ। ਉਪਰੰਤ ਡਾਕਟਰ ਸਤਨਾਮ ਸਿੰਘ ਧੋਥੜ ਨੇ ਕੁਝ ਰਚਨਾਵਾਂ ਪੇਸ਼ ਕੀਤੀਆਂ।

'ਜੇ ਧੀਆਂ ਨਾ ਹੁੰਦੀਆਂ ਤਾਂ
ਪੁੱਤ ਕਿਥੇ ਵਿਆਹੁਣੇ ਸੀ!'

ਅਤੇ ਕੁਲਦੀਪ ਮਾਣਕ ਦਾ ਮਕਬੂਲ ਗੀਤ



'ਮੈਂ ਚਾਦਰ ਕੱਢਦੀ ਨੀ' ਆਪਣੇ ਅੰਦਾਜ਼ ਵਿਚ ਸੁਣਾਇਆ।

ਗਿੱਲ ਸੁਖਮੰਦਰ ਸਿੰਘ ਨੇ ਸ਼ਹੀਦ ਭਗਤ ਸਿੰਘ ਨੂੰ ਯਾਦ ਕਰਦਿਆਂ ਸ਼੍ਰੋਮਣੀ ਕਵੀਸ਼ਰ ਪਾਰਸ ਦੀ ਭਾਵਪੂਰਤ ਰਚਨਾ ਸਰੋਤਿਆਂ ਨਾਲ ਸਾਂਝੀ ਕੀਤੀ।

'ਪੇਟੋਂ ਇਕ ਮਾਤਾ ਦੇ ਮੁੜ ਕੇ ਜਨਮ ਨਹੀਂ ਲੈਣਾ ਵੀਰਾ।' ਉਸ ਨੇ ਆਪਣੀ ਮੌਲਿਕ ਰਚਨਾ 'ਕਰਮਾ ਦੇ ਮਾਰਿਆਂ ਦੀ ਗੱਲ ਕੌਣ ਕਰੂਗਾ।

ਅਸਮਾਨੋਂ ਟੁੱਟੇ ਤਾਰਿਆਂ ਦੀ ਗੱਲ ਕੌਣ ਕਰੂਗਾ' ਵੀ ਸੁਣਾਈ।

ਅਖੀਰ ਵਿਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਆਪਣੀ ਰਚਨਾ ਦੇ ਕੁਝ ਬੋਲ ਸਾਂਝੇ ਕੀਤੇ:

ਮੈਂ ਜ਼ਿੰਦਗੀ ਦਾ ਉਹ ਗੀਤ ਪੂਜਾਂ
ਜੋ ਸੱਚ ਹੋਵੇ ਜੋ ਰੱਬ ਹੋਵੇ
ਲਹੂ 'ਚ ਭਿੱਜੀ ਉਹ ਤੇਗ ਹੋਵੇ
ਜਾਂ ਸੱਚ ਗਾਉਂਦੀ ਰਬਾਬ ਹੋਵੇ।

ਸੁਰਿੰਦਰ ਗੀਤ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ ਹਮੇਸ਼ਾ ਲਈ ਸਹਿਯੋਗ ਦੀ ਮੰਗ ਕੀਤੀ। ਕਈ ਕਾਰਨਾਂ ਕਰਕੇ ਹਾਜ਼ਰੀ ਭਾਵੇਂ ਘੱਟ ਸੀ ਪਰ ਇਹ ਤਿੰਨ ਘੰਟੇ ਦਾ ਪ੍ਰੋਗਰਾਮ ਬਹੁਤ ਵਧੀਆ ਰਿਹਾ। ਸੋਹਣ ਸਿੰਘ ਭੁੱਚੋ ਦੀ ਮੰਚ ਦੀ ਕਾਰਵਾਈ ਨਿਭਾਉਣ ਦੀ ਜੁਗਤ ਨੂੰ ਸੁਰਿੰਦਰ ਗੀਤ ਨੇ ਰੱਜ ਕੇ ਸਲਾਹਿਆ। ਅਪ੍ਰੈਲ ਮਹੀਨੇ ਦੀ ਮੀਟਿੰਗ 26 ਅਪ੍ਰੈਲ ਨੂੰ ਕੋਸੋ ਹਾਲ ਵਿਚ ਬਾਅਦ ਦੁਪਹਿਰ ਦੋ ਵਜੇ ਹੋਵੇਗੀ। ਸਭ ਨੂੰ ਪੁੱਜਣ ਦਾ ਖੁਲ੍ਹਾ ਸੱਦਾ ਹੈ। ਹੋਰ ਜਾਣਕਾਰੀ ਲਈ ਸੁਰਿੰਦਰ ਗੀਤ ਨੂੰ 403-605-3734 ਜਾਂ ਗੁਰਦਿਆਲ ਸਿੰਘ ਖਹਿਰਾ ਨੂੰ 403-968-2880 'ਤੇ ਸੰਪਰਕ ਕੀਤਾ ਜਾ ਸਕਦਾ ਹੈ।

***-ਸੁਰਿੰਦਰ ਗੀਤ***
***ਫੋਨ: 403-605-3734***


## 'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ

## HISTORICAL SIKH SHRINES

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ, ਪਿੰਡ/ਨਗਰ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦੀ ਇੱਕੋ-ਇਕ ਕਿਤਾਬ।

ਦਰਅਸਲ ਇਹ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਐਨਸਾਈਕਲੋਪੀਡੀਆ ਹੈ।

ਇਹੋ ਜਿਹੀ ਕਿਤਾਬ ਨਾ ਪਹਿਲਾਂ ਛਪੀ ਹੈ ਤੇ ਇਹ ਐਡੀਸ਼ਨ ਖ਼ਤਮ ਹੋਣ ਮਗਰੋਂ ਦੋਬਾਰਾ ਛਪਣ ਦਾ ਕੋਈ ਪਤਾ ਨਹੀਂ।

ਇਸ ਕਰ ਕੇ ਅੱਜ ਹੀ ਇਸ ਦਾ ਆਰਡਰ ਦਿਓ ਤੇ ਆਪਣੇ ਘਰ ਬੈਠੇ ਹਾਸਿਲ ਕਰੋ।

ਇਹ ਕਿਤਾਬ ਆਰਟ ਪੇਪਰ 'ਤੇ ਚਾਰ ਰੰਗੀ ਛਪਾਈ ਵਿਚ ਛਪੀ ਹੈ। ਇਸ ਦੀ ਬਹੁਤ ਵਧੀਆ ਜਿਲਦ ਹੈ ਅਤੇ ਇਹ ਇਕ ਖ਼ੂਬਸੂਰਤ ਮਜ਼ਬੂਤ ਡੱਬੇ ਵਿਚ ਭੇਜੀ ਜਾਂਦੀ ਹੈ। ਇਹ ਏਡੀ ਵੱਡੀ ਕਿਤਾਬ ਹੈ ਕਿ ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 3500 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 125 ਡਾਲਰ ਵਿਚ ਮਿਲੇਗੀ


### *ਨਵਾਂ ਤੇ ਵੱਡਾ ਮਹਾਨ ਕੋਸ਼*

ਚਾਰ ਜਿਲਦਾਂ ਵਿਚ, 2748 ਸਫ਼ੇ ਦੀ ਇਹ ਮਹਾਨ ਰਚਨਾ ਇਸ ਸਦੀ ਦੀ ਸਭ ਤੋਂ ਵੱਡੀ ਤੇ ਮਹੱਤਵਪੂਰਨ ਕਿਤਾਬ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਇਕ-ਇਕ ਲਫ਼ਜ਼ ਤੇ ਸ਼ਬਦ ਦੇ ਅਰਥ ਅਤੇ ਉਸ ਲਫ਼ਜ਼ ਦਾ ਪ੍ਰਾਕ੍ਰਿਤ, ਅਪਭ੍ਰੰਸ਼, ਪਾਲੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਬੋਲੀਆਂ ਦਾ ਪਿਛੋਕੜ ਵੀ ਦੱਸਿਆ ਗਿਆ ਹੈ।

ਇਸ ਵਿਚ 2500 ਦੇ ਕਰੀਬ ਜੀਵਨੀਆਂ ਹਨ। ਇਸ ਵਿਚ 1000 ਤੋਂ ਵਧ ਗੁਰਦੁਆਰਿਆਂ, ਮੰਦਰਾਂ, ਸ਼ਹਿਰਾਂ ਅਤੇ ਦੇਸ਼ਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਵਿਚ ਹਰ ਇਕ ਸਿੱਖ ਸਿਧਾਂਤ (ਫ਼ਿਲਾਸਫ਼ੀ) ਬਾਰੇ ਤਫ਼ਸੀਲ ਨਾਲ ਬਿਆਨ ਕੀਤਾ ਹੋਇਆ ਮਿਲਦਾ ਹੈ। ਇਸ ਸੈਟ ਦਾ ਭਾਰ ਸਾਢੇ 8 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 7000 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 135 ਡਾਲਰ ਵਿਚ ਮਿਲੇਗੀ (ਸਣੇ ਕੋਰੀਅਰ ਖ਼ਰਚ)।

### ਗੁਰੂ ਗ੍ਰੰਥ ਸਾਹਿਬ (ਓਨਗਲਿਸਿਹ ਟਰਅਨਸਲਅਟੌਨ)

ਗੁਰੂ ਗ੍ਰੰਥ ਸਾਹਿਬ (ਅੰਗ੍ਰੇਜ਼ੀ ਟਰਾਂਸਲੇਸ਼ਨ): ਗੁਰੂ ਗ੍ਰੰਥ ਸਾਹਿਬ ਦਾ ਇੱਕੋ ਇਕ ਅੰਗ੍ਰੇਜ਼ੀ ਟਰਾਂਸਲੇਸ਼ਨ ਜਿਸ ਨੂੰ ਅਜਿਹੀ ਬੋਲੀ ਵਿਚ ਲਿਖਿਆ ਹੈ ਕਿ ਹਰ ਇਕ ਨੂੰ ਸੌਖਿਆਂ ਸਮਝ ਆ ਜਾਵੇ। ਇਸ ਵਿਚ ਗੁਰਮੁਖੀ ਵਿਚ ਗੁਰਬਾਣੀ ਦੇ ਸ਼ਬਦ, ਅੰਗ੍ਰੇਜ਼ੀ (ਰੋਮਨ) ਵਿਚ ਗੁਰਬਾਣੀ (ਟਰਾਂਸਲਿਟਰੇਸ਼ਨ), ਅਤੇ ਅੰਗ੍ਰੇਜ਼ੀ ਵਿਚ ਟੀਕਾ (ਟਰਾਂਸਲੇਸ਼ਨ) ਸ਼ਾਮਿਲ ਹੈ। ਸੱਤ ਜਿਲਦਾਂ ਵਿਚ ਸੰਪੂਰਨ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 8000 ਰੁਪੈ ਹੈ। ਸਿਰਫ਼ 150 ਡਾਲਰ ਵਿਚ (ਸਣੇ ਕੋਰੀਅਰ ਖ਼ਰਚ)।




**ਕਿਸੇ ਵੀ ਕਿਤਾਬ/ਕਿਤਾਬਾਂ ਨੂੰ ਖ਼ਰੀਦਣਾ ਚਾਹੁਣ ਵਾਲੇ ਹੇਠ ਲਿਖੇ ਪਤੇ 'ਤੇ ਰਕਮ ਜਮ੍ਹਾਂ ਕਰਵਾ ਕੇ ਕਿਤਾਬਾਂ ਹਾਸਲ ਕਰ ਸਕਦੇ ਹਨ:**

**ਜਸਪ੍ਰੀਤ ਕੌਰ, ਫੋਨ: 224-422-4773**

# ਈਰਾਨ 'ਚ ਦੋ ਵਿਅਕਤੀਆਂ ਨੂੰ ਫਾਂਸੀ



**ਦੁਬਈ:**ਈਰਾਨ 'ਚ ਦੋ ਲੋਕਾਂ ਨੂੰ ਫਾਂਸੀ ਦੇ ਦਿੱਤੀ ਗਈ। ਨਿਆਂਪਾਲਿਕਾ ਨਾਲ ਜੁੜੇ ਇਕ ਅਧਿਕਾਰਤ ਖ਼ਬਰ ਮਾਧਿਅਮ ਅਨੁਸਾਰ, ਇਨ੍ਹਾਂ ਦੋਵਾਂ 'ਤੇ ਵਿਰੋਧੀ ਧਿਰ ਪੀਪਲਜ਼ ਮੁਜਾਹੀਦੀਨ ਆਰਗੇਨਾਈਜ਼ੇਸ਼ਨ ਆਫ ਈਰਾਨ ਨਾਲ ਸਬੰਧ ਰੱਖਣ ਤੇ ਰਾਜਧਾਨੀ ਤਹਿਰਾਨ 'ਚ ਅਸਥਾਈ ਲਾਂਚਰ ਯੰਤਰਾਂ ਰਾਹੀਂ ਹਥਿਆਰਬੰਦ ਹਮਲਿਆਂ ਦੀ ਸਾਜ਼ਿਸ਼ ਰਚਣ ਦਾ ਦੋਸ਼ ਸੀ। ਹਾਲਾਂਕਿ, ਉਨ੍ਹਾਂ ਦੀ ਗ੍ਰਿਫ਼ਤਾਰੀ ਕਦੋਂ ਹੋਈ, ਇਸ ਸਬੰਧ 'ਚ ਵਿਸਥਾਰ ਜਾਣਕਾਰੀ ਨਹੀਂ ਦਿੱਤੀ ਗਈ। ਪੈਰਿਸ ਸਥਿਤ ਨੈਸ਼ਨਲ ਕੌਂਸਲ ਆਫ ਰਜ਼ਿਜ਼ਟੈਂਸ ਆਫ ਈਰਾਨ, ਜੋ ਪੀਐੱਮਓਆਈ ਦਾ ਸਿਆਸੀ ਅੰਗ ਹੈ, ਨੇ ਇਸ ਫਾਂਸੀ ਦੀ ਪੁਸ਼ਟੀ ਕੀਤੀ ਹੈ।

# ਨੇਪਾਲ 'ਚ ਓਲੀ ਦੀ ਗ੍ਰਿਫ਼ਤਾਰੀ ਖ਼ਿਲਾਫ ਪ੍ਰਦਰਸ਼ਨ




**ਕਾਠਮੰਡੂ:**ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਹਿਮਾਲਿਅਨ ਦੇਸ਼ 'ਚ ਤੀਜੇ ਦਿਨ ਵੀ ਪ੍ਰਦਰਸ਼ਨ ਜਾਰੀ ਰਹੇ, ਜਦਕਿ ਅਧਿਕਾਰੀਆਂ ਨੇ ਮਨੀ ਲਾਂਡਿੰਗ ਦੇ ਮਾਮਲੇ 'ਚ ਤਿੰਨ ਸਾਬਕਾ ਪ੍ਰਧਾਨ ਮੰਤਰੀਆਂ ਸ਼ੇਰ ਬਹਾਦੁਰ ਦੇਊਬਾ, ਕੇਪੀ ਸ਼ਰਮਾ ਓਲੀ ਤੇ ਪੁਸ਼ਪ ਕਮਲ ਦਹਿਲ ਦੇ ਖ਼ਿਲਾਫ਼ ਜਾਂਚ ਤੇਜ਼ ਕਰ ਦਿੱਤੀ ਹੈ।ਓਲੀ ਤੇ ਸਾਬਕਾ ਗ੍ਰਹਿ ਮੰਤਰੀ ਰਮੇਸ਼ ਲੇਖਕ ਨੂੰ ਸ਼ਨਿਚਰਵਾਰ ਨੂੰ ਪਿਛਲੇ ਸਾਲ 8 ਤੇ 9 ਸਤੰਬਰ ਨੂੰ ਜੈੱਨ ਜ਼ੀ ਅੰਦੋਲਨ ਨੂੰ ਦਬਾਉਣ 'ਚ ਕਥਿਤ ਸ਼ਮੂਲੀਅਤ ਲਈ ਗ੍ਰਿਫ਼ਤਾਰ ਕੀਤਾ ਗਿਆ, ਜਿਸ ਵਿਚ ਲਗਪਗ ਦੋ ਦਰਜਨ ਨੌਜਵਾਨਾਂ ਸਮੇਤ 76 ਲੋਕ ਮਾਰੇ ਗਏ ਸਨ।

ਗ੍ਰਿਫ਼ਤਾਰੀ ਉਦੋਂ ਹੋਈ, ਜਦੋਂ ਹਾਲ ਹੀ ਵਿਚ ਗਠਿਤ ਬਾਲੇਂਦਰ ਸ਼ਾਹ ਸਰਕਾਰ ਨੇ ਆਪਣੀ ਪਹਿਲੀ ਕੈਬਨਿਟ ਮੀਟਿੰਗ 'ਚ ਜੈੱਨ ਜ਼ੀ ਪ੍ਰਦਰਸ਼ਨਾਂ ਦੀ ਜਾਂਚ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦਾ ਫ਼ੈਸਲਾ ਲਿਆ। ਸੋਮਵਾਰ ਦੀ ਸਵੇਰ ਓਲੀ ਦੀ ਕਮਿਊਨਿਸਟ ਪਾਰਟੀ ਆਫ ਨੇਪਾਲ (ਸੰਯੁਕਤ ਮਾਰਕਸਵਾਦੀ- ਲੈਨਿਨਵਾਦੀ) ਤੇ ਉਨ੍ਹਾਂ ਦੇ ਸਹਾਇਕ ਸੰਗਠਨਾਂ ਤੇ ਵਿਦਿਆਰਥੀ ਵਿੰਗ ਦੇ ਸੈਂਕੜੇ ਮੈਂਬਰ ਨਾਯਾ ਬਨੇਸ਼ਵਰ ਖੇਤਰ 'ਚ ਇਕੱਠੇ ਹੋਏ, ਜਿਨ੍ਹਾਂ ਦੇ ਹੱਥਆਂ 'ਚ ਕੇਪੀ ਓਲੀ ਨੂੰ ਤੁਰੰਤ ਰਿਹਾਅ ਕਰੋ ਤੇ ਬਦਲਾਖੋਰੀ ਦੀ ਸਿਆਸਤ ਖ਼ਤਮ ਕਰੋ ਵਰਗੇ ਬੈਨਰ ਸਨ।

ਸੋਮਵਾਰ ਦਾ ਪ੍ਰਦਰਸ਼ਨ ਉਮੀਦ ਮੁਤਾਬਕ ਸ਼ਾਂਤਮਈ ਰਿਹਾ, ਜਦਕਿ ਸ਼ਨਿਚਰਵਾਰ ਤੇ ਐਤਵਾਰ ਨੂੰ ਪਾਰਟੀ ਵੱਲੋਂ ਕੀਤੇ ਗਏ ਪ੍ਰਦਰਸ਼ਨਾਂ 'ਚ ਹਿੰਸਾ ਹੋਈ ਸੀ।

ਐਤਵਾਰ ਨੂੰ ਇਕ ਦਰਜਨ ਤੋਂ ਵੱਧ 'ਯੂਐੱਮਐੱਲ ਵਰਕਰ ਦੰਗਾ ਪੁਲਿਸ ਨਾਲ ਸੰਘਰਸ਼ 'ਚ ਜ਼ਖ਼ਮੀ ਹੋ ਗਏ ਸਨ।

# ਜਾਸੂਸੀ ਦੇ ਦੋਸ਼ 'ਚ ਬ੍ਰਿਟਿਸ਼ ਕੂਟਨੀਤਕ ਮੁਅੱਤਲ



**ਮਾਸਕੋ:**ਰੂਸ ਨੇ ਜਾਸੂਸੀ ਦੇ ਦੋਸ਼ 'ਚ ਬ੍ਰਿਟਿਸ਼ ਕੂਟਨੀਤਕ ਜਾਨਸੇ ਵੈਨ ਰੇਨਸਬਰਗ ਨੂੰ ਮੁਅੱਤਲ ਕਰ ਦਿੱਤਾ ਤੇ ਉਸ ਨੂੰ ਦੋ ਹਫਤਿਆਂ 'ਚ ਦੇਸ਼ ਛੱਡਣ ਦਾ ਹੁਕਮ ਦਿੱਤਾ। ਰੂਸ ਦੇ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਰੂਸ 'ਚ ਬ੍ਰਿਟਿਸ਼ ਚਾਰਜ ਡੀਅਫੇਅਰਜ਼ ਡਾਨਾਏ ਧੋਲਾਕੀਆ ਨੂੰ ਰੂਸੀ ਵਿਦੇਸ਼ ਮੰਤਰਾਲੇ 'ਚ ਤਲਬ ਕੀਤਾ ਗਿਆ ਤੇ ਉਨ੍ਹਾਂ ਅੱਗੇ ਸਖ਼ਤ ਵਿਰੋਧ ਪ੍ਰਗਟਾਇਆ। ਦੋਸ਼ ਹੈ ਕਿ ਬ੍ਰਿਟਿਸ਼ ਦੂਤਘਰ ਦੇ ਡਿਪਲੋਮੈਟ ਮੁਲਾਜ਼ਮ ਨੇ ਦੇਸ਼ 'ਚ ਦਾਖ਼ਲਾ ਪਾਉਂਦੇ ਸਮੇਂ ਜਾਣਬੁੱਝ ਕੇ ਆਪਣੇ ਸਬੰਧ 'ਚ ਗ਼ਲਤ ਜਾਣਕਾਰੀ ਦਿੱਤੀ ਸੀ। ਐੱਫਐੱਸਬੀ ਨੇ ਕਿਹਾ ਕਿ ਆਪਣੀਆਂ ਖ਼ੁਫ਼ੀਆ ਸਰਗਰਮੀਆਂ ਦੌਰਾਨ ਉਸਨੇ ਮਾਸਕੋ 'ਚ ਬ੍ਰਿਟਿਸ਼ ਦੂਤਘਰ ਦੇ ਨਾਂ 'ਤੇ ਅਣਐਲਾਨੀ ਬ੍ਰਿਟਿਸ਼ ਖ਼ੁਫ਼ੀਆ ਏਜੰਸੀ ਦੀ ਮੌਜੂਦਗੀ ਦਾ ਪਤਾ ਲਗਾਇਆ। ਰੂਸੀ ਕਾਨੂੰਨ ਦੀ ਉਲੰਘਣਾ ਕਾਰਨ ਬ੍ਰਿਟਿਸ਼ ਪੱਖ ਨੂੰ ਇਸ ਵਿਅਕਤੀ ਦੀ ਮਾਨਤਾ ਰੱਦ ਕਰਨ ਦੀ ਸੂਚਨਾ ਦਿੱਤੀ ਗਈ ਹੈ।

# ਮੌਤ ਮਗਰੋਂ ਵੀ ਖ਼ਤਮ ਨਹੀਂ ਹੁੰਦੇ ਅਧਿਕਾਰ: ਹਾਈ ਕੋਰਟ




**ਗਵਾਲੀਅਰ:**ਮੱਧ ਪ੍ਰਦੇਸ਼ ਹਾਈ ਕੋਰਟ ਨੇ ਇਕ ਅਹਿਮ ਹੁਕਮ 'ਚ ਕਿਹਾ ਹੈ ਕਿ ਕਿਸੇ ਦੇ ਵੀ ਅਧਿਕਾਰ ਉਸਦੀ ਮੌਤ ਤੋਂ ਬਾਅਦ ਖ਼ਤਮ ਨਹੀਂ ਹੁੰਦੇ। ਇਸ ਤਰਕ ਦੇ ਆਧਾਰ 'ਤੇ ਹਾਈ ਕੋਰਟ ਨੇ ਖੇਤੀਬਾੜੀ ਵਿਭਾਗ 'ਚ ਅਧਿਕਾਰੀ ਰਹੇ. ਵਿਅਕਤੀ ਦੀ ਮੌਤ ਤੋਂ ਬਾਅਦ ਵੀ ਉਨ੍ਹਾਂ ਦੀ ਲਟਕੀ ਤਰੱਕੀ ਨਿਰਧਾਰਿਤ ਸਮੇਂ 'ਚ ਦੇ ਕੇ ਉਸਦੇ ਸਾਰੇ ਵਿੱਤੀ ਲਾਭ ਆਸ਼ਰਿਤਾਂ ਨੂੰ ਦੇਣ ਦਾ ਹੁਕਮ ਦਿੱਤਾ ਹੈ। ਸਾਲ 2002 'ਚ ਖੇਤੀਬਾੜੀ ਵਿਭਾਗ ਨੇ ਗਵਾਲੀਅਰ ਦੇ ਤਤਕਾਲੀ ਸੀਨੀਅਰ ਖੇਤੀਬਾੜੀ ਵਿਕਾਸ ਅਧਿਕਾਰੀ ਡਾ. ਰਾਧਾਕ੍ਰਿਸ਼ਨ ਸ਼ਰਮਾ 'ਤੇ ਇਕ ਅਪਰਾਧਿਕ ਮਾਮਲਾ ਲਟਕਿਆ ਸੀ। ਗੁਪਤ ਰਿਪੋਰਟ ਭਾਵ ਏਸੀਆਰ ਨੂੰ ਆਧਾਰ ਬਣਾ ਕੇ ਵਿਭਾਗ ਨੇ ਉਨ੍ਹਾਂ ਨੂੰ ਤਰੱਕੀ ਨਹੀਂ ਦਿੱਤੀ, ਜਦਕਿ ਉਨ੍ਹਾਂ ਦੇ ਜੂਨੀਅਰ ਨੂੰ ਤਰੱਕੀ ਦੇ ਦਿੱਤੀ ਗਈ। ਕੁਝ ਸਮੇਂ ਬਾਅਦ ਡਾ. ਰਾਧਾਕ੍ਰਿਸ਼ਨ ਉਸ ਅਪਰਾਧਿਕ ਮਾਮਲੇ 'ਚ ਬਰੀ ਹੋ ਗਏ ਤਾਂ ਉਨ੍ਹਾਂ ਨਿਰਧਾਰਿਤ ਤਰੀਕ ਸ ਤੋਂ ਆਪਣੀ ਤਰੱਕੀ ਦਾ ਦਾਅਵਾ ਪੇਸ਼ ਕੀਤਾ. ਪਰ ਖੇਤੀਬਾੜੀ ਵਿਭਾਗ ਨੇ ਨਾਮਨਜ਼ੂਰ ਕਰ ਦਿੱਤਾ। ਇਸ 'ਤੇ ਉਨ੍ਹਾਂ ਸਾਲ 2008 'ਚ ਹਾਈ ਕੋਰਟ ਦੀ ਗਵਾਲੀਅਰ ਡਵੀਜ਼ਨਲ ਬੈਂਚ 'ਚ ਪਟੀਸ਼ਨ ਦਾਖ਼ਲ ਕੀਤੀ। ਦੋ ਮਹੀਨੇ ਪਹਿਲਾਂ ਜਨਵਰੀ 2026 'ਚ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਤਰੱਕੀ ਰੋਕਣਾ ਸੰਵਿਧਾਨ ਦੀ ਧਾਰਾ 14 ਦੀ ਉਲੰਘਣਾ : ਪਟੀਸ਼ਨਰ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਨੇ ਇਸ ਮਾਮਲੇ 'ਚ ਹਾਈ ਕੋਰਟ 'ਚ ਪੈਰਵਾਈ ਜਾਰੀ ਰੱਖੀ। ਕੋਰਟ ਨੇ ਪਾਇਆ ਕਿ ਖੇਤੀਬਾੜੀ ਵਿਭਾਗ ਨੇ ਮਨਮਾਨੇ ਢੰਗ ਨਾਲ ਏਸੀਆਰ ਨੂੰ ਆਧਾਰ ਬਣਾ ਕੇ ਤਰੱਕੀ ਰੋਕੀ, ਜੋ ਸੰਵਿਧਾਨ ਦੀ ਧਾਰਾ 14 ਦੀ ਉਲੰਘਣਾ ਹੈ। ਕੋਰਟ ਨੇ ਆਪਣੇ ਫ਼ੈਸਲੇ 'ਚ ਕਿਹਾ ਕਿ ਜੇ ਕਿਸੇ ਮੁਲਾਜ਼ਮ ਦੀ ਤਰੱਕੀ ਵਿਭਾਗੀ ਗ਼ਲਤੀ ਨਾਲ ਰੋਕੀ ਜਾਂਦੀ ਹੈ ਤਾਂ ਉਸ ਨੂੰ ਪੂਰਾ ਲਾਭ ਮਿਲਣਾ ਚਾਹੀਦਾ ਹੈ। ਅਜਿਹੇ ਮਾਮਲਿਆਂ 'ਚ ਨੋ ਵਰਕ-ਨੋ ਪੇਅ ਦਾ ਸਿਧਾਂਤ ਵੀ ਲਾਗੂ ਨਹੀਂ ਹੁੰਦਾ। ਹਾਈ ਕੋਰਟ ਨੇ ਕਿਹਾ ਕਿ ਰਾਧਾਕ੍ਰਿਸ਼ਨ ਨੂੰ 28 ਅਕਤੂਬਰ 2002 ਤੋਂ ਹੀ ਤਰੱਕੀ ਮਿਲਣਾ ਮੰਨ ਕੇ ਸੇਵਾ ਦੇ ਸਮੇਂ ਤੱਕ ਦੇ ਸਾਰੇ ਏਰੀਅਰ, ਤਨਖ਼ਾਹ, ਸੀਨੀਆਰਤਾ ਤੇ ਹੋਰ ਲਾਭ ਦਿੱਤੇ ਜਾਣ ਕਿਉਂਕਿ ਉਨ੍ਹਾਂ ਦਾ ਦੇਹਾਂਤ ਹੋ ਚੁੱਕਾ ਹੈ, ਇਸ ਲਈ ਉਨ੍ਹਾਂ ਦੇ ਸਾਰੇ ਭੁਗਤਾਨ ਉਨ੍ਹਾਂ ਦੇ ਪਰਿਵਾਰ ਨੂੰ ਕੀਤੇ ਜਾਣ।

# ਪਾਕਿਸਤਾਨ ਅੱਤਵਾਦੀਆਂ ਦੀ ਪਨਾਹਗਾਹ: ਅਮਰੀਕੀ ਕਾਂਗਰਸ



**ਵਾਸ਼ਿੰਗਟਨ:**ਇਕ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪਾਕਿਸਤਾਨ ਨੂੰ ਭਰੋਸੇਮੰਦ ਭਾਈਵਾਲ ਮੰਨਦੇ ਹੋਏ ਪੱਛਮੀ ਏਸ਼ੀਆ 'ਚ ਮਹੀਨੇ ਤੋਂ ਜਾਰੀ ਸੰਘਰਸ਼ ਵਿਚਾਲੇ ਸ਼ਾਂਤੀ ਬਹਾਲੀ ਲਈ ਵਿਚੋਲੀਏ ਦੀ ਭੂਮਿਕਾ ਦੇ ਚੁੱਕੇ ਹਨ, ਉਥੇ ਹੀ ਅਮਰੀਕੀ ਕਾਂਗਰਸ ਦੀ ਨਵੀਂ ਰਿਪੋਰਟ ਨੇ ਪਾਕਿਸਤਾਨ ਨੂੰ ਮੁੜ ਅੱਤਵਾਦ ਦੀ ਸਥਈ ਪਨਾਹਗਾਹ ਦੱਸਿਆ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਪਾਕਿਸਤਾਨ ਦੀ ਧਰਤੀ 'ਤੇ ਸਰਗਰਮ ਅਨੇਕਾਂ ਅੱਤਵਾਦੀ ਸੰਗਠਨ ਦਹਾਕਿਆਂ ਤੋਂ ਜੰਮੇ ਹੋਏ ਹਨ ਤੇ ਉਨ੍ਹਾਂ ਖ਼ਿਲਾਫ਼ ਚਲਾਈਆਂ ਗਈਆਂ ਵੱਡੀਆਂ ਫ਼ੌਜੀ ਮੁਹਿੰਮਾਂ, ਹਵਾਈ ਹਮਲਿਆਂ ਤੇ ਲੱਖਾਂ ਖ਼ੁਫ਼ੀਆ ਮੁਹਿੰਮਾਂ ਦੇ ਬਾਵਜੂਦ ਉਨ੍ਹਾਂ ਦੇ ਢਾਂਚੇ ਨੂੰ ਫ਼ੈਸਲਾਕੁੰਨ ਰੂਪ ਨਾਲ ਖ਼ਤਮ ਨਹੀਂ ਕੀਤਾ ਜਾ ਸਕਿਆ ਹੈ। ਅਮਰੀਕੀ ਕਾਂਗਰਸ ਦੀ ਰਿਸਰਚ ਰਿਪੋਰਟ ਅਨੁਸਾਰ, ਅਮਰੀਕੀ ਅਧਿਕਾਰੀਆਂ ਨੇ ਪਾਕਿਸਤਾਨ ਨੂੰ ਅਨੇਕਾਂ ਹਥਿਆਰਬੰਦ ਤੇ ਅੱਤਵਾਦੀ ਸਮੂਹਾਂ ਦਾ ਸੰਚਾਲਨ ਕੇਂਦਰ ਮੰਨਿਆ ਹੈ। ਇਨ੍ਹਾਂ 'ਚੋਂ ਕੁਝ ਸੰਗਠਨ 1980 ਦੇ ਦਹਾਕੇ ਤੋਂ ਸਰਗਰਮ ਹਨ ਤੇ ਅੱਜ ਵੀ ਮਜ਼ਬੂਤ ਢਾਂਚੇ ਨਾਲ ਕੰਮ ਕਰ ਰਹੇ ਹਨ। ਰਿਪੋਰਟ ਅਨੁਸਾਰ, ਇਹ ਸੰਗਠਨ ਆਲਮੀ ਏਜੰਡੇ, ਅਫ਼ਗਾਨਿਸਤਾਨ ਕੇਂਦਰਤ, ਭਾਰਤ ਕੇਂਦਰਤ, ਘਰੇਲੂ ਜਾਂ ਫਿਰਕੂ ਫਾਰਮੈਟ 'ਚ ਵੰਡੇ ਹੋਏ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਨ੍ਹਾਂ 'ਚੋਂ 12 ਸੰਗਠਨਾਂ ਨੂੰ ਅਮਰੀਕੀ ਕਾਨੂੰਨ ਦੇ ਤਹਿਤ ਵਿਦੇਸ਼ੀ ਅੱਤਵਾਦੀ ਸੰਗਠਨ (ਐੱਫਟੀਓ) ਐਲਾਨਿਆ ਜਾ ਚੁੱਕਾ ਹੈ ਤੇ ਜ਼ਿਆਦਾਤਰ ਸੰਗਠਨ ਇਸਲਾਮੀ ਕੱਟੜਪੰਥੀ ਵਿਚਾਰਧਾਰਾ ਦੀ ਪਾਲਣਾ ਕਰਦੇ ਹਨ। ਇਸਦੇ ਬਾਵਜੂਦ ਪਾਕਿਸਤਾਨ 'ਚ ਇਨ੍ਹਾਂ ਦੇ ਨੈੱਟਵਰਕ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਸਕੇ ਹਨ। ਅਮਰੀਕੀ ਕਾਂਗਰਸ ਨੇ ਸਪੱਸ਼ਟ ਕਿਹਾ ਕਿ ਪਾਕਿਸਤਾਨ ਵੱਲੋਂ ਸਮੇਂ-ਸਮੇਂ 'ਤੇ ਚਲਾਈਆਂ ਫ਼ੌਜੀ ਮੁਹਿੰਮਾਂ, ਹਵਾਈ ਹਮਲਿਆਂ ਤੇ ਸੈਂਕੜੇ ਹਜ਼ਾਰ ਖ਼ੁਫ਼ੀਆ ਕਾਰਵਾਈਆਂ ਦੇ ਬਾਵਜੂਦ ਸੰਯੁਕਤ ਰਾਸ਼ਟਰ ਤੇ ਅਮਰੀਕਾ ਵੱਲੋਂ ਚੁਣੇ ਅੱਤਵਾਦੀ ਸੰਗਠਨ ਲਗਾਤਾਰ ਸਰਗਰਮ ਬਣੇ ਹੋਏ ਹਨ। ਰਿਪੋਰਟ 'ਚ ਖ਼ਾਸ ਤੌਰ 'ਤੇ ਲਸ਼ਕਰ-ਏ- ਤੋਇਬਾ ਦਾ ਜ਼ਿਕਰ ਕੀਤਾ ਗਿਆ ਹੈ। ਇਹ ਸੰਗਠਨ 1980 ਦੇ ਦਹਾਕੇ 'ਚ ਪਾਕਿਸਤਾਨ 'ਚ ਬਣਿਆ ਤੇ 2001 'ਚ ਵਿਦੇਸ਼ੀ ਅੱਤਵਾਦੀ ਸੰਗਠਨ ਐਲਾਨਿਆ ਗਿਆ। ਰਿਪੋਰਟ ਅਨੁਸਾਰ, ਹਾਫਿਜ਼ ਸਈਦ ਦੀ ਅਗਵਾਈ ਵਾਲਾ ਇਹ ਸੰਗਠਨ ਪਾਕਿਸਤਾਨ ਦੇ ਪੰਜਾਬ ਸੂਬੇ ਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਮਕਬੂਜ਼ਾ ਕਸ਼ਮੀਰ 'ਚ ਸਰਗਰਮ ਰਿਹਾ ਤੇ ਪਾਬੰਦੀਆਂ ਤੋਂ ਬਚਣ ਲਈ ਉਸਨੇ ਆਪਣਾ ਨਾਂ ਬਦਲ ਕੇ ਜਮਾਤ-ਉਦ-ਦਾਅਵਾ ਕਰ ਲਿਆ। ਕਈ ਹਜ਼ਾਰ ਲੜਾਕਿਆਂ ਵਾਲੇ ਇਸ ਸੰਗਠਨ ਨੂੰ 2008 ਮੁੰਬਈ ਅੱਤਵਾਦੀ ਹਮਲੇ ਸਮੇਤ ਕਈ ਵੱਡੇ ਹਮਲਿਆਂ ਦਾ ਜ਼ਿੰਮੇਵਾਰ ਦੱਸਿਆ ਗਿਆ ਹੈ।

# ਫ਼ੌਜੀਆਂ ਨੂੰ ਦੋ ਲੜਾਈਆਂ ਲਈ ਨਾ ਕਰੋ ਮਜਬੂਰ: ਸੀਜੇਆਈ

**ਨਵੀਂ ਦਿੱਲੀ:**ਹਥਿਆਰਬੰਦ ਬਲਾਂ ਦੀ ਭੂਮਿਕਾ 'ਤੇ ਰੌਸ਼ਨੀ ਪਾਉਂਦੇ ਹੋਏ ਚੀਫ ਜਸਟਿਸ ਸੂਰੀਆਕਾਂਤ ਨੇ ਕਿਹਾ ਹੈ ਕਿ ਫ਼ੌਜੀਆਂ ਨੂੰ ਇੱਕੋ ਸਮੇਂ ਦੋ ਲੜਾਈਆਂ ਲੜਣ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ, ਇਕ ਸਰਹੱਦ 'ਤੇ ਅਤੇ ਦੂਜੀ ਦੇਸ਼ ਵਿਚ ਆਪਣੇ ਕਾਨੂੰਨੀ ਅਧਿਕਾਰਾਂ ਲਈ। ਇਸ ਲਈ ਫ਼ੌਜੀਆਂ ਲਈ ਨਿਆਂ ਦੀ ਪਹੁੰਚ ਬਿਹਤਰ ਬਣਾਉਣ ਦੀ ਜ਼ਰੂਰਤ ਹੈ।

ਲੇਹ ਵਿਚ ਐਤਵਾਰ ਨੂੰ ਇਕ ਪ੍ਰੋਗਰਾਮ ਦੌਰਾਨ ਜਸਟਿਸ ਸੂਰੀਆਕਾਂਤ ਨੇ ਅਦਾਲਤਾਂ ਤੇ ਹਥਿਆਰਬੰਦ ਬਲਾਂ ਵਿਚਾਲੇ ਆਪਸੀ ਤਾਲਮੇਲ ਵਾਲੇ ਰਿਸ਼ਤੇ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਦਾਲਤਾਂ ਜਿੱਥੇ ਸੰਵਿਧਾਨਕ ਕਦਰਾਂ-ਕੀਮਤਾਂ ਦੀ ਰਾਖੀ ਕਰਦੀਆਂ ਹਨ, ਉਥੇ ਫ਼ੌਜੀ ਹੀ ਉਨ੍ਹਾਂ ਆਦਰਸ਼ਾਂ ਨੂੰ ਕਾਇਮ ਰੱਖਣ ਲਈ ਜ਼ਰੂਰੀ ਸਥਿਤੀ ਬਣਾਉਂਦੇ ਹਨ। ਚੀਫ ਜਸਟਿਸ ਨੇ ਕਿਹਾ ਕਿ ਕੋਈ ਵੀ ਰਾਸ਼ਟਰ ਅਜ਼ਾਦੀ ਜਾਂ ਨਿਆਂ ਦੀ ਮੰਗ ਉਦੋਂ ਤੱਕ ਸਾਰਥਕ ਤੌਰ 'ਤੇ ਨਹੀਂ ਕਰ ਸਕਦਾ, ਜਦੋਂ ਤੱਕ ਉਹ ਆਪਣੀ ਖ਼ੁਦਮੁਖ਼ਤਿਆਰੀ, ਆਪਣੀ ਸਥਿਰਤਾ ਤੇ ਸ਼ਾਂਤੀ ਨੂੰ ਸੁਰੱਖਿਅਤ ਨਾ ਰੱਖ ਸਕੇ।

ਇਸ ਅਰਥ ਵਿਚ ਅਦਾਲਤ ਤੇ ਫ਼ੌਜੀਆਂ ਦੇ ਕੰਮ ਕਰਨ ਦੇ ਤਰੀਕੇ ਭਾਵੇਂ ਵੱਖਰੇ-ਵੱਖਰੇ ਹੋਣ ਪਰ ਉਨ੍ਹਾਂ ਦਾ ਉਦੇਸ਼ ਇੱਕੋ ਹੈ ਤੇ ਉਹ ਇਕ-ਦੂਜੇ ਦੇ ਪੂਰਕ ਹਨ। ਫ਼ੌਜੀਆਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਵਰਦੀ ਵਿਚ ਸੇਵਾ ਕਰਨ ਦਾ ਅਰਥ ਇਹ ਨਹੀਂ ਹੈ ਕਿ ਕੋਈ ਵਿਅਕਤੀ ਜ਼ਿੰਦਗੀ ਦੇ ਆਮ ਫਰਜ਼ਾਂ ਤੋਂ ਮੁਕਤ ਹੋ ਜਾਵੇ। ਇਕ ਫ਼ੌਜੀ ਨੂੰ ਵੀ ਜ਼ਮੀਨ-ਜਾਇਦਾਦ ਨਾਲ ਜੁੜੇ ਵਿਵਾਦਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਕ ਸਾਬਕਾ ਫ਼ੌਜੀ ਆਪਣੀ ਸੇਵਾ ਜਾਂ ਭਲਾਈ ਯੋਜਨਾਵਾਂ ਨਾਲ ਜੁੜੇ ਹੱਕ ਹਾਸਿਲ ਕਰਨ



ਲਈ ਸੰਘਰਸ਼ ਕਰ ਸਕਦਾ ਹੈ। ਉਨ੍ਹਾਂ ਦਾ ਕੋਈ ਪਰਿਵਾਰ ਪੈਨਸ਼ਨ ਵਿਚ ਦੇਰੀ, ਰਿਹਾਇਸ਼ ਨਾਲ ਜੁੜੇ ਮਸਲੇ, ਵਿਆਹ ਨਾਲ ਸਬੰਧਤ ਕਲੇਸ਼ ਜਾਂ ਸਰਕਾਰੀ ਮੁਲਾਜ਼ਮਾਂ ਦੀ ਬੇਧਿਆਨੀ ਦੇ ਜਾਲ ਵਿਚ ਫਸਿਆ ਮਹਿਸੂਸ ਕਰ ਸਕਦਾ ਹੈ। ਲਿਹਾਜ਼ਾ ਕਾਨੂੰਨ ਨੂੰ ਫ਼ੌਜੀ ਤੱਕ ਪਹੁੰਚਣ ਦਾ ਯਤਨ ਕਰਨਾ ਚਾਹੀਦਾ ਹੈ ਕਿਉਂਕਿ ਫ਼ੌਜੀ ਹਮੇਸ਼ਾ ਕਾਨੂੰਨ ਤੱਕ ਪਹੁੰਚ ਨਹੀਂ ਕਰ ਸਕਦਾ ਹੁੰਦਾ। ਇਹ ਸਿਰਫ਼ ਹਮਦਰਦੀ ਦਾ ਮਾਮਲਾ ਨਹੀਂ ਹੈ ਸਗੋਂ ਸੰਵਿਧਾਨਕ ਫਰਜ਼ ਵੀ ਹੈ।

# ਦੱਖਣੀ ਸੁਡਾਨ 'ਚ ਬੰਦੂਕਧਾਰੀਆਂ ਨੇ 70 ਵਿਅਕਤੀ ਕੀਤੇ ਕਤਲ



**ਜੂਬਾ:**ਦੱਖਣੀ ਸੁਡਾਨ ਦੀ ਰਾਜਧਾਨੀ ਜੂਬਾ ਦੇ ਬਾਹਰਵਾਰ ਇਲਾਕੇ ਵਿਚ ਸਥਿਤ ਸੋਨੇ ਦੀ ਖਾਨ ਵਿਚ 70 ਤੋਂ ਵੱਧ ਲੋਕਾਂ ਦਾ ਕਤਲ ਕਰ ਦਿੱਤਾ ਗਿਆ ਹੈ। ਇਸ ਹਮਲੇ ਵਿਚ ਕਈ ਜਣੇ ਜ਼ਖ਼ਮੀ ਹੋਏ ਹਨ। ਪੁਲਿਸ ਦੇ ਤਰਜਮਾਨ ਨੇ ਕਿਹਾ ਕਿ ਵਿਵਾਦ ਮਗਰੋਂ ਬੰਦੂਕਧਾਰੀਆਂ ਨੇ ਲੋਕਾਂ ਦੀ ਹੱਤਿਆ ਕੀਤੀ ਹੈ। ਘਟਨਾ ਨਾਲ ਜੁੜਿਆ ਵੀਡੀਓ ਇੰਟਰਨੈੱਟ ਮੀਡੀਆ 'ਤੇ ਸਾਹਮਣੇ ਆਇਆ ਹੈ, ਇਸ ਵਿਚ ਖੁੱਲ੍ਹੇ ਮੈਦਾਨ ਵਿਚ ਕਈ ਲਾਸ਼ਾਂ ਨਜ਼ਰ ਆ ਰਹੀਆਂ ਹਨ।

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 135 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਢਾਬਿਆਂ ਤੇ ਰੈਸਟੋਰੈਂਟਾਂ ਨੇ 200 ਕਰੋੜ ਦਾ ਟਰਨਓਵਰ ਲੁਕਾਇਆ

**ਚੰਡੀਗੜ੍ਹ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਖ਼ੁਲਾਸਾ ਕੀਤਾ ਹੈ ਕਿ ਸੂਬੇ 'ਚ ਢਾਬਿਆਂ ਤੇ ਰੈਸਟੋਰੈਂਟਾਂ ਦੇ ਮਾਲਕ ਆਪਣੀ ਆਮਦਨ ਘੱਟ ਦੱਸ ਕੇ ਟੈਕਸ ਚੋਰੀ ਕਰ ਰਹੇ ਹਨ। ਹੁਣ ਤੱਕ ਕੀਤੀਆਂ ਗਈਆਂ ਜਾਂਚਾਂ ਮੁਤਾਬਕ ਸੂਬੇ 'ਚ ਢਾਬੇ, ਖਾਣ-ਪੀਣ ਵਾਲੀਆਂ ਦੁਕਾਨਾਂ, ਰੈਸਟੋਰੈਂਟ ਤੇ ਫਾਸਟ-ਫੂਡ ਆਊਟਲੈਟਾਂ ਨੇ 200 ਕਰੋੜ ਰੁਪਏ ਦਾ ਸਾਮੂਹਿਕ ਟਰਨਓਵਰ ਲੁਕਾਇਆ ਹੈ। ਜਾਂਚ ਜਾਰੀ ਹੈ ਤੇ ਇਸ ਦਾ ਅੰਕੜਾ ਕੁੱਲ ਅੰਕੜਾ 500 ਕਰੋੜ ਤੱਕ ਪਹੁੰਚਣ ਦਾ ਅਨੁਮਾਨ ਹੈ। ਚੀਮਾ ਨੇ ਦੱਸਿਆ ਕਿ 882 ਅਦਾਰਿਆਂ ਨੂੰ ਜਾਂਚ ਦੇ ਘੇਰੇ 'ਚ ਲਿਆਂਦਾ ਗਿਆ ਹੈ ਤੇ ਹੁਣ ਤੱਕ 2.02 ਕਰੋੜ ਦੀ ਰਕਮ ਬਰਾਮਦ ਕੀਤੀ ਗਈ ਹੈ। ਮੋਹਾਲੀ, ਜਲੰਧਰ ਤੇ ਲੁਧਿਆਣਾ ਵਰਗੇ ਸ਼ਹਿਰ ਇਸ ਦੇ ਗੜ੍ਹ ਹਨ।

ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਪੰਜਾਬ ਦੇ ਹੋਸਪਿਟੈਲਿਟੀ (ਖਾਣਪੀਣ ਦੇ ਕਾਰੋਬਾਰ) ਖੇਤਰ ਵਿਚ ਇਸ 200 ਕਰੋੜ ਰੁਪਏ ਦੇ ਟਰਨਓਵਰ ਛੁਪਾਉਣ ਦੇ ਇੱਕ ਵੱਡੇ ਰੈਕੇਟ ਦਾ ਪਰਦਾਫਾਸ਼ ਕਰਦਿਆਂ ਢਾਬਿਆਂ, ਖਾਣ-ਪੀਣ ਵਾਲੀਆਂ ਥਾਵਾਂ, ਰੈਸਟੋਰੈਂਟਾਂ ਅਤੇ ਫਾਸਟ-ਫੂਡ ਆਊਟਲੈਟਾਂ ਵਿਚ ਵਿਵਸਥਾਗਤ ਢੰਗ ਨਾਲ ਆਮਦਨ ਘੱਟ ਦਿਖਾਉਣ ਦੀ ਪ੍ਰਵਿਰਤੀ ਤੋਂ ਪਰਦਾ ਉਠਾਇਆ ਹੈ।

ਵਿੱਤ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਜਨਤਕ ਮਾਲੀਏ ਦੀ ਰਾਖੀ ਲਈ ਤਕਨਾਲੋਜੀ-ਆਧਾਰਿਤ ਸਖ਼ਤ ਕਾਰਵਾਈ ਸ਼ੁਰੂ ਕੀਤੀ ਜਿਸ ਤਹਿਤ 882 ਅਦਾਰੇ ਜਾਂਚ ਦੇ ਹੈ ਘੇਰੇ ਵਿਚ ਲਏ ਗਏ ਅਤੇ ਹੁਣ ਤੱਕ 2.02 ਕਰੋੜ ਰੁਪਏ ਦੀ ਵਸੂਲੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਲਗਭਗ 500 ਕਰੋੜ ਰੁਪਏ ਤੋਂ ਵੀ ਪਾਰ ਪਹੁੰਚ ਸਕਦਾ ਹੈ। ਚੀਮਾ ਨੇ ਕਿਹਾ ਕਿ ਮੋਹਾਲੀ, ਜਲੰਧਰ ਅਤੇ ਲੁਧਿਆਣਾ ਵਰਗੇ ਪ੍ਰਮੁੱਖ ਸ਼ਹਿਰੀ ਕੇਂਦਰ ਟੈਕਸ ਚੋਰੀ ਦੇ ਮੁੱਖ ਗੜ੍ਹ ਵਜੋਂ ਉੱਭਰੇ ਹਨ।



ਉਨ੍ਹਾਂ ਕਿਹਾ ਕਿ ਵੱਧ ਨਕਦੀ ਅਤੇ ਹਾਈਬ੍ਰਿਡ ਭੁਗਤਾਨਾਂ (ਨਕਦੀ ਅਤੇ ਡਿਜੀਟਲ ਦੋਵੇਂ) ਵਾਲੇ ਖੇਤਰ ਇਸ ਧੋਖਾਧੜੀ ਦੇ ਕੇਂਦਰ ਵਿਚ ਹਨ। ਉਨ੍ਹਾਂ ਕਿਹਾ ਕਿ ਐਡਵਾਂਸਡ ਡਾਟਾ ਐਨਾਲਿਟਿਕਸ, ਟੈਕਸ ਇੰਟੈਲੀਜੈਂਸ ਯੂਨਿਟ ਅਤੇ ਸਟੇਟ ਇੰਟੈਲੀਜੈਂਸ ਤੇ ਪ੍ਰੀਵੈਂਟਿਵ ਯੂਨਿਟ (ਸਿਪੂ) ਤੋਂ ਮਿਲੀ ਜਾਣਕਾਰੀ, ਅਤੇ ਬਿੱਲ ਲਿਆਓ, ਇਨਾਮ ਪਾਓ' ਸਕੀਮ ਦੀ ਸਫਲਤਾ ਦੇ ਸਹਾਰੇ ਆਪ ਨੇ ਕਾਰਵਾਈ ਤੇਜ਼ ਕਰ ਦਿੱਤੀ ਹੈ।

ਚੀਮਾ ਨੇ ਕਿਹਾ ਹੋਟਲਾਂ, ਢਾਬਿਆਂ, ਖਾਣ-ਪੀਣ ਵਾਲੀਆਂ ਥਾਵਾਂ, ਬੇਕਰੀਆਂ, ਮਿਠਾਈ ਦੀਆਂ ਦੁਕਾਨਾਂ, ਰੈਸਟੋਰੈਂਟਾਂ, ਕੇਟਰਿੰਗ ਸੇਵਾਵਾਂ ਅਤੇ ਅਜਿਹੇ ਹੋਰ ਅਦਾਰਿਆਂ ਨੂੰ ਕਵਰ ਕਰਨ ਵਾਲੀ ਇੱਕ ਵਿਆਪਕ, ਰਾਜ ਪੱਧਰੀ ਅਤੇ ਡਾਟਾ-ਆਧਾਰਿਤ ਮੁਹਿੰਮ ਰਾਹੀਂ ਵਿੱਤੀ ਸਾਲ 2025-26 ਨਾਲ ਸਬੰਧਤ ਕੁੱਲ 882 ਅਦਾਰਿਆਂ ਦੀ ਪਛਾਣ ਕੀਤੀ ਹੈ।ਚੀਮਾ ਨੇ ਕਿ ਕਿ ਹੁਣ ਤੱਕ ਮੁੱਢਲੀ ਜਾਂਚ ਵਿਚ 239 ਮਾਮਲਿਆਂ ਦੀ ਘੋਖ ਕੀਤੀ ਗਈ ਹੈ, ਜਿਸ ਦੇ ਨਤੀਜੇ ਵਜੋਂ ਲਗਭਗ 50 ਕਰੋੜ ਰੁਪਏ ਦੀ ਟਰਨਓਵਰ ਛੁਪਾਉਣ ਦਾ ਪਤਾ ਲੱਗਾ ਹੈ। ਉਨ੍ਹਾਂ ਕਿਹਾ ਕਿ ਇਸ ਚੋਰੀ ਵਿਚ 5% ਦੀ ਦਰ ਨਾਲ 2.54 ਕਰੋੜ ਰੁਪਏ ਦਾ ਟੈਕਸ ਸ਼ਾਮਲ ਹੈ, ਅਤੇ ਵਿਭਾਗ ਨੇ ਹੁਣ ਤੱਕ 2.02 ਕਰੋੜ ਰੁਪਏ ਦੀ ਵਸੂਲੀ ਯਕੀਨੀ ਬਣਾਈ ਹੈ। ਚੀਮਾ ਨੇ ਕਿਹਾ ਕਿ ਤਿੰਨ ਕਰਦਾਤਾਵਾਂ ਵੱਲੋਂ 2 ਕਰੋੜ ਰੁਪਏ ਤੋਂ ਵੱਧ, 6 ਵੱਲੋਂ 1 ਕਰੋੜ ਰੁਪਏ ਤੋਂ ਵੱਧ, 18 ਵੱਲੋਂ 50 ਲੱਖ ਰੁਪਏ ਤੋਂ ਵੱਧ, 26 ਕਰਦਾਤਾਵਾਂ ਵੱਲੋਂ 25 ਲੱਖ ਰੁਪਏ ਤੋਂ ਵੱਧ, ਅਤੇ 91 ਕਰਦਾਤਾਵਾਂ ਵੱਲੋਂ 5 ਲੱਖ ਰੁਪਏ ਤੋਂ ਵੱਧ ਦੀ ਟਰਨਓਵਰ ਛੁਪਾਉਣ ਦਾ ਪਤਾ ਲਗਾਇਆ ਹੈ। ਉਨ੍ਹਾਂ ਕਿਹਾ ਕਿ ਆਮਦਨ ਛੁਪਾਉਣ ਵਿਚ ਢਾਬਿਆਂ ਦਾ ਹਿੱਸਾ ਲਗਭਗ 10 ਕਰੋੜ ਰੁਪਏ ਹੈ, ਇਸ ਤੋਂ ਬਾਅਦ ਛੋਟੀਆਂ ਖਾਣ-ਪੀਣ ਵਾਲੀਆਂ ਥਾਵਾਂ, ਕੌਫੀ ਅਤੇ ਚਾਹ ਬਾਰਾਂ ਦਾ ਹਿੱਸਾ ਲਗਭਗ 8 ਕਰੋੜ ਰੁਪਏ, ਅਤੇ ਪੀਜ਼ਾ ਅਤੇ ਫਾਸਟ-ਫੂਡ ਆਊਟਲੈਟਸ ਦਾ ਹਿੱਸਾ 6 ਕਰੋੜ ਰੁਪਏ ਤੋਂ ਵੱਧ ਹੈ। ਵਿੱਤ ਮੰਤਰੀ ਨੇ ਕਿਹ ਕਿ ਮੋਹਾਲੀ ਵਿੱਚ ਸਭ ਤੋਂ ਵੱਧ 8.16 ਕਰੋੜ ਰੁਪਏ ਦੀ ਟਰਨਓਵਰ ਛੁਪਾਉਣ, ਜਲੰਧਰ ਵਿਚ 6.72 ਕਰੋੜ ਰੁਪਏ ਅਤੇ ਲੁਧਿਆਣਾ ਵਿਚ 5.48 ਕਰੋੜ ਦੀ ਟਰਨਓਵਰ ਛਪਾਉਣ ਦੇ ਮਾਮਲੇ ਸਾਹਮਣੇ ਆਏ ਹਨ, ਜੋ ਕਿ ਫੜੀ ਗਈ ਟੈਕਸ ਚੋਰੀ ਵਿਚ ਮੁੱਖ ਯੋਗਦਾਨ ਪਾਉਣ ਵਾਲੇ ਜ਼ਿਲ੍ਹੇ ਹਨ। ਪਟਿਆਲਾ ਅਤੇ ਅੰਮ੍ਰਿਤਸਰ ਵਿੱਚ ਮੁਕਾਬਲਤਨ ਘੱਟ ਬੇਨਿਯਮੀਆਂ ਸਾਹਮਣੇ ਆਈਆਂ ਹਨ।

## ਰਸੋਈ ਗੈਸ ਵਾਲੇ ਜਹਾਜ਼ਾਂ ਨੂੰ ਭਾਰਤ ਲਿਆਉਣਾ ਭਾਰਤ ਦੀ ਪਹਿਲ

**ਨਵੀਂ ਦਿੱਲੀ:** ਪੱਛਮੀ ਏਸ਼ੀਆ 'ਚ ਚੱਲ ਰਹੀ ਜੰਗ ਕਾਰਨ ਹੋਰਮੁਜ਼ ਸਟ੍ਰੇਟ ਦੇ ਪੱਛਮ 'ਚ ਅਜੇ ਵੀ ਫਸੇ ਹਨ 18 ਭਾਰਤੀ ਜਹਾਜ਼ ਫਸੇ ਹੋਏ ਹਨ ਤੇ ਇਨ੍ਹਾਂ ਨੂੰ ਲਿਆਉਣਾ ਸਰਕਾਰ ਦੀ ਸਰਕਾਰ ਦੀ ਸਭ ਤੋਂ ਵੱਡੀ ਪਹਿਲ ਹੈ। ਹੋਰਮੁਜ਼ ਮਾਰਗ ਤੋਂ ਛੇ ਭਾਰਤੀ ਜਹਾਜ ਨਿਕਲ ਚੁੱਕੇ ਹਨ। ਇਨ੍ਹਾਂ 'ਚੋਂ ਚਾਰ ਭਾਰਤ ਪੁੱਜ ਚੁੱਕੇ ਹਨ ਜਦਕਿ ਦੋ ਅਗਲੇ ਦੋ ਦਿਨਾਂ 'ਚ ਭਾਰਤੀ ਤੱਟ 'ਤੇ ਤਕਰੀਬਨ 94 ਹਜ਼ਾਰ ਟਨ ਐੱਲਪੀਜੀ ਨਾਲ ਪੁੱਜਣਗੇ।



ਇਨ੍ਹਾਂ ਦੇ ਆਉਣ ਨਾਲ ਦੇਸ਼ 'ਚ ਐੱਲਪੀਜੀ ਸਪਲਾਈ ਦੀ ਸਥਿਤੀ ਹੋਰ ਬਿਹਤਰ ਹੋਵੇਗੀ। ਇਹ ਜਾਣਕਾਰੀ ਜਹਾਜ਼ਰਾਣੀ ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਨੇ ਦਿੱਤੀ। ਉਨ੍ਹਾਂ ਇਹ ਵੀ ਦੱਸਿਆ ਕਿ ਭਾਰਤ ਆ ਰਹੇ ਐੱਲਪੀਜੀ ਜਹਾਜ਼ਾਂ ਨੂੰ ਦੋਬਾਰਾ ਐੱਲਪੀਜੀ ਲਿਆਉਣ ਅਜੇ ਨਹੀਂ ਭੇਜਿਆ ਜਾ ਰਿਹਾ। ਅਜੇ ਸਥਿਤੀ ਅਜਿਹੀ ਨਹੀਂ ਹੈ ਕਿ ਖਾੜੀ ਦੇ ਖੇਤਰ ਐੱਲਪੀਜੀ ਦੀ ਖ਼ਰੀਦ ਹੋ ਸਕੇ। ਇਸ ਦੇ ਨਾਲ ਹੀ ਯਮਨ ਦੇ ਹਾਊਤੀ ਅੱਤਵਾਦੀ ਸੰਗਠਨ ਵੱਲੋਂ ਇਜ਼ਰਾਈਲ 'ਤੇ ਹਮਲਾ ਕੀਤੇ ਜਾਣ ਨਾਲ ਸਥਿਤੀ 'ਚ ਵਿਗੜਣ ਦੀ ਗੱਲ ਵੀ ਭਾਰਤੀ ਸਵੀਕਾਰ ਕਰ ਰਹੇ ਹਨ। ਭਾਰਤੀ ਅਧਿਕਾਰੀ ਮੁਤਾਬਕ, ਸਰਕਾਰ ਦੀ ਇਹ ਪਹਿਲੀ ਕੋਸ਼ਿਸ਼ ਹੈ ਕਿ ਹੋਰਮੁਜ਼ ਤੇ ਖਾੜੀ ਦੇ ਖੇਤਰ 'ਚ ਜੋ ਵੀ ਭਾਰਤੀ ਜਹਾਜ਼ ਹਨ, ਉਨ੍ਹਾਂ ਨੂੰ ਸੁਰੱਖਿਅਤ ਸਵਦੇਸ਼ ਲਿਆਂਦਾ ਜਾਵੇ।

ਨਾਲ ਕਈ ਘੰਟੇ ਤੱਕ ਬੈਠਕ ਕੀਤੀ ਸੀ। ਹਾਲਾਂਕਿ ਇਕ ਪਾਕਿਸਤਾਨੀ ਸੂਤਰ ਨੇ ਸੰਕੇਤ ਦਿੱਤਾ ਕਿ ਅਮਰੀਕਾ ਤੇ ਈਰਾਨ ਵਿਚਾਲੇ ਇਸ ਹਫ਼ਤੇ ਪ੍ਰਤੱਖ ਗੱਲਬਾਤ ਦੀ ਸੰਭਾਵਨਾ ਘੱਟ ਹੈ।

### ਪਰਮਾਣੂ ਗ਼ੈਰ-ਪਸਾਰ ਸੰਧੀ ਤੋਂ ਬਾਹਰ ਨਿਕਲਣ 'ਤੇ ਵਿਚਾਰ

ਈਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਘੇਈ ਨੇ ਕਿਹਾ ਕਿ ਈਰਾਨੀ ਸੰਸਦ 'ਚ ਐੱਨਪੀਟੀ ਤੋਂ ਬਾਹਰ ਨਿਕਲਣ ਦੀਆਂ ਸੰਭਾਵਨਾਵਾਂ ਦੀ ਸਮੀਖਿਆ ਕੀਤੀ ਜਾ ਰਹੀ ਹੈ। ਇਹ ਸੰਧੀ ਦੇਸ਼ਾਂ ਨੂੰ ਪਰਮਾਣੂ ਊਰਜਾ ਦੇ ਵਿਕਾਸ,

## ਛੇਤੀ ਕਰੋ ਸਮਝੌਤਾ...

*(ਪਹਿਲੇ ਸਫ਼ੇ ਦਾ ਬਾਕੀ)*

ਖੋਜ, ਉਤਪਾਦਨ ਤੇ ਉਪਯੋਗ ਦਾ ਅਧਿਕਾਰ ਦਿੰਦੀ ਹੈ, ਬਸ਼ਰਤੇ ਉਹ ਪਰਮਾਣੂ ਹਥਿਆਰ ਹਾਸਲ ਕਰਨ ਦੀ ਦਿਸ਼ਾ 'ਚ ਅੱਗੇ ਨਾ ਵਧਣ। ਟਰੰਪ ਲਗਾਤਾਰ ਕਹਿੰਦੇ ਰਹੇ ਹਨ ਕਿ ਈਰਾਨ ਨੂੰ ਪਰਮਾਣੂ ਹਥਿਆਰ ਲੈਸ ਦੇਸ਼ ਨਹੀਂ ਬਣਨ ਦਿੱਤਾ ਜਾਵੇਗਾ, ਜਦਕਿ ਈਰਾਨ ਇਸ ਦੋਸ਼ ਤੋਂ ਇਨਕਾਰ ਕਰਦਾ ਰਿਹਾ ਹੈ।

### ਹਾਈਫਾ ਰਿਫਾਇਨਰੀ 'ਚ ਅੱਗ

ਇਜ਼ਰਾਈਲ ਦੇ ਫਾਇਰ ਬ੍ਰਿਗੇਡ ਵਿਭਾਗ ਨੇ ਦੱਸਿਆ ਕਿ ਉੱਤਰੀ ਸ਼ਹਿਰ ਹਾਈਫਾ 'ਚ ਜਲ ਸੈਨਾ ਅੱਡੇ ਦੇ ਕੋਲ ਮਿਜ਼ਾਈਲ ਦੇ ਮਲਬੇ ਨਾਲ ਤੇਲ ਰਿਫਾਇਨਰੀ ਕੰਪਲੈਕਸ ਸਥਿਤ ਤੇਲ ਡਿਪੂ 'ਚ ਅੱਗ ਲੱਗ ਗਈ। ਇਕ ਫੈਕਟਰੀ ਨੂੰ ਵੀ ਨੁਕਸਾਨ ਪੁੱਜਾ ਹੈ। ਇਜ਼ਰਾਈਲ ਦੇ ਊਰਜਾ ਮੰਤਰੀ ਏਲੀ ਕੋਹੇਨ ਨੇ ਕਿਹਾ ਕਿ ਮੁੱਖ ਉਤਪਾਦਨ ਕੇਂਦਰ ਸੁਰੱਖਿਅਤ ਹਨ ਤੇ ਤੇਲ ਸਪਲਾਈ ਜਾਰੀ ਹੈ। ਹਿਜ਼ਬੁੱਲਾ ਨੇ ਹਮਲੇ ਦੀ ਜ਼ਿੰਮੇਵਾਰੀ ਲੈਂਦੇ ਹੋਏ ਕਿਹਾ ਕਿ ਉਸ ਦਾ ਨਿਸ਼ਾਨਾ ਜਲ ਸੈਨਾ ਦਾ ਅੱਡਾ ਸੀ। ਇਸੇ ਦੌਰਾਨ ਸਾਊਦੀ ਅਰਬ ਨੇ ਪੰਜ ਮਿਜ਼ਾਈਲਾਂ ਇੰਟਰਸੈਪਟ ਕੀਤੀਆਂ, ਜਦਕਿ ਦੁਬਈ 'ਚ ਹਮਲੇ ਤੋਂ ਬਾਅਦ ਧੂੰਏ ਦਾ ਵੱਡਾ ਗੁਬਾਰ ਉੱਠਦਾ ਦੇਖਿਆ ਗਿਆ। ਸੰਯੁਕਤ ਅਰਬ ਅਮੀਰਾਤ ਨੇ ਵੀ ਇਕ ਮਿਜ਼ਾਈਲ ਹਮਲੇ ਨੂੰ ਨਾਕਾਮ ਕਰਨ ਦਾ ਦਾਅਵਾ ਕੀਤਾ। ਸੋਮਵਾਰ ਨੂੰ ਅਮਰੀਕਾ ਤੇ ਇਜ਼ਰਾਈਲ ਨੇ ਈਰਾਨ ਦੇ ਫ਼ੌਜੀ ਢਾਂਚੇ 'ਤੇ ਹਮਲੇ ਜਾਰੀ ਰੱਖੇ। ਈਰਾਨੀ ਸਰਕਾਰੀ ਮੀਡੀਆ ਮੁਤਾਬਕ ਤਬਰੀਜ ਸਥਿਤ ਪੈਟਰੋਕੈਮੀਕਲ ਪਲਾਂਟ ਨੂੰ ਨੁਕਸਾਨ ਪੁੱਜਾ। ਉਥੇ ਲਿਬਨਾਨ 'ਚ ਇਜ਼ਰਾਇਲੀ ਹਮਲੇ 'ਚ ਇਕ ਸ਼ਾਂਤੀ ਫ਼ੌਜੀ ਦੀ ਮੌਤ ਦੀ ਵੀ ਸੂਚਨਾ ਹੈ।



## ਸਿੱਖਿਆ ਦੇ ਖੇਤਰ ਵਿੱਚ ਪੰਜਾਬ ਨੇ ਕੇਰਲਾ....

(ਪਹਿਲੇ ਸਫ਼ੇ ਦਾ ਬਾਕੀ)

ਅਤੇ 1284 ਨੇ ਨੀਟ ਪ੍ਰੀਖਿਆ ਪਾਸ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ 118 ਸਕੂਲ ਆਫ ਐਮੀਨੈਂਸ ਸਥਾਪਤ ਕੀਤੇ ਜਾ ਰਹੇ ਹਨ, ਜਿਨ੍ਹਾਂ 'ਚੋ 60 ਪਹਿਲਾਂ ਹੀ ਕਾਰਜਸ਼ੀਲ ਹਨ। ਪਹਿਲੀ ਵਾਰ 24 ਲੱਖ ਮਾਪਿਆਂ ਨੇ ਮੈਗਾ ਪੀਟੀਐੱਮ ਵਿੱਚ ਹਿੱਸਾ ਲਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਕੂਲਾਂ ਵਿਚ 30,000 ਵਿਦਿਆਰਥੀਆਂ ਨੂੰ ਮੁਫ਼ਤ ਵਰਦੀਆਂ ਪ੍ਰਦਾਨ ਕੀਤੀਆਂ ਗਈਆਂ ਹਨ ਅਤੇ ਮੈਡੀਕਲ ਤੇ ਨਾਨ-ਮੈਡੀਕਲ ਸਮੇਤ ਹਰ ਸਟਰੀਮ ਦੀ ਪੜ੍ਹਾਈ ਉਪਲਬਧ ਹੈ। ਮਾਨ ਨੇ ਕਿਹਾ ਕਿ ਇਸ ਤੋਂ ਇਲਾਵਾ ਸਕੂਲ ਆਫ਼ ਐਮੀਨੈਂਸ ਅਤੇ ਸਰਕਾਰੀ ਸਕੂਲਾਂ 'ਚ ਲੜਕੀਆਂ ਲਈ ਮੁਫ਼ਤ ਬੱਸ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ ਤੇ ਕਰੀਬ 15,500 ਵਿਦਿਆਰਥੀ ਲਾਭ ਉਠਾ ਰਹੇ ਹਨ। ਉਨ੍ਹਾਂ ਕਿਹਾ ਕਿ 264 ਸਿੱਖਿਆ ਅਧਿਕਾਰੀਆਂ, ਪ੍ਰਿੰਸੀਪਲਾਂ ਤੇ ਅਧਿਆਪਕਾਂ ਦੇ ਅੱਠ ਬੈਚ ਸਿੰਗਾਪੁਰ ਭੇਜੇ ਗਏ ਹਨ। ਇਸ ਦੇ ਨਾਲ ਹੀ 216 ਪ੍ਰਾਇਮਰੀ ਅਧਿਆਪਕਾਂ ਦੇ ਤਿੰਨ ਬੈਚ ਫਿਨਲੈਂਡ ਦੇ ਤੁਰਕੂ ਵਿਖੇ ਸਿਖਲਾਈ ਲਈ ਭੇਜੇ ਗਏ। ਪੰਜ ਬੈਚ ਆਈਆਈਐੱਮ ਅਹਿਮਦਾਬਾਦ ਭੇਜੇ ਗਏ, ਜਿੱਥੇ 249 ਮੁੱਖ ਅਧਿਆਪਕਾਂ ਨੇ ਲੀਡਰਸ਼ਿਪ ਸਿਖਲਾਈ ਹਾਸਲ ਕੀਤੀ। ਅੰਮ੍ਰਿਤਸਰ ਦੇ ਸੈਂਸਰਾ ਕਲਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੋਂ ਸਾਇੰਸ ਅਧਿਆਪਕਾ ਗਗਨਦੀਪ ਕੌਰ ਨੇ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਅਮਰੀਕਾ ਵਿਖੇ ਦੋ ਮਹੀਨਿਆਂ ਦੇ ਪ੍ਰੋਗਰਾਮ 'ਚ ਹਿੱਸਾ ਲਿਆ, ਜੋ ਸਾਡੇ ਅਧਿਆਪਕਾਂ ਦੇ ਸਮਰਪਣ ਅਤੇ ਸਮਰੱਥਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਬਿਜ਼ਨਸ ਬਲਾਸਟਰ ਸਕੀਮ ਵਿਦਿਆਰਥੀਆਂ 'ਚ ਉੱਦਮੀ ਸੋਚ ਨੂੰ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤੀ ਗਈ ਹੈ, ਜਿਨ੍ਹਾਂ ਨੇ ਆਪਣੇ ਨਵੀਨਤਮ ਸੋਚ ਤੇ ਵਿਚਾਰਾਂ ਰਾਹੀਂ ਸਮੂਹਿਕ ਤੌਰ 'ਤੇ 70 ਕਰੋੜ ਰੁਪਏ ਕਮਾਏ ਹਨ।

## ਪੰਜਾਬੀ ਭਾਸ਼ਾ ਲਈ ਚੁੱਕੇ ਗਏ ਕਈ ਅਹਿਮ ਕਦਮ

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਭਾਸ਼ਾ ਐਕਟ ਤਹਿਤ ਸਰਕਾਰੀ ਕੰਮਕਾਜ 'ਚ ਪੰਜਾਬੀ ਨੂੰ 100 ਫੀਸਦੀ ਲਾਜ਼ਮੀ ਬਣਾਇਆ ਗਿਆ ਹੈ। ਪੰਜਾਬੀ ਸਾਹਿਤ ਦਾ ਡਿਜੀਟਾਈਜ਼ੇਸ਼ਨ ਚੱਲ ਰਿਹਾ ਹੈ ਅਤੇ ਹੁਣ ਤੱਕ 18,550 ਕਿਤਾਬਾਂ ਡਿਜੀਟਾਈਜ਼ ਕੀਤੀਆਂ ਜਾ ਚੁੱਕੀਆਂ ਹਨ। 592 ਦੁਰਲੱਭ ਹੱਥ-ਲਿਖਤਾਂ ਦੀ ਸੰਭਾਲ ਦੇ ਨਾਲ-ਨਾਲ ਇਨ੍ਹਾਂ ਨੂੰ ਡਿਜੀਟਾਈਜ਼ ਕੀਤਾ ਗਿਆ ਹੈ ਅਤੇ 100 ਤੋਂ ਵੱਧ ਕਿਤਾਬਾਂ ਹੁਣ ਔਨਲਾਈਨ ਉਪਲਬਧ ਹਨ। ਸੀਐੱਮ ਨੇ ਅੱਗੇ ਕਿਹਾ ਕਿ 'ਸ਼ਬਦਮਾਲਾ ਈ- ਡਿਕਸ਼ਨਰੀਂ ਨੂੰ ਕਈ ਪੰਜਾਬੀ ਸ਼ਬਦਕੋਸ਼ਾਂ ਦੇ ਨਾਲ ਐਂਡਰਾਇਡ ਐਪ ਵਜੋਂ ਲਾਂਚ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਨਵੀਂ ਦਿੱਲੀ ਦੇ ਪੰਜਾਬ ਭਵਨ ਵਿਖੇ 60 ਉੱਘੀਆਂ ਪੰਜਾਬੀ ਸਾਹਿਤਕ ਸ਼ਖਸੀਅਤਾਂ ਦੀਆਂ ਤਸਵੀਰਾਂ ਲਾਈਆਂ ਗਈਆਂ ਹਨ ਅਤੇ ਪੰਜਾਬੀ, ਹਿੰਦੀ ਤੇ ਉਰਦੂ ਵਿੱਚ ਸਰਵੋਤਮ ਕਿਤਾਬਾਂ ਲਈ ਪੁਰਸਕਾਰ ਵੀ ਵੰਡੇ ਗਏ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੰਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਭੋਗਲ ਨਾਲ ਆਲੋਚਕਾਂ ਨੇ ਇਨਸਾਫ਼ ਨਹੀਂ ਕੀਤਾ: ਵਰਿਆਮ ਸੰਧੂ

## ਪੰਜਾਬੀ ਵਿਰਸਾ ਟਰੱਸਟ ਵਲੋਂ ਵਰਿੰਦਰ ਸਿੰਘ ਵਾਲੀਆ ਨੂੰ 'ਪਿਆਰਾ ਸਿੰਘ ਭੋਗਲ ਯਾਦਗਾਰੀ ਪੁਰਸਕਾਰ'

**ਫਗਵਾੜਾ:**ਪੰਜਾਬੀ ਵਿਰਸਾ ਟਰੱਸਟ ਵੱਲੋਂ ਪ੍ਰੋਫੈਸਰ ਪਿਆਰਾ ਸਿੰਘ ਭੋਗਲ ਦੀ ਯਾਦ 'ਚ ਯਾਦਗਾਰੀ ਪੁਰਸਕਾਰ ਅਤੇ ਮਾਣ ਮੱਤਾ ਪੰਜਾਬੀ ਪੱਤਰਕਾਰ ਪੁਰਸਕਾਰ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਵਰਿਆਮ ਸਿੰਘ ਸੰਧੂ, ਸਤਨਾਮ ਸਿੰਘ ਮਾਣਕ, ਪ੍ਰੋ: ਜਸਵੰਤ ਸਿੰਘ ਗੰਡਮ, ਵਰਿੰਦਰ ਸਿੰਘ ਵਾਲੀਆ, ਡਾ. ਲਖਵਿੰਦਰ ਸਿੰਘ ਜੋਹਲ, ਗੁਰਸ਼ਰਨ ਸਿੰਘ ਰੰਧਾਵਾ, ਪ੍ਰਿੰ: ਗੁਰਮੀਤ ਸਿੰਘ ਪਲਾਹੀ, ਡਾ: ਅਮਨਪ੍ਰੀਤ ਸਿੰਘ ਬਰਾੜ ਨੇ ਕੀਤੀ।

ਇਸ ਦੌਰਾਨ ਪ੍ਰਸਿੱਧ ਪੱਤਰਕਾਰ ਵਰਿੰਦਰ ਸਿੰਘ ਵਾਲੀਆ ਨੂੰ ਪਿਆਰਾ ਸਿੰਘ ਭੋਗਲ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ, ਜਦਕਿ ਡਾ. ਅਮਨਪ੍ਰੀਤ ਸਿੰਘ ਬਰਾੜ ਨੂੰ ਮਾਣਮੱਤਾ ਪੰਜਾਬੀ ਪੱਤਰਕਾਰ ਪੁਰਸਕਾਰ ਨਾਲ ਨਿਵਾਜਿਆ ਗਿਆ। ਇਸ ਮੌਕੇ ਕਮਲੇਸ਼ ਸੰਧੂ ਵੱਲੋਂ ਵਰਿੰਦਰ ਸਿੰਘ ਵਾਲੀਆ ਦਾ ਮਾਣ ਪੱਤਰ ਅਤੇ ਬਲਦੇਵ ਰਾਜ ਕੋਮਲ ਵੱਲੋਂ ਡਾ. ਅਮਨਪ੍ਰੀਤ ਸਿੰਘ ਬਰਾੜ ਬਾਰੇ ਮਾਣ ਪੱਤਰ ਪੜ੍ਹਿਆ ਗਿਆ। ਇਸ ਪੁਰਸਕਾਰ ਤਹਿਤ 31,000 ਰੁਪਏ ਨਗਦ ਸਿਰੋਪਾ, ਮਾਣ ਪੱਤਰ ਅਤੇ ਸਨਮਾਨ ਚਿੰਨ੍ਹ 'ਅਤੇ ਮਾਣ ਮੱਤਾ ਪੰਜਾਬੀ ਪੱਤਰਕਾਰ ਪੁਰਸਕਾਰ ਲਈ 11,000 ਰੁਪਏ ਨਗਦ ਸਮੇਤ ਸਿਰੋਪਾ, ਮਾਣ ਪੱਤਰ ਅਤੇ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਜ਼ਿਕਰਯੋਗ ਹੈ ਕਿ ਵਰਿੰਦਰ ਸਿੰਘ ਵਾਲੀਆ ਵੱਲੋਂ ਸਮਾਜਿਕ ਜ਼ਿੰਮੇਵਾਰੀ ਨਿਭਾਉਂਦਿਆਂ ਪੁਰਸਕਾਰ ਦੀ ਪੂਰੀ ਰਾਸ਼ੀ ਆਰਥਿਕ ਤੌਰ 'ਤੇ ਲੋੜਵੰਦ ਪੱਤਰਕਾਰਾਂ ਦੀ ਸਹਾਇਤਾ ਲਈ ਮੌਕੇ 'ਤੇ ਹੀ



ਦੇਣ ਦਾ ਫ਼ੈਸਲਾ ਕੀਤਾ ਗਿਆ।

ਗੁਰਮੀਤ ਸਿੰਘ ਪਲਾਹੀ ਨੇ ਵਰਿੰਦਰ ਸਿੰਘ ਵਾਲੀਆ ਦੀ ਸਰਲਤਾ, ਸਾਦਗੀ, ਨਿਮਰਤਾ ਅਤੇ ਨਿਤਰ ਪੱਤਰਕਾਰੀ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਉਹ ਸੱਚੇ ਅਰਥਾਂ ਵਿਚ ਬੁੱਧੀਜੀਵੀ ਅਤੇ ਲੋਕਾਂ ਦੀ ਆਵਾਜ਼ ਹਨ। ਪ੍ਰਧਾਨਗੀ ਭਾਸ਼ਣ ਦਿੰਦਿਆਂ ਪੰਜਾਬੀ ਦੇ ਮਕਬੂਲ ਕਥਾਕਾਰ, ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਪ੍ਰੋ. ਪਿਆਰਾ ਸਿੰਘ ਭੋਗਲ ਨੇ ਬਾਕਮਾਲ ਨਾਵਲ ਅਤੇ ਕਹਾਣੀਆਂ ਰਚੀਆਂ ਪਰ ਸਾਡੇ ਆਲੋਚਕਾਂ ਨੇ ਉਨ੍ਹਾਂ ਨਾਲ ਪੂਰੀ ਤਰ੍ਹਾਂ ਇਨਸਾਫ਼ ਨਹੀਂ ਕੀਤਾ। ਸੰਸਥਾ ਦੇ ਪ੍ਰਧਾਨ ਜਸਵੰਤ ਸਿੰਘ ਗੰਡਮ ਨੇ ਕਿਹਾ ਕਿ ਇਹ ਟਰੱਸਟ ਹਮੇਸ਼ਾ ਉਨ੍ਹਾਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਦਾ ਹੈ ਜੋ ਸਮਾਜ 'ਚ ਸੱਚ, ਨਿਆਂ ਅਤੇ ਪੰਜਾਬੀਅਤ ਦੀ ਰੱਖਿਆ ਲਈ ਯੋਗਦਾਨ ਪਾਉਂਦੀਆਂ ਹਨ।

ਲਖਵਿੰਦਰ ਸਿੰਘ ਜੌਹਲ ਨੇ ਵਰਿੰਦਰ ਸਿੰਘ ਵਾਲੀਆ ਦੀ ਚੋਣ ਬਾਰੇ ਦੱਸਦਿਆਂ ਕਿਹਾ ਕਿ ਉਨ੍ਹਾਂ ਦੀ ਸ਼ਖ਼ਸ਼ੀਅਤ, ਲਿਖਤ ਅਤੇ ਸਿਧਾਂਤਕ ਮਜ਼ਬੂਤੀ ਪ੍ਰੋਪਿਆਰਾ ਸਿੰਘ ਭੋਗਲ ਦੇ ਆਦਰਸ਼ਾਂ ਨਾਲ ਮੇਲ ਖਾਂਦੀ ਹੈ। ਉਨ੍ਹਾਂ ਨੇ ਵਰਿੰਦਰ ਸਿੰਘ ਵਾਲੀਆ ਦੀ ਨਿਡਰ ਪੱਤਰਕਾਰਤਾ ਅਤੇ ਸਾਹਿਤਕ ਯੋਗਦਾਨ ਨੂੰ ਵਿਸ਼ੇਸ਼ ਤੌਰ 'ਤੇ ਉਜਾਗਰ ਕੀਤਾ। ਸਤਨਾਮ ਸਿੰਘ ਮਾਣਕ ਨੇ ਆਪਣੇ ਵਿਚਾਰ ਪ੍ਰਗਟ ਕੀਤੇ .ਕਿ ਅੱਜ ਦੇ ਸਮੇਂ 'ਚ ਸੱਚੀ ਅਤੇ ਨਿਰਪੱਖ ਪੱਤਰਕਾਰਤਾ ਕਰਨਾ ਬਹੁਤ ਔਖਾ ਹੋ ਗਿਆ ਹੈ। ਇਸ ਮੌਕੇ ਸਤਨਾਮ ਸਿੰਘ ਢਾਅ ਵੱਲੋਂ ਆਪਣੀਆਂ ਨਵੀਆਂ ਪ੍ਰਕਾਸ਼ਿਤ ਪੁਸਤਕਾਂ 'ਪੰਜਾਬ ਦੇ ਅਨਮੋਲ ਹੀਰੇ' ਅਤੇ 'ਰੰਗ ਆਪੋ- ਆਪਣੇ' ਭੇਟ ਕਰਦਿਆਂ ਸਾਹਿਤ ਪ੍ਰੇਮੀਆਂ ਨਾਲ ਸਾਂਝ ਪਾਈ ਗਈ। ਬਾਲ ਕਵਿਤਰੀ ਭਾਵਨਾ ਅਤੇ ਵਰਿੰਦਰ ਸਿੰਘ ਵਾਲੀਆ ਵੱਲੋਂ ਆਪਣੀ ਕਵਿਤਾ ਸਾਂਝੀ ਕੀਤੀ ਗਈ। ਡਾ. ਅਮਨਪ੍ਰੀਤ ਸਿੰਘ ਬਰਾੜ ਨੇ ਕਿਹਾ ਕਿ ਉਨ੍ਹਾਂ ਲਈ ਇਹ ਪੁਰਸਕਾਰ ਸਿਰਫ਼ ਸਨਮਾਨ ਨਹੀਂ, ਸਗੋਂ ਪੰਜਾਬ, ਪੰਜਾਬੀਅਤ ਅਤੇ ਸੱਚ ਦੇ ਹੱਕੇ। ਵਿੱਚ ਡਟ ਕੇ ਬੋਲਣ ਦੀ ਹੋਰ ਵੱਡੀ ਜ਼ਿੰਮੇਵਾਰੀ ਹੈ।

ਵਰਿੰਦਰ ਸਿੰਘ ਵਾਲੀਆ ਨੇ ਕਿਹਾ ਕਿ ਮਸਨੂਈ ਬੁੱਧੀ ਦੇ ਦੌਰ ਵਿੱਚ ਸਾਹਿਤ ਨੂੰ ਵਿਸ਼ਵ ਪੱਧਰ ਤੱਕ ਪਹੁੰਚਾਉਣ ਦੇ ਨਵੇਂ ਰਸਤੇ ਖੁੱਲ੍ਹੇ ਹਨ, ਪਰ ਲੇਖਕਾਂ ਲਈ ਆਪਣੀ ਅਸਲ ਸ਼ੈਲੀ ਅਤੇ ਮੂਲ ਚਿੰਤਨ ਨੂੰ ਕਾਇਮ ਰੱਖਣਾ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਆਪਣੀ ਪੱਤਰਕਾਰਤਾ ਦੇ ਤਜਰਬੇ ਸਾਂਝੇ ਕਰਦਿਆਂ ਮਾਂ ਬੋਲੀ ਪੰਜਾਬੀ ਦੀ ਤਾਕਤ ਅਤੇ ਇਮਾਨਦਾਰੀ ਨਾਲ ਕੰਮ ਕਰਨ ਦੀ ਅਹਿਮੀਅਤ ਉੱਤੇ ਜ਼ੋਰ ਦਿੱਤਾ।

ਗੁਰਸ਼ਰਨ ਸਿੰਘ ਰੰਧਾਵਾ ਨੇ ਕਿਹਾ ਕਿ ਸੱਭਿਆਚਾਰ ਦੀ ਰਾਖੀ ਵਿੱਚ ਸੈਨਿਕਾਂ ਅਤੇ ਪੱਤਰਕਾਰਾਂ ਦਾ ਬਰਾਬਰ ਯੋਗਦਾਨ ਹੁੰਦਾ ਹੈ। ਉਨ੍ਹਾਂ ਵਾਲੀਆ ਅਤੇ ਡਾ. ਬਰਾੜ ਨੂੰ ਪੁਰਸਕਾਰ ਮਿਲਣ 'ਤੇ ਅਤੇ ਪੰਜਾਬੀ ਵਿਰਸਾ ਟਰੱਸਟ ਨੂੰ ਵਧਾਈ ਦਿੱਤੀ। ਸਮਾਗਮ ਦਾ ਮੰਚ ਸੰਚਾਲਨ ਰਵਿੰਦਰ ਚੋਟ ਪ੍ਰਧਾਨ ਸਕੇਪ ਸਾਹਿਤਕ ਸੰਸਥਾ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਗਿਆ ਅਤੇ ਅੰਤ ਵਿੱਚ ਪੰਜਾਬੀ ਵਿਰਸਾ ਟਰੱਸਟ ਵੱਲੋਂ ਪਰਵਿੰਦਰਜੀਤ ਸਿੰਘ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸਮਾਗਮ ਵਿੱਚ ਗਿਆਨ ਸਿੰਘ ਡੀ.ਪੀ.ਆਰ.ਓ. ਦੀਦਾਰ ਸਿੰਘ ਸ਼ੇਤਰਾ, ਪੈਗੰਬਰਜੀਤ ਸਿੰਘ ਮਾਨ, ਦਲਜੀਤ ਮਹਿਮੀ ਕਰਤਾਰਪੁਰੀ, ਸਿੱਖਿਆ ਰਤਨ ਗੁਰਮੀਤ ਸਿੰਘ, ਪ੍ਰਿੰ.ਤਰਸੇਮ ਸਿੰਘ,ਕੁਲਵੰਤ ਸਿੰਘ ਭਿੰਡਰ, ਤਰਨਜੀਤ ਸਿੰਘ ਕਿੰਨੜਾ,ਰਾਜਕੁਮਾਰੀ, ਰਜਵੰਤ ਕੌਰ ਸੰਧੂ, ਗੁਰਮੀਤ ਰੱਤੂ, ਰਘਬੀਰ ਕੌਰ, ਬੰਸੋ ਦੇਵੀ, ਆਸ਼ਾ ਅਰਮਾਨ, ਜੱਸ ਸਰੋਆ, ਗੁਰਦੀਪ ਸਿੰਘ ਕੰਗ, ਡਾ. ਐੱਸ.ਪੀ.ਐੱਸ. ਬਰਾੜ, ਸੁਖਦੇਵ ਕੌਰ ਢਾਅ, ਵਰਿੰਦਰ ਸਿੰਘ, ਕੰਬੋਜ,ਸਿਮਰਤ ਕੌਰ,ਗੁਰਨੂਰ ਕੌਰ, ਗਿਆਨ ਸਿੰਘ, ਬੀ ਕੇ ਰੱਤੂ, ਸੰਤੋਸ਼ ਕੁਮਾਰ ਗੋਗੀ, ਸਾਹਿਬ ਜੀਟਨ ਕੌਰ, ਜਨਕ ਪਲਾਹੀ, ਸੁਖਵਿੰਦਰ ਸਿੰਘ, ਜਗਜੀਤ ਸਿੰਘ ਚਾਂਨਾ, ਚਰਨਜੀਤ ਸਿੰਘ ਚਾਨਾ, ਸਰਬਜੀਤ ਸਿੰਘ ਚਾਨਾ, ਰਜਿੰਦਰ ਸਿੰਘ ਚੰਦੀ, ਡਾ. ਇੰਦਰਜੀਤ ਸਿੰਘ ਵਾਸੂ ਸਮੇਤ ਭਰਵੀਂ ਗਿਣਤੀ ਵਿੱਚ ਵਿਦਵਾਨ ਸਰੋਤਿਆਂ ਨੇ ਸ਼ਮੂਲੀਅਤ ਕੀਤੀ।

# ਸਪੇਨ ਨੇ ਅਮਰੀਕੀ ਜਹਾਜ਼ਾਂ ਲਈ ਬੰਦ ਕੀਤਾ ਹਵਾਈ ਖੇਤਰ



**ਮੈਡ੍ਰਿਡ:**ਸਪੇਨ ਦੇ ਰੱਖਿਆ ਮੰਤਰੀ ਨੇ ਐਲਾਨ ਕੀਤਾ ਕਿ ਸਪੇਨ ਨੇ ਈਰਾਨ ਜੰਗ 'ਚ ਸ਼ਾਮਲ ਅਮਰੀਕੀ ਜਹਾਜ਼ਾਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਹੈ। ਇਹ ਪੱਛਮੀ ਏਸ਼ੀਆ 'ਚ ਚੱਲ ਰਹੇ ਸੰਘਰਸ਼ 'ਚ ਅਮਰੀਕਾ ਤੇ ਇਜ਼ਰਾਈਲ ਦੀ ਹਿੱਸੇਦਾਰੀ ਪ੍ਰਤੀ ਸਰਕਾਰ ਦੇ ਵਿਰੋਧ ਦਾ ਇਕ ਹੋਰ ਕਦਮ ਹੈ। ਸਪੇਨ ਪਹਿਲਾਂ ਹੀ ਕਹਿ ਚੁੱਕਾ ਹੈ ਕਿ ਅਮਰੀਕਾ ਈਰਾਨ ਸੰਘਰਸ਼ 'ਚ ਸਾਂਝੇ ਤੌਰ 'ਤੇ ਸੰਚਾਲਿਤ ਫ਼ੌਜੀ ਟਿਕਾਣਿਆਂ ਦੀ ਵਰਤੋਂ ਨਹੀਂ ਕਰ ਸਕਦਾ। ਇਸ ਜੰਗ ਨੂੰ ਸਪੇਨ ਦੇ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਨੇ ਨਾਜਾਇਜ਼, ਗ਼ੈਰ-ਜ਼ਿੰਮੇਵਾਰਾਨਾ ਤੇ ਅਨਿਆਪੂਰਨ ਦੱਸਿਆ ਹੈ। ਰੱਖਿਆ ਮੰਤਰੀ ਮਾਰਗਰੀਟਾ ਰੋਬਲਸ ਨੇ ਕਿਹਾ ਕਿ ਸੰਘਰਸ਼ 'ਚ ਸਪੇਨ ਦੇ ਹਵਾਈ ਖੇਤਰ ਦੀ ਵਰਤੋਂ 'ਤੇ ਵੀ ਇਹੀ ਤਰਕ ਲਾਗੂ ਹੁੰਦਾ ਹੈ। ਰੋਬਲਸ ਨੇ ਕਿਹਾ ਕਿ ਇਹ ਗੱਲ ਅਮਰੀਕੀ ਫ਼ੌਜ ਤੇ ਬਲਾਂ ਨੂੰ ਸ਼ੁਰੂ ਤੋਂ ਹੀ ਸਪੱਸ਼ਟ ਕਰ ਦਿੱਤੀ ਗਈ ਸੀ।

# ਮੋਰਚਿਆਂ ਨਾਲ ਬਣੀ ਸਰਕਾਰ ਨੇ ਖੋਲ੍ਹਿਆ ਯੂਨੀਅਨਾਂ ਵਿਰੁੱਧ ਮੋਰਚਾ



**ਕਾਠਮੰਡੂ:**ਨੇਪਾਲ ਨੇ ਸਾਰੇ ਸਰਕਾਰੀ ਮਹਿਕਮਿਆਂ ਵਿੱਚ ਜੱਥੇਬੰਦੀਆਂ ਜਾਂ ਮੁਲਾਜ਼ਮ ਯੂਨੀਅਨਾਂ ਨੂੰ ਖ਼ਤਮ ਕਰਨ ਦਾ ਸਖ਼ਤ ਹੁਕਮ ਸੁਣਾ ਦਿੱਤਾ ਹੈ, ਦੂਜੇ ਪਾਸੇ ਯੂਨੀਅਨਾਂ ਵਾਲੇ ਆਪਣੇ ਪੈਂਤਰੇ ਦੀ ਤਿਆਰੀ ਕਰ ਰਹੇ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਜੈਨ ਜ਼ੀ ਦੇ ਮੋਰਚਿਆਂ ਨਾਲ ਬਣੀ ਸਰਕਾਰ ਆਪਣੇ ਯੂਨੀਅਨਾਂ ਖ਼ਤਮ ਕਰਨ ਦੇ ਮੋਰਚੇ ਵਿੱਚ ਸਫ਼ਲ ਹੁੰਦੀ ਹੈ ਜਾਂ ਯੂਨੀਅਨਾਂ ਆਪਣੇ ਮੋਰਚੇ ਵਿੱਚ। ਨੇਪਾਲ ਵਿੱਚ ਇਸ ਵੇਲੇ ਜੋ ਚਲ ਰਿਹਾ ਹੈ, ਉਹ ਸਿਰਫ਼ ਇਕ ਆਮ ਸਰਕਾਰੀ ਫੈਸਲਾ ਨਹੀਂ, ਇਹ ਪੂਰੇ ਸਿਸਟਮ ਦੀ ਬਣਤਰ ਨੂੰ ਚੁਣੌਤੀ ਦੇ ਰਿਹਾ ਹੈ।

2025 ਵਿੱਚ ਹੋਏ ਜੈਨ ਜ਼ੀ ਦੇ ਪ੍ਰਦਸ਼ਰਨਾਂ ਤੇ 2026 ਦੀਆਂ ਚੋਣਾਂ ਤੋਂ ਬਾਅਦ, ਪ੍ਰਧਾਨ ਮੰਤਰੀ ਬਾਲੇਨ ਸ਼ਾਹ ਤੇ ਰਾਸ਼ਟਰੀਏ ਸਵਤੰਤਰਤਾ ਪਾਰਟੀ ਦੀ ਸਰਕਾਰ ਨੇ ਫ਼ੈਸਲਾ ਲਿਆ ਹੈ ਕਿ ਸਰਕਾਰੀ ਮਹਿਕਮਿਆਂ ਵਿੱਚੋਂ "ਸਿਆਸੀ ਪਾਰਟੀਆਂ ਨਾਲ ਸੰਬੰਧਤ ਯੂਨੀਅਨਾਂ" ਨੂੰ ਖ਼ਤਮ ਕੀਤਾ ਜਾਵੇ। ਕਾਗਜ਼ਾਂ 'ਤੇ ਇਹ ਗੱਲ ਕਹੀ ਜਾ ਰਹੀ ਹੈ ਕਿ ਸਿਰਫ਼ ਸਿਆਸੀ ਪਾਰਟੀਆਂ ਨਾਲ ਜੁੜੀਆਂ ਯੂਨੀਅਨਾਂ ਨੂੰ ਨਿਸ਼ਾਨੇ ਉੱਤੇ ਰੱਖਿਆ ਜਾ ਰਿਹਾ ਹੈ, ਪਰ ਹਕੀਕਤ ਵਿੱਚ ਇਹ ਫ਼ੈਸਲਾ ਲਗਪਗ ਸਾਰੀਆਂ ਮੌਜੂਦਾ ਯੂਨੀਅਨਾਂ 'ਤੇ ਲਾਗੂ ਹੋ ਰਿਹਾ ਹੈ, ਕਿਉਂਕਿ ਜ਼ਿਆਦਾਤਰ ਯੂਨੀਅਨਾਂ ਕਿਸੇ ਨਾ ਕਿਸੇ ਪਾਰਟੀ ਨਾਲ ਸੰਬੰਧਤ ਹਨ।

ਸਰਕਾਰੀ ਮੁਲਾਜ਼ਮਾਂ, ਅਧਿਆਪਕ, ਪ੍ਰੋਫੈਸਰ (ਤੇ ਵਿਦਿਆਰਥੀਆਂ, ਜਿਸ ਬਾਰੇ ਵੱਖਰੀ ਪੋਸਟ ਲਿਖਾਂਗੇ) ਸਭ ਨੂੰ ਹੁਣ ਕਿਹਾ ਜਾ ਰਿਹਾ ਹੈ ਕਿ ਜੇ ਯੂਨੀਅਨ ਕਿਸੇ ਪਾਰਟੀ ਨਾਲ ਜੁੜੀ ਹੋਈ ਹੈ, ਉਹ ਹੁਣ ਨਹੀਂ ਚੱਲੇਗੀ। ਪੂਰਾ ਪ੍ਰਸ਼ਾਸਨਿਕ ਢਾਂਚਾ ਪਹਿਲਾਂ ਸਿਆਸੀ ਆਸਰੇ 'ਤੇ ਚਲਦਾ ਸੀ, ਹੁਣ ਉਸਨੂੰ ਇੱਕਦਮ ਖ਼ਤਮ ਕੀਤਾ ਜਾ ਰਿਹਾ ਹੈ। ਸਰਕਾਰ ਕਹਿੰਦੀ ਹੈ ਕਿ ਯੂਨੀਅਨ ਖ਼ਤਮ ਨਹੀਂ ਹੋਣਗੀਆਂ, ਪਰ ਉਹ "ਪੇਸ਼ੇਵਰ ਸੰਗਠਨਾਂ" ਦੇ ਰੂਪ ਵਿੱਚ ਹੀ ਹੋਣਗੀਆਂ ਨਾ ਪਾਰਟੀ ਦੇ ਝੰਡੇ, ਨਾ ਸਿਆਸੀ ਦਬਾਅ, ਨਾ ਬਦਲੀ-ਤਾਇਨਾਤੀ ਦੇ ਮਾਮਲੇ ਵਿੱਚ ਦਖ਼ਲ ਚੱਲੇਗਾ।

ਅਸਲ ਗੱਲ ਇੱਥੇ ਆਉਂਦੀ ਹੈ ਕਿ ਇਹ ਸਿਰਫ਼ ਐਲਾਨ ਨਹੀਂ ਹੇ, ਇਸ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਨੀਤੀ ਬਣਾਈ ਜਾ ਰਹੀ ਹੈ। 45 ਦਿਨਾਂ ਵਿੱਚ ਨਵਾਂ ਕਾਨੂੰਨ ਲਿਆਂਦਾ ਜਾ ਰਿਹਾ ਹੈ। ਹੁਣ ਸਰਕਾਰੀ ਕਰਮਚਾਰੀਆਂ ਲਈ "ਸੰਤੁਲਨ ਵਿੱਚ ਤੇ ਨਿਰਪੱਖ" ਰਹਿਣਾ ਲਾਜ਼ਮੀ ਹੋਵੇਗਾ। ਜੇ ਕੋਈ ਮੁਲਾਜ਼ਮ ਕਿਸੇ ਸਿਆਸੀ ਪਾਰਟੀ ਦੀ ਮੀਟਿੰਗ ਵਿੱਚ ਗਿਆ, ਦਾਨ ਦਿੱਤਾ ਜਾਂ ਸਿਆਸੀ ਸਿਫ਼ਾਰਸ਼ ਵਰਤੀ, ਤਾਂ ਨੌਕਰੀ ਵੀ ਜਾ ਸਕਦੀ ਹੈ।

ਦੂਜੇ ਪਾਸੇ, ਪੁਰਾਣੇ ਢਾਂਚੇ ਨੂੰ ਤੋੜਨ ਲਈ ਨਵਾਂ ਢਾਂਚਾ ਵੀ ਉਸਾਰਿਆ ਜਾ ਰਿਹਾ ਹੈ। ਹੁਣ ਤਰੱਕੀਆਂ ਸਿਆਸੀ ਸਿਫ਼ਾਰਸ਼ ਨਾਲ ਨਹੀਂ, ਡਿਜਿਟਲ ਕਾਰਗੁਜ਼ਾਰੀ ਸਾਰਣੀ (ਡਿਜ਼ਿਟਲ ਪਰਫਾਰਮੈਂਸ ਮੈਟਰਿਕਸ) ਨਾਲ ਹੋਣਗੀਆਂ। ਅਧਿਆਪਕਾਂ ਦੇ ਰਿਕਾਰਡ ਤੇ ਪੈਨਸ਼ਨ ਨੂੰ ਕੇਂਦਰ ਤੋਂ ਮੁਕਤ ਕਰ ਕੇ ਸੂਬਿਆਂ ਨੂੰ ਦਿੱਤਾ ਜਾ ਰਿਹਾ ਹੈ ਤਾਂ ਜੋ ਯੂਨੀਅਨਾਂ ਦੇ ਕੇਂਦਰੀ 'ਪਾਵਰ ਸੈਂਟਰ' ਟੁੱਟ ਜਾਣ। ਇਹ ਸਾਰੇ ਕਦਮ 2025 ਦੇ ਪ੍ਰਦਰਸ਼ਨਾਂ ਤੋਂ ਬਾਅਦ ਚੁੱਕੇ ਗਏ ਹਨ।

ਇਨ੍ਹਾਂ ਪ੍ਰਦਰਸ਼ਨਾਂ ਵਿੱਚ ਨੌਜਵਾਨਾਂ ਨੇ ਖੁੱਲ੍ਹ ਕੇ ਕਿਹਾ ਸੀ ਕਿ ਸਿਆਸੀ ਧਿਰਾਂ ਨਾਲ ਸੰਬੰਧਤ ਯੂਨੀਅਨਾਂ ਹੀ ਭ੍ਰਿਸ਼ਟਾਚਾਰ ਤੇ ਨਿਕੰਮੇ ਪ੍ਰਸ਼ਾਸਨ ਦੀ ਵਜ੍ਹਾ ਹਨ। ਪਰ ਇੱਥੇ ਇੱਕ ਵੱਡੀ ਗੁੰਝਲ ਹੈ।ਨੇਪਾਲ ਦਾ ਸੰਵਿਧਾਨ ਯੂਨੀਅਨ ਬਣਾਉਣ ਦਾ ਹੱਕ ਦਿੰਦਾ ਹੈ। ਕੌਮਾਂਤਰੀ ਕਿਰਤ ਕਾਨੂੰਨ ਵੀ ਇਸ ਹੱਕ ਦੀ ਰੱਖਿਆ ਕਰਦੇ ਹਨ। ਹੁਣ ਯੂਨੀਅਨ ਆਗੂ ਅਦਾਲਤ ਜਾਣ ਦੀ ਤਿਆਰੀ ਕਰ ਰਹੇ ਹਨ। ਜੇ ਅਦਾਲਤ ਨੇ ਸੰਵਿਧਾਨ ਦੇ ਹੱਕ ਵਿੱਚ ਫ਼ੈਸਲਾ ਦਿੱਤਾ, ਤਾਂ ਇਹ ਸਿੱਧਾ ਸਰਕਾਰ ਤੇ ਕਾਨੂੰਨ ਵਿਚਕਾਰ ਟਕਰਾਅ ਬਣ ਸਕਦਾ ਹੈ।

ਜੇ ਕਾਨੂੰਨ ਲਾਗੂ ਵੀ ਹੋ ਗਿਆ, ਤਾਂ ਵੀ ਸਵਾਲ ਖ਼ਤਮ ਨਹੀਂ ਹੋਣਾ। ਕੀ ਯੂਨੀਅਨ ਸੱਚਮੁੱਚ ਖਤਮ ਹੋ ਜਾਣਗੀਆਂ? ਜਾਂ ਫਿਰ ਗੁਪਤ ਰੂਪ ਵਿੱਚ ਚੱਲਣਗੀਆਂ, ਉੱਪਰੋਂ ਨਿਰਪੱਖ ਤੇ ਅੰਦਰੋਂ ਪਹਿਲਾਂ ਵਾਂਗ ਸਿਆਸੀ? ਇਹ ਸਿਰਫ਼ ਨੇਪਾਲ ਦੀ ਕਹਾਣੀ ਨਹੀਂ, ਇਹ ਸੱਤਾ ਦੇ ਕੰਮ ਕਰਨ ਦੇ ਤਰੀਕੇ ਦੀ ਕਹਾਣੀ ਹੈ। ਵੇਖਣਾ ਇਹ ਹੈ ਕਿ ਤੰਤਰ ਖ਼ੁਦ ਨੂੰ ਬਦਲਦਾ ਹੈ ਜਾਂ ਸਿਰਫ਼ ਆਪਣਾ ਰੂਪ ਬਦਲਦਾ ਹੈ।

# ਕੇਰਲਮ 'ਚ ਪਹਿਲੀ ਵਾਰ ਵੋਟ ਪਾਉਣ ਵਾਲਿਆਂ ਨੂੰ ਮਿਲੇਗਾ 'ਹਲਵਾ'



**ਤਿਰੂਵਨੰਤਪੁਰਮ:**ਕੇਰਲਮ 'ਚ ਨੌਂ . ਅਪ੍ਰੈਲ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਪਹਿਲੀ ਵਾਰ ਵੋਟ ਪਾਉਣ ਵਾਲੇ। ਵੋਟਰਾਂ ਨੂੰ ਚੋਣ ਕਮਿਸ਼ਨ ਦੀ ਪਹਿਲ ਦੇ ਤਹਿਤ 'ਹਲਵਾ' ਦਿੱਤਾ ਜਾਵੇਗਾ। ਮੁੱਖ ਚੋਣ ਅਧਿਕਾਰੀ (ਸੀਈਓ) ਰਤਨ ਯੂ. ਕੇਲਕਰ ਨੇ ਚੋਣਾਂ 'ਚ ਨੌਜਵਾਨਾਂ ਦੀ ਹਿੱਸੇਦਾਰੀ ਨੂੰ ਉਤਸ਼ਾਹਿਤ ਕਰਨ ਲਈ 'ਵੋਟ ਸਵੀਟੈਂਡ ਕੇਰਲਮ' ਮੁਹਿੰਮ ਦਾ ਐਲਾਨ ਕੀਤਾ ਹੈ। ਇਸ ਸਬੰਧ 'ਚ 29 ਮਾਰਚ ਨੂੰ ਹੁਕਮ ਜਾਰੀ ਕੀਤਾ ਗਿਆ ਸੀ। ਜਾਰੀ ਕੀਤੇ ਹੁਕਮ ਅਨੁਸਾਰ, ਨੌਜਵਾਨ ਵੋਟਰਾਂ ਦੀ ਹਿੱਸੇਦਾਰੀ ਵਧਾਉਣ ਦੀਆਂ ਕੋਸ਼ਿਸ਼ਾਂ ਦੇ ਤਹਿਤ, ਜ਼ਿਲ੍ਹਿਆਂ ਦੇ ਚੋਣਵੇ ਵੋਟਿੰਗ ਕੇਂਦਰਾਂ 'ਤੇ ਪਹਿਲੀ ਵਾਰ ਵੋਟਿੰਗ ਕਰਨ ਵਾਲੇ ਵੋਟਰਾਂ ਨੂੰ ਵਿਸ਼ੇਸ਼ ਬ੍ਰਾਂਡਿਡ ਹਲਵਾ ਵੰਡਿਆ ਜਾਵੇਗਾ।

# ਲੋਕਾਂ ਦੀਆਂ ਲਾਕਰ 'ਚ ਰੱਖੀਆਂ ਵਸਤਾਂ ਨੂੰ ਬੈਂਕ ਨਹੀਂ ਦੇਖ ਸਕਦੇ: ਸੀਤਾਰਮਨ



**ਨਵੀਂ ਦਿੱਲੀ:**ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਹੈ ਕਿ ਕੋਈ ਵੀ ਬੈਂਕ ਲਾਕਰ 'ਚ ਰੱਖੇ ਸਾਮਾਨ ਨੂੰ ਨਹੀਂ ਦੇਖ ਸਕਦਾ। ਇਹੀ ਨਹੀਂ, ਬੈਂਕ ਇਸਦਾ ਰਿਕਾਰਡ ਵੀ ਨਹੀਂ ਰੱਖਦਾ ਕਿ ਲਾਕਰ 'ਚ ਕੀ- ਕੀ ਰੱਖਿਆ ਗਿਆ ਹੈ? ਇਹੀ ਕਾਰਨ ਹੈ ਕਿ ਲਾਕਰ 'ਚ ਰੱਖੇ ਸਾਮਾਨ ਦਾ ਵੱਖ-ਵੱਖ ਬੀਮਾ ਨਹੀਂ ਹੁੰਦਾ। ਲੋਕ ਸਭਾ 'ਚ ਸੋਮਵਾਰ ਨੂੰ ਪ੍ਰਸ਼ਨਕਾਲ ਦੌਰਾਨ ਕਾਂਗਰਸੀ ਸੰਸਦ ਮੈਂਬਰ ਨਾਮਦੇਵ ਕਿਰਸਨ ਦੇ ਇਕ ਸਵਾਲ ਦਾ ਜਵਾਬ ਦਿੰਦੇ ਹੋਏ ਵਿੱਤ ਮੰਤਰੀ ਨੇ ਕਿਹਾ ਕਿ ਗਾਹਕਾਂ ਵੱਲੋਂ ਲਾਕਰ 'ਚ ਰੱਖੀਆਂ ਗਈਆਂ ਵਸਤਾਂ ਨੂੰ ਦੇਖਣ ਜਾਂ ਰਿਕਾਰਡ ਕਰਨ ਦਾ ਬੈਂਕਾਂ ਨੂੰ ਅਧਿਕਾਰ ਨਹੀਂ ਹੈ। ਅਜਿਹਾ ਕਰਨ ਨਾਲ ਬੈਂਕਿੰਗ ਨਿਯਮਾਂ ਦੀ ਉਲੰਘਣਾ ਹੋਵੇਗੀ। ਉਨ੍ਹਾਂ ਲਾਕਰ 'ਚ ਰੱਖੀਆਂ ਵਸਤਾਂ ਦੇ ਆਧਾਰ 'ਤੇ ਵੱਖ-ਵੱਖ ਬੀਮਾ ਕਵਰੇਜ ਦੇਣ ਦੀਆਂ ਸੰਭਾਵਨਾਵਾਂ ਨੂੰ ਵੀ ਖਾਰਜ ਕਰ ਦਿੱਤਾ। ਵਿੱਤ ਮੰਤਰੀ ਨੇ ਕਿਹਾ ਕਿ ਕਿਸੇ ਗਾਹਕ ਵੱਲੋਂ ਲਾਕਰ 'ਚ ਰੱਖੀਆਂ ਜਾਣ ਵਾਲੀਆਂ ਵਸਤਾਂ ਨੂੰ ਜਨਤਕ ਹੁੰਦੇ ਦੇਖਣਾ ਬੈਂਕਿੰਗ ਨਿਯਮਾਂ ਦੀ ਉਲੰਘਣਾ ਹੈ। ਬੈਂਕ ਅਜਿਹਾ ਨਹੀਂ ਕਰਦੇ। ਇਸ ਪਾਬੰਦੀ ਦੇ ਕਾਰਨ ਲਾਕਰ 'ਚ ਰੱਖੀਆਂ ਗਈਆਂ ਵਸਤਾਂ ਦੀ ਅਸਲ ਕੀਮਤ ਦੇ ਆਧਾਰ 'ਤੇ ਬੀਮਾ ਕਵਰੇਜ ਦੇਣਾ ਸੰਭਵ ਨਹੀਂ ਹੈ। ਉਨ੍ਹਾਂ ਨੇ ਸਾਫ਼ ਕਿਹਾ ਕਿ ਬੈਂਕਾਂ ਵੱਲੋਂ ਲਾਕਰ 'ਚ ਰੱਖੀਆਂ ਗਈਆਂ ਵਸਤਾਂ ਦੀ ਨਿਗਰਾਨੀ ਕਰਨ ਦੀ ਕੋਈ ਵੀ ਕੋਸ਼ਿਸ਼ ਨਿੱਜਤਾ ਤੇ ਨਿਯਮਾਂ ਦੀ ਉਲੰਘਣਾ ਹੋਵੇਗੀ।

# ਯੂਕਰੇਨ ਦਾ ਡ੍ਰੋਨ ਭਟਕ ਕੇ ਫਿਨਲੈਂਡ ਪੁੱਜਾ



**ਹੇਲਿੰਸਕੀ:**ਧਮਾਕਾਖੇਜ਼ ਸਮਗਰੀ ਵਾਲਾ ਯੂਕਰੇਨ ਦਾ ਡ੍ਰੋਨ ਭਟਕ ਕੇ ਫਿਨਲੈਂਡ ਵਿਚ ਡਿੱਗ ਪਿਆ ਸੀ। ਇਸ ਡ੍ਰੋਨ ਵਿਚ ਲੱਗਾ ਧਮਾਕਾਖੇਜ਼ ਫੁਟਿਆ ਨਹੀਂ, ਇਸ ਸਦਕਾ ਨੁਕਸਾਨ ਹੋਣ ਤੋਂ ਬਚਾਅ ਰਿਹਾ ਹੈ। ਬਾਅਦ ਵਿਚ ਫਿਨਲੈਂਡ ਦੇ ਬੰਬ ਨਕਾਰਾ ਕਰਨ ਵਾਲੇ ਦਸਤਿਆਂ ਨੇ ਇਸ ਵਿਸਫੋਟਕ ਨੂੰ ਨਕਾਰਾ ਕੀਤਾ। ਯੂਕਰੇਨ ਨੇ ਇਸ ਘਟਨਾ ਲਈ ਫਿਨਲੈਂਡ ਕੋਲੋਂ ਮਾਫ਼ੀ ਮੰਗੀ ਹੈ ਅਤੇ ਇਸ ਲਈ ਰੂਸ ਦੇ ਇਲੈਕਟ੍ਰਾਨਿਕ ਯੁੱਧ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਜਿਸ ਨੇ ਡ੍ਰੋਨ ਦੇ ਕੰਟਰੋਲਿੰਗ ਸਿਸਟਮ ਨੂੰ ਹੈਕ ਕਰ ਕੇ ਇਸ ਨੂੰ ਫਿਨਲੈਂਡ ਭੇਜ ਦਿੱਤਾ। ਇਸ ਘਟਨਾ ਕੌਮਾਂਤਰੀ ਧਿਆਨ ਖਿੱਚਿਆ ਹੈ।

# ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿਚ ਰੱਖਣਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ: ਅਦਾਲਤ

**ਨਵੀਂ ਦਿੱਲੀ:** ਜੇਲ੍ਹਾਂ ਅੰਦਰ ਸਜ਼ਾਯਾਫ਼ਤਾ ਕੈਦੀਆਂ ਅਤੇ ਅੰਡਰ-ਟਰਾਇਲ ਮੁਲਜ਼ਮਾਂ ਨੂੰ ਕਈ ਤਰ੍ਹਾਂ ਦੇ ਮਾਨਸਿਕ ਤਣਾਅ ਤੇ ਪਰੇਸ਼ਾਨੀਆਂ ਸਹਿਣੀਆਂ ਪੈਂਦੀਆਂ ਹਨ। ਹਾਲਾਂਕਿ ਮਨੁੱਖੀ ਅਧਿਕਾਰ ਕਮਿਸ਼ਨ ਇਸ ਗੱਲ ਦੀ ਵਕਾਲਤ ਕਰਦਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਉਸ ਦੇ ਹੱਕਾਂ ਤੋਂ ਵਾਂਝਾ ਨਹੀਂ ਰੱਖਿਆ ਜਾ ਸਕਦਾ, ਭਾਵੇਂ ਉਹ ਜੇਲ੍ਹ ਦੇ ਅੰਦਰ ਹੀ ਕਿਉਂ ਨਾ ਹੋਣ। ਹੁਣ ਇਕ ਮਾਮਲੇ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਬਿਨਾਂ ਮੁਕੱਦਮਾ ਚਲਾਏ ਜੇਲ੍ਹ 'ਚ ਰੱਖਿਆ ਜਾਂਦਾ ਹੈ ਤਾਂ ਇਹ ਉਸ ਨੂੰ ਸਜ਼ਾ ਦੇਣ ਦੇ ਬਰਾਬਰ ਹੀ ਹੈ। ਇਹ ਟਿੱਪਣੀ ਪੰਜਾਬ ਦੇ ਰਹਿਣ ਵਾਲੇ ਇਕ ਵਿਅਕਤੀ ਨੂੰ ਜ਼ਮਾਨਤ ਦੇਣ ਮੌਕੇ ਕੀਤੀ ਗਈ। ਹੈਰਾਨੀ ਵਾਲੀ ਗੱਲ ਇਹ ਹੈ ਕਿ 2024 ਦੇ ਇਸ ਮਾਮਲੇ 'ਚ ਕੇਸ ਤਾਂ ਦਰਜ ਕਰ ਲਿਆ ਗਿਆ ਸੀ ਪਰ ਗਵਾਹਾਂ ਦੇ ਬਾਵਜੂਦ ਮੁਕੱਦਮਾ ਸ਼ੁਰੂ ਨਹੀਂ ਕੀਤਾ ਗਿਆ। ਇਹ ਵੀ ਜਾਂਚ ਦਾ ਵਿਸ਼ਾ ਹੈ ਕਿ ਦੋ ਸਾਲਾਂ ਤੱਕ ਉਕਤ ਵਿਅਕਤੀ ਨੂੰ ਜੇਲ੍ਹ 'ਚ ਕਿਹੜੇ ਕਾਰਨਾਂ ਕਰਕੇ ਰੱਖਿਆ ਗਿਆ। ਪਿਛਲੇ ਸਾਲ ਇਸੇ ਮਾਮਲੇ ਨਾਲ ਸੰਬੰਧਤ ਉਸ ਦੀ ਜ਼ਮਾਨਤ ਅਰਜ਼ੀ ਰੱਦ ਕੀਤੀ ਗਈ ਸੀ ਪਰ ਬਿਨਾਂ ਕਿਸੇ ਜਾਂਚ ਵੱਲ ਵਧਦਿਆਂ ਮੁਲਜ਼ਮ ਨੂੰ ਜੇਲ੍ਹ ਦੀਆਂ ਪਰੇਸ਼ਾਨੀਆਂ ਨਾਲ ਜੂਝਣਾ ਪਿਆ ਸੀ। ਬਹੁਤ ਸਾਰੇ ਅਜਿਹੇ ਮਾਮਲੇ ਹੁੰਦੇ ਹਨ ਜਿਨ੍ਹਾਂ 'ਚ ਕਿਸੇ ਨੂੰ ਜ਼ਮਾਨਤ ਦੇਣ ਤੋਂ ਪਹਿਲਾਂ ਵਕੀਲਾਂ ਵੱਲੋਂ ਇਹ ਤਰਕ ਦਿੱਤਾ ਜਾਂਦਾ ਹੈ ਕਿ ਜ਼ਮਾਨਤ ਮਿਲਣ ਤੋਂ ਬਾਅਦ ਮੁਲਜ਼ਮ ਕੇਸ ਨੂੰ ਪ੍ਰਭਾਵਿਤ ਕਰ ਸਕਦਾ ਹੈ। ਅਜਿਹੇ ਮੌਕਿਆਂ 'ਚ ਮੁਲਜ਼ਮ ਨੂੰ ਜੇਲ੍ਹ 'ਚ ਰੱਖਣ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ ਪਰ ਇਸ ਦੀ ਵੀ ਇਕ ਸਮਾਂ



ਹੱਦ ਹੈ। ਹਰ ਵਾਰ ਇਸ ਤਰ੍ਹਾਂ ਦੇ ਤਰਕ ਦੇ ਕੇ ਕਿਸੇ ਵਿਅਕਤੀ ਨੂੰ ਜ਼ਮਾਨਤ ਦੇ ਹੱਕ ਤੋਂ ਦੂਰ ਨਹੀਂ ਕੀਤਾ ਜਾ ਸਕਦਾ। ਕਾਨੂੰਨ 'ਚ ਇਸ ਗੱਲ ਦਾ ਵੀ ਪ੍ਰਬੰਧ ਹੈ ਕਿ ਜੇਕਰ ਕੋਈ ਵਿਅਕਤੀ ਜ਼ਮਾਨਤ ਮਿਲਣ ਤੋਂ ਬਾਅਦ ਮਾਮਲੇ ਦੀ ਸੁਣਵਾਈ ਨਾਲ ਸੰਬੰਧਤ ਸਾਰੀਆਂ ਕਾਨੂੰਨੀ ਪ੍ਰਕਿਰਿਆਵਾਂ ਨੂੰ ਪੂਰਾ ਨਹੀਂ ਕਰਦਾ ਤਾਂ ਉਸ ਦੀ ਜ਼ਮਾਨਤ ਅਰਜ਼ੀ ਰੱਦ ਕੀਤੀ ਜਾ ਸਕਦੀ ਹੈ। ਜੇਲ੍ਹਾਂ ਨੂੰ ਸੁਧਾਰ ਘਰ ਵੀ ਇਸੇ ਲਈ ਕਿਹਾ ਜਾਂਦਾ ਹੈ ਕਿ ਸਜ਼ਾ ਕੱਟਦਿਆਂ ਜਾਂ ਘੱਟੋ-ਘੱਟ ਜ਼ਮਾਨਤ ਮਿਲਣ ਦੇ ਸਮੇਂ ਅੰਦਰ ਮੁਲਜ਼ਮ ਨੂੰ ਉਸ ਦੇ ਜੁਰਮ ਦਾ ਅਹਿਸਾਸ ਕਰਵਾਇਆ ਜਾ ਸਕੇ। ਜੇਲ੍ਹਾਂ ਅੰਦਰ ਕੈਦੀਆਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਵੱਖ-ਵੱਖ ਰਿਪੋਰਟਾਂ ਨਸ਼ਰ ਹੁੰਦੀਆਂ ਰਹੀਆਂ ਹਨ। ਐਨਸੀਆਰਬੀ ਦੀ ਪਿਛਲੇ ਸਾਲ ਦੀ ਰਿਪੋਰਟ ਮੁਤਾਬਕ ਮੁਲਕ 'ਚ ਹਰੇਕ ਸਾਲ 1600 ਤੋਂ ਲੈ ਕੇ 2200 ਤੱਕ ਕੈਦੀਆਂ ਦੀ ਜੇਲ੍ਹਾਂ 'ਚ ਵੱਖ-ਵੱਖ ਕਾਰਨਾਂ ਕਰਕੇ ਮੌਤ ਹੋਈ ਸੀ। ਕਈ ਵਾਰ ਮੌਤਾਂ ਕੁਦਰਤੀ ਕਾਰਨਾਂ ਕਰਕੇ ਵੀ ਹੁੰਦੀਆਂ ਹਨ, ਜਿਨ੍ਹਾਂ 'ਚ ਹਾਰਟ ਅਟੈਕ, ਟੀਬੀ, ਕੈਂਸਰ ਅਤੇ ਐੱਚਆਈਵੀ ਸਣੇ ਵੱਡੀ ਉਮਰ 'ਚ ਹੋਣ ਵਾਲੀਆਂ ਬਿਮਾਰੀਆਂ ਸ਼ਾਮਲ ਹਨ। ਇਨ੍ਹਾਂ 'ਚ 85-95 ਫ਼ੀਸਦ ਮਾਮਲੇ ਸਿੱਧੇ ਇਨ੍ਹਾਂ ਬਿਮਾਰੀਆਂ ਨਾਲ ਜੁੜੇ ਹੋਏ ਹਨ। ਇਸ ਦੇ ਨਾਲ ਹੀ 10 ਤੋਂ 15% ਅਜਿਹੇ ਮਾਮਲੇ ਵੀ ਹੁੰਦੇ ਹਨ ਜਿਨ੍ਹਾਂ ਵਿਚ ਕੈਦੀਆਂ ਵੱਲੋਂ ਖ਼ੁਦਕੁਸ਼ੀਆਂ ਅਤੇ ਜੇਲ੍ਹ 'ਚ ਇਕ-ਦੂਜੇ 'ਤੇ ਹਿੰਸਕ ਹਮਲਿਆਂ ਕਾਰਨ ਹੋਣ ਵਾਲੀਆਂ ਮੌਤਾਂ ਸ਼ਾਮਲ ਹਨ। ਪਿਛਲੇ ਇਕ ਦਹਾਕੇ ਤੋਂ ਕੈਦੀਆਂ ਦੀ ਗਿਣਤੀ ਜੇਲ੍ਹਾਂ ਦੀ ਸਮਰੱਥਾ ਨਾਲੋਂ ਵਧਣ ਕਾਰਨ ਵੀ ਮੌਤਾਂ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ। ਇਕ ਰਿਪੋਰਟ ਮੁਤਾਬਕ ਪਿਛਲੇ 20 ਸਾਲਾਂ 'ਚ ਲਗਪਗ 2 ਹਜ਼ਾਰ ਵਿਅਕਤੀਆਂ ਦੀ ਮੌਤ ਪੁਲਿਸ ਹਿਰਾਸਤ 'ਚ ਹੋਈ ਹੈ। ਜੇਲ੍ਹਾਂ 'ਚ ਮੈਡੀਕਲ ਸਹੂਲਤਾਂ ਦੀ ਘਾਟ, ਮਾਨਸਿਕ ਤਣਾਅ ਅਤੇ ਮਾਮਲਿਆਂ ਦੀ ਲੰਬੀ ਸੁਣਵਾਈ ਕਾਰਨ ਵੀ ਕੈਦੀਆਂ ਨੂੰ ਸੰਤਾਪ ਭੋਗਣੇ ਪੈਂਦੇ ਹਨ।

## ਬਿਲਡਰ ਤੋਂ ਪਰੇਸ਼ਾਨ ਕਾਂਗਰਸੀ ਆਗੂ ਨੱਤ ਦੇ ਪੁੱਤਰ ਨੇ ਕੀਤੀ ਖ਼ੁਦਕੁਸ਼ੀ

**ਬਠਿੰਡਾ:** ਕਾਂਗਰਸ ਦੇ ਮਰਹੂਮ ਸੀਨੀਅਰ ਆਗੂ ਸੁਖਰਾਜ ਸਿੰਘ ਨੱਤ ਦੇ ਇਕਲੌਤੇ ਪੁੱਤਰ ਤੇ ਪੇਸ਼ੇ ਤੋਂ ਵਕੀਲ ਦਵਿੰਦਰ ਪਾਲ ਸਿੰਘ ਨੱਤ (32) ਨੇ ਆਪਣੀ ਲਾਇਸੈਂਸੀ ਪਿਸਤੌਲ ਨਾਲ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਖ਼ੁਦਕੁਸ਼ੀ ਤੋਂ ਪਹਿਲਾਂ 8 ਮਿੰਟ 45 ਸਕਿੰਟ ਦੀ ਇਕ ਵੀਡੀਓ ਰਿਕਾਰਡ ਕਰ ਕੇ ਤੇ ਇਕ ਸਫ਼ੇ ਦਾ ਸੁਸਾਈਡ ਨੋਟ ਲਿਖ ਕੇ ਮੋਹਾਲੀ-ਜ਼ੀਰਕਪੁਰ ਦੇ ਇਕ ਨਾਮੀ ਬਿਲਡਰ ਤੇ ਉਸ ਦੇ ਪਰਿਵਾਰ ਨੂੰ ਆਪਣੀ ਮੌਤ ਲਈ ਜ਼ਿੰਮੇਵਾਰ ਦੱਸਿਆ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਕੈਨਾਲ ਕਾਲੋਨੀ ਤੇ ਵਰਧਮਾਨ ਪੁਲਿਸ ਚੌਕੀ ਦੀ ਟੀਮ ਮੌਕੇ 'ਤੇ ਪਹੁੰਚ ਗਈ ਤੇ ਲਾਸ਼ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀ। ਪੁਲਿਸ ਨੇ ਮੌਕੇ ਤੋਂ ਸੁਸਾਇਡ ਨੋਟ ਤੇ ਵੀਡੀਓ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ। ਸ਼ੁਰੂਆਤੀ ਜਾਂਚ 'ਚ ਇਹ ਮਾਮਲਾ ਕਰੋੜਾਂ ਰੁਪਏ ਦੇ ਲੈਣ- ਦੇਣ ਤੇ ਕਥਿਤ ਧੋਖਾਧੜੀ ਨਾਲ ਜੁੜਿਆ ਦੱਸਿਆ ਜਾ ਰਿਹਾ ਹੈ। ਮ੍ਰਿਤਕ ਵਕੀਲ ਦਵਿੰਦਰ ਨੱਤ ਨੇ ਵੀਡੀਓ ਤੇ ਸੁਸਾਈਡ ਨੋਟ 'ਚ ਖੁਲਾਸਾ ਕੀਤਾ ਕਿ ਮੋਹਾਲੀ-ਜ਼ੀਰਕਪੁਰ ਦੇ ਬਿਲਡਰ ਬਿੰਦਰਪਾਲ ਮਿੱਤਲ, ਉਸ ਦੇ ਪੁੱਤਰ ਪ੍ਰਤੀਕ ਮਿੱਤਲ ਤੇ ਭਰਤ ਮਿੱਤਲ ਨੇ ਉਨ੍ਹਾਂ ਤੋਂ ਵੱਡੀ ਰਕਮ ਲਈ ਸੀ, ਜਿਹੜੀ ਵਾਪਸ ਨਹੀਂ ਕੀਤੀ ਜਾ ਰਹੀ।



ਵੀਡੀਓ 'ਚ ਦਵਿੰਦਰ ਨੱਤ ਨੇ ਕਿਹਾ ਕਿ ਉਨ੍ਹਾਂ ਨੇ ਇਨਸਾਫ ਲਈ ਕਈ ਨੇਤਾਵਾਂ ਤੇ ਮੰਤਰੀਆਂ ਦੇ ਦਰਵਾਜ਼ੇ ਖੜਕਾਏ ਪਰ ਕੋਈ ਰਾਹਤ ਨਹੀਂ ਮਿਲੀ। ਵੀਡੀਓ 'ਚ ਦਵਿੰਦਰ ਨੱਤ ਨੇ ਆਪਣੇ ਮਰਹੂਮ ਪਿਤਾ ਸੁਖਰਾਜ ਸਿੰਘ ਨੱਤ ਤੋਂ ਮਾਫੀ ਮੰਗੀ ਕਿ ਉਹ ਉਨ੍ਹਾਂ ਦਾ ਸੁਪਨਾ ਪੂਰਾ ਨਹੀਂ ਕਰ ਸਕਿਆ। ਆਪਣੀ ਬਜ਼ੁਰਗ ਮਾਂ ਤੇ ਭੈਣਾਂ ਦਾ ਜ਼ਿਕਰ ਕਰਦਿਆਂ ਸਮਾਜ ਤੇ ਵਕੀਲ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੇ ਪਰਿਵਾਰ ਦੀ ਦੇਖਭਾਲ ਕਰਨ ਤੇ ਇਨਸਾਫ਼ ਦਿਵਾਉਣ 'ਚ ਉਨ੍ਹਾਂ ਦੀ ਮਦਦ ਕਰਨ। ਐੱਸਪੀ ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਸੁਸਾਇਡ ਨੋਟ ਤੇ ਵੀਡੀਓ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਜਿਨ੍ਹਾਂ ਲੋਕਾਂ ਦੇ ਨਾਮ ਸਾਹਮਣੇ ਆਏ ਹਨ, ਉਨ੍ਹਾਂ ਦੀ ਭੂਮਿਕਾ ਦੀ ਵੀ ਜਾਂਚ ਹੋਵੇਗੀ। ਫਿਲਹਾਲ ਮ੍ਰਿਤਕ ਦੀ ਮਾਂ ਦੇ ਬਿਆਨਾਂ ਦੇ ਆਧਾਰ 'ਤੇ ਥਾਣਾ ਕੈਨਾਲ ਕਾਲੋਨੀ 'ਚ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਨਵੇਂ ਨਿਯਮਾਂ ਨਾਲ ਦੇਸ਼ ਦੀ ਪਹਿਲੀ ਡਿਜੀਟਲ ਮਰਦਮਸ਼ੁਮਾਰੀ ਸ਼ੁਰੂ

**ਨਵੀਂ ਦਿੱਲੀ:** ਲਗਪਗ 16 ਸਾਲ ਬਾਅਦ ਦੇਸ਼ 'ਚ ਮਰਦਮਸ਼ੁਮਾਰੀ ਡਿਜੀਟਲ ਰੂਪ ਨਾਲ ਸ਼ੁਰੂ ਹੋ ਗਈ ਹੈ, ਜੋ ਕਈ ਮਾਅਨਿਆਂ 'ਚ ਵੱਖਰੀ ਤੇ ਆਧੁਨਿਕ ਹੋਵੇਗੀ। ਪਹਿਲੀ ਵਾਰ ਪੂਰੀ ਪ੍ਰਕਿਰਿਆ ਮੋਬਾਈਲ ਐਪ ਤੇ ਆਨਲਾਈਨ ਪੋਰਟਲ ਰਾਹੀਂ ਹੋ ਰਹੀ ਹੈ। ਮਰਦਮਸ਼ੁਮਾਰੀ ਦੋ ਪੜਾਵਾਂ 'ਚ ਹੋਵੇਗੀ। ਪਹਿਲੇ ਪੜਾਅ 'ਚ ਘਰਾਂ ਦੀ ਗਿਣਤੀ ਭਾਵ ਹਾਊਸ ਲਿਸਟਿੰਗ ਹੋਵੇਗੀ। ਇਸ 'ਚ ਘਰਾਂ 'ਚ ਵਰਤੋਂ ਵਾਲੀ ਸਮੱਗਰੀ ਤੇ ਮੌਜੂਦ ਸਮੱਗਰੀ ਦੇ ਰਾਹੀਂ ਆਰਥਕ ਸਥਿਤੀ ਦੀ ਵੀ ਜਾਣਕਾਰੀ ਇਕੱਠੀ ਕੀਤੀ ਜਾਵੇਗੀ। ਦੂਜੇ ਪੜਾਅ 'ਚ ਜਾਤ ਆਧਾਰਿਤ ਗਣਨਾ ਸਮੇਤ ਆਬਾਦੀ ਦੀ ਗਣਨਾ ਹੋਵੇਗੀ। ਪੂਰੀ ਕਵਾਇਦ ਦੌਰਾਨ ਡਾਟਾ ਇਕੱਠਾ ਕਰਨ ਦੀ ਪ੍ਰਕਿਰਿਆ ਤੇਜ਼ ਹੋਵੇਗੀ ਤੇ 2027 ਤੱਕ ਅੰਕੜੇ ਜਾਰੀ ਕਰ ਦਿੱਤੇ ਜਾਣਗੇ। ਇਸ 'ਚ ਲਗਪਗ 34 ਲੱਖ ਮੁਲਾਜ਼ਮ ਲਾਏ ਜਾਣਗੇ। ਸਰਕਾਰ ਦਾ ਦਾਅਵਾ ਹੈ ਕਿ ਮਰਦਮਸ਼ੁਮਾਰੀ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਪਾਰਦਰਸ਼ੀ ਹੋਵੇਗੀ। ਦੇਸ਼ 'ਚ ਪਿਛਲੀ ਵਾਰ 2011 'ਚ ਮਰਦਮਸ਼ੁਮਾਰੀ ਹੋਈ ਸੀ। ਇਸ ਮਰਦਮਸ਼ੁਮਾਰੀ ਦੀ ਸ਼ੁਰੂਆਤ 2021 'ਚ ਹੋਣੀ ਸੀ, ਪਰ ਕੋਵਿਡ ਮਹਾਮਾਰੀ ਕਾਰਨ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ। ਇਸ ਵਾਰ ਦੀ ਮਰਦਮਸ਼ੁਮਾਰੀ 'ਚ ਸਭ ਤੋਂ ਵੱਧ ਜ਼ੋਰ ਅੰਕੜਿਆਂ ਦੀ ਰਾਜ਼ਦਾਰੀ 'ਤੇ ਦਿੱਤਾ ਜਾਵੇਗਾ। ਮਰਦਮਸ਼ੁਮਾਰੀ ਕਮਿਸ਼ਨਰ ਮ੍ਰਿਤਿਉਂਜੈ ਕੁਮਾਰ ਨਾਰਾਇਣ ਨੇ ਪ੍ਰੈੱਸ ਕਾਨਫਰੰਸ ਕਰ ਕੇ ਇਸ ਮਰਦਮਸ਼ੁਮਾਰੀ ਨੂੰ ਦੇਸ਼ ਲਈ ਵੱਡਾ ਪ੍ਰਸ਼ਾਸਨਿਕ ਅਤੇ ਤਕਨੀਕੀ ਕਦਮ ਦੱਸਿਆ। ਉਨ੍ਹਾਂ ਨੇ ਕਿਹਾ ਕਿ ਡਿਜੀਟਲ ਸਰੋਤ, ਰਾਜ਼ਦਾਰੀ ਤੇ ਆਮ ਲੋਕਾਂ ਦੀ ਹਿੱਸੇਦਾਰੀ ਇਸ ਨੂੰ ਪਹਿਲਾਂ ਤੋਂ ਵੱਧ ਅਸਰਦਾਰ ਬਣਾਉਣ ਦੀ ਦਿਸ਼ਾ 'ਚ ਅਹਿਮ ਸਾਬਤ ਹੋ ਸਕਦੀ ਹੈ। ਮ੍ਰਿਤਿਉਂਜੈ ਕੁਮਾਰ ਨੇ ਕਿਹਾ ਕਿ ਸਭ ਦੀ ਜਾਣਕਾਰੀ ਪੂਰੀ ਤਰ੍ਹਾਂ ਸੁਰੱਖਿਅਤ ਰੱਖੀ ਜਾਵੇਗੀ। ਇਹ ਡਾਟਾ ਨਾ ਤਾਂ ਕਿਸੇ ਸਰਕਾਰੀ ਯੋਜਨਾ ਦੇ ਲਾਭ ਲਈ ਵਰਤੋਂ 'ਚ ਲਿਆਂਦਾ ਜਾਵੇਗਾ ਤੇ ਨਾ ਹੀ ਅਦਾਲਤ 'ਚ ਸਬੂਤ ਦੇ ਰੂਪ 'ਚ ਪੇਸ਼ ਕੀਤਾ ਜਾ ਸਕੇਗਾ। ਇੱਥੇ ਤੱਕ ਕਿ ਸੂਚਨਾ ਦੇ ਅਧਿਕਾਰ (ਆਰਟੀਆਈ) ਦੇ ਤਹਿਤ ਵੀ ਕਿਸੇ ਤਰ੍ਹਾਂ ਦੀ ਜਾਣਕਾਰੀ ਸਾਂਝੀ ਨਹੀਂ ਹੋਵੇਗੀ। ਸਿਰਫ਼ ਸਮੁੱਚੇ ਅੰਕੜੇ ਹੀ ਜਨਤਕ ਕੀਤੇ ਜਾਣਗੇ। ਇਸ ਦਾ ਮਕਸਦ ਲੋਕਾਂ 'ਚ ਭਰੋਸਾ ਪੈਦਾ ਕਰਨਾ ਹੈ, ਤਾਂ ਜੋ ਉਹ ਸਹੀ ਤੇ ਸਟੀਕ ਜਾਣਕਾਰੀ ਦੇਣ। ਮ੍ਰਿਤਿਉਂਜੈ ਕੁਮਾਰ ਨੇ ਦੱਸਿਆ ਕਿ ਇਸ ਕਵਾਇਦ 'ਚ ਕੋਈ ਦਸਤਾਵੇਜ਼ ਨਹੀਂ ਮੰਗਿਆ ਜਾਵੇਗਾ। ਦੇਸ਼ 'ਚ ਪਹਿਲੀ ਵਾਰ ਆਮ ਲੋਕਾਂ ਨੂੰ ਵੀ ਮਰਦਮਸ਼ੁਮਾਰੀ 'ਚ ਸਿੱਧਾ ਹਿੱਸਾ ਲੈਣ ਦਾ ਮੌਕਾ ਦਿੱਤਾ। ਗਿਆ ਹੈ। ਨਾਗਰਿਕ ਇਕ ਤੈਅ 15 ਦਿਨ ਦੇ ਸਮੇਂ 'ਚ ਆਨਲਾਈਨ ਪੋਰਟਲ ਜਾਂ ਮੋਬਾਈਲ ਐਪ ਰਾਹੀਂ ਖ਼ੁਦ ਆਪਣੀ ਜਾਣਕਾਰੀ ਭਰ ਸਕਣਗੇ।




## ਅੰਮ੍ਰਿਤਸਰ ਦੇ ਥਾਣੇ 'ਚ ਮੁੜ ਧਮਾਕਾ

**ਅੰਮ੍ਰਿਤਸਰ:** ਅੰਮ੍ਰਿਤਸਰ (ਦਿਹਾਤ) ਪੁਲਿਸ ਅਧੀਨ ਪਿੰਡ ਭਿੰਡੀ ਸੈਦਾ ਸਥਿਤ ਥਾਣੇ 'ਚ ਐਤਵਾਰ ਦੇਰ ਰਾਤ ਕਰੀਬ ਡੇਢ ਵਜੇ ਧਮਾਕਾ ਹੋਇਆ। ਸੂਤਰਾਂ ਮੁਤਾਬਕ ਥਾਣੇ 'ਚ ਗਰੇਨੇਡ ਹਮਲਾ ਕੀਤਾ ਗਿਆ ਤੇ ਇਸ ਘਟਨਾ ਨੂੰ ਬਾਈਕ ਸਵਾਰ ਨੌਜਵਾਨਾਂ ਨੇ ਅੰਜਾਮ ਦਿੱਤਾ। ਦੋਵੇਂ ਆਲੇ-ਦੁਆਲੇ ਲੱਗੇ ਸੀ.ਸੀ.ਟੀ.ਵੀ.ਕੈਮਰਿਆਂ 'ਚ ਕੈਦ ਹੋ ਗਏ ਹਨ। ਇਸ ਮਾਮਲੇ 'ਚ ਪੁਲਿਸ ਅਧਿਕਾਰੀ ਕੁਝ ਵੀ ਕਹਿਣ ਤੋਂ ਬਚ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਸੂਬੇ 'ਚ ਜਦੋਂ ਵੀ ਕਿਸੇ ਥਾਣੇ 'ਤੇ ਕੋਈ ਹਮਲਾ ਹੋਇਆ ਹੈ ਤਾਂ ਪੁਲਿਸ ਅਧਿਕਾਰੀ ਇਸ ਤੋਂ ਇਨਕਾਰ ਕਰਦੇ ਰਹੇ ਹਨ। ਘਟਨਾ ਤੋਂ ਬਾਅਦ ਜਦੋਂ ਪੁਲਿਸ ਮੁਲਜ਼ਮਾਂ ਨੂੰ ਫੜਦੀ ਹੈ ਤਾਂ ਇਸ ਗੱਲ ਨੂੰ ਮੰਨਿਆ ਜਾਂਦਾ ਰਿਹਾ ਹੈ ਕਿ ਥਾਣੇ 'ਤੇ ਧਮਾਕਾ ਹੋਇਆ ਹੈ। ਸੂਬੇ ਵਿੱਚ ਹਮਲਿਆਂ ਦੀ ਇਹ 17ਵੀਂ ਘਟਨਾ ਹੈ। ਪਿੰਡ ਤੋਂ ਕੁਝ ਦੂਰੀ 'ਤੇ ਸਥਿਤ ਉਕਤ ਥਾਣੇ 'ਚ ਜਦੋਂ ਧਮਾਕਾ ਹੋਇਆ ਉਸ ਸਮੇਂ ਸੰਤਰੀ ਪੁਲਿਸ ਪੋਸਟ 'ਤੇ ਤਾਇਨਾਤ ਸੀ ਜਦਕਿ ਹੋਰ ਸਟਾਫ ਥਾਣੇ 'ਚ ਸੀ। ਰਾਤ ਕਰੀਬ ਡੇਢ ਵਜੇ ਧਮਾਕਾ ਹੁੰਦੇ ਹੀ ਥਾਣੇ 'ਚ ਹਫੜਾ-ਦਫੜੀ ਫੈਲ ਗਈ। ਦੱਸਦੇ ਹਨ ਕਿ ਥਾਣੇ 'ਚ ਮੌਜੂਦ ਪੁਲਿਸ ਮੁਲਾਜ਼ਮਾਂ ਨੇ ਧਮਾਕੇ ਤੋਂ ਬਾਅਦ ਉੱਥੋ ਇਕ ਬਾਈਕ ਲੰਘਣ ਦੀ ਆਵਾਜ਼ ਸੁਣੀ ਸੀ। ਥਾਣੇ 'ਚ ਧਮਾਕੇ ਦੀ ਸੂਚਨਾ ਤੁਰੰਤ ਪੁਲਿਸ ਅਧਿਕਾਰੀਆਂ ਨੂੰ ਦਿੱਤੀ ਗਈ ਤੇ ਮੌਕੇ 'ਤੇ ਫੋਰੈਂਸਿਕ ਟੀਮ ਨੂੰ ਵੀ ਬੁਲਾਇਆ ਗਿਆ। ਟੀਮ ਨੇ ਘਟਨਾ ਸਥਾਨ ਤੋਂ ਸੈਂਪਲ ਇਕੱਠੇ ਕਰ ਕੇ ਇਨ੍ਹਾਂ ਨੂੰ ਮੋਬਾਲੀ ਸਥਿਤ ਐੱਫ.ਐਸ. ਐਲ.ਭੇਜ ਦਿੱਤਾ ਹੈ।




## ਸ਼੍ਰੋਮਣੀ ਕਮੇਟੀ ਮੈਂਬਰ ਸਣੇ ਕਈ ਪੰਥਕ ਆਗੂ ਭਾਜਪਾ 'ਚ ਸ਼ਾਮਿਲ




**ਚੰਡੀਗੜ੍ਹ:** ਐੱਸਜੀਪੀਸੀ ਦੇ ਮੈਂਬਰ ਚਰਨਜੀਤ ਸਿੰਘ ਕਾਲੇਵਾਲ ਸਮੇਤ ਕਈ ਸੀਨੀਅਰ ਆਗੂ ਭਾਜਪਾ 'ਚ ਸ਼ਾਮਲ ਹੋ ਗਏ। ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪੰਥਕ ਨੇਤਾਵਾਂ ਨੂੰ ਪਾਰਟੀ 'ਚ ਸ਼ਾਮਲ ਕਰਵਾਇਆ। ਇਨ੍ਹਾਂ 'ਚ ਕਾਲੇਵਾਲ ਸਮੇਤ ਅਕਾਲੀ ਦਲ ਦੇ ਰਾਸ਼ਟਰੀ ਮੀਤ ਪ੍ਰਧਾਨ ਰਮਨਦੀਪ ਸਿੰਘ ਭਰੋਵਾਲ ਤੇ ਨਕੋਦਰ ਤੋਂ ਦੂਜੀ ਪੀੜ੍ਹੀ ਦੇ ਅਕਾਲੀ ਆਗੂ ਅਵਤਾਰ ਸਿੰਘ ਰਾਮੇਵਾਲ ਸਮੇਤ ਹੋਰ ਸ਼ਾਮਲ ਹਨ। ਅਸ਼ਵਨੀ ਸ਼ਰਮਾ ਨੇ ਕਿ ਕਿਹਾ ਕਿ ਬਦਲਾਅ ਦੇ ਨਾਂ 'ਤੇ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਦੀ ਵੋਟ ਲੁੱਟੀ ਹੈ।

## ਸਮਝੌਤੇ ਮਗਰੋਂ ਮਨਜਿੰਦਰ ਸਿੰਘ ਲਾਲਪੁਰਾ ਸਮੇਤ ਸਾਰੇ ਮੁਲਜ਼ਮ ਬਰੀ

**ਚੰਡੀਗੜ੍ਹ:** ਕਰੀਬ ਇਕ ਦਹਾਕੇ ਪੁਰਾਣੇ ਚਰਚਿਤ ਮਾਮਲੇ 'ਚ ਮਨਜਿੰਦਰ ਸਿੰਘ ਲਾਲਪੁਰਾ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੱਡੀ ਰਾਹਤ ਦਿੱਤੀ ਹੈ। ਅਦਾਲਤ ਨੇ ਸਾਲ 2013 'ਚ ਦਰਜ ਮਾਰਕੁੱਟ ਤੇ ਐੱਸਸੀ-ਐੱਸਟੀ ਐਕਟ ਨਾਲ ਜੁੜੇ ਮਾਮਲੇ 'ਚ ਟ੍ਰਾਇਲ ਕੋਰਟ ਵੱਲੋਂ ਸੁਣਾਏ ਗਏ ਦੋਸ਼ੀ ਸਿੱਧੀ ਤੇ ਸਜ਼ਾ ਦੇ ਫ਼ੈਸਲੇ ਨੂੰ ਰੱਦ ਕਰਦਿਆਂ ਲਾਲਪੁਰਾ ਸਮੇਤ ਹੋਰ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ। ਮਾਮਲੇ ਦੀ ਸੁਣਵਾਈ ਦੌਰਾਨ ਇਹ ਤੱਥ ਸਾਹਮਣੇ ਆਇਆ ਹੈ ਕਿ ਪੀੜਤ ਧਿਰ ਤੇ ਮੁਲਜ਼ਮਾਂ ਵਿਚਕਾਰ ਸਮਝੌਤਾ ਹੋ ਚੁੱਕਾ ਹੈ। ਇਸੇ ਸਮਝੌਤੇ ਨੂੰ ਆਧਾਰ ਬਣਾਉਂਦੇ ਹੋਏ ਹਾਈ ਕੋਰਟ ਨੇ ਪੂਰੇ ਮਾਮਲੇ ਦਾ ਮੁੜ ਮੁੱਲਾਂਕਣ ਕੀਤਾ ਤੇ ਦੇਖਿਆ ਕਿ ਹੁਣ ਇਸ ਵਿਵਾਦ ਨੂੰ ਅੱਗੇ ਵਧਾਉਣਾ ਨਿਆ ਦੇ ਹਿੱਤ 'ਚ ਨਹੀਂ ਹੋਵੇਗਾ। ਅਦਾਲਤ ਨੇ ਸਪਸ਼ਟ ਕੀਤਾ ਕਿ ਜਦੋਂ ਦੋਵੇਂ ਧਿਰਾਂ ਵਿਵਾਦ ਨੂੰ ਖ਼ਤਮ ਕਰਨ 'ਤੇ ਸਹਿਮਤ ਹਨ, ਤਾਂ ਇਸ ਹਾਲਤ 'ਚ ਸਜ਼ਾ ਕਾਇਮ ਰੱਖਣ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।



## ਪਹਿਲੀ ਵਾਰ 95 ਤੋਂ ਪਾਰ ਪੁੱਜਾ ਰੁਪਇਆ



**ਮੁੰਬਈ:** ਰੁਪਇਆ ਪਹਿਲੀ ਵਾਰ ਡਾਲਰ ਦੇ ਮੁਕਾਬਲੇ 95 ਦੇ ਪੱਧਰ ਨੂੰ ਪਾਰ ਕਰ ਗਿਆ ਹੈ। ਹਾਲਾਂਕਿ, ਅੰਤ 'ਚ ਇਹ ਸੱਤ ਪੈਸੇ ਮਜ਼ਬੂਤ ਹੋ ਕੇ 94.78 ਪ੍ਰਤੀ ਡਾਲਰ 'ਤੇ ਬੰਦ ਹੋਇਆ। ਕਾਰੋਬਾਰ ਦੌਰਾਨ ਰੁਪਏ 'ਚ 165 ਪੈਸੇ ਦਾ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲਿਆ। ਮੌਜੂਦਾ ਵਿੱਤੀ ਸਾਲ 'ਚ ਡਾਲਰ ਦੇ ਮੁਕਾਬਲੇ ਰੁਪਇਆ ਲਗਪਗ 10 ਫ਼ੀਸਦੀ ਕਮਜ਼ੋਰ ਹੋਇਆ ਹੈ। ਉੱਥੇ ਚਾਲੂ ਵਿੱਤੀ ਸਾਲ ਦੇ ਆਖ਼ਰੀ ਕਾਰੋਬਾਰੀ ਦਿਨ 'ਚ ਸੈਂਸੈਕਸ 1635.67 ਅੰਕ ਟੁੱਟ ਕੇ 71,947.55 'ਤੇ ਬੰਦ ਹੋਇਆ।

# ਜੇ ਜੰਗ ਜ਼ਮੀਨ 'ਤੇ ਉਤਰੀ ਤਾਂ ਸਾੜ ਦੇਵੇਗੀ ਪੂਰੀ ਦੁਨੀਆ

**ਨਵੀਂ ਦਿੱਲੀ:** ਪੱਛਮੀ ਏਸ਼ੀਆ 'ਚ ਹਾਲਾਤ ਤੇਜ਼ੀ ਨਾਲ ਜੰਗ ਵੱਲ ਵਧ ਰਹੇ ਹਨ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ 'ਚ ਅਮਰੀਕਾ ਨੇ ਫ਼ੌਜੀ ਜਮਾਵੜਾ ਸ਼ੁਰੂ ਕਰ ਦਿੱਤਾ। ਹੈ। ਅੰਦਾਜ਼ਾ ਹੈ ਕਿ 57,000 ਤੋਂ ਵੱਧ ਅਮਰੀਕੀ ਫ਼ੌਜੀ ਜਾਂ ਤਾਂ ਖੇਤਰ 'ਚ ਮੌਜੂਦ ਹਨ ਜਾ ਤਾਇਨਾਤੀ ਲਈ ਭੇਜੇ ਜਾ ਰਹੇ ਹਨ। ਪਹਿਲਾਂ ਤੋਂ ਮੌਜੂਦ ਲਗਪਗ 40,000 ਫ਼ੌਜੀਆਂ ਨਾਲ ਹੁਣ 82ਵੀਂ ਏਅਰਬੋਰਨ ਡਵੀਜ਼ਨ ਅਤੇ ਮਰੀਨ ਮੁਹਿੰਮ ਯੂਨਿਟਾਂ ਨੂੰ ਜੋੜਿਆ ਜਾ ਰਿਹਾ ਹੈ, ਜੋ ਕਿਸੇ ਵੀ ਸਮੇਂ ਜ਼ਮੀਨੀ ਜੰਗ ਸ਼ੁਰੂ ਕਰਨ ਦੇ ਸਮਰੱਥ ਹਨ।

ਸਮੁੰਦਰ 'ਚ ਵੀ ਤਾਕਤ ਦਾ ਪ੍ਰਦਰਸ਼ਨ ਸਾਫ਼ ਦਿਖਾਈ ਦੇ ਰਿਹਾ ਹੈ। ਯੂਐੱਸਐੱਸ ਅਬ੍ਰਾਹਮ ਲਿੰਕਨ ਨਾਲ ਹੁਣ ਯੂਐੱਸਐੱਸ ਜਾਰਜ ਐੱਚਡਬਲਯੂ ਬੁਸ਼ ਦੀ ਤਾਇਨਾਤੀ ਦੀਆਂ ਖ਼ਬਰਾਂ ਹਨ। ਇਸ ਤੋਂ ਇਲਾਵਾ ਬਾਕਸਰ ਅਤੇ ਟ੍ਰਿਪੋਲੀ ਜਿਹੇ ਐਫੀਸੀਅਸ ਰੈਡੀ ਗਰੁੱਪ, ਜਿਨ੍ਹਾਂ 'ਚ ਐਫ-35 ਬੀ ਸਟੀਲਥ ਫਾਈਟਰ ਅਤੇ ਓਸਪ੍ਰੇਅ ਹੈਲੀਕਾਪਟਰ ਮੌਜੂਦ ਹਨ, ਇਹ ਸੰਕੇਤ ਦਿੰਦੇ ਹਨ ਕਿ ਅਮਰੀਕਾ ਸਿਰਫ ਦਬਾਅ ਨਹੀਂ ਬਣਾ ਰਿਹਾ, ਬਲਕਿ ਜ਼ਮੀਨ 'ਤੇ ਉਤਰਣ ਦੀ ਪੂਰੀ ਤਿਆਰੀ ਕਰ ਚੁੱਕਾ ਹੈ। ਇਸ ਸਭ ਦਾ ਕਾਰਨ ਹੈ ਈਰਾਨ ਦੁਆਰਾ ਅਮਰੀਕਾ ਦੇ ਕਥਿਤ ਸਮਰਪਣ ਵਾਲੇ ਮਤੇ ਨੂੰ ਠੁਕਰਾਉਣਾ ਤੇ ਲਗਪਗ 400 ਕਿਲੋਗ੍ਰਾਮ ਸਮਿੱਧ ਯੂਰੇਨੀਅਮ ਨਾ ਸੌਂਪਣਾ। ਹੁਣ ਹਾਲਾਤ ਉਸ ਮੋੜ 'ਤੇ ਹਨ ਜਿੱਥੇ ਗੱਲਬਾਤ ਫੇਲ ਹੋਈ, ਤਾਂ ਅਗਲਾ ਕਦਮ ਸਿੱਧਾ ਜ਼ਮੀਨੀ ਜੰਗ ਹੋਵੇਗਾ।



## ਕਈ ਮੋਰਚਿਆਂ 'ਤੇ ਭੜਕੇਗੀ ਜੰਗ

ਜੇ ਅਮਰੀਕਾ ਈਰਾਨ 'ਚ ਜ਼ਮੀਨੀ ਜੰਗ ਸ਼ੁਰੂ ਕਰਦਾ ਹੈ ਤਾਂ ਇਹ ਸਿਰਫ ਦੋ ਦੇਸ਼ਾਂ ਵਿਚਕਾਰ ਸੀਮਤ ਸੰਘਰਸ਼ ਨਹੀਂ ਰਹੇਗਾ, ਬਲਕਿ ਪੂਰਾ ਪੱਛਮੀ ਏਸ਼ੀਆ ਕਈ ਮੋਰਚਿਆਂ 'ਤੇ ਬਲ ਉਠੇਗਾ। ਈਰਾਨ ਦੇ ਸਹਿਯੋਗੀ ਹੂਤੀ, ਹਿਜ਼ਬੁੱਲਾ ਅਤੇ ਹਮਾਸ ਪਹਿਲਾਂ ਹੀ ਸਰਗਰਮ ਹਨ ਅਤੇ ਵੱਖ-ਵੱਖ ਦਿਸ਼ਾਵਾਂ ਤੋਂ ਹਮਲੇ ਕਰ ਸਕਦੇ ਹਨ। ਇਸ ਦੇ ਨਾਲ ਹੀ ਇਰਾਕ ਅਤੇ ਬਹਿਰੀਨ 'ਚ ਮੌਜੂਦ ਸ਼ੀਆ ਮਿਲੀਸ਼ਿਆ ਵੀ ਇਸ ਸੰਘਰਸ਼ ਨੂੰ ਹੋਰ ਫੈਲਾਉਣਗੇ। ਮਾਹਿਰਾਂ ਦਾ ਮੰਨਣਾ ਹੈ ਕਿ ਭਾਵੇਂ ਇਜ਼ਰਾਈਲ ਦੇ ਹਮਲਿਆਂ ਨਾਲ ਹਿਜ਼ਬੁੱਲਾ ਕੁਝ ਕਮਜ਼ੋਰ ਹੋ ਗਿਆ ਹੋਵੇ ਪਰ ਉਹ ਅਜੇ ਵੀ ਦੁਨੀਆ ਦੇ ਸਭ ਤੋਂ ਤਾਕਤਵਰ ਗੈਰ-ਸਿਆਸੀ ਫ਼ੌਜੀ ਜਥੇਬੰਦੀਆਂ 'ਚੋਂ ਇਕ ਹੈ ਅਤੇ ਜ਼ਮੀਨੀ ਜੰਗ 'ਚ ਵੱਡਾ ਖ਼ਤਰਾ ਬਣਿਆ ਰਹੇਗਾ। ਇਸ ਹਾਲਤ 'ਚ ਅਮਰੀਕਾ ਨੂੰ ਇੱਕੋ ਸਮੇਂ ਕਈ ਮੋਰਚਿਆਂ 'ਤੇ ਲੜਨਾ ਪਵੇਗਾ, ਜਿਸ ਨਾਲ ਜੰਗ ਲੰਬੀ, ਔਖੀ ਅਤੇ ਬਹੁਤ ਹੀ ਖ਼ੂਨੀ ਹੋ ਸਕਦੀ ਹੈ।

ਡ੍ਰੋਨ ਤੇ ਸਾਈਬਰ ਹਮਲਾ, ਨਵੀਂ ਰਣਨੀਤੀ ਨਾਲ ਵਧੇਗਾ ਖ਼ਤਰਾ : ਇਸ ਸੰਘਰਸ਼ 'ਚ ਈਰਾਨ ਦੀ ਸਭ ਤੋਂ ਵੱਡੀ ਤਾਕਤ ਉਸਦੀ ਰਵਾਇਤੀ ਫੌਜ ਨਹੀਂ, ਬਲਕਿ ਉਸਦੀ ਅਸਿਮੈਟ੍ਰਿਕ ਵਾਰਫੇਅਰ ਰਣਨੀਤੀ ਹੈ। ਫਰਵਰੀ 'ਚ ਸ਼ੁਰੂ ਹੋਈ ਝੜਪਾਂ 'ਚ ਈਰਾਨ ਨੇ ਹਜ਼ਾਰਾਂ ਸ਼ਾਹਿਦ ਡ੍ਰੋਨਾਂ ਦੀ ਵਰਤੋਂ ਕਰ ਕੇ ਅਮਰੀਕਾ ਅਤੇ ਉਸਦੇ ਸਹਿਯੋਗੀਆਂ ਨੂੰ ਹੈਰਾਨ ਕਰ ਦਿੱਤਾ ਸੀ।

ਇਹ ਡ੍ਰੋਨ ਸਸਤੇ ਹਨ ਪਰ ਇਨ੍ਹਾਂ ਨੂੰ ਰੋਕਣ ਲਈ ਅਮਰੀਕਾ ਨੂੰ ਮਹਿੰਗੇ ਮਿਜ਼ਾਈਲ ਖ਼ਰਚ ਕਰਨੇ ਪੈਂਦੇ ਹਨ, ਜਿਸ ਨਾਲ ਜੰਗ ਆਰਥਿਕ ਤੌਰ 'ਤੇ ਵੀ ਭਾਰ ਪੈ ਰਿਹਾ ਹੈ। ਜ਼ਮੀਨੀ ਜੰਗ ਦੀ ਸਥਿਤੀ 'ਚ ਇਹ ਡ੍ਰੋਨ ਸਿੱਧੇ ਅਮਰੀਕੀ ਸੈਨਿਕਾਂ ਨੂੰ ਨਿਸ਼ਾਨਾ ਬਣਾਉਣਗੇ, ਜਿਸ ਨਾਲ ਮਨੁੱਖੀ ਨੁਕਸਾਨ ਕਈ ਗੁਣਾ ਵੱਧ ਸਕਦਾ ਹੈ। ਇਸ ਤੋਂ ਇਲਾਵਾ ਈਰਾਨ ਦੀਆਂ ਸਾਈਬਰ ਸਮਰੱਥਾਵਾਂ ਬਿਜਲੀ ਨੈੱਟਵਰਕ, ਸੰਚਾਰ ਤੰਤਰ ਅਤੇ ਰੱਖਿਆ ਪ੍ਰਣਾਲੀਆਂ 'ਤੇ ਹਮਲੇ ਇਸ ਜੰਗ ਨੂੰ ਰਵਾਇਤੀ ਹੱਦਾਂ ਤੋਂ ਅੱਗੇ ਲਿਜਾ ਕੇ ਪੂਰੀ ਤਰ੍ਹਾਂ ਆਧੁਨਿਕ ਤੇ ਖ਼ਤਰਨਾਕ ਬਣਾ ਦੇਣਗੀਆਂ।

## ਅਰਥਚਾਰੇ 'ਤੇ ਸਿੱਧਾ ਹਮਲਾ ਹੈ ਤੇਲ ਸੰਕਟ

ਪੱਛਮੀ ਏਸ਼ੀਆ ਊਰਜਾ ਸਪਲਾਈ ਦਾ ਕੇਂਦਰ ਹੈ ਤੇ ਇਸ ਪੂਰੇ ਸੰਕਟ ਦੀ ਧੁਰਾ ਹੋਰਮੁਜ਼ ਸਟ੍ਰੇਟ ਹੈ। ਇਸ ਤੰਗ ਜਲਮਾਰਗ ਤੋਂ ਹਰ ਰੋਜ਼ 2 ਤੋਂ 2.5 ਕਰੋੜ ਬੈਰਲ ਤੇਲ ਲੰਘਦਾ ਸੀ, ਜੋ ਦੁਨੀਆ ਦੀ ਊਰਜਾ ਦੀਆਂ ਜ਼ਰੂਰਤਾਂ ਦਾ ਵੱਡਾ ਹਿੱਸਾ ਹੈ ਪਰ ਮੌਜੂਦਾ ਹਾਲਾਤ 'ਚ ਈਰਾਨ ਨੇ ਇਸ ਮਾਰਗ 'ਤੇ ਦਬਾਅ ਬਣਾ ਕੇ ਜਹਾਜ਼ਾਂ ਦੀ ਆਵਾਜਾਈ ਲਗਪਗ ਰੋਕ ਦਿੱਤੀ ਹੈ। ਜੇ ਅਮਰੀਕਾ ਜ਼ਮੀਨੀ ਜੰਗ ਸ਼ੁਰੂ ਕਰਦਾ ਹੈ, ਤਾਂ ਈਰਾਨ ਇਸ ਨੂੰ ਹੋਰ ਆਕਰਸ਼ਕ ਤਰੀਕੇ ਨਾਲ ਰੋਕੇਗਾ।

# ਯੂਨੀਵਰਸਿਟੀ ਕਾਲਜ ਜੰਡਿਆਲਾ ਵਿਖੇ ਪੋਸ਼ਣ ਅਤੇ ਮਾਨਸਿਕ ਸਿਹਤ 'ਤੇ ਸੈਮੀਨਾਰ




**ਜੰਡਿਆਲਾ:** ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ, ਜੰਡਿਆਲਾ ਵਿਖੇ ਮਾਣਯੋਗ ਵਾਈਸ ਚਾਂਸਲਰ ਪ੍ਰੋਫੈਸਰ (ਡਾ) ਕਰਮਜੀਤ ਸਿੰਘ ਜੀ ਦੀ ਯੋਗ ਅਗਵਾਈ ਅਧੀਨ ਅਤੇ ਡੀਨ ਕਾਲਜ ਵਿਕਾਸ ਕੌਂਸਲ ਪ੍ਰੋਫੈਸਰ (ਡਾ) ਸਰੋਜ ਅਰੋੜਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅੱਜ ਪੋਸ਼ਣ ਅਤੇ ਮਾਨਸਿਕ ਸਿਹਤ ਵਿਸ਼ੇ 'ਤੇ ਇੱਕ ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦਾ ਆਯੋਜਨ ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਦੀ ਰਹਿਨੁਮਾਈ ਹੇਠ ਕੀਤਾ ਗਿਆ। ਸੈਮੀਨਾਰ ਵਿੱਚ ਮੁੱਖ ਰਿਸੋਰਸ ਪਰਸਨ ਵਜੋਂ ਸ਼੍ਰੀਮਤੀ ਨੂਪੁਰ ਚੋਪੜਾ, ਰਿਟਾਇਰਡ ਐਸੋਸੀਏਟ ਪ੍ਰੋਫੈਸਰ ਬੀ.ਡੀ.ਆਰ.ਕਾਲਜ ਜਲੰਧਰ ਅਤੇ ਮਿਸ ਆਤਮਾ ਸਿੰਘ, ਮੁੱਖੀ ਹੋਮ ਸਾਇੰਸ, ਲਾਇਲਪੁਰ ਖਾਲਸਾ ਕਾਲਜ ਫਾਰ ਵਿਮਨ ਜਲੰਧਰ ਨੇ ਸ਼ਿਰਕਤ ਕੀਤੀ। ਦੋਵਾਂ ਮਾਹਿਰਾਂ ਵੱਲੋਂ ਵਿਦਿਆਰਥੀਆਂ ਨੂੰ ਸੰਤੁਲਿਤ ਖੁਰਾਕ ਅਤੇ ਮਾਨਸਿਕ ਤੰਦਰੁਸਤੀ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਸਹੀ ਖਾਣ-ਪੀਣ ਦੀਆਂ ਆਦਤਾਂ ਨਾ ਸਿਰਫ਼ ਸਰੀਰਕ ਸਿਹਤ ਨੂੰ ਤੰਦਰੁਸਤ ਰੱਖਦੀਆਂ ਹਨ, ਸਗੋਂ ਤਣਾਅ, ਚਿੰਤਾ ਅਤੇ ਹੋਰ ਮਾਨਸਿਕ ਸਮੱਸਿਆਵਾਂ ਨਾਲ ਨਜਿੱਠਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।ਮਿਸ ਆਤਮਾ ਸਿੰਘ ਜੀ ਨੇ ਵਿਦਿਆਰਥੀਆਂ ਨੂੰ ਨਿਊਰੋਟਰਾਂਸਮੀਟਰ, ਸੈਰੋਟੋਨਿਨ, ਕੋਰਟੀਸੋਲ ਅਤੇ ਗਾਬਾ ਆਦਿ ਦੇ ਸਾਡੀ ਮਾਨਸਿਕ ਸਿਹਤ ਤੇ ਪੈਂਦੇ ਪ੍ਰਭਾਵਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਨਾਲ ਹੀ ਉਨ੍ਹਾਂ ਨੇ ਚੰਗੀ ਮਾਨਸਿਕ ਸਿਹਤ ਨੂੰ ਬਣਾਈ ਰੱਖਣ ਲਈ ਪੌਸ਼ਟਿਕ ਆਹਾਰ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਆਧੁਨਿਕ ਸਮੇਂ ਵਿੱਚ ਸਾਡੇ ਖਾਣ ਪੀਣ ਦੀਆਂ ਆਦਤਾਂ ਅਤੇ ਵਾਤਾਵਰਨ ਸਾਡੀ ਮਾਨਸਿਕ ਸਿਹਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ। ਅੱਜ ਦੇ ਸਮੇਂ ਸਰੀਰਕ ਤੰਦਰੁਸਤੀ ਦੇ ਨਾਲ ਨਾਲ ਮਾਨਸਿਕ ਤੰਦਰੁਸਤੀ ਵੀ ਬੇਹੱਦ ਜ਼ਰੂਰੀ ਹੈ।

ਇਸ ਮੌਕੇ ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਨੇ ਰਿਸੋਰਸ ਪਰਸਨਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ । ਉਹਨਾਂ ਕਿਹਾ ਕਿ ਅਜਿਹੇ ਸੈਮੀਨਾਰ ਵਿਦਿਆਰਥੀਆਂ ਨੂੰ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਲਈ ਪ੍ਰੇਰਿਤ ਕਰਦੇ ਹਨ। ਸੈਮੀਨਾਰ ਦੌਰਾਨ ਕਾਲਜ ਸਟਾਫ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ। ਇਸ ਸੈਮੀਨਾਰ ਦਾ ਪ੍ਰਬੰਧ ਕੋ-ਕਨਵੀਨਰ ਸ਼੍ਰੀਮਤੀ ਦੀਪਿਕਾ ਧਵਨ ਦੁਆਰਾ ਕੀਤਾ ਗਿਆ। ਮੰਚ ਸੰਚਾਲਨ ਮਿਸ ਅੰਜਲੀ ਯਾਦਵ ਦੁਆਰਾ ਬਾਖ਼ੂਬੀ ਕੀਤਾ ਗਿਆ।

# ਅਸੀਂ ਕੀਤਾ ਮਾਓਵਾਦ ਦਾ ਖ਼ਾਤਮਾ: ਅਮਿਤ ਸ਼ਾਹ



**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮਾਰਚ, 2026 ਨੂੰ ਮਾਓਵਾਦ ਦੇ ਸਮੂਲ ਖਾਤਮੇ ਦਾ ਟੀਚਾ ਦਿੱਤਾ ਸੀ ਅਤੇ ਇਕ ਦਿਨ ਪਹਿਲਾਂ ਸੰਸਦ ਵਿਚ ਕਿਹਾ, ਪੂਰੀ ਪ੍ਰਕਿਰਿਆ ਅਧਿਕਾਰਕ ਤੌਰ 'ਤੇ ਪੂਰੀ ਹੋਣ ਤੋਂ ਬਾਅਦ ਦੇਸ਼ ਨੂੰ ਜਾਣੂ ਕਰਵਾਇਆ ਜਾਵੇਗਾ ਪਰ ਮੈਂ ਇਹ ਕਹਿ ਸਕਦਾ ਹਾਂ ਕਿ ਅਸੀਂ ਮਾਓਵਾਦ ਤੋਂ ਮੁਕਤ ਹੋ ਚੁੱਕੇ ਹਾਂ।'' ਉਨ੍ਹਾਂ ਅੱਗੇ ਕਿਹਾ ਕਿ ਮੋਦੀ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਮਾਓਵਾਦ ਮੁਕਤ ਭਾਰਤ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਦੋਸ਼ ਲਾਇਆ ਕਿ ਜੇ ਕਾਂਗਰਸ ਸਾਥ ਦਿੰਦੀ ਤਾਂ ਇਹ ਕੰਮ ਦੋ ਸਾਲ ਪਹਿਲਾਂ ਹੀ ਹੋ ਗਿਆ ਹੁੰਦਾ।ਲੋਕ ਸਭਾ ਵਿਚ ਦੇਸ਼ ਤੋਂ ਮਾਓਵਾਦ ਦੇ ਖ਼ਾਤਮੇ 'ਤੇ ਚਰਚਾ ਦਾ ਜਵਾਬ ਦਿੰਦੇ ਹੋਏ ਸ਼ਾਹ ਨੇ ਕਿਹਾ ਕਿ ਇਸ ਦੇ ਪਿੱਛੇ ਖੋ ਕਾਂਗਰਸ ਦੀ ਖੱਬੇਪੱਖੀ ਵਿਚਾਰਧਾਰਾ ਦੇ ਜ਼ਿੰਮੇਵਾਰ ਹੈ। ਇਸ ਦੌਰਾਨ ਉਨ੍ਹਾਂ ਇੰਦਰਾ ਮੈਂ ਗਾਂਧੀ ਤੋਂ ਲੈ ਕੇ ਸੋਨੀਆ ਗਾਂਧੀ, ਰਾਹੁਲ ਚ ਗਾਂਧੀ, ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਸਾਬਕਾ ਗ੍ਰਹਿ ਮੰਤਰੀ ਪੀ. ਤੇ ਚਿਦੰਬਰਮ ਦੇ ਮਾਓਵਾਦੀਆਂ ਨੂੰ ਕਿਸੇ ਨਾ ਕੇ ਕਿਸੇ ਰੂਪ ਵਿਚ ਹਮਾਇਤ ਦੇਣ ਲਈ ਕੀਤੇ ਸ ਕੰਮਾਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ 172 ਜਵਾਨਾਂ ਨੂੰ ਮਾਰਨ ਵਾਲੇ ਖ਼ੂਨੀ ਮਾਓਵਾਦੀ ਹਿਤਮਾ ਦੇ ਮਾਰੇ ਸ ਜਾਣ 'ਤੇ ਇੰਡੀਆ ਗੇਟ ਤੇ ਹੋਏ ਰੋਸ ਮੁਜ਼ਾਹਰੇ ਦਾ ਵੀਡੀਓ ਆਪਣੇ ਇੰਟਰਨੈੱਟ ਖਾਤੇ ਤੇ ਸਾਂਝਾ ਕੀਤਾ ਸੀ, ਜਿਸ ਵਿਚ ਲੋਕ 8 ਨਾਅਰੇ ਲਾ ਰਹੇ ਸਨ ਕਿ ਜਿੰਨੇ ਹਿਤਮਾ ਪਿ ਮਾਰੋਗੇ, ਓਨੇ ਹੀ ਹਿਤਮਾ ਪੈਦਾ ਹੋਣਗੇ। ਇਸ ਉ ਤੋਂ ਪਹਿਲਾਂ ਵੀ ਰਾਹੁਲ ਨੇ ਓਡੀਸ਼ਾ ਵਿਚ ਲਾਡੋ ਗ ਸਿਕੋਕੇ ਨਾਲ ਮੰਚ ਸਾਂਝਾ ਕੀਤਾ ਸੀ। ਇਹ ਪ ਕਾਂਗਰਸ ਦੀ ਸੋਚ ਨੂੰ ਦਰਸਾਉਂਦਾ ਹੈ।

ਲੋਕ ਸਭਾ ਵਿਚ ਨਿਯਮ-193 ਦੇ ਤਹਿਤ ਖੱਬੇਪੱਖੀ ਅੱਤਵਾਦ ਤੋਂ ਦੇਸ਼ ਨੂੰ ਮੁਕਤ ਕਰਨ ਦੇ ਵਿਸ਼ੇ 'ਤੇ ਰੱਖੀ ਗਈ ਚਰਚਾ ਵਿਚ ਕਈ ਮੈਂਬਰਾਂ ਨੇ ਹਿੱਸਾ ਲਿਆ। ਕਰੀਬ ਛੇ ਘੰਟੇ ਤੱਕ ਚੱਲੀ ਇਸ ਚਰਚਾ ਦੇ ਬਾਅਦ ਕੇਂਦਰੀ ਗ੍ਰਹਿ ਮੰਤਰੀ ਨੇ ਨਕਸਲਵਾਦ ਦੇ ਖ਼ਿਲਾਫ਼ 1970 ਤੋਂ 2026 ਤੱਕ ਚੁੱਕੇ ਗਏ ਕਦਮਾਂ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ ਬਹੁਤ ਸਾਰਾ ਸਮਾਂ ਕਾਂਗਰਸ ਹੀ ਸੱਤਾ ਵਿਚ ਰਹੀ, ਪਰ ਇਸ ਦੇ ਬਾਵਜੂਦ ਇਹ ਸਮੱਸਿਆ. ਖ਼ਤਮ ਹੋਣ ਦੀ ਬਜਾਏ ਵਧੀ। ਉਨ੍ਹਾਂ ਇਹ ਵੀ ਸਾਫ ਕੀਤਾ ਕਿ ਗਰੀਬੀ ਦੇ ਕਾਰਨ ਮਾਓਵਾਦ ਇਨ੍ਹਾਂ ਖੇਤਰਾਂ ਵਿਚ ਨਹੀਂ ਪਹੁੰਚਿਆ ਸੀ, ਸਗੋਂ ਮਾਓਵਾਦ ਕਾਰਨ ਇਨ੍ਹਾਂ ਖੇਤਰਾਂ ਵਿਚ ਗਰੀਬੀ ਰਹੀ। ਦਰਅਸਲ, ਜੋ ਲੋਕ ਪਿਛੜੇਪਣ ਦਾ ਬਿਰਤਾਂਤ ਖੜ੍ਹਾ ਕਰ ਰਹੇ ਹਨ, ਉਹ ਪੂਰੀ ਤਰ੍ਹਾਂ ਗਲਤ ਹਨ। ਕੁਝ ਲੋਕ ਮਾਰੇ ਗਏ ਮਾਓਵਾਦੀਆਂ ਲਈ ਲੇਖ ਲਿਖਦੇ ਹਨ, ਪਰ ਉਨ੍ਹਾਂ ਬਾਰੇ ਇਕ ਵੀ ਸ਼ਬਦ ਨਹੀਂ ਕਹਿੰਦੇ ਜੋ ਇਨ੍ਹਾਂ ਦੀਆਂ ਗੋਲੀਆਂ ਨਾਲ ਮਾਰੇ-ਜਾਂਦੇ ਹਨ।ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਜੇ ਇਹ ਆਦਿਵਾਸੀ ਵਿਚਾਰਧਾਰਾ ਨੂੰ ਮੰਨਣ ਵਾਲੇ ਹੁੰਦੇ ਤਾਂ ਉਨ੍ਹਾਂ ਦੇ ਆਦਰਸ਼ ਤਿਲਕਾ ਮਾਂਝੀ ਅਤੇ ਬਿਰਸਾ ਮੁੰਡਾ ਹੁੰਦੇ, ਪਰ ਇਨ੍ਹਾਂ ਨੇ ਆਪਣਾ ਆਦਰਸ਼ ਮਾਓ ਨੂੰ ਮੰਨਿਆ ਹੈ।

ਇਹ ਆਪਣੇ ਆਦਰਸ਼ ਵੀ ਪਰਦੇਸਾਂ ਤੋਂ ਦਰਾਮਦ ਕਰਦੇ ਹਨ। ਸ਼ਾਹ ਨੇ ਦਾਅਵਾ ਕੀਤਾ ਕਿ ਦੇਸ਼ ਤੋਂ ਹੁਣ ਮਾਓਵਾਦ ਪੂਰੀ ਤਰ੍ਹਾਂ ਖ਼ਤਮ ਹੋ ਗਿਆ ਹੈ, ਬਿਹਾਰ, ਝਾਰਖੰਡ, ਮਹਾਰਾਸ਼ਟਰ ਵਰਗੇ ਰਾਜਾਂ ਵਿਚ ਸਿਮਟ ਗਿਆ ਸੀ ਪਰ ਛੱਤੀਸਗੜ੍ਹ ਦੀ ਤਤਕਾਲੀਨ ਕਾਂਗਰਸ ਸਰਕਾਰ ਮਾਓਵਾਦੀਆਂ ਦਾ ਸਮਰਥਨ ਕਰ ਰਹੀ ਸੀ। ਇਸ ਦੌਰਾਨ ਕਾਂਗਰਸ ਦੇ ਸੰਸਦ ਮੈਂਬਰਾਂ ਦੀ ਇਤਰਾਜ਼ 'ਤੇ ਸ਼ਾਹ ਨੇ ਕਿਹਾ ਕਿ ਬਘੇਲ ਤੋਂ ਪੁੱਛ ਲਓ, ਇਸ ਦੇ ਸਬੂਤ ਵੀ ਦੇ ਦੇਵਾਂਗੇ। ਸ਼ਾਹ ਨੇ ਕਿਹਾ ਕਿ ਮੌਜੂਦਾ ਸਮੇਂ ਵਿਚ ਮਾਓਵਾਦੀਆਂ ਦਾ ਸਾਰਾ ਕੈਡਰ ਖ਼ਤਮ ਹੋ ਚੁੱਕਾ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਸਮਰਪਣ ਕਰ ਦਿੱਤਾ ਹੈ, ਜਾਂ ਗ੍ਰਿਫ਼ਤਾਰ ਹੋ ਗਏ ਹਨ ਜਾਂ ਫਿਰ ਮਾਰੇ ਗਏ ਹਨ।

ਸ਼ਾਹ ਨੇ ਕਿਹਾ, "ਜੋ ਲੋਕ ਇਕ ਹਥਿਆਰਬੰਦ ਅੰਦੋਲਨ ਦੇ ਪੈਰੋਕਾਰ ਬਣ ਕੇ ਇਹ ਕਹਿੰਦੇ ਹਨ ਕਿ ਉਨ੍ਹਾਂ ਨੇ ਬੇਇਨਸਾਫ਼ੀ ਦੇ ਖ਼ਿਲਾਫ਼ ਲੜਾਈ ਲੜੀ, ਮੈਂ ਉਨ੍ਹਾਂ ਤੋਂ ਪੁੱਛਦਾ ਹਾਂ, ਕੀ ਤੁਸੀਂ ਸੰਵਿਧਾਨ ਦਾ ਸਤਿਕਾਰ ਕਰੋਗੇ ਜਾਂ ਨਹੀਂ? ਜੇ ਕਿਸੇ ਨਾਲ ਬੇਇਨਸਾਫ਼ੀ ਹੁੰਦੀ ਹੈ, ਤਾਂ ਉਸ ਲਈ ਅਦਾਲਤਾਂ ਸਥਾਪਤ ਕੀਤੀਆਂ ਗਈਆਂ ਹਨ। ਵਿਧਾਨ ਸਭਾਵਾਂ, ਜ਼ਿਲ੍ਹਾ ਪੰਚਾਇਤਾਂ ਅਤੇ ਤਹਿਸੀਲਾਂ ਗਠਿਤ ਕੀਤੀਆਂ ਗਈਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਦੌਰ ਹੁਣ ਖ਼ਤਮ ਹੋ ਚੁੱਕਾ ਹੈ। ਇਹ ਨਰਿੰਦਰ ਮੋਦੀ ਦੀ ਸਰਕਾਰ ਹੈ, ਜਿਹੜਾ ਹਥਿਆਰ ਚੁੱਕੇਗਾ, ਉਸ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ ਤੇ ਅਜਿਹਾ ਵਤੀਰਾ ਬਰਦਾਸ਼ਤ ਨਹੀਂ ਹੈ।

# ਉੱਘੇ ਚਿੰਤਕ ਰਣਜੀਤ ਬਾਜਵਾ ਨਹੀਂ ਰਹੇ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਦੇ ਸਾਬਕਾ ਪ੍ਰੋਫੈਸਰ ਤੇ ਮੁਖੀ ਡਾ. ਰਣਜੀਤ ਸਿੰਘ ਬਾਜਵਾ (ਉੱਘੇ ਲੋਕਧਾਰਾ ਸ਼ਾਸਤਰੀ ਅਤੇ ਚਿੰਤਕ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਸੁਣਦਿਆਂ ਹੀ ਸਾਹਿਤਕ ਅਤੇ ਅਕਾਦਮਿਕ ਹਲਕਿਆਂ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।ਉਨ੍ਹਾਂ ਦੇ ਨਿਧਨ ਉੱਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਕਰਮਜੀਤ ਸਿੰਘ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਡਾ. ਰਣਜੀਤ ਸਿੰਘ ਬਾਜਵਾ ਨੇ ਆਪਣਾ ਸਾਰਾ ਜੀਵਨ ਪੰਜਾਬੀ ਮਾਂ-ਬੋਲੀ ਅਤੇ ਲੋਕ-ਸੰਸਕ੍ਰਿਤੀ ਦੇ ਲੇਖੇ ਲਗਾਇਆ। ਉਨ੍ਹਾਂ ਨੇ ਲੋਕਧਾਰਾ ਦੇ ਖੇਤਰ ਵਿੱਚ ਵਿਗਿਆਨਕ ਅਤੇ ਆਲੋਚਨਾਤਮਕ ਦ੍ਰਿਸ਼ਟੀਕੋਣ ਤੋਂ ਕੰਮ ਕਰਕੇ ਇਸ ਵਿਸ਼ੇ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ, ਇਸ ਲਈ ਉਨ੍ਹਾਂ ਦਾ ਚਲੇ ਜਾਣਾ ਬਹੁਤ ਦੁੱਖਦਾਇਕ ਹੈ।



ਪੰਜਾਬੀ ਅਧਿਐਨ ਸਕੂਲ ਦੇ ਮੁਖੀ ਡਾ. ਮਨਜਿੰਦਰ ਸਿੰਘ ਨੇ ਕਿਹਾ ਕਿ ਡਾ. ਬਾਜਵਾ ਨੇ ਪੰਜਾਬੀ ਲੋਕਧਾਰਾ ਦਾ ਕੇਵਲ ਇੱਕਤਰੀਕਰਨ ਹੀ ਨਹੀਂ ਕੀਤਾ ਸਗੋਂ ਇਸ ਦੀ ਦਾਰਸ਼ਨਿਕ,ਸਮਾਜਿਕ ਅਤੇ ਚਿੰਨ੍ਹ ਵਿਗਿਆਨਕ ਵਿਆਖਿਆ ਵੀ ਕੀਤੀ। ਡਾ.ਬਾਜਵਾ ਦੇ ਚਲੇ ਜਾਣ ਨਾਲ ਲੋਕਧਾਰਾ ਦੇ ਖੇਤਰ ਵਿੱਚ ਜੋ ਖਲਾਅ ਪੈਦਾ ਹੋਇਆ ਹੈ, ਉਸ ਨੂੰ ਭਰਨਾ ਅਸੰਭਵ ਹੈ। ਏਥੇ ਜ਼ਿਕਰਯੋਗ ਹੈ ਕਿ ਡਾ. ਰਣਜੀਤ ਸਿੰਘ ਬਾਜਵਾ ਨੇ 1966 ਈ. ਵਿਚ ਸਿੱਖ ਨੈਸ਼ਨਲ ਕਾਲਜ ਕਾਦੀਆਂ ਤੋਂ ਬੀ.ਏ ਕਰਨ ਤੋਂ ਬਾਅਦ ਐਮ. ਏ ਪੰਜਾਬੀ ਕਰਨ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਦਾਖ਼ਲਾ ਲਿਆ। ਇਸ ਉਪਰੰਤ ਉਹਨਾਂ ਨੇ ਪ੍ਰਸਿੱਧ ਅੰਤਰ-ਰਾਸ਼ਟਰੀ ਵਿਦਵਾਨ ਡਾ. ਹਰਜੀਤ ਸਿੰਘ ਗਿੱਲ ਦੀ ਨਿਗਰਾਨੀ ਹੇਠ "Semiotics Around Birth Ceremonies of Punjab`` ਵਿਸ਼ੇ ਉੱਤੇ ਪੀਐੱਚ.ਡੀ ਦਾ ਖੋਜ-ਕਾਰਜ ਮੁਕੰਮਲ ਕੀਤਾ। ਉਹਨਾਂ ਆਪਣਾ ਮੁੱਢਲਾ ਅਧਿਆਪਨ-ਕਾਰਜ ਮਹਿੰਦਰਾ ਕਾਲਜ ਪਟਿਆਲਾ ਵਿਖੇ ਆਰੰਭ ਕੀਤਾ।ਉਹ 1986 ਈ. ਵਿਚ ਬਤੌਰ ਰੀਡਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਨਿਯੁਕਤ ਹੋਏ। ਇਸ ਦੌਰਾਨ ਉਹ ਇਸ ਵਿਭਾਗ ਵਿਚ ਪ੍ਰੋਫ਼ੈਸਰ ਅਤੇ ਮੁਖੀ ਦੇ ਅਹੁਦੇ ਉੱਤੇ ਵੀ ਰਹੇ। ਏਥੇ ਉਹਨਾਂ ਆਪਣੇ ਕਾਰਜ-ਕਾਲ ਦੇ ਦੌਰਾਨ ਏਸ਼ੀਆ, ਯੂਰੋਪ, ਉੱਤਰੀ ਅਮਰੀਕਾ ਅਤੇ ਅਫ਼ਰੀਕਾ ਦੀਆਂ ਵਿਭਿੰਨ ਵਿਦਿਅਕ ਸੰਸਥਾਵਾਂ ਵਿਚ ਲੋਕਧਾਰਾ ਦੇ ਖੇਤਰ ਨਾਲ ਸਬੰਧਤ ਕਈ ਅੰਤਰ-ਰਾਸ਼ਟਰੀ ਖੋਜ-ਪੱਤਰ ਪ੍ਰਸਤੁਤ ਕੀਤੇ। ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਣ ਤੋਂ ਬਾਅਦ ਉਹ 2007 ਤੋਂ ਤਿੰਨ ਸਾਲ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਰਹੇ। ਉਹਨਾਂ ਦੀ ਨਿਗਰਾਨੀ ਹੇਠ ਬਹੁਤ ਸਾਰੇ ਵਿਦਿਆਰਥੀਆਂ ਨੇ ਐੱਮ. ਫਿਲ ਅਤੇ ਪੀਐੱਚ. ਡੀ ਦੀਆਂ ਡਿਗਰੀਆਂ ਹਾਸਿਲ ਕੀਤੀਆਂ।ਲੋਕਧਾਰਾ ਤੋਂ ਇਲਾਵਾ ਉਹਨਾਂ ਨੇ 2022 ਵਿਚ ਫ਼ਿਲਮ ਦੀ ਵਿਧਾ ਨਾਲ ਸੰਬੰਧਿਤ ਆਪਣੀ ਪੁਸਤਕ "Semiotics of Films and Fantasies`` ਵੀ ਰਿਲੀਜ਼ ਕੀਤੀ। ਪੰਜਾਬੀ ਅਧਿਐਨ ਸਕੂਲ ਦੇ ਸਮੂਹ ਅਧਿਆਪਕਾਂ, ਸਟਾਫ਼, ਖੋਜ-ਵਿਦਿਆਰਥੀਆਂ ਅਤੇ ਵਿਦਿਆਰਥੀਆਂ ਨੇ ਉਹਨਾਂ ਦੀ ਮੌਤ ਉੱਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ।

ਪੰਜਾਬ ਟਾਈਮਜ਼

4 ਅਪਰੈਲ, ਸ਼ਨਿਚਰਵਾਰ

# ਉਲਝੀ ਜਾਵੇ ਜੰਗ ਦੀ ਤਾਣੀ

ਈਰਾਨ ਨਾਲ ਜੰਗ ਛੇੜਨ ਤੋਂ ਪਹਿਲਾਂ ਅਮਰੀਕਾ ਅਤੇ ਇਜ਼ਰਾਈਲ ਨੇ ਸੋਚਿਆ ਸੀ ਕਿ ਸਿਰਫ਼ ਚਾਰ ਕੁ ਦਿਨਾਂ ਵਿਚ ਹੀ ਜੰਗ ਦਾ ਫ਼ੈਸਲਾ ਹੋ ਜਾਵੇਗਾ, ਪਰ ਹੁਣ ਦਿਨੋਂ-ਦਿਨ ਉਲਝ ਰਹੀ ਜੰਗ ਦੀ ਤਾਣੀ ਨਾ ਸਿਰਫ ਅਮਰੀਕਾ ਅਤੇ ਇਜ਼ਰਾਈਲ ਨੂੰ ਸਗੋਂ ਦੁਨੀਆ ਭਰ ਨੂੰ ਚਿੰਤਾ ਵਿਚ ਪਾ ਰਹੀ ਹੈ। ਜੰਗ ਦੇ ਜਲਦੀ ਸਮਾਪਤ ਹੋਣ ਦੇ ਕੋਈ ਆਸਾਰ ਨਹੀਂ ਦਿਖਾਈ ਦੇ ਰਹੇ। ਇਸ ਦੌਰਾਨ ਅਮਰੀਕਾ ਦੇ ਲਗਪਗ 40 ਅਰਬ ਡਾਲਰ ਖ਼ਰਚ ਹੋ ਚੁੱਕੇ ਹਨ। ਰਣ-ਭੂਮੀ ਵਿਚ ਫ਼ੌਜ ਨਾ ਉਤਾਰਨ ਦੀ ਵਾਰ-ਵਾਰ ਦੁਹਾਈ ਦੇਣ ਦੇ ਬਾਵਜੂਦ ਟਰੰਪ ਨੂੰ ਲਗਪਗ ਸੱਤ ਹਜ਼ਾਰ ਮੈਰੀਨ ਅਤੇ ਪੈਰਾਸ਼ੂਟ ਫ਼ੌਜੀ ਭੇਜਣੇ ਪੈ ਰਹੇ ਹਨ ਪਰ ਈਰਾਨ ਨਾ ਤਾਂ ਹਾਰ ਮੰਨਣ ਲਈ ਤਿਆਰ ਹੈ ਅਤੇ ਨਾ ਹੀ ਸਿੱਧੀ ਗੱਲਬਾਤ ਲਈ। ਪਰ ਵਿਆਪਕ ਵਿਨਾਸ਼ ਤੋਂ ਤਿਲਮਿਲਾਇਆ ਈਰਾਨ ਹੁਣ ਆਪਣੇ 454 ਕਿੱਲੋ ਸੋਧੇ ਹੋਏ ਯੂਰੇਨੀਅਮ ਨੂੰ ਸੌਂਪਣਾ ਅਤੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ ਨੂੰ ਸੀਮਤ ਕਰਨਾ ਤਾਂ ਦੂਰ, ਹੋਰਮੁਜ਼ ਜਲ ਮਾਰਗ 'ਤੇ ਕਬਜ਼ਾ ਕਰਨ 'ਤੇ ਵੀ ਉਤਾਰੂ ਹੋ ਗਿਆ ਹੈ। ਈਰਾਨ ਦੀ ਨਿਗਰਾਨੀ ਵਿਚ ਕੁਝ ਜਹਾਜ਼ਾਂ ਤੋਂ ਇਲਾਵਾ ਇਹ ਜਲ ਮਾਰਗ ਪਿਛਲੇ ਮਹੀਨੇ ਤੋਂ ਬੰਦ ਹੈ। ਇਸ ਕਾਰਨ ਤੇਲ, ਗੈਸ, ਰਸਾਇਣਕ ਖਾਦਾਂ ਹੀਲੀਅਮ ਅਤੇ ਪਲਾਸਟਿਕ ਦੇ ਕੱਚੇ ਮਾਲ ਦੀ ਤੰਗੀ ਹੋ ਗਈ ਹੈ। ਭਾਰਤ, ਚੀਨ, ਜਾਪਾਨ ਅਤੇ ਦੱਖਣੀ ਕੋਰੀਆ ਸਮੇਤ ਏਸ਼ੀਆ ਦੇ ਸਾਰੇ ਅਰਥਚਾਰਿਆਂ ਦੀ ਨਿਰਭਰਤਾ ਖਾੜੀ 'ਤੇ ਸਭ ਤੋਂ ਵੱਧ ਹੈ। ਹੋਰਮੁਜ਼ ਬੰਦ ਰਹਿਣ ਕਾਰਨ ਉਪਜੀ ਆਰਥਿਕ ਸੰਕਟ ਦੀ ਤਪਸ਼ ਏਸ਼ੀਆ, ਅਫ਼ਰੀਕਾ ਅਤੇ ਯੂਰਪ ਦੇ ਨਾਲ-ਨਾਲ ਅਮਰੀਕਾ 'ਚ ਵੀ ਪਹੁੰਚ ਚੁੱਕੀ ਹੈ। ਅਮਰੀਕਾ ਵਿਚ ਡੀਜ਼ਲ ਦੀ ਕੀਮਤਾਂ 25 ਪ੍ਰਤੀਸ਼ਤ ਤੱਕ ਵਧ ਗਈਆਂ ਹਨ। ਡੀਜ਼ਲ ਅਤੇ ਰਸਾਇਣਕ ਖਾਦਾਂ ਦੀ ਮਹਿੰਗਾਈ ਦਾ ਸਿੱਧਾ ਅਸਰ ਕਿਸਾਨਾਂ ਦੀ ਆਮਦਨੀ 'ਤੇ ਪੈ ਰਿਹਾ ਹੈ। ਰੋਜ਼ਮਰ੍ਹਾ ਦੀ ਵਰਤੋਂ ਦਾ ਸਾਮਾਨ ਮਹਿੰਗਾ ਹੋਣ ਕਾਰਨ ਟਰੰਪ ਦੇ ਸਮਰਥਕਾਂ ਵਿਚ ਵੀ ਨਾਰਾਜ਼ਗੀ ਹੈ।

ਜੰਗ ਦਾ ਵਿਰੋਧ ਕਰਨ ਵਾਲਿਆਂ ਦੀ ਗਿਣਤੀ 61 ਪ੍ਰਤੀਸ਼ਤ ਤੋਂ ਉੱਪਰ ਚਲੀ ਗਈ ਹੈ। ਟਰੰਪ ਦਾ ਆਪਣਾ ਜਨ-ਸਮਰਥਨ-ਇਤਿਹਾਸ ਦੇ ਨਿਊਨਤਮ ਬਿੰਦੂ 'ਤੇ ਹੈ। ਸੈਨੇਟ ਵਿਚ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦੇ ਸੈਨੇਟਰ ਰੱਖਿਆ ਮੰਤਰੀ ਹੇਗਸੇਥ ਅਤੇ ਵਿਦੇਸ਼ ਮੰਤਰੀ ਰੂਬਿਓ ਨੂੰ ਕਮੇਟੀਆਂ ਵਿਚ ਤਲਬ ਕਰਨ 'ਤੇ ਅੜੇ ਹੋਏ ਹਨ। ਨਵੰਬਰ ਵਿਚ ਹੋਣ ਵਾਲੀਆਂ ਸੰਸਦੀ ਚੋਣਾਂ ਵਿਚ ਜੇ ਟਰੰਪ ਦੀ ਰਿਪਬਲਿਕਨ ਪਾਰਟੀ ਨੇ ਕਾਂਗਰਸ ਵਿਚ ਆਪਣਾ ਬਹੁਮਤ ਗੁਆ ਦਿੱਤਾ ਤਾਂ ਟਰੰਪ 'ਤੇ ਮਹਾਦੋਸ਼ ਦੀ ਤਲਵਾਰ ਵੀ ਲਟਕਣ ਲੱਗੇਗੀ। ਇਸ ਲਈ ਉਹ ਹੁਣ ਇਸ ਜੰਗ ਨੂੰ ਕਿਸੇ ਸਮਝੌਤੇ ਨਾਲ ਖ਼ਤਮ ਕਰਨ ਲਈ ਰਾਹ ਲੱਭ ਰਹੇ ਹਨ। ਪਰ ਡੋਨਾਲਡ ਟਰੰਪ ਦੀ ਗੱਲਬਾਤ ਕਰਨ ਦੀ ਪੇਸ਼ਕਸ਼ ਨੂੰ ਈਰਾਨ ਨੇ ਠੁਕਰਾ ਦਿੱਤਾ ਹੈ। ਫਾਰਸ ਅਤੇ ਓਮਾਨ ਦੀਆਂ ਖਾੜੀਆਂ ਨੂੰ ਮਿਲਾਉਣ ਵਾਲੇ ਹੋਰਮੁਜ਼ ਜਲ ਮਾਰਗ ਦੀ ਚੌੜਾਈ ਇਸ ਦੇ ਮੋੜ 'ਤੇ ਸਿਰਫ਼ 21 ਸਮੁੰਦਰੀ ਮੀਲ ਹੈ ਜਿਸ ਵਿਚੋਂ 12 ਸਮੁੰਦਰੀ ਮੀਲ ਤੱਕ ਈਰਾਨ ਦੀ ਸਮੁੰਦਰੀ ਸਰਹੱਦ ਹੈ ਅਤੇ ਬਾਕੀ ਓਮਾਨ ਦੀ। ਦੋਹਾਂ ਦੇਸ਼ਾਂ ਦੀਆਂ ਜਲ-ਸੀਮਾਵਾਂ ਇਕ-ਦੂਜੇ ਨਾਲ ਜੁੜੀਆਂ ਹੋਈਆਂ ਹਨ ਪਰ ਸੰਯੁਕਤ ਰਾਸ਼ਟਰ ਦੇ ਜਲ ਮਾਰਗ ਕਾਨੂੰਨ ਮੁਤਾਬਕ ਇਹ ਦੋਵੇਂ ਦੇਸ਼ ਆਪਣੀਆਂ ਜਲ-ਸੀਮਾਵਾਂ ਤੋਂ ਹੋ ਕੇ ਗੁਜ਼ਰਨ ਵਾਲੇ ਜਹਾਜ਼ਾਂ ਨੂੰ ਰੋਕ ਨਹੀਂ ਸਕਦੇ। ਜਿਵੇਂ ਹਵਾਈ ਜਹਾਜ਼ਾਂ ਨੂੰ ਦੂਜੇ ਦੇਸ਼ਾਂ ਦੀ ਹਵਾਈ ਸੀਮਾ ਤੋਂ ਉਡਾਣ ਭਰਨ ਦਾ ਅਧਿਕਾਰ ਹੈ, ਉਸੇ ਤਰ੍ਹਾਂ ਸਮੁੰਦਰੀ ਜਹਾਜ਼ਾਂ ਨੂੰ ਜਲ-ਸੀਮਾ ਤੋਂ ਹੋ ਕੇ ਗੁਜ਼ਰਨ ਦਾ ਹੱਕ ਹੈ। ਇੱਥੇ ਸਮੱਸਿਆ ਅਧਿਕਾਰਾਂ ਦੀ ਨਹੀਂ, ਸਗੋਂ ਅੰਤਰਰਾਸ਼ਟਰੀ ਨਿਯਮਾਂ ਦੀ ਪਾਲਣਾ ਕਰਨ ਦੀ ਹੈ।

ਪਿਛਲੇ ਹਫ਼ਤੇ ਨਾਟੋ ਦੇ ਜਨਰਲ ਸਕੱਤਰ ਮਾਰਕ ਰੂਟਰ ਨੇ ਹੋਰਮੁਜ਼ ਖੁਲ੍ਹਵਾਉਣ ਲਈ ਨਾਟੋ ਦੇਸ਼ਾਂ ਸਮੇਤ ਤੀਹ ਦੇਸ਼ਾਂ ਦਾ ਸੰਗਠਨ ਬਣਾਉਣ ਦੀ ਗੱਲ ਆਖੀ ਤਾਂ ਈਰਾਨ ਦਾ ਕਹਿਣਾ ਸੀ ਕਿ ਹੋਰਮੁਜ਼ ਜਲ ਮਾਰਗ ਬੰਦ ਕਿੱਥੇ ਹੈ? ਮਿੱਤਰ ਦੇਸ਼ਾਂ ਦੇ ਜਹਾਜ਼ਾਂ ਲਈ ਤਾਂ ਖੁੱਲ੍ਹਾ ਹੈ। ਸਿਰਫ਼ ਅਮਰੀਕਾ, ਇਜ਼ਰਾਈਲ ਅਤੇ ਉਨ੍ਹਾਂ ਦੇ ਸਮਰਥਕ ਦੇਸ਼ਾਂ ਦੇ ਜਹਾਜ਼ਾਂ ਲਈ ਬੰਦ ਹੈ। ਉਨ੍ਹਾਂ ਨੂੰ ਜਾਣ ਲਈ ਭਾਰੀ ਚੁੰਗੀ ਅਦਾ ਕਰਨੀ ਹੋਵੇਗੀ। ਕਿੱਥੇ ਤਾਂ ਅਮਰੀਕਾ ਨੇ ਈਰਾਨ ਦੀ ਮੁੱਲਾਸ਼ਾਹੀ ਨੂੰ ਨੇਸਤੋਨਾਬੂਦ ਕਰਨ ਲਈ ਉਸ ਦੇ ਤੇਲ 'ਤੇ ਪਾਬੰਦੀ ਲਾ ਰੱਖੀ ਸੀ। ਕਿੱਥੇ ਹੁਣ ਈਰਾਨ ਨੇ ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਦੇ ਜਹਾਜ਼ਾਂ ਦੇ ਹੋਰਮੁਜ਼ ਤੋਂ ਗੁਜ਼ਰਨ 'ਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਹਨ। ਇਸ ਨੂੰ ਖੋਲ੍ਹਣ ਲਈ ਟਰੰਪ ਇਕ ਪਾਸੇ ਈਰਾਨ ਦੇ ਬਿਜਲੀਘਰ ਉਡਾਉਣ ਅਤੇ ਕਹਿਰ ਢਾਹੁਣ ਦੀ ਧਮਕੀ ਦੇ ਰਹੇ ਹਨ ਅਤੇ ਤੇਜ਼ ਹਮਲਿਆਂ ਵਿਚ ਮਾਹਿਰ ਮੈਰੀਨ ਅਤੇ ਪੈਰਾਸ਼ੂਟ ਸੈਨਿਕਾਂ ਨੂੰ ਖਾੜੀ ਵਿਚ ਤਾਇਨਾਤ ਕਰ ਰਹੇ ਹਨ। ਦੂਜੇ ਪਾਸੇ, ਧਮਕੀ ਦੀ ਸਮਾਂ ਹੱਦ ਵਧਾਉਂਦੇ ਜਾ ਰਹੇ ਹਨ।

ਜਿੱਥੇ ਟਰੰਪ ਈਰਾਨ ਦੀ ਲੜਾਈ ਨੂੰ ਹੋਰਮੁਜ਼ ਨੂੰ ਖੁੱਲ੍ਹਾ ਰੱਖਣ ਦੀ ਲੜਾਈ ਵਿਚ ਬਦਲ ਕੇ ਅੰਤਰਰਾਸ਼ਟਰੀ ਸਮੁਦਾਇ ਦਾ ਖੁੱਸਿਆ ਸਾਥ ਹਾਸਲ ਕਰਨ ਦੀ ਚਾਲ ਚੱਲ ਰਹੇ ਹਨ, ਓਥੇ ਹੀ ਈਰਾਨ ਯਮਨ ਦੇ ਹੂਤੀ ਸੰਗਠਨ ਨੂੰ ਵੀ ਲੜਾਈ ਵਿਚ ਉਤਾਰ ਕੇ ਉਸ ਬਾਬ-ਅਲ-ਮੰਦਾਬ ਜਲ ਮਾਰਗ ਨੂੰ ਰੋਕਣ ਦੀ ਤਿਆਰੀ ਕਰ ਰਿਹਾ ਹੈ ਜੋ ਲਾਲ ਸਾਗਰ ਤੋਂ ਹੋ ਕੇ ਸਵੇਜ ਨਹਿਰ ਤੱਕ ਲੈ ਜਾਂਦਾ ਹੈ। ਜੇ ਉਹ ਈਰਾਨ ਦੇ ਬਿਜਲੀਘਰਾਂ ਨੂੰ ਉਡਾਉਂਦੇ ਹਨ ਤਾਂ ਈਰਾਨ ਦੇ ਜਵਾਬੀ ਹਮਲਿਆਂ ਦੀ ਸ਼ੰਕਾ ਨਾਲ ਤੇਲ ਅਤੇ ਸ਼ੇਅਰ ਬਾਜ਼ਾਰਾਂ ਵਿਚ ਹੋਰ ਤਰਥੱਲੀ ਮਚੇਗੀ। ਜੇ ਫ਼ੌਜ ਨੂੰ ਈਰਾਨ ਦੇ ਖਾਂਰਗ ਜਾਂ ਕਿਸੇ ਹੋਰ ਟਾਪੂ 'ਤੇ ਉਤਾਰਦੇ ਹਨ ਤਾਂ ਬਾਜ਼ਾਰਾਂ ਵਿਚ ਤਰਥੱਲੀ ਦੇ ਨਾਲ-ਨਾਲ ਅਮਰੀਕਾ ਵਿਚ ਵੀ ਉਨ੍ਹਾਂ ਦਾ ਤਿੱਖਾ ਵਿਰੋਧ ਹੋਵੇਗਾ। ਅਮਰੀਕਾ ਤੇ ਕਈ ਹੋਰ ਮੁਲਕਾਂ ਵਿਚ 'ਨੋ ਕਿੰਗਜ਼ ਡੇ' ਮੌਕੇ ਟਰੰਪ ਵਿਰੁੱਧ ਹੋਏ ਜ਼ੋਰਦਾਰ ਮੁਜ਼ਾਹਰੇ ਵੀ ਉਨ੍ਹਾਂ ਦੀ ਚਿੰਤਾ ਹੋਰ ਵਧਾ ਗਏ ਹਨ। ਜੇ ਹੋਰਮੁਜ਼ ਖੁਲ੍ਹਵਾਏ ਬਿਨਾਂ ਵਾਪਸ ਆ ਜਾਂਦੇ ਹਨ ਤਾਂ ਉਨ੍ਹਾਂ ਨੂੰ ਹੋਰ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਸਪੱਸ਼ਟ ਨਜ਼ਰ ਆ ਰਿਹਾ ਹੈ ਕਿ ਇਹ ਤਾਣੀ ਅਜੇ ਹੋਰ ਉਲਝੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਡਮਰੂ ਤੇ ਜਲ-ਡਮਰੂ !

'ਧਾਰ' ਤੇਲ ਦੀ ਯਾਰੋ ਕੀ ਦੇਖਣੀ ਐਂ, ਭੁੱਖੜ ਆ ਪਏ ਨੇ ਤੇਲ ਭੰਡਾਰ ਉੱਤੇ।
ਚੱਕਾ ਚੱਲੇ ਵਿਕਾਸ ਦਾ ਨਾਲ ਜਿਹਦੇ, ਮੂਰਖ ਲੱਗ ਪਏ ਕਰਨ ਬੰਬਾਰ ਉੱਤੇ।
ਆਵੇ ਤਰਸ ਨਾ 'ਹੈਂਸਿਆਰਿਆਂ' ਨੂੰ, ਥਾਂਹ ਥਾਂਹ ਹੋ ਰਹੇ ਨਰ-ਸੰਘਾਰ ਉੱਤੇ।
ਪੈ ਰਹੀਆਂ ਹਨ ਲਾਹਣਤਾਂ ਜੱਗ ਵਲੋਂ, ਚੌਧਰ-ਪੁਣੇ ਦੇ ਚੜ੍ਹ ਗਏ ਹੰਕਾਰ ਉੱਤੇ।
ਉਹਦੇ ਕੰਨਾਂ ਤੱਕ 'ਵਾਜ਼ ਪਹੁੰਚਾ ਦੇਈਏ, ਅਮਨ ਚੈਨ ਜੋ ਦੁਨੀਆਂ ਤੋਂ ਖੋਹਣ ਲੱਗਾ।
ਡਮਰੂ ਸ਼ਿਵਜੀ ਦੇ ਹੱਥਾਂ ਵਿੱਚ ਸੋਭਦਾ ਸੀ, ਤਾਂਡਵ-ਨਾਚ ਜਲ-ਡਮਰੂ 'ਤੇ ਹੋਣ ਲੱਗਾ !

# ਚੜ੍ਹਦਾ ਭਾਰਤ - ਉਡਦੀ ਸਿੱਖਿਆ !

ਪਿਛਲੇ ਇੱਕ ਦਹਾਕੇ ਵਿਚ ਲਗਭਗ 94,000 ਸਰਕਾਰੀ ਸਕੂਲ ਪੂਰੇ ਦੇਸ਼ ਵਿਚ ਬੰਦ ਹੋਏ ਹਨ। ਦੇਸ਼ ਦਾ ਹਾਕਮ ਪੂਰੇ ਮਾਣ ਨਾਲ ਇਹ ਹੁੱਬ ਕੇ ਦਸਦਾ ਹੈ ਕਿ ਇੱਥੇ ਪਹਾੜੀ ਅਤੇ ਦੂਰ-ਦੁਰਾਡੇ ਜੰਗਲ ਵਿਚ ਇੱਕ ਵੋਟਰ ਲਈ ਪੋਲਿੰਗ ਸਟੇਸ਼ਨ ਬਣਦਾ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਇੱਕ ਬੱਚੇ ਲਈ, ਜੋ ਪੜ੍ਹਨਾ ਚਾਹੁੰਦਾ ਹੈ, ਇੱਕ ਸਕੂਲ ਨੂੰ ਉਸ ਲਈ ਚੱਲਦਾ ਕਿਉਂ ਨਹੀਂ ਰੱਖ ਸਕਦਾ?

ਪਿਛਲੇ ਦਿਨੀਂ ਸੰਸਦ ਵਿਚ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿਚ ਸਿੱਖਿਆ ਮੰਤਰਾਲੇ ਨੇ ਦੱਸਿਆ ਕਿ ਸਾਲ 2014-15 ਵਿਚ ਦੇਸ਼ ਵਿਚ 11 ਲੱਖ 7 ਹਜ਼ਾਰ101 ਸਰਕਾਰੀ ਸਕੂਲ ਸਨ, ਜੋ ਸਾਲ 2024-25 ਵਿਚ ਘੱਟ ਕੇ 10 ਲੱਖ 13 ਹਜ਼ਾਰ 222 ਰਹਿ ਗਏ। ਜਾਣੀ 93 ਹਜ਼ਾਰ 779 ਸਕੂਲ ਬੰਦ ਕਰ ਦਿੱਤੇ ਗਏ। ਸਿੱਧਾ ਅਰਥ ਇਹ ਕਿ ਬੀਤੇ 10 ਸਾਲਾਂ



ਗੁਰਮੀਤ ਸਿੰਘ ਪਲਾਹੀ
ਫੋਨ: 9815802070

ਵਿਚ ਹਰ ਰੋਜ਼ 25 ਸਰਕਾਰੀ ਸਕੂਲ ਬੰਦ ਕਰ ਦਿੱਤੇ ਗਏ। ਦੂਜੇ ਪਾਸੇ ਇਹ ਵੱਡਾ ਸੱਚ ਵੀ ਸਾਹਮਣੇ ਆਇਆ ਕਿ ਇਸ ਸਮੇਂ ਦੌਰਾਨ 51 ਹਜ਼ਾਰ ਪ੍ਰਾਈਵੇਟ ਨਿੱਜੀ ਸਕੂਲ ਨਵੇਂ ਖੁਲ੍ਹੇ। ਵਰਣਨਯੋਗ ਹੈ ਕਿ ਔਸਤਨ ਸਰਕਾਰੀ ਸਕੂਲ 'ਚ 2,863 ਰੁਪਏ ਅਤੇ ਪ੍ਰਾਈਵੇਟ ਸਕੂਲ 'ਚ 25,002 ਰੁਪਏ ਇੱਕ ਵਿਦਿਆਰਥੀ ਦਾ ਖ਼ਰਚਾ ਹੈ।

ਇਨ੍ਹਾਂ ਦਸ ਵਰ੍ਹਿਆਂ ਦੌਰਾਨ ਸਰਕਾਰੀ ਸਕੂਲਾਂ ਵਿਚ ਸਵਾ ਦੋ ਕਰੋੜ ਵਿਦਿਆਰਥੀਆਂ ਦੀ ਐਨਰੋਲਮੈਂਟ (ਦਾਖ਼ਲਾ) 'ਚ ਕਮੀ ਆਈ ਜਦ ਕਿ ਇਨ੍ਹਾਂ ਵਿਚੋਂ ਨਿੱਜੀ ਸਕੂਲਾਂ 'ਚ ਇੱਕ ਕਰੋੜ ਬਾਰਾਂ ਲੱਖ ਵਿਦਿਆਰਥੀਆਂ ਨੇ ਦਾਖ਼ਲਾ ਲਿਆ ਅਤੇ ਇੱਕ ਕਰੋੜ ਬਾਰਾਂ ਲੱਖ ਵਿਦਿਆਰਥੀ ਸਕੂਲਾਂ ਤੋਂ ਬਾਹਰ ਭਾਵ ਸਿੱਖਿਆ ਤੰਤਰ ਤੋਂ ਬਾਹਰ ਚਲੇ ਗਏ। ਸਿੱਧਾ ਅਰਥ ਇਹ ਨਿਕਲਿਆ ਕਿ ਹਰ ਪੜ੍ਹਨਯੋਗ ਪੰਜਵਾਂ ਬੱਚਾ ਸਕੂਲੋਂ ਬਾਹਰ ਕਰ ਦਿੱਤਾ ਗਿਆ।

2014-15 ਵਿਚ ਦੇਸ਼ ਦੀ ਕੁੱਲ ਅਬਾਦੀ 130 ਕਰੋੜ 90 ਲੱਖ ਸੀ। ਕੁੱਲ ਸਰਕਾਰੀ ਅਤੇ ਪ੍ਰਾਈਵੇਟ 15 ਲੱਖ 16 ਹਜ਼ਾਰ 892 ਸਕੂਲ ਸਨ, ਜਿਨ੍ਹਾਂ ਵਿਚ 26 ਕਰੋੜ 95 ਲੱਖ 6 ਹਜ਼ਾਰ 270 ਵਿਦਿਆਰਥੀ ਪੜ੍ਹਦੇ ਸਨ। 2024-25 'ਚ ਅਬਾਦੀ 15 ਕਰੋੜ 4 ਲੱਖ ਵਧ ਗਈ। ਭਾਵ ਅਬਾਦੀ 146 ਕਰੋੜ 30 ਲੱਖ ਹੋ ਗਈ, ਕੁੱਲ ਸਕੂਲ 14 ਲੱਖ 71 ਹਜ਼ਾਰ 473 ਰਹਿ ਗਏ ਅਤੇ ਵਿਦਿਆਰਥੀ ਦੀ ਗਿਣਤੀ 24 ਕਰੋੜ 69 ਲੱਖ 32 ਹਜ਼ਾਰ 680 ਤੱਕ ਸਿਮਟ ਗਈ। ਜੇਕਰ ਵਿਦਿਆਰਥੀ ਐਨਰੋਲਮੈਂਟ ਵੇਖੀ ਜਾਵੇ ਤਾਂ ਇਹ ਸਿੱਧਾ ਲਗਭਗ 20 ਫ਼ੀਸਦੀ ਦਾ ਗਿਰਾਵਟ ਅੰਤਰ ਦਸਦੀ ਹੈ।

ਸਕੂਲ ਬੰਦ ਹੋਣ ਦੀ ਪ੍ਰਵਿਰਤੀ ਉੱਤਰੀ ਅਤੇ ਪੂਰਬੀ ਸੂਬਿਆਂ 'ਚ ਵੱਧ ਵੇਖਣ ਨੂੰ ਮਿਲੀ, ਜਿਥੇ ਮੱਧ ਪ੍ਰਦੇਸ਼ ਵਿਚ 30 ਹਜ਼ਾਰ ਅਤੇ ਉੱਤਰ ਪ੍ਰਦੇਸ਼ ਵਿਚ 25 ਹਜ਼ਾਰ ਸਕੂਲ ਬੰਦ ਹੋ ਗਏ, ਜਦ ਕਿ ਦੱਖਣੀ ਸੂਬਿਆਂ ਤਾਮਿਲਨਾਡੂ ਅਤੇ ਕੇਰਲ ਵਿਚ ਕਰਮਵਾਰ 285 ਅਤੇ 296 ਸਕੂਲ ਹੀ ਬੰਦ ਹੋਏ।

ਸਰਕਾਰ ਦੀ ਨੀਅਤ ਅਤੇ ਨੀਤੀ ਇਸ ਤੱਥ ਤੋਂ ਸਪਸ਼ਟ ਹੁੰਦੀ ਹੈ ਕਿ ਆਪਣੀ ਨਿੱਜੀਕਰਨ ਦੀ ਪਾਲਿਸੀ ਦੇ ਅਧੀਨ ਸਰਕਾਰੀ ਸਕੂਲਾਂ ਤੋਂ ਬਾਹਰ ਹੋਏ ਵਿਦਿਆਰਥੀਆਂ ਵਿਚੋਂ ਅੱਧੇ ਨਿਜੀ ਸਕੂਲਾਂ 'ਚ ਦਾਖ਼ਲ ਹੋਏ, ਜਿੱਥੇ ਉਨ੍ਹਾਂ ਨੂੰ ਮਹਿੰਗੀ ਸਿੱਖਿਆ ਲੈਣ ਲਈ ਮਜਬੂਰ ਹੋਣਾ ਪਿਆ। 2014-15 ਵਿਚ 11 ਲੱਖ 7 ਹਜ਼ਾਰ ਤੋਂ ਵਧ ਸਰਕਾਰੀ ਸਕੂਲਾਂ ਵਿਚ 14 ਕਰੋੜ 40 ਲੱਖ 81 ਹਜ਼ਾਰ ਤੋਂ ਵੱਧ ਵਿਦਿਆਰਥੀ ਪੜ੍ਹਦੇ ਸਨ ਜਦ ਕਿ ਦੋ ਲੱਖ 88 ਹਜ਼ਾਰ ਤੋਂ ਵੱਧ ਨਿੱਜੀ ਸਕੂਲਾਂ ਵਿਚ 8 ਕਰੋੜ 46 ਲੱਖ 42 ਹਜ਼ਾਰ ਤੋਂ ਵੱਧ ਵਿਦਿਆਰਥੀ ਪੜ੍ਹਦੇ ਸਨ। 2024-25 ਵਿਚ ਸਰਕਾਰੀ ਸਕੂਲ ਘੱਟ ਕੇ 10 ਲੱਖ 13 ਹਜ਼ਾਰ ਤੋਂ ਕੁਝ ਵੱਧ ਰਹਿ ਗਏ। ਸਕੂਲਾਂ 'ਚ ਵਿਦਿਆਰਥੀਆਂ ਦੀ ਗਿਣਤੀ ਘਟ ਕੇ 12 ਕਰੋੜ 15 ਲੱਖ, ਲਗਭਗ 90 ਹਜ਼ਾਰ ਰਹਿ ਗਈ ਜਦ ਕਿ ਨਿੱਜੀ ਸਕੂਲ ਵਧ ਕੇ 3 ਲੱਖ 40 ਹਜ਼ਾਰ ਹੋ ਗਏ ਅਤੇ ਵਿਦਿਆਰਥੀ ਵੱਧ ਕੇ 9 ਕਰੋੜ 58 ਲੱਖ 56 ਹਜ਼ਾਰ ਤੋਂ ਕੁਝ ਉੱਪਰ ਚਲੇ ਗਏ।

ਅੰਕੜਿਆਂ ਅਤੇ ਪ੍ਰਾਪਤ ਸੂਚਨਾਵਾਂ ਤੋਂ ਸਪਸ਼ਟ ਵਿਖਾਈ ਦਿੰਦਾ ਹੈ ਕਿ ਮੌਜੂਦਾ ਸਰਕਾਰ ਸਿੱਖਿਆ ਪ੍ਰਤੀ ਫ਼ਰਜ਼ਾਂ ਤੋਂ ਉਵੇਂ ਦੀ ਹੀ ਕੁਤਾਹੀ ਕਰ ਰਹੀ ਹੈ, ਜਿਵੇਂ ਦੀ ਸਿਹਤ ਸੁਵਿਧਾਵਾਂ ਪ੍ਰਤੀ ਹੈ। ਕਰੋਨਾ ਕਾਲ ਇਸਦਾ ਗਵਾਹ ਹੈ, ਜਦੋਂ ਸਿਹਤ ਸੁਵਿਧਾਵਾਂ ਦਾ ਦੀਵਾਲਾ ਨਿਕਲਿਆ ਦਿਸਿਆ। ਸਿੱਖਿਆ ਖੇਤਰ ਵੀ ਉਦੋਂ ਚਰਮਰਾ ਗਿਆ ਸੀ।

ਕਹਿਣ ਨੂੰ ਤਾਂ ਭਾਵੇਂ ਸਿਹਤ ਅਤੇ ਸਿੱਖਿਆ ਸਰਕਾਰਾਂ ਦੀਆਂ ਮੁੱਖ ਤਰਜੀਹਾਂ ਹਨ, ਪਰ ਅਸਲ ਅਰਥਾਂ 'ਚ ਸਰਕਾਰ, ਲੋਕ ਸਰੋਕਾਰਾਂ ਤੋਂ ਅੱਖਾਂ ਮੀਟ ਕੇ ਬੈਠੀ ਹੋਈ ਹੈ। ਨਵੀਂ ਸਿੱਖਿਆ ਨੀਤੀ ਦੀਆਂ ਵੱਡੀਆਂ ਗੱਲਾਂ ਹੋ ਰਹੀਆਂ ਹਨ। ਪੀਐੱਮ ਸ਼੍ਰੀ (ਪੀਐੱਮ ਸਕੂਲਜ਼ ਫਾਰ ਰਾਈਜ਼ਿੰਗ ਇੰਡੀਆ) ਯੋਜਨਾ ਸਮੇਤ ਹੋਰ ਬਹੁਤ ਸਾਰੀਆਂ ਪੀ.ਐੱਮ. ਦੇ ਨਾਂਅ ਵਾਲੀਆਂ ਯੋਜਨਾਵਾਂ ਲਗਭਗ ਫੇਲ੍ਹ ਹੋ ਰਹੀਆਂ ਹਨ, ਜਿਹੜੀਆਂ ਸਿਰਫ਼ ਪ੍ਰਚਾਰ ਦੀ ਖ਼ਾਤਰ ਆਰੰਭੀਆਂ ਗਈਆਂ ਅਤੇ ਵੋਟਰਾਂ ਨੂੰ ਭਰਮ ਜਾਲ 'ਚ ਫਸਾਉਣ ਦਾ ਯਤਨ ਹੈ। ਪਰ ਜਿਹੜੇ ਲੋਕਾਂ ਦੇ ਅਸਲ ਸਰੋਕਾਰ ਹਨ, ਜਿਹੜੇ ਲੋਕ ਸੋਚ ਅਤੇ ਵਿਚਾਰ ਨਾਲ ਜੁੜੇ ਹਨ, ਉਨ੍ਹਾਂ ਨੂੰ ਖੁੰਡਿਆ ਕਰਨ ਅਤੇ ਧਰਮ ਜਾਲ 'ਚ ਫਸਾਉਣ ਦੀ ਸਾਜ਼ਿਸ਼ ਪਿਛਲੇ ਦਹਾਕੇ ਤੋਂ ਪੂਰੇ ਜ਼ੋਰ 'ਤੇ ਹੈ। ਸਵਾਲ ਉੱਠਦਾ ਹੈ ਕਿ ਭਾਰਤੀ ਸੰਵਿਧਾਨ 'ਚ ਦਰਜ ਸਿੱਖਿਆ ਦਾ ਮੁਢਲਾ ਅਧਿਕਾਰ ਸਰਕਾਰ ਦੀ ਪਹਿਲ ਕਿਉਂ ਨਹੀਂ ਹੈ? ਕਿਉਂ ਸਿੱਖਿਆ ਨਿੱਜੀਕਰਨ ਦੇ ਰਾਹ ਪਾ ਕੇ 'ਅਮੀਰਾਂ ਦਾ ਹੱਕ' ਬਣਾਈ ਜਾ ਰਹੀ ਹੈ? ਕਿਉਂ ਹਰ ਇੱਕ ਨੂੰ ਬਰਾਬਰ ਦੀ ਸਿੱਖਿਆ ਪ੍ਰਦਾਨ ਕਰਨ ਵੱਲ ਮੋੜਾ ਨਹੀਂ ਕੱਟਿਆ ਜਾ ਰਿਹਾ?

ਹਾਕਮਾਂ ਦੀਆਂ ਗਲਤ ਆਰਥਿਕ ਨੀਤੀਆਂ ਕਾਰਨ ਦੇਸ਼ ਦਾ ਗ਼ਰੀਬ ਵਰਗ ਪ੍ਰੇਸ਼ਾਨ ਹੈ। ਗ਼ਰੀਬ ਦੇ ਬੱਚੇ ਮਹਿੰਗਾਈ ਦੀ ਮਾਰ ਸਹਿੰਦੇ, ਸਿੱਖਿਆ ਤੋਂ ਦੂਰ ਕੀਤੇ ਜਾ ਰਹੇ ਹਨ। ਹਜ਼ਾਰਾਂ ਨਹੀਂ ਲੱਖਾਂ ਬੱਚੇ ਸਕੂਲ ਨਹੀਂ ਜਾ ਪਾਉਂਦੇ। ਬਾਲ ਮਜ਼ਦੂਰੀ ਵੱਲ ਧੱਕੇ ਜਾ ਰਹੇ ਹਨ। ਸਕੂਲਾਂ ਵਿਚ ਪ੍ਰਾਇਮਰੀ ਸਿੱਖਿਆ ਉਪਰੰਤ ਹਾਈ ਸਕੂਲ ਤੇ ਉਚੇਰੀ ਸਿੱਖਿਆ ਤੱਕ ਪਹੁੰਚ ਬੇਹੱਦ ਔਖੀ ਹੋ ਗਈ ਹੈ। ਭਾਰਤ ਦੀਆਂ ਆਰਥਿਕ ਨੀਤੀਆਂ ਇਸ ਭਰਮ ਵਿਚ ਹਨ ਕਿ ਦੇਸ਼ ਤੇਜ਼ੀ ਨਾਲ ਉਭਰਦੀ ਅਰਥ ਵਿਵਸਥਾ ਬਣਦਾ ਜਾ ਰਿਹਾ ਹੈ। ਇਸਦੇ ਚਲਦਿਆਂ ਵਿਦੇਸ਼ੀ ਨਿਵੇਸ਼ ਭਾਰਤ ਦੇ ਬਜ਼ਾਰਾਂ 'ਚ ਆ ਰਿਹਾ ਹੈ। ਕਾਰਪੋਰੇਟਾਂ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ। ਜਿਸਦਾ ਸਿੱਧਾ ਅਸਰ ਭਾਰਤੀ ਬਜ਼ਾਰ 'ਤੇ ਵੇਖਿਆ ਜਾ ਰਿਹਾ ਹੈ ਅਤੇ ਜਿਸਦਾ ਸਭ ਤੋਂ ਵੱਧ ਅਸਰ ਆਮ ਆਦਮੀ 'ਤੇ ਪੈਂਦਾ ਹੈ। ਭਾਰਤ ਅੱਜ ਜਦੋਂ ਤੇਜ਼ੀ ਨਾਲ ਅੱਗੇ ਵੱਧਣ ਦਾ ਸੁਪਨਾ ਪਾਲ ਰਿਹਾ ਹੈ, ਇਸ ਸਥਿਤੀ 'ਚ ਸਮਾਜ ਦਾ ਅਸੰਗਠਿਤ ਖੇਤਰ (ਜੋ ਲਗਭਗ 44 ਕਰੋੜ ਲੋਕ ਹਨ) ਸੰਕਟ 'ਚ ਫਸ ਰਿਹਾ ਹੈ। ਜੇਕਰ ਸਰਕਾਰੀ ਨੀਤੀਆਂ ਇਹੋ ਰਹੀਆਂ ਤਾਂ ਆਮ ਆਦਮੀ ਲਈ ਸਿੱਖਿਆ ਤੱਕ ਪਹੁੰਚ ਹੋਰ ਵੀ ਔਖੀ ਹੋ ਜਾਏਗੀ, ਉਹ ਸਿਰਫ਼ ਜੀਊਣ ਲਈ ਅੰਨ ਕਮਾਉਣ ਜੋਗਾ, ਅਤੇ ਮੁੜ ਸਰਕਾਰੀ ਖ਼ੈਰਾਤ (ਮੁਫ਼ਤ ਅਨਾਜ ਤੇ ਹੋਰ ਸੁਵਿਧਾਵਾਂ) ਤੱਕ ਸੀਮਤ ਹੋ ਕੇ ਰਹਿ ਜਾਏਗਾ। ਜਿਸ ਦਾ ਅਰਥ ਉਸਦੇ ਬੱਚਿਆਂ ਦੀ ਸਕੂਲ ਤੋਂ ਦੂਰੀ ਹੋਰ ਵੀ ਵੱਧ ਜਾਏਗੀ। ਭਾਰਤ ਡਿਜੀਟਲ ਹੁੰਦਿਆਂ ਵੀ ਪਿਛਲਖੁਰੀ ਤੁਰਦਾ ਵਿਖਾਈ ਦੇਵੇਗਾ।

ਵੇਖਣ-ਪਾਖਣ ਦੀ ਗੱਲ ਤਾਂ ਇਹ ਹੈ ਕਿ ਸਰਕਾਰ ਦੀਆਂ ਤਰਜੀਹਾਂ ਕੀ ਹਨ? ਕੀ ਲੋਕ-ਹਿੱਤ, ਲੋਕ-ਭਲਾਈ, ਲੋਕ-ਸਰੋਕਾਰ ਉਸਦਾ ਮੁੱਢਲਾ ਉਦੇਸ਼ ਹੈ ਤਾਂ ਸਰਕਾਰ ਲੋਕ-ਹਿਤੈਸ਼ੀ ਹੈ। ਜੇਕਰ ਉਸਦਾ ਉਦੇਸ਼ ਲੋਕ ਮਾਰੂ ਕਾਨੂੰਨ ਬਣਾਉਣਾ, ਸੰਵਿਧਾਨਕ ਕਦਰਾਂ-ਕੀਮਤਾਂ, ਨਾਗਰਿਕਾਂ ਦੇ ਮੁੱਢਲੇ ਅਧਿਕਾਰਾਂ ਨੂੰ ਪੈਰਾਂ ਹੇਠ ਮਧੋਲਣਾ ਹੈ ਤਾਂ ਉਹ ਲੋਕ ਮਾਰੂ ਸਰਕਾਰ ਹੈ।

ਪਿਛਲੇ ਸਾਲਾਂ ਤੋਂ ਨਿੱਜੀਕਰਨ ਸਰਕਾਰ ਦਾ ਮੁੱਖ ਏਜੰਡਾ ਹੈ। ਕਾਰਪੋਰੇਟਾਂ ਦੇ ਹੱਥਾਂ 'ਚ ਖੇਡਣਾ ਉਸਦੀ ਵੱਡੀ ਪਹਿਲ ਹੈ। ਕੁਦਰਤੀ ਸਾਧਨਾਂ ਦੀ ਬੇਰੋਕ-ਟੋਕ ਵਰਤੋਂ, ਰੇਲਵੇ, ਏਅਰਪੋਰਟਾਂ, ਖਾਨਾਂ ਅਤੇ ਸਰਕਾਰੀ ਫੈਕਟਰੀਆਂ ਦਾ ਨਿੱਜੀਕਰਨ ਮਜ਼ਦੂਰਾਂ ਲਈ ਕਾਲੇ ਕਾਨੂੰਨ, ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣ ਦੀ ਸਾਜ਼ਿਸ਼ ਉਸਦੀ ਮੁੱਖ ਤਰਜੀਹ ਹੈ। ਜਿਹੜਾ ਅਸਲ ਅਰਥਾਂ 'ਚ ਆਮ ਆਦਮੀ ਦੀਆਂ ਮੁੱਢਲੀਆਂ ਸੁਵਿਧਾਵਾਂ, ਸਾਧਨਾਂ ਅਤੇ ਹੱਕਾਂ ਉੱਤੇ ਡਾਕਾ ਪਾਉਣ ਸਮਾਨ ਹਨ। ਜੇਕਰ ਮਜ਼ਦੂਰ ਕਿਸਾਨ ਦੇ ਪੱਲੇ ਸਾਧਨ ਹੀ ਨਹੀਂ ਹੋਵੇਗਾ, ਉਹ ਆਪਣੀ ਔਲਾਦ ਨੂੰ ਸਾਧਨਾਂ ਤੋਂ ਬਿਨਾਂ ਸਿੱਖਿਆ ਕਿਵੇਂ ਦੁਆ ਸਕੇਗੀ? ਅਤੇ ਜਦੋਂ ਸਰਕਾਰ ਵੱਲੋਂ ਆਮ ਆਦਮੀ ਲਈ ਸਿੱਖਿਆ ਲਈ ਪ੍ਰਬੰਧ ਚੰਗੇਰੇ ਨਹੀਂ ਕੀਤੇ ਹੋਣਗੇ ਤਾਂ ਅਗਲੀ ਪੀੜ੍ਹੀ ਪੜ੍ਹ ਕਿਵੇਂ ਸਕੇਗੀ? ਚੰਗੇ ਨਾਗਰਿਕ ਕਿਵੇਂ ਬਣੇਗੀ?

ਸਰਕਾਰ ਦੀ ਸਿੱਖਿਆ ਬੇਰੁਖ਼ੀ ਇਸ ਪੱਖ ਤੋਂ ਵੀ ਵੇਖਣਯੋਗ ਹੈ ਕਿ ਨੈਸ਼ਨਲ ਸਿੱਖਿਆ ਪਾਲਿਸੀ-2020 ਅਧੀਨ ਸਾਲ 2020 'ਚ ਜੀ.ਡੀ.ਪੀ. ਦਾ 6 ਫ਼ੀਸਦੀ ਫੰਡ ਪਬਲਿਕ ਸਿੱਖਿਆ ਉੱਤੇ ਵਰਤੇ ਜਾਣ ਦੀ ਸਿਫਾਰਿਸ਼ ਸੀ, ਪਰ ਸਰਕਾਰ ਨੇ ਬਜਟ ਵਿਚ ਕਦੇ ਵੀ 3 ਤੋਂ 3.5 ਪ੍ਰਤੀਸ਼ਤ ਤੋਂ ਵੱਧ ਸਿੱਖਿਆ ਲਈ ਨਹੀਂ ਰੱਖਿਆ। ਸਰਕਾਰੀ ਸਕੂਲਾਂ 'ਚ ਬੁਨਿਆਦੀ ਢਾਂਚਾ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਵਿਦਿਆਰਥੀਆਂ ਲਈ ਕਮਰੇ ਨਹੀਂ ਹਨ, ਟਾਇਲਟ, ਪੀਣ ਦੇ ਪਾਣੀ, ਇਥੋਂ ਤੱਕ ਕਿ ਬਿਜਲੀ ਸੁਵਿਧਾਵਾਂ ਦੀ ਕਮੀ ਹੈ। ਟੀਚਰਾਂ ਦੀਆਂ ਸਕੂਲਾਂ 'ਚ ਅਸਾਮੀਆਂ ਖਾਲੀ ਪਈਆਂ ਹਨ। ਜਿਸ ਵੱਲ ਧਿਆਨ ਕਰਨ ਦੀ ਸਰਕਾਰ ਕਦੇ ਲੋੜ ਹੀ ਮਹਿਸੂਸ ਨਹੀਂ ਕਰਦੀ। ਇੱਕ ਲੱਖ 52 ਹਜ਼ਾਰ ਸਕੂਲ ਬਿਜਲੀ ਤੋਂ ਬਿਨਾ ਹਨ। ਉਪਰੋਂ ਪੀ.ਐੱਮ ਸ਼੍ਰੀ ਯੋਜਨਾ ਤਹਿਤ 14,500 ਸਕੂਲ ਖੋਲ੍ਹ ਕੇ ਇੱਕ ਨਵਾਂ ਬਿਰਤਾਂਤ ਸਿਰਜਿਆ ਜਾ ਰਿਹਾ ਹੈ।

2009 'ਚ ਸਰਕਾਰ ਵੱਲੋਂ ਸਿੱਖਿਆ ਅਧਿਕਾਰ ਕਾਨੂੰਨ ਆਰ.ਟੀ.ਆਈ. ਐਕਟ-2009 ਪਾਸ ਕੀਤਾ ਗਿਆ। 6 ਤੋਂ 14 ਸਾਲ ਦੇ ਬੱਚਿਆਂ ਲਈ ਮੁਫ਼ਤ ਅਤੇ ਜ਼ਰੂਰੀ ਸਿੱਖਿਆ ਦਾ ਇਸ ਵਿਚ ਪ੍ਰਾਵਾਧਾਨ ਸੀ। ਨੈਸ਼ਨਲ ਐਜੂਕੇਸ਼ਨ ਪਾਲਿਸੀ (ਐੱਨ. ਈ.ਸੀ.)-2020 ਨਾਲ 34 ਸਾਲ ਪਹਿਲੀ ਐੱਨ.ਈ.ਸੀ. 1986 ਬਦਲੀ ਗਈ। ਪਰ ਜ਼ਮੀਨੀ ਪੱਧਰ ਉੱਤੇ ਆਮ ਆਦਮੀ ਪੱਲੇ ਸਿੱਖਿਆ ਖੇਤਰ 'ਚ ਨਿਰਾਸ਼ਾ ਹੀ ਪਈ ਹੈ। ਉਨ੍ਹਾਂ ਦੇ ਬੱਚਿਆਂ ਦੀ ਪਹੁੰਚ ਡਿਜੀਟਲ ਖੇਤਰ ਤੋਂ ਦੂਰ ਹੈ।

ਇੱਕ ਲੱਖ ਸਰਕਾਰੀ ਸਕੂਲ ਇੱਕੋ ਟੀਚਰ ਨਾਲ ਚਲਾਏ ਜਾ ਰਹੇ ਹਨ, ਜਿਨ੍ਹਾਂ 'ਚ ਵਿਦਿਆਰਥੀਆਂ ਦੀ ਗਿਣਤੀ 33 ਲੱਖ ਹੈ। ਕੀ ਇਹੋ-ਜਿਹੀ ਸਕੂਲੀ ਸਿੱਖਿਆ ਆਮ ਆਦਮੀ ਦੇ ਬੱਚਿਆਂ ਦਾ ਕੁੱਝ ਸੁਆਰਨ ਯੋਗ ਹੈ? ਸਰਕਾਰੀ ਸਕੂਲ ਬੰਦ ਕੀਤੇ ਜਾ ਰਹੇ ਹਨ, ਵਿਚ-ਵਿਚਾਲੇ ਸਕੂਲ ਛੱਡਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸੈਕੰਡਰੀ ਪੱਧਰ ਤੱਕ 8.2 ਪ੍ਰਤੀਸ਼ਤ ਆਂਕੀ ਗਈ। ਕੀ ਇਹ ਦੇਸ਼ ਵਿਚੋਂ ਉੱਡ ਰਹੀ ਸਿੱਖਿਆ ਦੀ ਨਿਸ਼ਾਨੀ ਨਹੀਂ ਹੈ?

ਇੱਕ ਪਾਸੇ ਫਾਈਵ ਸਟਾਰ ਪਬਲਿਕ ਸਕੂਲ ਹਨ, ਦੂਜੇ ਪਾਸੇ ਤੱਪੜਾਂ, ਬੋਰੀਆਂ ਵਾਲੇ ਛੱਤਾਂ ਤੋਂ ਸੱਖਣੇ, ਸਹੂਲਤਾਂ ਤੋਂ ਊਣੇ ਸਰਕਾਰੀ ਸਕੂਲ ਹਨ, ਜਿੱਥੇ ਬਿਜਲੀ, ਪਾਣੀ, ਖੇਡ ਮੈਦਾਨ ਤੇ ਹੋਰ ਸੁਵਿਧਾਵਾਂ ਨਹੀਂ ਹਨ। ਤਦ ਫਿਰ ਰਾਈਜ਼ਿੰਗ ਇੰਡੀਆ ਦੀ ਕਲਪਨਾ ਸਧਾਰਨ ਵਿਦਿਆਰਥੀਆਂ ਦੇ ਅੱਖਾਂ ਦਾ ਸੁਪਨਾ ਕਿਵੇਂ ਬਣੇਗੀ?

ਸ਼ੀਸ਼ ਮਹਿਲਾਂ ਵਿਚ ਰਹਿਣ ਵਾਲੇ ਹੁਕਮਰਾਨ ਅਮੀਰ-ਗਰੀਬ 'ਚ ਖਾਈ ਵਧਾਈ ਜਾ ਰਹੇ ਹਨ, ਜਿੱਥੇ ਦੋ ਵਰਗਾਂ ਵਿਚ ਵਿਵਾਦ ਲਗਾਤਾਰ ਵਧਦਾ ਜਾ ਰਿਹਾ ਹੈ। ਜਿਵੇਂ ਦੇਸ਼ ਭਾਰਤ ਦੀਆਂ ਆਰਥਿਕ ਨੀਤੀਆਂ ਨਿੱਤ ਭਰਮ 'ਚ ਉਲਝਾਈਆਂ ਜਾ ਰਹੀਆਂ ਹਨ, ਉਵੇਂ ਦਾ ਭਰਮ ਜਾਲ, ਸਿੱਖਿਆ ਖੇਤਰ 'ਚ ਆਪਣਾ ਦਾਇਰਾ ਵੱਡਾ ਕਰ ਰਿਹਾ ਹੈ, ਜੋ ਆਮ ਆਦਮੀ ਦੀ ਸਿੱਖਿਆ ਤੋਂ ਦੂਰੀ ਹੋਰ ਵਧਾ ਦੇਵੇਗਾ।

ਸੁਵਿਧਾਵਾਂ ਲਈ ਕਤਾਰ ਅਤੇ ਉਡੀਕ ਹਾਕਮ ਜਮਾਤ ਵੱਲੋਂ ਭਾਰਤ 'ਚ ਆਮ ਆਦਮੀ ਦੇ ਪੱਲੇ ਪਾ ਦਿੱਤੀ ਗਈ ਹੈ ਜੋ ਊਠ ਦਾ ਬੁਲ੍ਹ ਹੁਣ ਵੀ ਡਿੱਗਿਆ, ਹੁਣ ਵੀ ਡਿੱਗਿਆ ਦੀ ਉਡੀਕ ਵਾਂਗ ਪ੍ਰਤੀ ਦਿਨ ਵਧਦੀ ਹੀ ਜਾ ਰਹੀ ਹੈ। ਰਾਈਜ਼ਿੰਗ ਇੰਡੀਆ, ਚੜ੍ਹਦੇ-ਉੱਡਦੇ ਭਾਰਤ ਵਰਗੀ ਮਿਰਗ ਤ੍ਰਿਸ਼ਨਾ, ਭਾਰਤੀ ਨਾਗਰਿਕ ਦੇ ਮੁੱਢਲੇ ਸਿੱਖਿਆ ਸੰਵਿਧਾਨਿਕ ਹੱਕ ਦੇ ਪੈਂਰੀ ਪਾਈਆਂ ਬੇੜੀਆਂ ਵਰਗੀ ਜਾਪਦੀ ਹੈ। ਕੀ ਬੱਚੇ ਹੱਥੋਂ ਪੈਂਤੀ ਅੱਖਰੀ ਖੋਹਣੀ ਜਾਇਜ ਹੈ? ਕੀ ਅੱਖਰ ਨਾਲੋਂ ਵੋਟ ਦੀ ਮਹੱਤਤਾ ਜ਼ਿਆਦਾ ਹੈ? ਕੀ ਸਿੱਖਿਆ ਦੇ ਅਧਿਕਾਰ ਨੂੰ ਸੰਵਿਧਾਨਿਕ ਪੁਸਤਕਾਂ ਦੇ ਸ਼ਿੰਗਾਰ ਤੱਕ ਸੀਮਿਤ ਕਰਨਾ, ਉੱਡਦੇ ਰਾਈਜ਼ਿੰਗ ਇੰਡੀਆ ਦੀ ਪਛਾਣ ਉੱਤੇ ਕਾਲਾ ਧੱਬਾ ਨਹੀਂ ਹੈ?

# ਅਮਰੀਕਾ ਵਿਚ ਟਰੰਪਸ਼ਾਹੀ ਵਿਰੁੱਧ ਵਿਆਪਕ ਪ੍ਰਦਰਸ਼ਨਾਂ ਦੀ ਗੂੰਜ

***ਧਾੜਵੀ ਹਿਤਾਂ ਵਾਲੀਆਂ ਜੰਗਬਾਜ਼ ਮਹਾਂ ਸ਼ਕਤੀਆਂ ਧਰਤੀ ਉੱਪਰ ਆਪਣੇ ਮੁਕੰਮਲ .ਗਲਬੇ, ਸਰਦਾਰੀ ਅਤੇ ਕੁਦਰਤੀ ਸਰੋਤਾਂ ਦੀ ਬੇਰੋਕ-ਟੋਕ ਲੁੱਟਮਾਰ ਲਈ ਮਨੁੱਖਤਾ ਨੂੰ ਵਾਰ-ਵਾਰ ਤਬਾਹੀ ਅਤੇ ਬਰਬਾਦੀ ਦੀ ਭੱਠੀ ਵਿਚ ਝੋਕਦੀਆਂ ਹਨ। 20ਵੀਂ ਸਦੀ ਦੇ ਸ਼ੁਰੂ ਤੋਂ ਲੈ ਕੇ ਮਨੁੱਖਤਾ ਨੂੰ ਦੋ ਵਿਸ਼ਵ ਜੰਗਾਂ ਤੋਂ ਇਲਾਵਾ ਅਣਗਿਣਤ ਖੇਤਰੀ ਜੰਗਾਂ, ਨਹੱਕ ਹਮਲਿਆਂ ਅਤੇ ਜਾਣ-ਬੁੱਝ ਕੇ ਪੈਦਾ ਕੀਤੇ ਘਰੇਲੂ ਟਕਰਾਵਾਂ ਰਾਹੀਂ ਬੇਥਾਹ ਮਨੁੱਖੀ ਤੇ ਆਰਥਕ ਤਬਾਹੀ ਦਾ ਸਾਹਮਣਾ ਕਰਨਾ ਪਿਆ ਹੈ। ਆਮ ਲੋਕ ਜੰਗ ਨਹੀਂ ਚਾਹੁੰਦੇ। ਇਹ ਹਕੀਕਤ ਹਾਲ ਹੀ ਵਿਚ ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਹੋਏ ਜੰਗ ਵਿਰੋਧੀ ਪ੍ਰਦਰਸ਼ਨਾਂ ਵਿਚ ਲੱਖਾਂ ਲੋਕਾਂ ਦੇ ਭਾਗ ਲੈਣ ਨੇ ਸਪਸ਼ਟ ਦਿਖਾਈ ਹੈ। ਸ਼ਾਂਤੀਪਸੰਦ ਲੋਕਾਂ ਵੱਲੋਂ ਜੰਗ ਦੇ ਧੜੱਲੇਦਾਰ ਵਿਰੋਧ ਦੇ ਮਹੱਤਵ ਨੂੰ ਦੇਖਦਿਆਂ ਇਨ੍ਹਾਂ ਪ੍ਰਦਰਸ਼ਨਾਂ ਦੀ ਝਲਕ ਇਸ ਸੰਖੇਪ ਰਿਪੋਰਟ ਰਾਹੀਂ ਪੇਸ਼ ਕੀਤੀ ਜਾ ਰਹੀ ਹੈ।-ਸੰਪਾਦਕ॥***

**ਬੂਟਾ ਸਿੰਘ ਮਹਿਮੂਦਪੁਰ**

ਅਮਰੀਕੀ-ਇਜ਼ਰਾਇਲੀ ਜੰਗਬਾਜ਼ਾਂ ਵੱਲੋਂ ਇਰਾਨ ਉੱਪਰ ਥੋਪੀ ਜੰਗ ਨੂੰ ਇਕ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ। ਇਰਾਨੀ ਹਕੂਮਤ ਚਾਹੁੰਦੀ ਹੈ ਕਿ ਧਾੜਵੀ ਜੰਗ ਖ਼ਤਮ ਹੋਵੇ ਪਰ ਪਿਛਲੇ ਅਨੁਭਵ ਦੇ ਮੱਦੇਨਜ਼ਰ ਉਹ ਟਰੰਪ ਪ੍ਰਸ਼ਾਸਨ ਦੇ ਗੱਲਬਾਤ ਦੇ ਢੌਂਗ ਅਤੇ ਇਸ ਬਹਾਨੇ ਧਾੜਵੀ ਗੱਠਜੋੜ ਦੇ ਇਰਾਨ ਦੀ ਲੀਡਰਸ਼ਿੱਪ ਨੂੰ ਆਪਣੇ ਫੰਦੇ ਵਿਚ ਫਸਾਉਣ ਦੇ ਦੁਸ਼ਟ ਇਰਾਦਿਆਂ ਬਾਰੇ ਵੀ ਬਹੁਤ ਚੁਕੰਨੇ ਹਨ। ਇਸੇ ਲਈ ਉਹ ਜੰਗ ਨੂੰ ਵਕਤੀ ਤੌਰ 'ਤੇ ਰੋਕਣ ਲਈ ਗੱਲਬਾਤ ਵਿਚ ਪੈਣ ਦੀ ਬਜਾਏ ਪੱਕੇ ਰੂਪ 'ਚ ਖ਼ਤਮ ਕਰਨ ਲਈ ਆਪਣੀਆਂ ਸ਼ਰਤਾਂ ਉੱਪਰ ਜ਼ੋਰ ਦੇ ਰਹੇ ਹਨ ਅਤੇ ਬੇਹੱਦ ਨੁਕਸਾਨ ਝੱਲ ਕੇ ਵੀ ਲੜ ਰਹੇ ਹਨ। ਟਰੰਪ ਜੁੰਡਲੀ ਨੂੰ ਇਹ ਆਸ ਨਹੀਂ ਸੀ ਕਿ ਇਰਾਨ ਆਪਣੀ ਸਿਰਮੌਰ ਲੀਡਰਸ਼ਿੱਪ ਦੇ ਕਤਲੇਆਮ, ਸਕੂਲਾਂ ਤੇ ਯੂਨੀਵਰਸਿਟੀਆਂ ਉੱਪਰ ਅੰਨ੍ਹੇਵਾਹ ਹਮਲੇ ਝੱਲ ਕੇ ਐਨੀ ਦ੍ਰਿੜਤਾ ਨਾਲ ਡਟ ਜਾਵੇਗਾ ਅਤੇ ਡੂੰਘੀ ਯੁੱਧਨੀਤਕ ਸੂਝ ਤਹਿਤ ਵਿਉਂਤਬੰਦੀ ਨਾਲ ਸਖ਼ਤ ਟੱਕਰ ਦੇਵੇਗਾ। ਆਪਣੀ ਅਤਿ-ਆਧੁਨਿਕ ਧੜਵੈਲ ਫ਼ੌਜੀ ਤਾਕਤ ਦੇ ਹੰਕਾਰ ਵਿਚ ਅੰਨ੍ਹੇ ਹੋਏ ਟਰੰਪ ਗੈਂਗ ਦੀਆਂ ਗਿਣਤੀਆਂ-ਮਿਣਤੀਆਂ ਇਕ ਵਾਰ ਤਾਂ ਪੁੱਠੀਆਂ ਪੈ ਗਈਆਂ ਹਨ। ਵੈਨਜ਼ੁਏਲਾ ਅਤੇ ਇਰਾਨ ਨੂੰ ਆਗੂ-ਰਹਿਤ ਕਰਨ ਲਈ ਧਾੜਵੀ ਹਮਲਿਆਂ ਦੇ ਨਤੀਜੇ ਬਿਲਕੁਲ ਵੱਖਰੇ ਹਨ। ਅਤਿ-ਆਧੁਨਿਕ ਜੰਗੀ ਤਕਨੀਕ ਦੇ ਜ਼ੋਰ ਇਰਾਨ ਦਾ ਆਤਮ-ਸਮਰਪਣ ਕਰਾਉਣ ਦੀ ਮਾਅਰਕੇਬਾਜ਼ੀ ਉੱਪਰ ਟਰੰਪ ਨੂੰ ਬੇਥਾਹ ਮਾਲੀ ਵਸੀਲੇ ਝੋਕਣੇ ਪੈ ਰਹੇ ਹਨ। ਟਰੰਪ ਪ੍ਰਸ਼ਾਸਨ ਦੇ ਅੰਦਰ ਵੀ ਵਿਰੋਧ ਹੋ ਰਿਹਾ ਹੈ।









*1). ਅਮਰੀਕਾ ਵਿਚ 1967 ਨੂੰ ਹੋਏ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀਆਂ ਨੂੰ ਰੋਕਦੀ ਹੋਈ ਫੌਜ ਦੀ ਇਕ ਪੁਰਾਣੀ ਤਸਵੀਰ ਅਤੇ (2-3) 29 ਮਾਰਚ ਨੂੰ ਅਮਰੀਕਾ ਦੇ ਵੱਖ ਵੱਖ ਸੂਬਿਆਂ ਵਿਚ ਹੋਏ ਪ੍ਰਦਰਸ਼ਨਾਂ ਦੀਆਂ ਤਸਵੀਰਾਂ।*

ਅਮਰੀਕੀ-ਇਜ਼ਰਾਇਲੀ ਖ਼ੁਫ਼ੀਆ ਤੰਤਰ ਨੇ ਇਸ ਪੱਖ ਨੂੰ ਬਹੁਤ ਵਧਾ-ਚੜ੍ਹਾ ਕੇ ਦੇਖਿਆ ਕਿ ਇਰਾਨੀ ਲੋਕਾਂ ਦੇ ਜੋ ਹਿੱਸੇ ਆਰਥਕ ਤੇ ਹੋਰ ਘਰੇਲੂ ਮੁੱਦੇ ਉਠਾ ਕੇ ਖ਼ਾਮੇਨੇਈ ਰਾਜ ਦੇ ਖ਼ਿਲਾਫ਼ ਵਿਰੋਧ-ਪ੍ਰਦਰਸ਼ਨ ਕਰ ਰਹੇ ਹਨ, ਉਹ ਅਮਰੀਕੀ ਫ਼ੌਜ ਵੱਲੋਂ ਹਮਲਾ ਕਰਦੇ ਸਾਰ ਟਰੰਪ-ਨੇਤਨਯਾਹੂ ਦੇ ਨਿਜ਼ਾਮ ਬਦਲਣ ਦੇ ਪ੍ਰੋਜੈਕਟ ਦੀ ਹਮਾਇਤ 'ਚ ਬਗ਼ਾਵਤ ਕਰ ਦੇਣਗੇ। ਸਾਮਰਾਜੀ ਠੱਗ ਅਤੇ ਉਨ੍ਹਾਂ ਦਾ ਖ਼ੁਫ਼ੀਆ ਤੰਤਰ ਇਰਾਨ ਵੱਲੋਂ ਦਹਾਕਿਆਂ ਤੋਂ ਅਜਿਹੇ ਹਮਲੇ ਦੀ ਸੰਭਾਵਨਾ ਮੰਨ ਕੇ ਬਾਰੀਕੀ ਨਾਲ ਕੀਤੀ ਫ਼ੌਜੀ ਤਿਆਰੀ ਦਾ ਅੰਦਾਜ਼ਾ ਨਹੀਂ ਲਾ ਸਕੇ ਅਤੇ ਹੁਣ ਹੌਰਮੁਜ਼ ਸਮੁੰਦਰੀ ਮਾਰਗ ਬੰਦ ਕੀਤੇ ਜਾਣ ਨਾਲ ਬਣੇ ਤੇਲ-ਗੈਸ ਦੇ ਸੰਕਟ ਵਿੱਚੋਂ ਕਿਸੇ ਤਰ੍ਹਾਂ ਨਿਕਲਣਾ ਚਾਹੁੰਦੇ ਹਨ। ਆਪਣੀ ਆਦਤ ਅਨੁਸਾਰ ਟਰੰਪ ਇਰਾਨ ਵਿਚ ਵਿਆਪਕ ਤਬਾਹੀ ਮਚਾਉਣ ਦੇ ਅਲਟੀਮੇਟਮ ਵਾਰ-ਵਾਰ ਬਦਲ ਰਿਹਾ ਹੈ। ਹੁਣ ਉਸਨੇ ਧਮਕੀ ਦਿੱਤੀ ਹੈ ਕਿ ਜੇਕਰ ਇਰਾਨ ਨੇ ਫਟਾਫਟ ਸਮਝੌਤਾ ਕਰਕੇ ਹੌਰਮੁਜ਼ ਮਾਰਗ ਮੁੜ ਨਾ ਖੋਲ੍ਹਿਆ ਤਾਂ ਉਹ ਤੇਲ, ਊਰਜਾ ਅਤੇ ਪਾਣੀ ਸਾਫ਼ ਕਰਨ ਦੇ ਬੁਨਿਆਦੀ ਢਾਂਚੇ ਉੱਪਰ ਹਮਲਾ ਕਰਕੇ ਇਰਾਨ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦਿੱਤਾ ਜਾਵੇਗਾ। ਉਹ ਇਰਾਨ ਦੇ ਅੰਦਰ ਫ਼ੌਜ ਭੇਜ ਕੇ ਯੂਰੇਨੀਅਮ ਕਬਜ਼ੇ ਵਿਚ ਲੈਣ ਦੀਆਂ ਬੜਕਾਂ ਮਾਰ ਰਿਹਾ ਹੈ। ਪਰ ਇਕ ਹੱਦ ਤੱਕ ਫ਼ੌਜ ਭੇਜਣ ਤੋਂ ਅੱਗੇ ਵਧ ਕੇ ਫ਼ੈਸਲਾਕੁਨ ਹਮਲਾ ਕਰਨ ਤੋਂ ਵੀ ਬਚਦਾ ਸਾਫ਼ ਦੇਖਿਆ ਜਾ ਸਕਦਾ ਹੈ। ਜੇਕਰ ਟਰੰਪ ਇਰਾਨ ਦੇ ਅੰਦਰ ਜ਼ਮੀਨੀਂ ਹਮਲਾ ਕਰਦਾ ਹੈ ਤਾਂ ਇਹ ਤੈਅ ਹੈ ਕਿ ਇਰਾਨ ਆਪਣੀ ਹਸਤੀ ਦੀ ਰਾਖੀ ਲਈ ਮਰ-ਮਿਟਣ ਵਾਲੀ ਲੜਾਈ ਲੜੇਗਾ।

ਆਖ਼ਿਰਕਾਰ ਇਸ ਜੰਗ ਦਾ ਅੰਤ ਚਾਹੇ ਕੁਝ ਵੀ ਹੋਵੇ, ਟਰੰਪ ਦੀ ਅਗਵਾਈ ਹੇਠ ਅਮਰੀਕੀ ਸਟੇਟ ਵੱਲੋਂ ਮਚਾਈ ਹਾਲੀਆ ਹਨੇਰਗਰਦੀ ਕਾਰਨ ਦੁਨੀਆ ਪ੍ਰਮਾਣੂ ਯੁੱਧ ਦੇ ਖ਼ਤਰੇ ਦੇ ਕੰਢੇ 'ਤੇ ਖੜ੍ਹੀ ਮਹਿਸੂਸ ਕਰ ਰਹੀ ਹੈ। ਮਾਨਵਤਾਵਾਦੀ, ਅਮਨ ਪ੍ਰੇਮੀ ਫ਼ਿਕਰ ਵਿਰੋਧ-ਪ੍ਰਦਰਸ਼ਨਾਂ ਵਿਚ ਸਾਹਮਣੇ ਆ ਰਹੇ ਹਨ। ਇਕ ਪਾਸੇ, ਅਮਰੀਕੀ-ਇਜ਼ਰਾਇਲੀ ਹਕੂਮਤਾਂ ਵੱਲੋਂ ਥੋਪੀ ਇਸ ਨਹੱਕੀ ਜੰਗ ਦੇ ਪੂਰੀ ਤਰ੍ਹਾਂ ਨਜਾਇਜ਼ ਹੋਣ ਵਿਰੁੱਧ ਅਤੇ ਦੂਜੇ ਪਾਸੇ ਇਸ ਜੰਗ ਕਾਰਨ ਪੈਦਾ ਹੋਏ ਸੰਕਟ ਦੇ ਅਸਰਾਂ ਤੋਂ ਤੰਗ ਲੋਕਾਈ ਵਿਚ ਉੱਠ ਰਹੇ ਗੁੱਸੇ ਦਾ ਇਜ਼ਹਾਰ ਜੰਗ ਵਿਰੋਧੀ ਮੁਜ਼ਾਹਰਿਆਂ ਦੇ ਰੂਪ 'ਚ ਹੋਣਾ ਸ਼ੁਰੂ ਹੋ ਗਿਆ ਹੈ। ਹਾਲ ਹੀ ਵਿਚ ਅਮਰੀਕਾ ਅਤੇ ਯੂਰਪ ਵਿਚ ਵੱਡੇ ਮੁਜ਼ਾਹਰੇ ਹੋਏ ਹਨ। 29 ਮਾਰਚ ਨੂੰ 'ਨੋ ਕਿੰਗਜ਼' (ਸਾਨੂੰ ਰਾਜਾ ਨਹੀਂ ਚਾਹੀਦਾ) ਮੁਹਿੰਮ ਤਹਿਤ ਲੱਖਾਂ ਲੋਕ ਟਰੰਪ ਦੀਆਂ ਨੀਤੀਆਂ ਵਿਰੁੱਧ ਅਤੇ ਇਰਾਨ ਜੰਗ ਵਿਰੁੱਧ ਸੜਕਾਂ 'ਤੇ ਆਏ। ਲਗਾਤਾਰਤਾ ਪੱਖੋਂ ਦੇਖੀਏ ਤਾਂ ਇਹ ਵਿਰੋਧ-ਪ੍ਰਦਰਸ਼ਨ ਟਰੰਪ ਦੇ ਦੂਜੀ ਵਾਰ ਰਾਸ਼ਟਰਪਤੀ ਬਣਨ ਤੋਂ ਬਾਅਦ ਮੁਲਕ ਪੱਧਰ 'ਤੇ ਸ਼ੁਰੂ ਹੋਏ 'ਨੋ ਕਿੰਗਜ਼' ਵਿਰੋਧ ਦਾ ਤੀਜਾ ਗੇੜ ਹੈ। ਪਿਛਲੇ ਸਾਲ ਜੂਨ ਅਤੇ ਅਕਤੂਬਰ ਵਿਚ ਹੋਏ 'ਨੋ ਕਿੰਗਜ਼' ਵਿਰੋਧ-ਪ੍ਰਦਰਸ਼ਨਾਂ ਵਿਚ ਵੀ ਦਹਿ-ਲੱਖਾਂ ਲੋਕ ਸ਼ਾਮਲ ਹੋਏ ਸਨ। ਮੁਹਿੰਮ ਦੀ ਜਨਤਕ ਹਮਾਇਤ ਅਤੇ ਮੁੱਦਿਆਂ ਦਾ ਘੇਰਾ ਵਧਦਾ ਜਾਂਦਾ ਹੈ। ਟਰੰਪ ਦਾ ਸਾਮਰਾਜੀ ਹਲਕਾਅ ਵਧਣ ਨਾਲ ਇਸ ਵਿਰੋਧ ਦੇ ਹੋਰ ਵਧਣ ਦੀਆਂ ਸੰਭਾਵਨਾਵਾਂ ਹਨ।

ਪਿਛਲੇ ਸਾਲ ਜਦੋਂ ਟਰੰਪ ਨੇ ਲਾਸ ਏਂਜਲਸ ਅਤੇ ਸ਼ਿਕਾਗੋ ਵਿਚ ਜਬਰ ਕਰਨ ਲਈ ਫੈਡਰਲ ਏਜੰਟ ਭੇਜੇ ਤਾਂ ਲੋਕਾਂ ਨੇ 'ਆਈਸ ਦਫ਼ਾ ਹੋਵੋ' ਦੀ ਮੰਗ ਕਰਦਿਆਂ ਸੜਕਾਂ ਉੱਪਰ ਆ ਕੇ ਜ਼ੋਰਦਾਰ ਵਿਰੋਧ ਕੀਤਾ। ਜਦੋਂ ਲੋਕਾਂ ਨੇ ਮਹਿਸੂਸ ਕੀਤਾ ਕਿ ਟਰੰਪ ਦੇ ਅਜਾਰੇਦਾਰ ਕਾਰਪੋਰੇਟ ਜੁੰਡੀ-ਯਾਰਾਂ (ਕਾਰਪੋਰੇਸ਼ਨਾਂ) ਤੱਕ ਵਿਰੋਧ ਦਾ ਸੇਕ ਪਹੁੰਚਾਉਣਾ ਜ਼ਰੂਰੀ ਹੈ ਤਾਂ ਉਨ੍ਹਾਂ ਨੇ ਟਾਰਗੈੱਟ, ਟੈਸਲਾ ਅਤੇ ਐਮਾਜ਼ਨ ਕਾਰਪੋਰੇਸ਼ਨਾਂ ਦੇ ਬਾਈਕਾਟ ਦੇ ਸੱਦੇ ਦਿੱਤੇ। ਵਿਦਿਅਕ ਸੰਸਥਾਵਾਂ ਅਤੇ ਆਪਣੇ ਭਾਈਚਾਰਿਆਂ ਵਿਚ ਆਈਸ ਦੇ ਏਜੰਟਾਂ ਦੀ ਮੌਜੂਦਗੀ ਵਿਰੁੱਧ ਵਿਦਿਆਰਥੀਆਂ ਦਾ ਗੁੱਸਾ ਕਲਾਸ-ਰੂਮਾਂ ਤੋਂ ਬਾਹਰ ਨਿਕਲ ਕੇ ਸਮੂਹਿਕ ਵਿਰੋਧ ਕਰਨ ਦੇ ਰੂਪ 'ਚ ਸਾਹਮਣੇ ਆਇਆ।

ਅਮਰੀਕਾ ਦਾ ਮਿਨੀਸੋਟਾ ਸੂਬਾ ਪਿਛਲੇ ਮਹੀਨਿਆਂ ਤੋਂ ਟਰੰਪ ਦੀਆਂ ਪਰਵਾਸ ਨੀਤੀਆਂ ਵਿਰੁੱਧ ਸੰਘਰਸ਼ ਦਾ ਮੁੱਖ ਕੇਂਦਰ ਬਣਿਆ ਹੈ। ਟਰੰਪ ਸਰਕਾਰ ਵੱਲੋਂ ਗ਼ੈਰਕਾਨੂੰਨੀ ਪਰਵਾਸੀਆਂ ਦੇ ਨਾਂ ਹੇਠ ਪਰਵਾਸੀ ਲੋਕਾਂ ਦਾ ਸ਼ਿਕਾਰ ਖੇਡਣ ਲਈ ਖੁੱਲ੍ਹੀ ਛੱਡੀ 'ਆਈਸ' ਦੇ ਦਹਿਸ਼ਤਵਾਦੀ ਹਮਲਿਆਂ ਨੂੰ ਅਮਰੀਕੀ ਲੋਕਾਂ ਵੱਲੋਂ ਸੜਕਾਂ ਉੱਪਰ ਆ ਕੇ ਜ਼ੋਰਦਾਰ ਚੁਣੌਤੀ ਦਿੱਤੀ ਗਈ ਅਤੇ 'ਨੋ ਕਿੰਗਜ਼' ਦਾ ਨਾਅਰਾ ਬੁਲੰਦ ਕਰਕੇ ਟਰੰਪ ਦੇ ਫਾਸ਼ੀ ਰਾਜ ਨੂੰ ਰੱਦ ਕੀਤਾ ਗਿਆ। 'ਨੋ ਕਿੰਗਜ਼' ਮੁਜ਼ਾਹਰੇ ਅਜੋਕੇ ਅਮਰੀਕੀ ਇਤਿਹਾਸ ਵਿਚ ਸਭ ਤੋਂ ਵੱਡੇ ਵਿਰੋਧ ਪ੍ਰਦਰਸ਼ਨਾਂ ਦੇ ਰੂਪ ਵਿਚ ਦਰਜ ਹੋਏ ਹਨ। 'ਨੋ ਕਿੰਗਜ਼' ਵੈੱਬਸਾਈਟ ਅਨੁਸਾਰ 29 ਮਾਰਚ ਨੂੰ ਅਮਰੀਕਾ ਵਿਚ 3300 ਤੋਂ ਵੱਧ ਥਾਵਾਂ 'ਤੇ ਵੱਡੇ-ਵੱਡੇ ਇਕੱਠ ਹੋਏ। ਅਮਰੀਕਾ ਅਤੇ ਯੂਰਪ ਦੇ ਵੱਡੇ ਅਖ਼ਬਾਰਾਂ ਨੇ ਵੀ ਇਨ੍ਹਾਂ ਇਕੱਠਾਂ ਦੀ ਵਿਸ਼ਾਲਤਾ ਅਤੇ ਵੰਨ-ਸੁਵੰਨਤਾ ਦੀ ਪੁਸ਼ਟੀ ਕੀਤੀ ਹੈ। ਇਨ੍ਹਾਂ ਇਕੱਠਾਂ ਵਿਚ ਟਰੰਪ ਦੀ ਤਾਨਾਸ਼ਾਹੀ, ਕਰੂਰ ਪਰਵਾਸ ਨੀਤੀਆਂ ਅਤੇ ਇਰਾਨ ਜੰਗ ਵਿਰੁੱਧ ਜ਼ੋਰਦਾਰ ਆਵਾਜ਼ ਗੂੰਜੀ। ਇਹ ਵਿਆਪਕ ਹੁੰਗਾਰਾ ਅਤੇ ਫਾਸ਼ੀ ਹਕੂਮਤੀ ਹੱਲਿਆਂ ਤੋਂ ਨਿਧੜਕ ਲੋਕਾਂ ਦੀ ਸ਼ਮੂਲੀਅਤ ਦੱਸਦੀ ਹੈ ਕਿ ਟਰੰਪ ਦੀ ਕਥਿਤ ਮਕਬੂਲੀਅਤ ਤੇਜ਼ੀ ਨਾਲ ਘਟ ਰਹੀ ਹੈ।

***ਇਹ ਵਿਰੋਧ-ਪ੍ਰਦਰਸ਼ਨ ਸਿਰਫ਼ ਨਿਊ ਯਾਰਕ ਸਿਟੀ, ਵਾਸ਼ਿੰਗਟਨ ਡੀਸੀ, ਲਾਸ ਏਂਜਲਸ, ਸੈਨ ਫਰਾਂਸਿਸਕੋ, ਸ਼ਿਕਾਗੋ, ਮਿਨੀਸੋਟਾ ਜੌੜੇ ਸ਼ਹਿਰਾਂ ਵਰਗੇ ਵੱਡੇ ਸ਼ਹਿਰੀ ਕੇਂਦਰਾਂ ਤੱਕ ਮਹਿਦੂਦ ਨਹੀਂ ਰਹੇ ਸਗੋਂ ਛੋਟੇ ਸ਼ਹਿਰਾਂ, ਉੱਪ ਨਗਰਾਂ ਅਤੇ ਪੇਂਡੂ ਖੇਤਰਾਂ ਤੱਕ ਵੀ ਫੈਲ ਗਏ। ਇਨ੍ਹਾਂ ਵਿਚ ਹਿੱਸਾ ਲੈਣ ਵਾਲਿਆਂ ਦਾ ਲਗਭਗ ਦੋ-ਤਿਹਾਈ ਮਹਾਨਗਰਾਂ ਤੋਂ ਬਾਹਰਲੇ ਖੇਤਰਾਂ 'ਤੋਂ ਸੀ, ਜਿਸ ਤੋਂ ਪਤਾ ਲੱਗਦਾ ਹੈ ਕਿ ਟਰੰਪ ਹਕੂਮਤ ਵਿਰੁੱਧ ਅਸੰਤੋਸ਼ ਪੂਰੇ ਮੁਲਕ ਵਿਚ ਫੈਲਦਾ ਜਾਂਦਾ ਹੈ।***

ਇਨ੍ਹਾਂ ਵਿਰੋਧ-ਪ੍ਰਦਰਸ਼ਨਾਂ, ਖ਼ਾਸ ਕਰਕੇ 29 ਮਾਰਚ ਦੀ ਮੁਹਿੰਮ ਦੀ ਖ਼ਾਸ ਖ਼ੂਬੀ ਇਨ੍ਹਾਂ ਦੀ ਵਿਸ਼ਾਲਤਾ ਯਾਨੀ ਲੋਕਾਈ ਨੂੰ ਇਨ੍ਹਾਂ ਮੁੱਦਿਆਂ ਉੱਪਰ ਜਾਗਰੂਕ ਕਰਕੇ ਸੜਕਾਂ 'ਤੇ ਲੈ ਆਉਣ ਦੀ ਕਾਮਯਾਬੀ ਹੈ। ਇਸ ਮੁਹਿੰਮ ਨੂੰ ਜਥੇਬੰਦ ਕਰਨ ਵਾਲਿਆਂ ਦਾ ਅੰਦਾਜ਼ਾ ਹੈ ਕਿ 29 ਮਾਰਚ ਦੇ ਪ੍ਰਦਰਸ਼ਨਾਂ ਵਿਚ 80 ਲੱਖ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ ਅਤੇ ਇਹ ਇੱਕੋ ਦਿਨ ਵਿਚ ਅਮਰੀਕਾ ਦੇ ਸਭ ਤੋਂ ਵੱਡੇ ਵਿਰੋਧ-ਪ੍ਰਦਰਸ਼ਨ ਹੋ ਨਿੱਬੜੇ। ਸਾਢੇ ਚੌਂਤੀ ਕਰੋੜ ਵਸੋਂ ਵਾਲੇ ਮੁਲਕ ਵਿਚ ਵਿਰੋਧ-ਪ੍ਰਦਰਸ਼ਨਾਂ ਵਿਚ ਐਨੀ ਵੱਡੀ ਸ਼ਮੂਲੀਅਤ ਬਹੁਤ ਮਾਇਨੇ ਰੱਖਦੀ ਹੈ। ਕਿਹਾ ਜਾਂਦਾ ਹੈ ਕਿ ਇਸ ਤੋਂ ਪਹਿਲਾਂ ਇੱਕੋ ਦਿਨ ਵਿਚ ਇਸ ਮੁਲਕ ਵਿਚ ਸਭ ਤੋਂ ਵੱਡੇ ਵਿਰੋਧ-ਪ੍ਰਦਰਸ਼ਨ 'ਦੀ ਫਸਟ ਡੈਥ ਡੇ' 1970 ਵਿਚ ਹੋਏ ਸਨ ਜਦੋਂ ਅੰਦਾਜ਼ਨ ਵੀਹ ਲੱਖ ਲੋਕਾਂ ਨੇ ਵਾਤਵਰਣ ਰੈਲੀਆਂ ਅਤੇ ਟੀਚ-ਇਨ ਵਿਚ ਹਿੱਸਾ ਲਿਆ ਸੀ।

ਇਹ ਵਿਰੋਧ-ਪ੍ਰਦਰਸ਼ਨ ਸਿਰਫ਼ ਨਿਊ ਯਾਰਕ ਸਿਟੀ, ਵਾਸ਼ਿੰਗਟਨ ਡੀਸੀ, ਲਾਸ ਏਂਜਲਸ, ਸੈਨ ਫਰਾਂਸਿਸਕੋ, ਸ਼ਿਕਾਗੋ, ਮਿਨੀਸੋਟਾ ਜੌੜੇ ਸ਼ਹਿਰਾਂ ਵਰਗੇ ਵੱਡੇ ਸ਼ਹਿਰੀ ਕੇਂਦਰਾਂ ਤੱਕ ਮਹਿਦੂਦ ਨਹੀਂ ਰਹੇ ਸਗੋਂ ਛੋਟੇ ਸ਼ਹਿਰਾਂ, ਉੱਪ ਨਗਰਾਂ ਅਤੇ ਪੇਂਡੂ ਖੇਤਰਾਂ ਤੱਕ ਵੀ ਫੈਲ ਗਏ। ਇਨ੍ਹਾਂ ਵਿਚ ਹਿੱਸਾ ਲੈਣ ਵਾਲਿਆਂ ਦਾ ਲਗਭਗ ਦੋ-ਤਿਹਾਈ ਮਹਾਨਗਰਾਂ ਤੋਂ ਬਾਹਰਲੇ ਖੇਤਰਾਂ 'ਤੋਂ ਸੀ, ਜਿਸ ਤੋਂ ਪਤਾ ਲੱਗਦਾ ਹੈ ਕਿ ਟਰੰਪ ਹਕੂਮਤ ਵਿਰੁੱਧ ਅਸੰਤੋਸ਼ ਪੂਰੇ ਮੁਲਕ ਵਿਚ ਫੈਲਦਾ ਜਾਂਦਾ ਹੈ।

ਸੇਂਟ ਪਾਲ, ਮਿਨੀਸੋਟਾ ਦੇ ਵਿਰੋਧ-ਪ੍ਰਦਰਸ਼ਨ ਵਿਚ ਦਹਿ-ਹਜ਼ਾਰਾਂ ਲੋਕਾਂ ਸੜਕਾਂ 'ਤੇ ਨਿਕਲ ਆਏ। ਟਰੰਪ ਦੀ ਸ਼ਿਸ਼ਕੇਰੀ ਆਈਸ ਵੱਲੋਂ ਮਚਾਏ ਮੌਤ ਅਤੇ ਤਬਾਹੀ ਦੇ ਤਾਂਡਵ ਬਾਰੇ ਬਰੂਸ ਸਪਰਿੰਗਟੀਨ ਵੱਲੋਂ ਆਪਣਾ ਗੀਤ 'ਸਟਰੀਟਸ ਆਫ ਮਿਨੇਪੋਲਿਸ' ਗਾਉਣਾ ਦੱਸਦਾ ਹੈ ਕਿ ਕਲਾ ਤੇ ਗਾਇਕੀ ਦੇ ਖੇਤਰ ਵੀ ਸੱਤਾ ਵਿਰੁੱਧ ਅਸੰਤੋਸ਼ ਤੋਂ ਅਛੋਹ ਨਹੀਂ ਹਨ।

ਇਸ ਸੱਦੇ ਨੂੰ ਹੁੰਗਾਰੇ ਦਾ ਅੰਤਰਰਾਸ਼ਟਰੀ ਪੱਖ ਵੀ ਗਿਣਨਯੋਗ ਹੈ। ਇਸ ਸੱਦੇ ਨਾਲ ਇਕਮੁੱਠਤਾ ਪ੍ਰਗਟਾਉਂਦਿਆਂ ਪੈਰਿਸ, ਬਰਲਿਨ, ਰੋਮ ਅਤੇ ਲਿਸਬਨ ਵਰਗੇ ਵੱਡੇ ਯੂਰਪੀ ਕੇਂਦਰਾਂ ਵਿਚ ਵੀ ਇਕਮੁੱਠਤਾ ਮੁਜ਼ਾਹਰੇ ਹੋਏ, ਜਿਨ੍ਹਾਂ ਵਿਚ ਅਮਰੀਕੀ ਪਰਵਾਸੀਆਂ ਦੇ ਨਾਲ ਸਥਾਨਕ ਨਾਗਰਿਕ ਵੀ ਸ਼ਾਮਲ ਹੋਏ। ਇਹ ਆਲਮੀ ਪਾਸਾਰ ਅਮਰੀਕੀ ਹਕੂਮਤੀ ਨੀਤੀਆਂ ਅਤੇ ਲੀਡਰਸ਼ਿੱਪ ਦੇ ਸੁਪਰ ਪਾਵਰ ਵਾਲੇ ਧੌਂਸਬਾਜ਼ ਰਵੱਈਏ ਦੀ ਕੌਮਾਂਤਰੀ ਪੱਧਰ 'ਤੇ ਮਹਿਸੂਸ ਕੀਤੀ ਜਾ ਰਹੀ ਚੋਭ ਨੂੰ ਦਰਸਾਉਂਦਾ ਹੈ। ਘੋਰ ਸੱਜੇਪੱਖ ਵਿਰੁੱਧ ਇਕ ਵਿਆਪਕ ਪ੍ਰਦਰਸ਼ਨ ਯੂ.ਕੇ. ਵਿਚ ਵੀ ਹੋਇਆ ਹੈ, ਹਾਲਾਂਕਿ ਉਹ ਇਸ ਸੱਦੇ ਨਾਲ ਸੰਬੰਧਤ ਨਹੀਂ ਸੀ ਪਰ ਘੋਰ ਪਿਛਾਖੜੀ ਤਾਕਤਾਂ ਦੇ ਉਭਰਨ ਦੇ ਖ਼ਤਰੇ ਵਿਰੁੱਧ ਉਸਦਾ ਆਪਣਾ ਮਹੱਤਵ ਹੈ।

ਟਰੰਪ ਦੀਆਂ ਨੀਤੀਆਂ ਵਿਰੁੱਧ ਵਧ ਰਹੇ ਅਸੰਤੋਸ਼ ਨਾਲ ਹਕੂਮਤੀ ਧਿਰ ਨੂੰ ਪਹੁੰਚ ਰਿਹਾ ਸੇਕ ਰੰਗ ਦਿਖਾ ਰਿਹਾ ਹੈ। ਜਬਰ, ਧਮਕੀਆਂ ਅਤੇ ਕੂੜ ਪ੍ਰਚਾਰ ਵੀ ਸ਼ਾਂਤੀਪੂਰਨ ਵਿਰੋਧ-ਪ੍ਰਦਰਸ਼ਨਾਂ ਨੂੰ ਨਾਕਾਮ ਬਣਾਉਣ ਵਿਚ ਟਰੰਪ ਸਰਕਾਰ ਦੇ ਕੰਮ ਨਹੀਂ ਆ ਰਿਹਾ। ਵ੍ਹਾਈਟ ਹਾਊਸ ਅਤੇ ਰਿਪਬਲਿਕਨ ਲੀਡਰਸ਼ਿੱਪ ਨੇ ਇਨ੍ਹਾਂ ਵਿਰੋਧ-ਪ੍ਰਦਰਸ਼ਨਾਂ ਨੂੰ 'ਟਰੰਪ ਡਿਰੇਂਜਮੈਂਟ ਥੈਰਪੀ ਸੈਸ਼ਨਜ਼' (ਭਾਵ ਟਰੰਪ ਦਾ ਵਿਰੋਧ ਕਰਨ ਵਾਲਿਆਂ ਨੂੰ ਰਾਸ਼ਟਰਪਤੀ ਨਾਲ ਨਫ਼ਰਤ ਦੇ ਮਾਨਸਿਕ ਰੋਗ ਲਈ ਆਪਣਾ ਇਲਾਜ ਕਰਾਉਣ ਦੀ ਜ਼ਰੂਰਤ ਹੈ) ਅਤੇ 'ਹੇਟ ਅਮੈਰਿਕਾ ਰੈਲੀਆਂ' ਕਰਾਰ ਦੇ ਕੇ ਰੱਦ ਕਰਨ ਦੀ ਬੌਖਲਾਹਟ ਦਿਖਾਈ। ਇਹ ਝੂਠ ਵੀ ਫੈਲਾਇਆ ਗਿਆ ਕਿ ਇਨ੍ਹਾਂ ਪ੍ਰਦਰਸ਼ਨਾਂ ਦੀ ਰਿਪੋਰਟ ਕਰਨ ਵਾਲੇ ਪੈਸੇ ਲੈ ਕੇ ਅਜਿਹਾ ਕਰਦੇ ਹਨ। ਸਦਨ ਦਾ ਸਪੀਕਰ ਮਾਈਕ ਜਾਨਸਨ ਤਾਂ ਇਨ੍ਹਾਂ ਪ੍ਰਦਰਸ਼ਨਾਂ ਨੂੰ ਭੰਡਣ ਲਈ ਇਹ ਜ਼ਹਿਰ ਉਗਲਣ ਤੱਕ ਚਲਾ ਗਿਆ ਕਿ ਇਨ੍ਹਾਂ ਨੇ 'ਮਾਰਕਸਵਾਦੀਆਂ, ਸੋਸ਼ਲਿਸਟਾਂ, ਅੰਟੀਫਾ ਹਮਾਇਤੀਆਂ, ਅਰਾਜਕਤਾਵਾਦੀਆਂ ਅਤੇ ਡੈਮੋਕਰੈਟਿਕ ਪਾਰਟੀ ਦੇ ਘੋਰ-ਖੱਬੇਪੱਖੀ ਹਮਾਸ ਹਮਾਇਤੀ ਗੁੱਟ ਨੂੰ ਇਕ ਥਾਂ ਜੋੜ ਦਿੱਤਾ ਹੈ।' ਵੈਸਟ ਪਾਮ ਬੀਚ, ਫਲੋਰਿਡਾ ਅਤੇ ਡੈਲਸ ਸਮੇਤ ਕੁਝ ਸ਼ਹਿਰਾਂ ਵਿਚ ਟਰੰਪ ਦੇ ਹੱਕ ਵਿਚ ਮੁਜ਼ਾਹਰੇ ਵੀ ਕੀਤੇ ਗਏ ਜਿਨ੍ਹਾਂ ਵਿਚ 'ਓਥ ਐਂਡ ਦੀ ਪਰਾਊਡ ਬੁਆਇਜ਼' ਦੇ ਆਗੂ ਵੀ ਸ਼ਾਮਲ ਹੋਏ ਜੋ ਖੁੱਲ੍ਹੇਆਮ ਨਫ਼ਰਤ ਅਤੇ ਹਿੰਸਾ ਭੜਕਾਊ ਘੋਰ ਪਿਛਾਖੜੀ, ਨਵ-ਫਾਸ਼ੀ ਅਮਰੀਕੀ ਗੈਂਗ ਹੈ।

ਟਰੰਪ ਸਰਕਾਰ ਦੀ ਫਾਸ਼ੀ ਦਹਿਸ਼ਤ ਵਿਰੁੱਧ ਘਰੇਲੂ ਚੁਣੌਤੀ ਬਣੀ ਇਹ ਮੁਹਿੰਮ ਬਹੁਤ ਉਤਸ਼ਾਹਜਨਕ ਹੋਣ ਦੇ ਬਾਵਜੂਦ ਇਸ ਦੀਆਂ ਸੀਮਤਾਈਆਂ ਵੀ ਹਨ। ਇਨ੍ਹਾਂ ਇਕੱਠਾਂ ਵਿਚ ਇਸ ਸਾਲ ਨਵੰਬਰ ਵਿਚ ਮੱਧਕਾਲੀ ਚੋਣ ਸਮੇਂ ਡੈਮੋਕਰੇਟਾਂ ਨੂੰ ਵੋਟ ਪਾਉਣ ਦੀ ਤਿਆਰੀ ਕਰਨ ਦੀ ਸੁਰ ਵੀ ਸੁਣਾਈ ਦਿੱਤੀ। ਬੇਸ਼ੱਕ ਟਰੰਪ ਦੇ ਵਿਰੋਧ ਦਾ ਮਤਲਬ ਆਪਣੇ ਆਪ ਵਿਚ ਡੈਮੋਕਰੇਟ ਧੜੇ ਦੇ ਹੱਕ ਵਿਚ ਹੋਣਾ ਨਹੀਂ ਹੈ। ਪਰ ਆਵਾਮ ਨੂੰ ਇਹ ਸਪਸ਼ਟ ਰਾਜਨੀਤਕ ਸਮਝ ਬਣਾਉਣੀ ਪੈਣੀ ਹੈ ਕਿ ਡੈਮੋਕਰੇਟਾਂ ਨੂੰ ਵੋਟ ਦੇਣ ਨਾਲ ਅਮਰੀਕੀ ਸਟੇਟ ਦੇ ਫਾਸ਼ੀਵਾਦ ਤੋਂ ਮੁਕਤੀ ਹਾਸਲ ਨਹੀਂ ਕੀਤੀ ਜਾ ਸਕਦੀ। ਟਰੰਪ ਦੇ ਪਹਿਲੀ ਵਾਰ ਸਹੁੰ ਚੁੱਕਣ 'ਤੇ 2017 'ਚ ਹੋਏ ਵਿਮੈਨ ਮਾਰਚ ਨੇ ਅਗਲੇ ਸਾਲ ਡੈਮੋਕਰੇਟਾਂ ਲਈ ਹਮਾਇਤ ਵਧਾਉਣ ('ਬਲਿਯੂ ਵੇਵ') ਵਿਚ ਹਿੱਸਾ ਪਾਇਆ ਸੀ ਜਦੋਂ ਡੈਮੋਕਰੇਟਾਂ ਨੇ 41 ਸੀਟਾਂ ਪਲਟ ਦਿੱਤੀਆਂ ਸਨ ਅਤੇ ਸਦਨ ਉੱਪਰ ਮੁੜ ਕਾਬਜ਼ ਹੋ ਗਏ ਸਨ। ਪਰ ਟਰੰਪ ਦੀ ਅਗਵਾਈ ਹੇਠਲੇ ਘੋਰ ਫਾਸ਼ੀ ਗੈਂਗ ਨੂੰ ਸੱਤਾ ਵਿਚ ਆਉਣ ਤੋਂ ਰੋਕਿਆ ਨਹੀਂ ਜਾ ਸਕਿਆ। ਫਾਸ਼ੀ ਟਰੰਪ ਜੁੰਡਲੀ ਆਪਣੇ ਵਿਰੁੱਧ ਚੋਣ ਫ਼ਤਵੇ ਨੂੰ ਸਵੀਕਾਰ ਕਰਨ ਵਾਲੀ ਨਹੀਂ ਹੈ। ਉਹ ਹੁਣ ਤੋਂ ਹੀ ਚੋਣਾਂ ਨੂੰ ਅਗਵਾ ਕਰਨ ਦੀਆਂ ਤਿਆਰੀਆਂ ਵਿਚ ਲੱਗੇ ਹੋਏ ਹਨ। ਜੇਕਰ ਉਹ ਦੂਜੇ ਮੁਲਕ ਦੇ ਰਾਸ਼ਟਰਪਤੀ ਨੂੰ ਉਸਦੇ ਘਰ ਵਿਚੋਂ ਅਗਵਾ ਕਰ ਸਕਦੇ ਹਨ ਅਤੇ ਇਰਾਨ ਦੇ ਸਿਰਮੌਰ ਆਗੂ ਸਮੇਤ ਫ਼ੌਜੀ ਲੀਡਰਸ਼ਿੱਪ ਦਾ ਸਫ਼ਾਇਆ ਕਰ ਸਕਦੇ ਹਨ ਤਾਂ ਉਹ ਸੱਤਾ ਵਿਚ ਬਣੇ ਰਹਿਣ ਲਈ ਆਪਣੇ ਮੁਲਕ ਦੇ ਅੰਦਰ ਵੀ ਕਿਸੇ ਵੀ ਹੱਦ ਤੱਕ ਵੀ ਜਾ ਸਕਦੇ ਹਨ।

ਬੇਸ਼ੱਕ ਸਾਮਰਾਜੀ ਸਰਮਾਏਦਾਰਾ ਪ੍ਰਬੰਧ ਕਰੂਰ ਫ਼ੌਜੀ ਜਬਰ ਅਤੇ ਮੈਨੂਫੈਕਚਰਡ ਸਹਿਮਤੀ ਦੇ ਸਹਾਰੇ ਟਿਕਿਆ ਹੋਇਆ ਹੈ ਪਰ ਮਾਨਵਤਾ ਵਿਰੋਧੀ, ਕੁਦਰਤ ਵਿਰੋਧੀ ਵਿਕਾਸ ਮਾਡਲ ਹੈ। ਇਸ ਦੇ ਗ਼ਲਬੇ ਨੂੰ ਖ਼ਤਮ ਕਰਨ ਲਈ ਮੂਲ ਰਾਜਸੀ ਬਦਲਾਅ ਦੀ ਚੇਤਨਾ ਜ਼ਰੂਰੀ ਹੈ। ਫਿਰ ਹੀ ਟਰੰਪ ਵਰਗਿਆਂ ਦੇ ਅਜੋਕੇ ਫਾਸ਼ੀਵਾਦ ਵਿਰੁੱਧ ਫ਼ੈਸਲਾਕੁਨ ਰਾਜਨੀਤਕ ਲੜਾਈ ਲੜੀ ਜਾ ਸਕਦੀ ਹੈ।

CULTURAL PUNJABI SOCIETY CHICAGO
ਪੰਜਾਬੀ ਸਭਿਆਚਾਰਕ ਸਭਾ

# Punjabi Cultural Society of Chicago

Celebrating 30+ Years of Community Service

*To Celebrate Vaisakhi PCS Presents...*

# ਰੰਗਲਾ ਪੰਜਾਬ

**Rangla Punjab 2026!**



**Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!**

## Saturday, April 25, 2026

## 5:00 PM - 10:00 PM

**Copernicus Center**
**5216 W Lawrence Ave**
**Chicago, IL 60630**

**$125 (VIP Seats with Dinner)**
**$65 (Preferred Seats), $40 (General Seating)**

- Assigned Seats for all
- Limited Free Parking
- Children Under 5 yr Free (Need to be in Lap)

*Scan me!*

## Sponsors & Advertisements Encouraged

Please email: info@PCSChicago.org or call: (847) 359-5PCS

**More Information at:**
**https://www.pcschicago.org**
Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org


PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.

## *Chief Guest*



**S. Darshan Singh Dhaliwal & Debra Dhaliwal (Pravasi Bharatiya Samman Award Recipient)**

## PCS Board of Directors 2026



Dr. Primal Kaur *(Honorary Chairwoman)*; Bikram Singh Sohi *(President)*; Gurlal S. Bhattal *(Vice President)*; Parmjot S. Parmar *(Director at large)*; Gurpreet Sidhu *(Executive Secretary)*; Jigerdeep Singh Dhillon *(Finance Secretary)*; Paramvir Kaur *(Women's Empowerment Director)*; Tejveer S. Soodan *(Youth Director)*; Amitpaul Singh *(IT Director)*; Kevindeep Atwal *(Inter- community Director)*; Navtej S. Sohi *(Past President)*; Dr. Param Singh *(Past Chairman)*

## PCS Board of Governors



Rajinder S. Mago; Mohinderjit S. Saini; Harwinder Paul S. Lail; Bhinder S. Pamma; Jasbir S. Palia; Balwinder S. Girn; Amarjit K. Atwal; Vick Singh

## PCS Board of Advisors



Manjeet S. Bhalla; Bhupinder S Dhaliwal; Parvinder Singh Nanua; Gurmit S. Dhillon; Surinder Palia

# ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ), ਸ਼ਿਕਾਗੋ

## Rangla Punjab Sponsors



Dr. Bhupinder Singh Saini | Narinder S. Grewal MD | Jaidev S. Bhattal | Dr. Harjinder S. Khaira | Gulzar S Multani | Amarjit Dhindsa | Lakhvir Dhindsa | Ranbir S. Dhaliwal | Gurinder S Grewal | Dr. Vikram Singh Gill | Dr. Amrit Virk | Lucky Sahota



Jagjit Singh Dhindsa | Davinder S. Rangi | Paul Khalil | Nick Balwinder | Happy Heer | Sarwan S. Tiwana | Dharminder khatra | Yadwinder khatra | Sukhmel S Atwal | Dr. Amrik Singh Sohi | Dr. Gagandeep S. Grover | Parminder S. Goldi



Amritpal S. Mangat | Parbhdeep S. Nanua | Avtar Bhaura | Iqbal Singh Saini | Jaskaran Dhaliwal | Rajinder Dayal | Dr. Hargurmukh pal Singh | Lakhwinder Singh | Rajdeep Pamma | Dr. Mandeep Gill | Harpartap Chahal | Jasbir Suga



Pinky Saini | Dalvir Kaur Parmar | Midha Mahilpuria | Swaran Singh Sekhon | Jassi Dhaliwal | Manjit S. Dhanoa | Pali Dhaliwal | Harkewal Singh Lally | Lakhbir S. Sandhu | Amrik Singh | Harbhajan S Kalyanpur | Jairam S. Kahlon

### Sher-E-Punjab Sports & Cultural Club, Chicago



Pindi Chhina | Baljit Tiwana | Jaswinder Gill | Deepinder Virk | Honey Khangura | Kamaljit Ghuman | Jindi Khangura | Jinder Benipal | Onkar S Sahota | Goldy Lally | Harjinder Samra | Manjit Singh | Manmohan S. Bhathal | Navjot Singh

### Sher-E-Punjab Sports Club, Chicago (Midwest)



Lakhwinder Singh | Jasroop singh | Amritpal Mangat | Amritpal Gill | Deepa Bandesha | Gurdev S. Gill | Parminder S. Walia | Amardev S. Bandesha | Balwinder Chatha | Darshan Pamma | Amarjit Bandesha | Manjinder Singh

### Punjab Sports Club, Chicago



Santokh S. Ghuman | Lucky Sahota | Ajaib S. Lakhan | Happy Heer | Dr. Harjinder Khaira | Narinder S. Sran | Jaskaran Dhaliwal | Rajinder Dayal | Harwinder Billa | Hardeep Gill | Parminder Saimbi | Jaspal Midha


SIKH Religious Society
ਗੁਰਦੁਆਰਾ ਪੈਲਾਟਾਈਨ

Copernicus center

NORTHERN TRUST




abbvie

PAO
www.paochicago.org

HT
HAMPSHIRE TIRES

HAWK
TRUCK DRIVING SCHOOL

ICONS
printing & signs

Taste of India
FINE DINING BISTRO




NEW YORK LIFE

5Rivers
ENTERTAINMENT







Sun Shawn Inc.

ALFA TOOLS



# ਦਿਲਜੋਤ ਆਤਮ-ਹੱਤਿਆ ਕੇਸ ਅਤੇ ਪੰਜਾਬ ਦੀਆਂ ਖੱਬੀਆਂ ਧਿਰਾਂ ਦੀ ਨਿਰਾਲੀ ਰਾਜਨੀਤੀ!

***ਪਿਛਲੇ ਕੁਝ ਸਮੇਂ ਤੋਂ ਅਮਰੀਕਨ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਉਸ ਦੇ ਮਾਅਰਕੇਬਾਜ਼ ਚੇਲੇ ਨੇਤਨਯਾਹੂ ਵਲੋਂ ਮੱਧ ਪੂਰਬ ਵਿਚ ਆਪਣੀ ਧੌਂਸ ਜਮਾਉਣ ਲਈ ਇਰਾਨ ਉਪਰ ਠੋਸੀ ਜੰਗ ਕਾਰਨ ਦੁਨੀਆ ਭਰ ਵਿਚ ਲੋਕਾਂ ਦੇ ਸਾਹ ਸੂਤੇ ਪਏ ਹਨ। ਉਧਰ, ਇਸ ਮੌਕੇ ਪੰਜਾਬ ਅੰਦਰ ਵਣ-ਵਣ ਦੀਆਂ ਖੱਬੀਆਂ ਧਿਰਾਂ ਵਲੋਂ ਨਕਸਲੀਆਂ ਦੇ ਲਲਕਾਰ ਧੜੇ ਨਾਲ ਸਬੰਧਤ 'ਭਰਾਤਰੀ' ਸੰਗਠਨ ਦੀ ਕਾਰਕੁਨ, ਐਡਵੋਕੇਟ ਦਿਲਜੋਤ ਸ਼ਰਮਾ ਦੇ ਬੜੇ ਹੀ ਦੁਖਦਾਇਕ ਹਾਤਮ-ਹੱਤਿਆ ਕਾਂਡ ਨੂੰ ਲੈ ਕੇ ਪੂਰਨ ਜੋਸ਼ੋ-ਖਰੋਸ਼ ਨਾਲ ਵੱਖਰੀ ਭਾਂਤ ਦੀ ਰਾਜਨੀਤਕ ਸਰਗਰਮੀ ਕੀਤੀ ਜਾ ਰਹੀ ਹੈ - ਜੋ 'ਪੰਜਾਬ ਟਾਈਮਜ਼' ਦੇ ਪਾਠਕਾਂ ਦੀ ਨਜ਼ਰ ਹੈ। ਇਸ ਪਰਥਾਏ ਆਉਣ ਵਾਲੀ ਸਮਾਂਤਰ ਜਾਣਕਾਰੀ ਦਾ ਸਵਾਗਤ ਕੀਤਾ ਜਾਵੇਗਾ। -ਸੰਪਾਦਕ***






ਪੰਜਾਬ ਵਿਚ ਅਨੇਕਾਂ ਖੱਬੇ-ਪੱਖੀ ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ ਆਦਿ ਜਥੇਬੰਦੀਆਂ ਅਤੇ ਸੰਸਥਾਵਾਂ ਆਪੋ-ਆਪਣੇ ਢੰਗ ਨਾਲ ਕੰਮ ਕਰਦੀਆਂ ਹਨ। ਇਨ੍ਹਾਂ ਵਿਚ ਵੱਖ-ਵੱਖ ਮੁੱਦਿਆਂ 'ਤੇ ਆਪਸੀ ਤਾਲ-ਮੇਲ ਵੀ ਰਹਿੰਦਾ ਹੈ ਅਤੇ ਅਨੇਕਾਂ ਮਸਲਿਆਂ 'ਤੇ ਤਿੱਖੇ ਮੱਤਭੇਦ ਵੀ ਬਣ ਜਾਂਦੇ ਹਨ। ਇਨ੍ਹਾਂ ਵਿਚੋਂ ਲਲਕਾਰ ਤੇ ਪ੍ਰਤੀਬੱਧ ਗਰੁੱਪ ਵਾਲੇ ਵੱਖਰੇ ਢੰਗ ਨਾਲ ਕੰਮ ਕਰਦੇ ਹਨ।

ਅਨੇਕਾਂ ਨੌਜਵਾਨ ਲੜਕੇ-ਲੜਕੀਆਂ ਆਪਣਾ ਜੀਵਨ ਸਮਰਪਿਤ ਕਰਕੇ ਇਨ੍ਹਾਂ ਗਰੁੱਪਾਂ ਨਾਲ ਸਮਾਜ ਲਈ ਫੁੱਲ ਟਾਈਮ ਕੰਮ ਕਰਦੇ ਹਨ। ਇਨ੍ਹਾਂ ਵਿਚੋਂ ਇੱਕ ਵਕੀਲ ਦੇ ਤੌਰ 'ਤੇ ਲਲਕਾਰ ਗਰੁੱਪ ਨਾਲ ਫੁੱਲ ਟਾਈਮ ਕੰਮ ਕਰਦੀ ਰਹੀ ਨੌਜਵਾਨ ਲੜਕੀ ਦਿਲਜੋਤ ਸ਼ਰਮਾ ਨੇ 5 ਜਨਵਰੀ, 2026 ਨੂੰ ਆਤਮ ਹੱਤਿਆ ਕਰ ਲਈ ਸੀ। ਉਸਨੇ ਆਪਣੇ ਆਤਮ-ਹੱਤਿਆ ਨੋਟ ਵਿਚ ਲਿਖਿਆ ਸੀ ਕਿ ਉਹ ਸਰੀਰਕ ਤੇ ਮਾਨਸਿਕ ਬੀਮਾਰੀਆਂ ਅਤੇ ਆਰਥਿਕ ਕਾਰਨਾਂ ਕਰਕੇ ਇਹ ਕਦਮ ਚੁੱਕ ਰਹੀ ਹੈ। ਉਸਨੇ ਨੋਟ ਵਿਚ ਕਿਸੇ ਨੂੰ ਵੀ ਦੋਸ਼ੀ ਨਹੀਂ ਠਹਿਰਾਇਆ ਸੀ।

ਪਰ ਇਸ ਆਤਮ-ਹੱਤਿਆ ਤੋਂ ਬਾਅਦ ਕੁਝ ਖੱਬੇ-ਪੱਖੀ ਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ 'ਲਲਕਾਰ ਗਰੁੱਪ' 'ਤੇ ਦੋਸ਼ ਲਗਾਏ ਸਨ ਕਿ ਦਿਲਜੋਤ ਨੂੰ ਆਤਮ-ਹੱਤਿਆ ਲਈ ਮਜਬੂਰ ਕੀਤਾ ਗਿਆ। ਕਈ ਇਹ ਵੀ ਦੋਸ਼ ਲਗਾਇਆ ਕਿ ਇਹ ਆਤਮ-ਹੱਤਿਆ ਨਹੀਂ, ਸਗੋਂ ਕਤਲ ਹੈ। ਇਸ ਸਬੰਧੀ ਕਈ ਧਰਨੇ-ਮੁਜ਼ਾਹਰੇ ਕੀਤੇ ਗਏ। ਪੁਲਿਸ 'ਤੇ ਕੇਸ ਦਰਜ ਕਰਨ ਲਈ ਦਬਾਅ ਪਾਇਆ ਗਿਆ। ਪੁਲਿਸ ਆਪਣੀ ਜਾਂਚ ਕਰ ਰਹੀ ਹੈ।

ਪਰ ਇਸ ਸਭ ਦੇ ਬਾਵਜੂਦ ਇਹ ਖੱਬੇ-ਪੱਖੀ ਭਰਾਤਰੀ ਜਥੇਬੰਧੀਆਂ ਇਸ ਮੁੱਦੇ ਨੂੰ ਠੰਢਾ ਨਹੀਂ ਪੈਣ ਦੇਣਾ ਚਾਹੁੰਦੀਆਂ। ਇਸ ਪਿੱਛੇ ਕੀ ਕਾਰਨ ਹਨ ਇਹ ਤਾਂ ਉਹ ਹੀ ਬੇਹਤਰ ਜਾਣਦੇ ਹਨ। ਪਰ ਅਜਿਹਾ ਕਰਨਾ ਬਹੁਤਾ ਵਾਜਬ ਨਹੀਂ ਲੱਗਦਾ। ਖਾਸਕਰ ਉਦੋਂ ਜਦੋਂ ਈਰਾਨ ਅਤੇ ਅਮਰੀਕਾ-ਇਜ਼ਰਾਈਲ ਜੰਗ ਕਾਰਨ ਸਾਰੀ ਦੁਨੀਆਂ ਵਿਚ ਮਾਹੌਲ ਬੇਹੱਦ ਚਿੰਤਾਜਨਕ ਬਣਿਆ ਹੋਇਆ ਹੈ ਅਤੇ ਸਾਰੀ ਦੁਨੀਆ ਦੀ ਆਰਥਿਕਤਾ 'ਤੇ ਇਸਦਾ ਮਾੜਾ ਪ੍ਰਭਾਵ ਪੈਣਾ ਸ਼ੁਰੂ ਹੋ ਚੁੱਕਾ ਹੈ।

ਇਸ ਮਸਲੇ ਸਬੰਧੀ ਹੁਣ 'ਜਮਹੂਰੀ ਅਧਿਕਾਰ ਸਭਾ' ਵੀ ਆਤਮ-ਹੱਤਿਆ ਦੀ ਜਾਂਚ ਕਰਨ ਲਈ ਇੱਕ ਕਮੇਟੀ ਬਣਾ ਕੇ ਸ਼ਾਮਿਲ ਹੋ ਗਈ ਹੈ। ਲੱਗਦਾ ਹੈ ਜੇ ਪੁਲਿਸ ਜਾਂਚ ਵਿਚ 'ਲਲਕਾਰ' ਵਾਲੇ ਦੋਸ਼ੀ ਨਾ ਵੀ ਪਾਏ ਗਏ ਤਾਂ ਇਹ ਕਮੇਟੀ ਉਨ੍ਹਾਂ ਨੂੰ ਜ਼ਰੂਰ ਦੋਸ਼ੀ ਸਾਬਿਤ ਕਰਕੇ ਹਟੇਗੀ?

ਇਸ ਕਮੇਟੀ ਨੂੰ ਆਰ ਕੌਰ ਨਾਮ ਦੀ ਖੱਬੇਪੱਖੀ ਕਾਰਕੁਨ ਨੇ ਵਿਸਤਾਰ ਵਿਚ ਆਪਣੇ ਵਿਚਾਰ ਲਿਖ ਕੇ ਭੇਜੇ ਹਨ, ਜਿਨ੍ਹਾਂ ਨੂੰ ਪਾਠਕਾਂ ਦੀ ਜਾਣਕਾਰੀ ਲਈ ਸ਼ੇਅਰ ਕਰ ਰਹੇ ਹਾਂ। ਇਸ ਬਾਰੇ ਤੁਸੀਂ ਵੀ ਆਪਣੇ ਵਿਚਾਰ ਸਾਂਝੇ ਕਰ ਸਕਦੇ ਹੋ।

***-ਹਰਚਰਨ ਸਿੰਘ ਪਰਹਾਰ***
***ਫੋਨ: 403-681-8689***

---

ਦਿਲਜੋਤ ਖੁਦਕੁਸ਼ੀ ਮਾਮਲੇ ਸਬੰਧੀ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਲੀਡਰਸ਼ਿਪ ਵੱਲੋਂ ਅਪਣਾਈ ਪਹੁੰਚ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਆਰ ਕੌਰ ਨੇ ਸੋਸ਼ਲ ਮੀਡੀਆ 'ਤੇ ਜਾਰੀ ਇੱਕ ਵਿਸਤ੍ਰਿਤ ਲਿਖਤ ਰਾਹੀਂ ਸਭਾ ਦੇ ਆਗੂਆਂ 'ਤੇ ਗੰਭੀਰ ਦੋਸ਼ ਲਾਏ ਹਨ। ਇਨ੍ਹਾਂ ਵਿਚ ਇਕ ਦੋਸ਼ ਇਹ ਵੀ ਹੈ ਕਿ ਜਮਹੂਰੀ ਅਧਿਕਾਰ ਸਭਾ ਪੰਜਾਬ ਬਿਨਾਂ ਕੋਈ ਜਾਂਚ ਕੀਤਿਆਂ ਦਿਲਜੋਤ ਦੇ ਪਿੰਡ ਵਿਚ ਹੋਏ ਸ਼ਰਧਾਂਜਲੀ ਸਮਾਗਮ ਤੋਂ ਲੈ ਕੇ ਹੀ ਨੌਜਵਾਨ ਭਾਰਤ ਸਭਾ ਦੇ ਆਗੂਆਂ ਖ਼ਿਲਾਫ ਪੁਲਿਸ ਕਾਰਵਾਈ ਦੀ ਮੰਗ ਕਰਦੀ ਆ ਰਹੀ ਸੀ। ਆਰ ਕੌਰ ਦਾ ਕਹਿਣਾ ਹੈ ਕਿ ਅਜਿਹਾ ਕਰਕੇ ਉਹ ਸਾਡੀ ਜਥੇਬੰਦੀ ਦੀਆਂ ਵਿਰੋਧੀ ਜਥੇਬੰਦੀਆਂ ਦਾ ਇੱਕ ਪਾਸੜ ਤੌਰ 'ਤੇ ਸਾਥ ਦੇ ਰਹੀ ਸੀ।

ਮੇਰਾ ਵਿਚਾਰ ਹੈ ਕਿ ਜੇ ਤੁਸੀਂ ਪਹਿਲਾਂ ਹੀ ਕਿਸੇ ਨੂੰ ਕਾਤਲ ਹੋਣ ਦਾ ਫਤਵਾ ਦੇ ਦਿੰਨੇ ਹੋ ਤਾਂ ਫਿਰ ਜਾਂਚ ਕਰਨ ਦੀ ਮੰਗ ਕਰਨ ਦੀ ਕੋਈ ਤੁਕ ਹੀ ਨਹੀਂ ਰਹਿ ਜਾਂਦੀ। ਸਬੰਧਤ ਜਥੇਬੰਦੀ ਨਾਲ ਕੋਈ ਗੱਲਬਾਤ ਕਰੇ ਬਿਨਾਂ, ਉਸ ਦਾ ਪੱਖ ਸੁਣੇ ਬਿਨਾਂ, ਧਰਨੇ-ਪ੍ਰਦਰਸ਼ਨ ਦੇ ਰਾਹ ਪੈ ਜਾਣਾ ਕਿੱਥੋਂ ਦੀ ਸਮਝਦਾਰੀ ਹੈ? ਮੈਂ ਖ਼ੁਦ ਵੱਖ-ਵੱਖ ਨੁਮਾਇੰਦਿਆਂ ਨਾਲ ਤਿੰਨ ਮੁਲਾਕਾਤਾਂ ਕਰ ਚੁੱਕਾ ਹਾਂ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਨੁਮਾਇੰਦਿਆਂ ਨੂੰ ਵੀ ਮੁਲਾਕਾਤ ਕਰਨ ਲਈ ਸੁਨੇਹਾ ਭੇਜਿਆ ਸੀ ਪਰ ਉਨ੍ਹਾਂ ਨੇ ਇਸ 'ਤੇ ਕੋਈ ਹੁੰਗਾਰਾ ਨਹੀਂ ਭਰਿਆ। ਕੀਤੀਆਂ ਗਈਆਂ ਮੁਲਾਕਾਤਾਂ ਵਿਚੋਂ ਇਹ ਗੱਲ ਉਭਰ ਕੇ ਸਾਹਮਣੇ ਆਈ ਸੀ ਕਿ ਕਿਸੇ ਵੀ ਜਥੇਬੰਦੀ ਨੇ ਨੌਜਵਾਨ ਭਾਰਤ ਸਭਾ ਦੇ ਨੁਮਾਇੰਦਿਆਂ ਜਾਂ ਜਿਹੜੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਉਹ ਦੋਸ਼ੀ ਸਮਝਦੇ ਨੇ, ਉਨ੍ਹਾਂ ਦਾ ਪੱਖ ਇੱਕ ਵਾਰ ਵੀ ਨਹੀਂ ਸੁਣਿਆ ਤੇ ਨਾ ਹੀ ਸੁਣਨ ਦੀ ਕੋਸ਼ਿਸ਼ ਕੀਤੀ ਹੈ।

ਮੇਰੀ ਜਾਣਕਾਰੀ ਮੁਤਾਬਕ ਦਿਲਜੋਤ ਦੇ ਖੁਦਕੁਸ਼ੀ ਨੋਟ ਦੀ ਸੱਚਾਈ ਸਾਹਮਣੇ ਲਿਆਉਣ ਲਈ ਉਸ ਦੀ ਜਥੇਬੰਦੀ ਦੇ ਆਗੂਆਂ ਨੇ ਜਾਂਚ ਵਿਚ ਪੂਰੀ ਤਰ੍ਹਾਂ ਸਹਿਯੋਗ ਕਰਦਿਆਂ ਸਾਰੇ ਤੱਥ ਮੁਹੱਈਆ ਕਰਾਏ ਹਨ, ਉਸ ਦੀਆਂ ਲਿਖਤਾਂ ਤੇ ਲਿਖਤੀ ਰਿਕਾਰਡ ਵਿਚ, ਕਿਸੇ ਵੀ ਗੱਲ ਨੂੰ ਛੁਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਅਫਸੋਸ ਦੀ ਗੱਲ ਤਾਂ ਇਹ ਹੈ ਕਿ ਮਾਨਸਾ ਵਿਖੇ ਇਨ੍ਹਾਂ ਜਥੇਬੰਦੀਆਂ ਵੱਲੋਂ ਲਗਾਏ ਗਏ ਧਰਨੇ ਵਿਚ ਆਪਣੇ ਆਪ ਨੂੰ ਮਾਰਕਸਵਾਦੀ-ਲੈਨਿਨਵਾਦੀ ਕਹਾਉਣ ਵਾਲੇ ਆਗੂਆਂ ਨੇ ਦਿਲਜੋਤ ਦੀ ਧਿਰ ਦੇ ਨੁਮਾਇੰਦਿਆਂ 'ਤੇ ਇਹ ਦੋਸ਼ ਲਾਏ ਕਿ ਇਹ ਨੌਜਵਾਨਾਂ ਨੂੰ ਪਰਿਵਾਰਾਂ ਨਾਲੋਂ ਤੋੜਦੇ ਨੇ, ਇਹ ਪਿਛਲੇ ਪੁਲ ਤੋੜ ਕੇ ਆਉਣ ਦੀਆਂ ਗੱਲਾਂ ਕਰਦੇ ਨੇ। ਕਾਮਰੇਡੋ! ਤੁਸੀਂ ਕਿਹੜੇ ਇਨਕਲਾਬ ਦੀ ਗੱਲ ਕਰਦੇ ਹੋ ਜਿਹਦੇ ਵਿਚ ਘਰਾਂ 'ਚ ਹੱਸਦਿਆਂ-ਵਸਦਿਆਂ ਜੀਵਨ ਬਤੀਤ ਕਰਦਿਆਂ ਇਹ ਹੋ ਸਕਦਾ ਹੈ, ਕੁਲ ਵਕਤੀ ਕਾਰਕੁਨ ਜੋ ਇਨਕਲਾਬੀ ਕਮਿਊਨਿਸਟ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਕੀ ਉਹ ਤੁਹਾਡੀ ਸਮਝ ਮੁਤਾਬਕ ਪੈਦਾ ਕੀਤੇ ਜਾ ਸਕਦੇ ਨੇ? ਤੁਸੀਂ ਵਿਆਹ ਦੀ ਸੰਸਥਾ ਬਾਰੇ, ਨੌਜਵਾਨਾਂ 'ਚ ਪ੍ਰੇਮ ਸਬੰਧਾਂ ਦੇ ਮਾਮਲਿਆਂ ਬਾਰੇ ਆਪਣਾ ਕੋਈ ਵਿਚਾਰ ਪੇਸ਼ ਕੀਤਾ ਹੈ? ਜਿਹੜੇ ਮਸਲੇ ਕਮਿਊਨਿਸਟ ਇਨਕਲਾਬੀ ਧਿਰਾਂ ਵਿਚ ਆਪਸੀ ਸੰਵਾਦ ਰਾਹੀਂ ਹੱਲ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਦੋਸਤਾਂ ਦੇ ਘੇਰੇ ਅੰਦਰਲੇ ਮਸਲੇ ਸਮਝਿਆ ਜਾਣਾ ਚਾਹੀਦਾ ਹੈ, ਉਨ੍ਹਾਂ ਨੂੰ ਤੁਸੀਂ ਦੁਸ਼ਮਣਾਨਾ ਰੂਪ ਦੇ ਦਿੱਤਾ ਹੈ ਉਨ੍ਹਾਂ ਨੂੰ ਹੱਲ ਕਰਨ ਲਈ ਤੁਸੀਂ ਪੁਲਸੀ ਕਾਰਵਾਈ ਦਾ ਸਹਾਰਾ ਲੈਣ ਤੱਕ ਚਲੇ ਗਏ? ਅਜੋਕੇ ਸਮੇਂ ਜਦੋਂ ਕਮਿਊਨਿਸਟ ਇਨਕਲਾਬੀ ਲਹਿਰ ਦਾ ਖੁਰਾ-ਖੋਜ ਮਿਟਾਉਣ ਲਈ ਸਰਕਾਰ ਵੱਲੋਂ 31 ਮਾਰਚ ਡੈਡਲਾਈਨ ਵੀ ਰੱਖੀ ਗਈ ਹੈ, ਜਦੋਂ ਇਜ਼ਰਾਈਲ ਤੇ ਅਮਰੀਕੀ ਸਾਮਰਾਜੀ ਧਾੜਵੀ ਈਰਾਨ ਤੇ ਫਲਸਤੀਨ ਵਰਗੇ ਮੁਲਕਾਂ ਨੂੰ ਬਾਰੂਦ ਦੇ ਢੇਰ ਨਾਲ ਬਰਬਾਦ ਕਰਨ 'ਤੇ ਤੁਲੇ ਹੋਏ ਹਨ, ਅਜਿਹੇ ਹਾਲਾਤ ਵਿਚ ਇਹ ਕਿੱਡਾ ਵੱਡਾ ਮਸਲਾ ਤੁਹਾਡੇ ਹੱਥ ਲੱਗਿਆ ਹੈ? 2019 ਤੋਂ ਬਿਮਾਰੀ ਨਾਲ ਜੂਝ ਰਹੀ ਇਸ ਲੜਕੀ ਦਾ ਕਿੰਨਿਆਂ ਕੁ ਨੇ ਦੁਖ ਦਰਦ ਵੰਡਾਇਆ ਸੀ? ਜਮਹੂਰੀ ਅਧਿਕਾਰ ਸਭਾ ਦੀ ਲੀਡਰਸ਼ਿਪ ਵੱਲੋਂ ਅਜਿਹੀਆਂ ਜਥੇਬੰਦੀਆਂ ਜਿਹੜੀਆਂ ਪਹਿਲਾਂ ਹੀ ਫਤਵੇ ਦੇ ਕੇ ਚੱਲੀਆਂ ਹਨ, ਉਨ੍ਹਾਂ ਦੀ ਸੁਰ ਨਾਲ ਸੁਰ ਮਿਲਾ ਕੇ ਚੱਲਣਾ ਬੇਹੱਦ ਅਫਸੋਸਜਨਕ ਹੈ। ਤੁਹਾਡੇ ਅਜਿਹਾ ਕਰਨ ਨਾਲ ਇਨਕਲਾਬ ਵਿਰੋਧੀ ਸ਼ਕਤੀਆਂ ਤੇ ਫਾਸ਼ੀ ਟੋਲਿਆਂ ਨੂੰ ਮਸਾਲਾ ਵੀ ਮੁਹੱਈਆ ਹੋਇਆ ਹੈ ਤੇ ਉਨ੍ਹਾਂ ਵੱਲੋਂ ਤੁਹਾਡੇ ਖ਼ਿਲਾਫ ਭੰਡੀ ਪ੍ਰਚਾਰ ਨੂੰ ਜਰਬਾਂ ਵੀ ਮਿਲੀਆਂ ਹਨ।

***-ਅਜੈਬ ਸਿੰਘ ਟਿਵਾਣਾ***
***ਫੋਨ: 78887-38476***

## ਜਮਹੂਰੀ ਅਧਿਕਾਰ ਸਭਾ ਦੀ ਅਣਚਾਹੀ ਦਖ਼ਲਅੰਦਾਜ਼ੀ

ਕਿਸੇ ਇਨਕਲਾਬੀ ਜਮਹੂਰੀ ਜਥੇਬੰਦੀ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ-ਅੰਦਾਜ਼ੀ ਕਰਨ ਦਾ ਜਮਹੂਰੀ ਅਧਿਕਾਰ ਸਭਾ ਦਾ ਕਦੇ ਵੀ ਇਤਿਹਾਸ ਨਹੀਂ ਰਿਹਾ। ਬੀਬਾ ਦਿਲਜੋਤ ਸ਼ਰਮਾ ਦੇ ਮਾਮਲੇ ਵਿਚ ਪੁਲਿਸ ਪਹਿਲਾਂ ਹੀ ਜਾਂਚ ਕਰ ਰਹੀ ਹੈ ਅਤੇ ਜਗਦੀਸ਼ ਨਾਮ ਦੇ ਇੱਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ। ਦਿਲਜੋਤ ਲਿਖਤੀ ਨੋਟ ਛੱਡ ਕੇ ਮਰੀ ਹੈ ਕਿ ਉਹ ਆਪਣੀ ਬਿਮਾਰੀ ਅਤੇ ਘਰੇਲੂ ਕਲੇਸ਼ ਕਾਰਨ ਖੁਦਕੁਸ਼ੀ ਕਰ ਰਹੀ ਹੈ, ਇਸ ਵਿਚ ਕਿਸੇ ਦਾ ਕਸੂਰ ਨਹੀਂ ਹੈ।

ਪਰ ਹੱਡਾਰੋੜੀ/ਕਰੰਗਬਾੜੀ ਦੇ ਕੁੱਤਿਆਂ ਵਾਂਗ ਵਿਵਹਾਰ ਕਰਦੇ ਹੋਏ ਕੁਝ ਹਲਕੀਆਂ ਹੋਈਆਂ ਜਥੇਬੰਦੀਆਂ ਅਤੇ ਵਿਅਕਤੀਆਂ ਨੇ ਬਿਨਾਂ ਜਾਂਚ ਪੜਤਾਲ ਤੋਂ ਹੀ ਪ੍ਰਤੀਬੱਧ ਨਾਲ ਜੁੜੀਆਂ ਜਨਤਕ ਜਥੇਬੰਦੀਆਂ ਦੇ ਕਾਰਕੁਨਾਂ ਨੂੰ ਦਿਲਜੋਤ ਨੂੰ ਖੁਦਕੁਸ਼ੀ ਕਰਨ ਲਈ ਉਕਸਾਉਣ ਦਾ ਜਾਂ ਇਥੋਂ ਤਕ ਕਿ ਕਤਲ ਕਰਨ ਦਾ ਦੋਸ਼ ਲਗਾ ਦਿੱਤਾ ਸੀ।

ਇੰਨਾ ਹੀ ਨਹੀ ਸਗੋਂ ਹਕੂਮਤ ਦੇ ਵਹਿਸ਼ੀ ਸੰਦ ਪੁਲਿਸ ਨੂੰ ਧਰਨਿਆਂ/ਮੁਜ਼ਾਹਰਿਆਂ ਰਾਹੀਂ ਦਬਾਅ ਪਾ ਕੇ ਪ੍ਰਤੀਬੱਧ ਨਾਲ ਜੁੜੇ ਵਿਅਕਤੀਆਂ ਖ਼ਿਲਾਫ਼ ਸਖਤੀ ਨਾਲ 'ਪੁੱਛਗਿੱਛ' ਕਰਕੇ ਯਾਨਿ ਥਰਡ ਡਿਗਰੀ ਤਸੀਹੇ ਦੇ ਕੇ ਪੁੱਛਗਿੱਛ ਕਰਨ ਲਈ ਦਰਖਾਸਤ ਦੇ ਦਿੱਤੀ ਹੋਈ ਹੈ। ਪ੍ਰਤੀਬੱਧ ਮੈਗਜ਼ੀਨ ਅਤੇ ਲਲਕਾਰ ਵਰਗੀ ਕਿਸੇ ਜਮਹੂਰੀ ਜਥੇਬੰਦੀ ਜਾਂ ਵਿਅਕਤੀਆਂ ਵੱਲੋਂ ਆਪਣੀ ਪੂਰੀ ਇਮਾਨਦਾਰੀ ਨਾਲ ਵਿਦਿਆਰਥੀਆਂ, ਨੌਜਵਾਨਾਂ ਅਤੇ ਸਨਅਤੀ ਕਾਮਿਆਂ ਵਿਚਕਾਰ ਕੰਮ ਕਰਦੇ ਇਨਕਲਾਬੀ ਜਮਹੂਰੀ ਕਾਰਕੁਨਾਂ ਨੂੰ ਪੁਲਿਸ ਤਸ਼ੱਦਦ ਹੇਠ ਲਿਆਉਣ ਦੀ ਮੰਗ ਕਰਨੀ ਅਤਿ ਨਿੰਦਣਯੋਗ ਹਰਕਤ ਹੈ। ਬਣਦਾ ਤਾਂ ਇਹ ਸੀ ਕਿ ਪ੍ਰਤੀਬੱਧ ਨਾਲ ਜੁੜੇ ਆਗੂਆਂ ਅਤੇ ਜ਼ਿੰਮੇਵਾਰ ਕਾਰਕੁਨਾਂ ਨਾਲ ਭਰਾਤਰੀ ਗੱਲਬਾਤ ਚਲਾਈ ਜਾਂਦੀ, ਪਰ ਹੋਛੇ ਅਤੇ ਕਾਹਲੇ ਵਿਰੋਧੀਆਂ ਨੇ ਭਰਾਤਰੀ ਸੰਵਾਦ ਦੀਆਂ ਸਾਰੀਆਂ ਸੰਭਾਵਨਾਵਾਂ ਉਪਰ ਪਹਿਰਾ ਦੇਣ ਦੀ ਬਜਾਏ ਪੁਲਿਸ ਤਸ਼ੱਦਦ ਕਰਵਾਉਣ ਦਾ ਬੁਰਜੂਆ-ਜਗੀਰੂ ਰਾਹ ਚੁਣਨ ਨੂੰ ਤਰਜੀਹ ਦਿੱਤੀ।

ਪੰਜਾਬ ਦੀ ਜਮਹੂਰੀ ਲਹਿਰ ਦੇ ਇਤਿਹਾਸ ਵਿਚ ਇਸ ਤੋਂ ਵੱਧ ਘਿਨਾਉਣੀ ਰਵਾਇਤ ਦੀ ਸ਼ੁਰੂਆਤ ਕਰਨ ਲਈ ਇਨ੍ਹਾਂ ਲੋਕਾਂ ਨੂੰ ਕੀ ਕਿਹਾ ਜਾਵੇ ਇਨਕਲਾਬੀ ਜਾਂ ਪੁਲਿਸ ਦੇ ਟਾਊਟ?

ਰਹੀ ਗੱਲ ਜਮਹੂਰੀ ਅਧਿਕਾਰ ਸਭਾ ਦੀ। ਇਸ ਵੱਲੋਂ ਇਸ ਮੁੱਦੇ ਉੱਤੇ ਦਿਖਾਈ ਜਾ ਰਹੀ ਇਕਪਾਸੜ ਰਾਜਨੀਤੀ (ਜੋ ਕਿ ਸਭਾ ਦਾ ਕਦੇ ਵੀ ਅਧਿਕਾਰ ਖੇਤਰ ਨਹੀਂ ਰਿਹਾ) ਮੇਰੀ ਸਮਝ ਤੋਂ ਤਾਂ ਬਾਹਰ ਹੈ, ਮੈਂ ਜਮਹੂਰੀ ਹੱਕਾਂ ਦੀ ਜਥੇਬੰਦੀ ਨਾਲ ਬਿਤਾਏ ਆਪਣੇ 45 ਸਾਲਾਂ ਦੇ ਸਰਗਰਮ ਜੀਵਨ ਵਿਚ ਅਜਿਹੀ ਅਣਹੋਣੀ ਪਹਿਲੀ ਵਾਰ ਦੇਖ ਰਿਹਾ ਹਾਂ। ਉਮੀਦ ਹੈ ਕਿ ਪ੍ਰੋ. ਜਗਮੋਹਨ ਸਿੰਘ ਇਸ ਵਰਤਾਰੇ ਨੂੰ ਠੱਲ੍ਹ ਪਾਉਣ ਲਈ ਆਪਣੀ ਭੂਮਿਕਾ ਨਿਭਾਉਣਗੇ।

***-ਕਰਮ ਬਰਸਟ***
***ਫੋਨ: 94170-73832***

ਮੈਂ ਤੁਹਾਡੇ ਨਾਲ ਸਹਿਮਤ ਹਾਂ ਪਰ ਸਾਨੂੰ ਪਤਾ ਹੋਣਾ ਚਾਹੀਦਾ ਦਾ ਹੈ ਕਿ ਜਮਹੂਰੀ ਅਧਿਕਾਰ ਸਭਾ ਦੀ ਵੱਖ-ਵੱਖ ਪੱਧਰ ਦੀ ਲੀਡਰਸ਼ਿਪ ਦਾ ਵੱਡਾ ਹਿੱਸਾ; ਕਿਸੇ ਨਾ ਕਿਸੇ ਰੂਪ 'ਚ, ਕਿਸੇ ਨਾ ਕਿਸੇ ਕਮਿਊਨਿਸਟ ਇਨਕਲਾਬੀ ਗਰੁੱਪ ਨਾਲ ਜਾਂ ਤਾਂ ਸਬੰਧਤ ਰਹਿ ਚੁੱਕਾ ਹੈ, ਜਾਂ ਫਿਰ ਹੁਣ ਵੀ ਹਮਦਰਦੀ ਰੱਖਦਾ ਹੈ। ਦਿਲਜੋਤ ਸ਼ਰਮਾ ਦੇ ਕੇਸ 'ਚ ਜਮਹੂਰੀ ਅਧਿਕਾਰ ਸਭਾ ਦਾ ਨਾਂਹ-ਪੱਖੀ ਦਖ਼ਲ, ਵੱਖ-ਵੱਖ ਇਨਕਲਾਬੀ ਗਰੁੱਪਾਂ 'ਚ ਆਏ ਸਿਆਸੀ ਨਿਘਾਰ ਦਾ ਹੀ ਪਰਛਾਵਾਂ ਹੈ। ਪ੍ਰੋਫੈਸਰ ਜਗਮੋਹਨ ਸਿੰਘ ਸਾਡੇ ਸਭ ਦੇ ਸਤਿਕਾਰਯੋਗ ਹਨ। ਪਰ ਸਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਦਿਲਜੋਤ ਸ਼ਰਮਾ ਦੀ ਮੌਤ ਸਬੰਧੀ ਜਾਂਚ ਦੀ ਮੰਗ ਕਰਨ ਵਾਲਾ ਬਿਆਨ, ਸਭ ਤੋਂ ਪਹਿਲਾਂ ਜਗਮੋਹਨ ਸਿੰਘ ਨੇ ਹੀ ਦਿੱਤਾ ਸੀ।

***-ਪਰਮਜੀਤ ਰੋਡੇ***
***ਫੋਨ: 737-274-2370***

---

## ਜਮਹੂਰੀ ਅਧਿਕਾਰ ਸਭਾ ਨੂੰ ਆਰ ਕੌਰ ਦੀ ਖੁੱਲ੍ਹੀ ਚਿੱਠੀ

ਵੱਲ,
ਪ੍ਰਿਤਪਾਲ ਸਿੰਘ, ਜਨਰਲ ਸਕੱਤਰ,
ਜਮਹੂਰੀ ਅਧਿਕਾਰ ਸਭਾ।
ਸਾਥੀ ਜੀ,

ਤੁਹਾਡੇ ਵੱਲੋਂ ਮੈਨੂੰ ਹੇਠਲਾ ਸੁਨੇਹਾ ਪ੍ਰਾਪਤ ਹੋਇਆ ਹੈ -

'ਜਮਹੂਰੀ ਅਧਿਕਾਰ ਸਭਾ ਦੀ ਸੂਬਾ ਕਮੇਟੀ ਐਡਵੋਕੇਟ ਦਿਲਜੋਤ ਸ਼ਰਮਾ ਦੀ ਮੌਤ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ, ਕਿਉਂਕਿ ਉਨ੍ਹਾਂ ਦੇ ਪਰਿਵਾਰ ਵਲੋਂ ਸਾਡੇ ਤੱਕ ਪਹੁੰਚ ਕੀਤੀ ਗਈ ਸੀ। ਇਸ ਲਈ ਸੂਬਾ ਸਕੱਤਰੇਤ ਨੇ ਤੱਥ ਇਕੱਠੇ ਕਰਨ ਲਈ ਸਕੱਤਰੇਤ ਮੈਂਬਰਾਂ ਦੀ ਜ਼ੁੰਮੇਵਾਰੀ ਲਾਈ ਹੈ। 2. ਅਸੀਂ ਉਨ੍ਹਾਂ ਨੂੰ ਮਿਲਣਾ ਹੈ ਜੋ ਆਖਰੀ ਸਮੇਂ ਦਿਲਜੋਤ ਦੇ ਕੋਲ ਸਨ ਅਤੇ ਉਸ ਨੂੰ ਸੰਭਾਲਣ ਤੇ ਡਾਕਟਰੀ ਸਹਾਇਤਾ ਲਈ ਜਿਨ੍ਹਾਂ ਨੇ ਭੂਮਿਕਾ ਨਿਭਾਈ ਸੀ, ਤਾਂ ਕਿ ਇਸ ਦੁਖਦਾਈ ਘਟਨਾ ਸਬੰਧੀ ਜਾਣਕਾਰੀ ਇਕੱਤਰ ਕੀਤੀ ਜਾ ਸਕੇ। 3. ਅਸੀਂ ਉਹ ਕਮਰਾ ਜਾਂ ਦਫ਼ਤਰ ਵੀ ਵੇਖਣਾ ਚਾਹੁੰਦੇ ਹਾਂ ਜਿਥੇ ਦਿਲਜੋਤ ਨੇ ਆਖਰੀ ਪਲ ਬਿਤਾਏ। ਸਮੇਂ ਤੇ ਸਥਾਨ ਬਾਰੇ ਜਾਣਕਾਰੀ ਤੁਸੀਂ ਪ੍ਰਿਤਪਾਲ ਨੂੰ ਉਸਦੀ ਮੇਲ ਜਾਂ ਫੋਨ 9876060280 ਰਾਹੀਂ ਭੇਜ ਸਕਦੇ ਹੋ। ਹੁੰਗਾਰੇ ਦੀ ਆਸ ਨਾਲ, ਪ੍ਰਿਤਪਾਲ ਸਿੰਘ, ਜਨਰਲ ਸਕੱਤਰ, 21 ਮਾਰਚ 2026।'

ਸਾਥੀ ਜੀ, ਤੁਹਾਡਾ ਸੁਨੇਹਾ ਪੜ੍ਹ ਕੇ ਮੈਨੂੰ ਬਹੁਤ ਹੀ ਦੁੱਖ ਅਤੇ ਅਫਸੋਸ ਹੋਇਆ ਕਿ ਇਹ ਸੁਨੇਹਾ ਮਿਲਣ ਵਾਸਤੇ ਨਹੀਂ, ਸਗੋਂ ਮਿਲਣ ਦੀ ਗੁੰਜਾਇਸ਼ ਖ਼ਤਮ ਕਰਨ ਵਾਸਤੇ ਭੇਜਿਆ ਪ੍ਰਤੀਤ ਹੁੰਦਾ ਹੈ। ਇਸਦਾ ਕਾਰਨ ਇਹ ਹੈ ਕਿ ਇਸ ਸੁਨੇਹੇ ਦੇ ਪਿਛੋਕੜ 'ਚ ਸਾਡੀ ਫੋਨ 'ਤੇ ਹੋਈ ਆਪਸੀ ਗੱਲ ਨੂੰ, ਤੁਸੀਂ ਇਸ ਸੁਨੇਹੇ 'ਚ ਛੁਪਾ ਗਏ ਹੋ। ਮੈਂ ਤੁਹਾਨੂੰ ਨਿਰਪੱਖ ਜਾਂਚ ਲਈ ਭਰੋਸੇਯੋਗਤਾ ਕਾਇਮ ਕਰਨ ਲਈ, ਤੁਹਾਡੇ ਵੱਲੋਂ ਜਾਂਚ ਕਮੇਟੀ ਮੈਂਬਰਾਂ, ਜਾਂਚ ਦੇ ਢੰਗ-ਤਰੀਕੇ, ਸਵਾਲਾਂ ਆਦਿ ਬਾਰੇ ਲਿਖਤੀ ਭੇਜਣ ਅਤੇ ਮੇਰੇ ਸਭ ਜਵਾਬ ਲਿਖਤੀ ਲੈਣ ਦੀ ਮੰਗ ਕੀਤੀ ਸੀ। ਤੁਸੀਂ ਮੇਰੀ ਇਸ ਮੰਗ ਦਾ ਇਸ ਸੁਨੇਹੇ 'ਚ ਕੋਈ ਜ਼ਿਕਰ ਤੱਕ ਨਹੀਂ ਕੀਤਾ। ਇਸ ਤੋਂ ਬਿਨਾਂ ਜਾਂਚ ਕਮੇਟੀ ਦੇ ਦੋ ਵਿਅਕਤੀਆਂ 'ਤੇ ਇਤਰਾਜ਼ ਕੀਤਾ ਸੀ ਕਿ ਇਹ ਇਨਕਲਾਬੀ-ਜਮਹੂਰੀ ਲੋਕ ਪੱਖੀ ਜੱਥੇਬੰਦੀਆਂ, ਆਗੂਆਂ, ਕਾਰਕੁਨਾਂ ਖ਼ਿਲਾਫ ਭੰਡੀ ਪ੍ਰਚਾਰ 'ਚ ਸ਼ਾਮਲ ਰਹੇ ਹਨ ਅਤੇ ਅਜਿਹੀਆਂ ਪੋਸਟਾਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕਰਦੇ ਰਹੇ ਹਨ, ਜਿਸ ਕਾਰਨ ਮੇਰਾ ਇਨ੍ਹਾਂ ਦੀ ਨਿਰਪੱਖਤਾ 'ਤੇ ਵਿਸ਼ਵਾਸ ਨਹੀਂ। ਤੁਸੀਂ ਇਸ ਇਤਰਾਜ਼ ਨੂੰ ਵੀ ਅਣਦੇਖਾ ਕਰ ਦਿੱਤਾ ਹੈ।

ਤੁਹਾਡੇ ਇਸ ਵਿਹਾਰ ਤੋਂ ਮੈਨੂੰ ਇਹ ਸਪੱਸ਼ਟ ਹੈ ਕਿ ਤੁਹਾਡਾ ਮਕਸਦ ਨਿਰਪੱਖ ਜਾਂਚ ਕਰਨ ਦਾ ਨਹੀਂ ਹੈ। ਇਸ ਲਈ ਤੁਸੀਂ ਇਸ ਸੁਨੇਹੇ ਨੂੰ ਆਪਣੀ ਪਹਿਲਾਂ ਹੀ ਤੈਅਸ਼ੁਦਾ ਰਿਪੋਰਟ ਵਿਚ ਇਸਤੇਮਾਲ ਕਰਨ ਦੇ ਮਕਸਦ ਨਾਲ ਪਰਦਾਪੋਸ਼ੀ ਲਈ ਭੇਜਿਆ ਹੈ।

ਇਸ ਲਈ, ਮੈਂ ਤੁਹਾਡੇ ਸੁਨੇਹੇ ਦਾ ਜਵਾਬ ਜਨਤਕ ਤੌਰ ਉੱਤੇ ਦੇਣ ਲਈ ਮਜਬੂਰ ਹੋ ਰਹੀ ਹਾਂ ਤਾਂ ਕਿ ਕਿਸੇ ਵੀ ਸੁਹਿਰਦ ਵਿਅਕਤੀ ਨੂੰ ਇਹ ਸਪੱਸ਼ਟ ਹੋ ਸਕੇ ਕਿ ਸਾਡੀ ਸਾਥੀ ਦਿਲਜੋਤ ਦੀ ਦੁੱਖਦਾਈ ਮੌਤ ਦੇ ਕਾਰਨਾਂ ਨੂੰ ਕੌਣ ਲੋਕ ਕਚਹਿਰੀ 'ਚ ਪਾਰਦਰਸ਼ੀ ਤਰੀਕੇ ਨਾਲ ਪੇਸ਼ ਕਰਨਾ ਚਾਹੁੰਦਾ ਹੈ ਅਤੇ ਕੌਣ ਨਹੀਂ! ਤੁਹਾਡੀ ਪਾਰਦਰਸ਼ਤਾ ਦਾ ਆਲਮ ਤਾਂ ਇਹ ਹੈ ਕਿ ਤੁਸੀਂ ਆਪਣੇ ਸੁਨੇਹੇ ਦੀ ਸ਼ੁਰੂਆਤ ਹੀ ਗਲਤ ਜਾਣਕਾਰੀ ਦੇ ਕੇ ਮੈਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦੇ ਹੋਏ ਕੀਤੀ ਹੈ। ਤੁਸੀਂ ਕਿਹਾ ਹੈ ਕਿ ਸੂਬਾ ਕਮੇਟੀ ਜਾਂਚ ਕਰ ਰਹੀ ਹੈ। ਅਸਲ ਵਿਚ ਤੁਹਾਡੀ ਸੂਬਾ ਕਮੇਟੀ ਦੀ ਕੋਈ ਮੀਟਿੰਗ ਹੋਈ ਹੀ ਨਹੀਂ ਜਿਸ ਵਿਚ ਇਸ ਮਾਮਲੇ ਸਬੰਧੀ ਜਾਂਚ ਕਰਨ ਦਾ ਫੈਸਲਾ ਕੀਤਾ ਗਿਆ ਹੋਵੇ। ਇਹ ਤੁਹਾਡੀ ਜਥੇਬੰਦੀ ਦਾ ਅੰਦਰੂਨੀ ਮਸਲਾ ਹੈ ਕਿ ਕਿਸਨੇ ਕੀ ਫੈਸਲਾ ਕਰਨਾ ਹੈ। ਪਰ ਜਮਹੂਰੀ ਅਸੂਲਾਂ ਦਾ ਤਕਾਜ਼ਾ ਹੈ ਕਿ ਤੁਸੀਂ ਮੈਨੂੰ ਸਹੀ-ਸਹੀ ਪੂਰੀ ਜਾਣਕਾਰੀ ਤਾਂ ਦਿਓ ਕਿ ਕਿਸਦਾ ਕੀ ਫੈਸਲਾ ਹੈ?

1). ਸਾਥੀ ਦਿਲਜੋਤ ਮੇਰੀ ਰੂਮਮੇਟ ਸੀ। ਉਸਨੇ ਖੁਦਕੁਸ਼ੀ ਨੋਟ ਵਿਚ ਲਿਖਿਆ ਹੈ ਕਿ 'ਮੈਂ ਆਪਣੇ ਆਪ ਤੋਂ ਤੰਗ ਸੀ ਮੈਂਟਲੀ ਵੀ ਫਿਜ਼ੀਕਲੀ ਵੀ। ਬਿਮਾਰ ਰਹਿੰਦੀ ਸੀ। ਮੇਰੇ ਘਰ ਦੇ ਵੀ ਮੈਨੂੰ ਤੰਗ ਕਰਦੇ ਸੀ ਜਿਸ ਲਈ ਮੈਂ ਇਹ ਸਭ ਕੀਤਾ। ਇੱਥੇ ਕਿਸੇ ਨੂੰ ਵੀ ਤੰਗ ਨਾ ਕੀਤਾ ਜਾਵੇ। ਸਾਰੇ ਮੇਰਾ ਬਹੁਤ ਧਿਆਨ ਰੱਖਦੇ ਸੀ। ਪਰ ਮੈਂ ਖੁਦ ਹੀ ਜਿਊਣਾ ਨਹੀਂ ਚਾਹੁੰਦੀ ਸੀ। ਜੇ ਮੇਰੇ ਘਰ ਦੇ ਕੋਈ ਇਲਜ਼ਾਮ ਲਾਉਣ ਤਾਂ..' ਆਖਰੀ ਵਾਕ ਉਸ ਵੱਲੋਂ ਪੂਰਾ ਨਹੀਂ ਕੀਤਾ ਗਿਆ ਹੈ। ਉਹ ਘਰੇ ਰਹਿੰਦੇ ਹੋਏ ਸਾਲ 2019 ਤੋਂ ਹੀ ਪੈਂਕ੍ਰਿਆਟਾਇਟਿਸ ਨਾਲ ਪੀੜਤ ਸੀ। ਉਸਦਾ ਕ੍ਰੌਨਿਕ ਪੈਂਕ੍ਰਿਆਟਾਇਟਿਸ ਦਾ ਇਲਾਜ ਚੱਲ ਰਿਹਾ ਸੀ। ਉਸਦੀ ਇਸ ਬਿਮਾਰੀ, ਘਰਦਿਆਂ ਨਾਲ ਉਸਦੇ ਕੜਵਾਹਟ ਭਰੇ ਰਿਸ਼ਤੇ, ਉਸਦੇ ਵਿਅਕਤੀਤਵ ਤੇ ਸੁਭਾਅ ਬਾਰੇ ਮੈਂ ਵੱਖ-ਵੱਖ ਜਥੇਬੰਦੀਆਂ, ਉਨ੍ਹਾਂ ਦੇ ਨੁਮਾਇੰਦਿਆਂ, ਕਾਰਕੁਨਾਂ, ਪੱਤਰਕਾਰਾਂ ਸਾਹਮਣੇ ਤੱਥ ਪੇਸ਼ ਕੀਤੇ ਹਨ। ਪੁਲਿਸ ਜਾਂਚ ਵਿਚ ਵੀ ਮੈਂ ਹਮੇਸ਼ਾਂ ਸਹਿਯੋਗ ਕੀਤਾ ਹੈ। ਸਾਥੀ ਦਿਲਜੋਤ ਦੇ ਪਰਿਵਾਰਕ ਮੈਂਬਰਾਂ, ਪੰਚਾਇਤ ਮੈਂਬਰਾਂ ਆਦਿ ਨਾਲ ਵੀ ਮੈਂ ਸ਼ੁਰੂ ਤੋਂ ਹੀ ਖੁੱਲ੍ਹ ਕੇ ਗੱਲ ਕੀਤੀ ਹੈ, ਸਾਰੇ ਤੱਥ ਪੇਸ਼ ਕੀਤੇ ਹਨ। ਇਸ ਲਈ ਕਿਸੇ ਵੀ ਨਿਰਪੱਖ-ਸੁਹਿਰਦ ਟੀਮ ਨੂੰ ਲੋੜੀਂਦੀ ਜਾਣਕਾਰੀ ਦੇਣ ਵਿਚ ਮੈਂ ਹਰ ਪ੍ਰਕਾਰ ਦਾ ਸਹਿਯੋਗ ਕਰਨ ਲਈ ਤਿਆਰ ਰਹੀ ਹਾਂ, ਤਿਆਰ ਹਾਂ। ਮੈਂ ਤੇ ਦਿਲਜੋਤ ਜਿੱਥੇ ਰਹਿੰਦੇ ਸਾਂ, ਉਸ ਜਗ੍ਹਾ ਉੱਤੇ ਵੱਖ-ਵੱਖ ਜਥੇਬੰਦੀਆਂ ਦੇ ਆਗੂ, ਕਾਰਕੁਨ, ਪੱਤਰਕਾਰ, ਪਰਿਵਾਰਕ ਤੇ ਪੰਚਾਇਤ ਮੈਂਬਰ, ਪੁਲਿਸ ਆ ਕੇ ਗਏ ਹਨ। ਇਹ ਥਾਂ ਵਿਖਾਉਣ ਤੋਂ ਮੈਨੂੰ ਕਿਸੇ ਪ੍ਰਕਾਰ ਦਾ ਗੁਰੇਜ਼ ਨਾ ਪਹਿਲਾਂ ਰਿਹਾ ਹੈ ਅਤੇ ਨਾ ਹੁਣ ਹੈ।

2) ਸਾਥੀ ਦਿਲਜੋਤ ਦੀ ਮੌਤ 5 ਜਨਵਰੀ ਨੂੰ ਹੋਈ। ਪ੍ਰੈਸ (ਦੁਨੀਆਂ ਚੈਨਲ) 'ਚ ਆਈ ਜਾਣਕਾਰੀ ਅਨੁਸਾਰ 10 ਜਨਵਰੀ ਨੂੰ ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਵਲੋਂ ਸੁਖਦਰਸ਼ਨ ਨੱਤ, ਪੰਜਾਬ ਸਟੂਡੈਂਟਸ ਯੂਨੀਅਨ ਦਾ ਪ੍ਰਧਾਨ ਰਣਵੀਰ ਸਿੰਘ ਰੰਧਾਵਾ, ਸਾਬਕਾ ਵਿਧਾਇਕ ਤਰਸੇਮ ਜੋਧਾਂ, ਆਰ.ਐਮ.ਪੀ.ਆਈ ਵਲੋਂ ਪ੍ਰੋ. ਜੈਪਾਲ ਸਿੰਘ, ਸੁਰਿੰਦਰ ਜੈਪਾਲ, ਆਈ.ਡੀ.ਪੀ. ਦਾ ਸੂਬਾ ਪ੍ਰਧਾਨ ਕਰਨੈਲ ਸਿੰਘ ਜਖੇਪਲ, ਇਨਕਲਾਬੀ ਕੇਂਦਰ ਪੰਜਾਬ ਵੱਲੋਂ

***(ਬਾਕੀ ਅਗਲੇ ਸਫੇ 'ਤੇ)***

*(ਪਿਛਲੇ ਸਫੇ ਦਾ ਬਾਕੀ)*

ਸੁਰਿੰਦਰ ਸਿੰਘ, ਸੀ.ਪੀ.ਆਈ. ਵਲੋਂ ਮਨਿੰਦਰ ਸਿੰਘ ਭਾਟੀਆ ਆਦਿ ਅਧਾਰਤ ਵਫਦ ਪੁਲਿਸ ਅਧਿਕਾਰੀਆਂ ਨੂੰ ਮਿਲਿਆ ਅਤੇ ਮੰਗ ਕੀਤੀ ਕਿ 'ਆਪਣੇ ਆਪ ਨੂੰ ਇਨਕਲਾਬੀ ਅਖਵਾਉਣ ਵਾਲੀ ਜਥੇਬੰਦੀ ਲਲਕਾਰ ਦੇ ਆਗੂਆਂ ਤੋਂ ਸਖ਼ਤੀ ਨਾਲ ਪੁੱਛਗਿਛ ਹੋਣੀ ਚਾਹੀਦੀ ਹੈ।' 'ਜੇਕਰ ਦੋ ਦਿਨਾਂ ਦੇ ਅੰਦਰ ਅੰਦਰ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ ਪਰਚਾ ਦਰਜ ਨਹੀਂ ਕੀਤਾ ਤਾਂ ਦਿਲਜੋਤ ਦੇ ਭੋਗ ਉੱਪਰ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।' 'ਕਿ ਪਹਿਲਾਂ ਵੀ ਨਵਕਰਨ ਨਾਂ ਦੇ ਲੜਕੇ ਵੱਲੋਂ ਇਸ ਸੰਗਠਨ ਅੰਦਰ ਹੀ ਖ਼ੁਦਕੁਸ਼ੀ ਕੀਤੀ ਗਈ ਸੀ। ਉਸ ਤੋਂ ਬਾਅਦ ਕਲਪਨਾ ਨਾਮ ਦੀ ਲੜਕੀ ਦਾ ਮਾਮਲਾ ਆਇਆ ਉਹ ਵੀ ਇਸੇ ਸੰਗਠਨ ਨਾਲ ਸੰਬੰਧਿਤ ਸੀ। ਇਸ ਕਰਕੇ ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਲਗਾਤਾਰਤਾ ਵਿਚ ਦੇਖਣ ਦੀ ਜ਼ਰੂਰਤ ਹੈ। ਇਹ ਸੰਗਠਨ ਆਪਣੇ ਅੰਦਰ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਅਸਫਲ ਸਾਬਿਤ ਹੋਇਆ ਹੈ। ਜਿਸ ਕਰਕੇ ਪੂਰੀ ਇਨਕਲਾਬੀ ਲਹਿਰ ਦੀ ਬਦਨਾਮੀ ਹੁੰਦੀ ਹੈ।'

ਐਕਸ਼ਨ ਕਮੇਟੀ ਦੀਆਂ ਜਥੇਬੰਦੀਆਂ, ਮੇਰੀ ਅਤੇ ਸਾਥੀ ਦਿਲਜੋਤ ਦੀ ਜਥੇਬੰਦੀ ਨੌਜਵਾਨ ਭਾਰਤ ਸਭਾ ਦੀਆਂ ਭਰਾਤਰੀ ਜਥੇਬੰਦੀਆਂ ਹਨ। ਪਰ ਇਨ੍ਹਾਂ 'ਚੋਂ ਕਿਸੇ ਨੇ ਵੀ ਇਸ ਵਫਦ ਤੋਂ ਪਹਿਲਾਂ ਸਾਡੇ ਤੋਂ ਇਸ ਘਟਨਾ ਬਾਰੇ ਕੋਈ ਜਾਣਕਾਰੀ ਹਾਸਲ ਕਰਨ ਦਾ ਕੋਈ ਯਤਨ ਨਹੀਂ ਕੀਤਾ। ਦਿਲਜੋਤ ਦਾ ਜਨਤਕ ਜੀਵਨ ਸੀ। ਪਰ ਅਖੌਤੀ ਐਕਸ਼ਨ ਕਮੇਟੀ ਨੇ ਸਾਡੇ ਤੋਂ ਅੱਜ ਤੱਕ ਇਸ ਘਟਨਾ ਸਬੰਧੀ ਕੋਈ ਪੱਖ ਨਹੀਂ ਲਿਆ। ਬਿਨਾਂ ਕਿਸੇ ਜਾਂਚ-ਪੜਤਾਲ ਤੋਂ, ਬਿਨਾਂ ਕੋਈ ਪੱਖ ਲਿਆਂ 'ਲਲਕਾਰ ਜੱਥੇਬੰਦੀ' ਦੇ ਆਗੂਆਂ ਤੋਂ ਸਖਤੀ ਨਾਲ ਪੁੱਛਗਿੱਛ ਦੀ ਮੰਗ ਕੀਤੀ। ਸਾਫ ਸਪੱਸ਼ਟ ਤੌਰ 'ਤੇ ਇਨ੍ਹਾਂ ਆਗੂਆਂ ਨੇ ਸਾਥੀ ਦਿਲਜੋਤ ਦੇ ਕੇਸ ਦੇ ਬਹਾਨੇ ਮੈਨੂੰ, ਮੇਰੀ ਜੱਥੇਬੰਦੀ ਨੌਭਾਸ ਅਤੇ ਹੋਰ ਲੋਕ ਪੱਖੀ ਜੱਥੇਬੰਦੀਆਂ-ਆਗੂਆਂ-ਕਾਰਕੁਨਾਂ ਨੂੰ ਪੁਲਿਸ ਤਸ਼ੱਦਦ ਦਾ ਸ਼ਿਕਾਰ ਬਣਾਏ ਜਾਣ ਦੀ ਮੰਗ ਕੀਤੀ। ਐਕਸ਼ਨ ਕਮੇਟੀ ਆਗੂਆਂ ਨੇ ਮਨਘੜਤ ਸਿੱਟਾ ਕੱਢ ਮਾਰਿਆ। ਇਨ੍ਹਾਂ ਆਗੂਆਂ ਨੇ ਇਸੇ ਬਿਆਨ 'ਚ ਸਾਥੀ ਦਿਲਜੋਤ ਦੇ ਪਰਿਵਾਰਕ ਭੋਗ ਸਮਾਗਮ 'ਤੇ 'ਅਗਲੇ ਸੰਘਰਸ਼ ਦਾ ਐਲਾਨ ਕਰਨ' ਦਾ ਸੱਦਾ ਦੇ ਕੇ ਭੋਗ ਨੂੰ ਇਸ ਅਖੌਤੀ ਸੰਘਰਸ਼ ਦੀ ਸਟੇਜ 'ਚ ਬਦਲ ਦਿੱਤਾ। ਐਕਸ਼ਨ ਕਮੇਟੀ ਆਗੂਆਂ ਦੇ ਇਸ ਗੈਰ-ਜਮਹੂਰੀ, ਅਨਿਆਂਈ ਅਤੇ ਭੜਕਾਊ ਵਤੀਰੇ ਨੇ ਬਿਨਾਂ ਕਿਸੇ ਪੜਤਾਲ ਦੇ ਦਿਲਜੋਤ ਦੇ ਸਾਥੀਆਂ ਨੂੰ ਹੀ ਦੋਸ਼ੀਆਂ ਦੇ ਕਟਹਿਰੇ 'ਚ ਖੜ੍ਹਾ ਕਰ ਦਿੱਤਾ।

ਇਸ ਹਾਲਤ 'ਚ ਅਸੀਂ ਸਾਥੀ ਦਿਲਜੋਤ ਦੀ ਇਨਕਲਾਬੀ ਲਹਿਰ ਵਿਚ ਨਿਭਾਈ ਭੂਮਿਕਾ ਨੂੰ ਯਾਦ ਕਰਨ ਲਈ, ਉਸ ਦੀ ਯਾਦ ਵਿਚ 17 ਜਨਵਰੀ 2026 ਨੂੰ ਲੁਧਿਆਣਾ ਵਿਖੇ ਸ਼ੋਕ ਸਭਾ ਕੀਤੀ। ਤੁਹਾਡੇ ਰਾਹੀਂ ਜਮਹੂਰੀ ਅਧਿਕਾਰ ਸਭਾ ਨੂੰ ਇਸ ਸ਼ੋਕ ਸਭਾ 'ਚ ਸ਼ਮੂਲੀਅਤ ਕਰਨ ਦਾ ਸੱਦਾ ਭੇਜਿਆ ਗਿਆ ਪਰ ਤੁਹਾਡੀ ਜੱਥੇਬੰਦੀ ਸ਼ੋਕ ਸਭਾ ਵਿਚ ਸ਼ਾਮਲ ਨਾ ਹੋਈ।

ਪਰ ਤੁਹਾਡੀ ਜਥੇਬੰਦੀ ਨੇ 18 ਜਨਵਰੀ ਨੂੰ ਰੱਲਾ ਵਿਖੇ ਭੋਗ ਸਮਾਗਮ ਮੌਕੇ ਐਕਸ਼ਨ ਕਮੇਟੀ ਜਥੇਬੰਦੀਆਂ ਵਲੋਂ ਇਨਕਲਾਬੀ ਜਮਹੂਰੀ ਜੱਥੇਬੰਦੀਆਂ-ਆਗੂਆਂ-ਕਾਰਕੁਨਾਂ ਖ਼ਿਲਾਫ ਪੁਲੀਸ ਕਾਰਵਾਈ ਦੀ ਮੰਗ ਵਾਸਤੇ ਚਲਾਈ ਸਟੇਜ 'ਤੇ ਲਿਖਤੀ ਮਤਾ ਭੇਜਿਆ ਜਿਸ ਵਿਚ ਤੁਸੀਂ ਮੰਗ ਕੀਤੀ 'ਸਬੰਧਤ ਦੋਸ਼ੀਆਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਸਮਾਜਿਕ ਕਟਹਿਰੇ ਵਿਚ ਖੜ੍ਹੇ ਕਰਨ ਦੀ ਲੋੜ ਹੈ ਅਤੇ ਕਾਨੂੰਨ ਮੁਤਾਬਕ ਬਣਦੀ ਸਜ਼ਾ ਵੀ ਮਿਲਣੀ ਚਾਹੀਦੀ ਹੈ'। ਤੁਸੀਂ ਐਲਾਨੀਆ ਤੌਰ ਉੱਤੇ, ਬੇਬੁਨਿਆਦ, ਝੂਠੇ ਦੋਸ਼ ਲਾ ਰਹੀ ਧਿਰ ਦੇ ਨਾਲ਼ ਖੜ੍ਹੇ ਹੋ ਗਏ। ਭੋਗ ਸਮਾਗਮ 'ਤੇ ਐਕਸ਼ਨ ਕਮੇਟੀ ਵੱਲੋਂ ਇਹ ਵੀ ਐਲਾਨ ਕੀਤਾ ਗਿਆ ਕਿ ਜਮਹੂਰੀ ਅਧਿਕਾਰ ਸਭਾ ਨੂੰ ਕਿਹਾ ਜਾਵੇਗਾ ਕਿ ਤੁਸੀਂ ਵੀ ਇਸ ਮਾਮਲੇ ਦੀ ਆਪਣੇ ਪੱਧਰ ਉੱਪਰ ਪੜਤਾਲ ਕਰਕੇ ਨਿਰਪੱਖ ਜਾਂਚ ਕਰੋ।

ਇਸ ਸਾਰੇ ਘਟਨਾਕ੍ਰਮ ਤੋਂ ਜ਼ਾਹਰ ਹੈ ਕਿ ਇਸ ਐਕਸ਼ਨ ਕਮੇਟੀ 'ਚ ਸ਼ਾਮਲ ਸਾਰੀਆਂ ਜਥੇਬੰਦੀਆਂ ਅਤੇ ਧਿਰਾਂ ਵਲੋਂ ਸਾਥੀ ਦਿਲਜੋਤ ਦੀ ਮੌਤ ਪਿਛਲੇ ਕਾਰਨਾਂ ਨੂੰ ਜਾਨਣ ਲਈ ਸਰੋਕਾਰ ਨਹੀਂ ਦਿਖਾਇਆ ਗਿਆ। ਜਮਹੂਰੀ ਅਧਿਕਾਰ ਸਭਾ ਨੇ ਵੀ ਇਨ੍ਹਾਂ ਜਥੇਬੰਦੀਆਂ ਨਾਲ ਕਦਮਤਾਲ ਮਿਲਾਉਂਦਿਆਂ ਭੋਗ ਸਮਾਗਮ 'ਤੇ ਆਪਣੀ ਪੁਜ਼ੀਸ਼ਨ ਲਈ ਹੈ। ਪਰਿਵਾਰਕ ਭੋਗ ਸਮਾਗਮ ਤੋਂ ਬਾਅਦ, 10 ਜਨਵਰੀ ਦੇ ਵਫਦ ਦਾ ਹਿੱਸਾ ਰਹੀ ਇੱਕ ਜਥੇਬੰਦੀ ਇਨਕਲਾਬੀ ਕੇਂਦਰ ਪੰਜਾਬ ਨੇ ਖੁਦ ਨੂੰ ਐਕਸ਼ਨ ਕਮੇਟੀ ਤੋਂ ਵੱਖ ਕਰ ਲਿਆ। ਉਨ੍ਹਾਂ ਦੱਸਿਆ ਕਿ ਐਕਸ਼ਨ ਕਮੇਟੀ ਦਾ 10 ਜਨਵਰੀ ਵਾ਼ਲਾ ਬਿਆਨ ਹੋਈ ਆਮ ਸਹਿਮਤੀ ਉੱਤੇ ਅਧਾਰਤ ਨਹੀਂ ਸੀ। ਸੀ.ਪੀ.ਆਈ. ਲੁਧਿਆਣਾ ਵੀ ਐਕਸ਼ਨ ਕਮੇਟੀ ਦੀਆਂ ਸਰਗਰਮੀਆਂ ਤੋਂ ਵੱਖ ਹੋ ਗਈ।

ਨੌਜਵਾਨ ਭਾਰਤ ਸਭਾ, ਟੈਕਸਟਾਇਲ ਹੌਜਰੀ ਕਾਮਗਾਰ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਅਤੇ ਕਾਰਖਾਨਾ ਮਜ਼ਦੂਰ ਯੂਨੀਅਨ ਵੱਲੋਂ ਲਿਖਤੀ ਮੰਗ ਪੱਤਰ ਦੇ ਕੇ ਪੁਲਿਸ ਤੋਂ ਨਿਰਪੱਖ ਅਤੇ ਤੇਜ਼ ਜਾਂਚ ਦੀ ਮੰਗ ਕੀਤੀ ਗਈ ਸੀ। ਪਰ ਐਕਸ਼ਨ ਕਮੇਟੀ ਵਾ਼ਲੀਆਂ ਜਥੇਬੰਦੀਆਂ ਨੇ ਬਿਨਾਂ ਕਿਸੇ ਪੜਤਾਲ ਤੋਂ, ਨਾਜਾਇਜ਼ ਦਬਾਅ ਬਣਾ ਕੇ ਜਗਦੀਸ਼ ਨਾਂ ਦੇ ਨੌਜਵਾਨ ਇਨਕਲਾਬੀ ਕਾਰਕੁਨ ਨੂੰ ਇਸ ਕੇਸ ਵਿਚ ਨਿਹੱਕਾ ਫਸਾ ਧਰਿਆ ਹੈ। ਨਿਰਪੱਖ ਤੌਰ 'ਤੇ ਕੀਤੀ ਸਰਸਰੀ ਜਾਂਚ ਵੀ ਸਪੱਸ਼ਟ ਕਰ ਦਿੰਦੀ ਹੈ ਕਿ ਜਗਦੀਸ਼ ਦੀ ਦਿਲਜੋਤ ਵਲੋਂ ਕੀਤੀ ਖ਼ੁਦਕੁਸ਼ੀ 'ਚ ਕੋਈ ਭੂਮਿਕਾ ਨਹੀਂ। ਸਾਥੀ ਦਿਲਜੋਤ ਦਾ ਖ਼ੁਦਕੁਸ਼ੀ ਨੋਟ, ਉਸਦੀ ਲਾਇਲਾਜ ਬਿਮਾਰੀ ਦੀ ਸਥਿਤੀ ਕਰਕੇ ਮਾਨਸਿਕ ਤੇ ਸਰੀਕਕ ਪ੍ਰੇਸ਼ਾਨੀ, ਸੰਵੇਦਨਸ਼ੀਲ ਮਨੋਅਵਸਥਾ, ਜੀਵਨ 'ਚ ਆਪਣਾ ਰਸਤਾ ਚੁਣਨ ਅਤੇ ਪਰਿਵਾਰਕ ਤਣਾਅ ਦਾ ਪਿਛੋਕੜ, ਪਰਿਵਾਰ ਅੰਦਰ ਪਹਿਲਾਂ ਮੌਜੂਦ ਖੁਦਕੁਸ਼ੀ ਦਾ ਰੁਝਾਨ (ਸਾਥੀ ਦਿਲਜੋਤ ਦੇ ਨਾਨੇ, ਦਾਦੇ ਅਤੇ ਪਿਤਾ ਨੇ ਖੁਦਕੁਸ਼ੀ ਕੀਤੀ ਸੀ), ਘਰਦਿਆਂ ਦਾ ਉਸਨੂੰ ਮਿਲਣ ਨਾ ਆਉਣਾ, ਸਭ ਪ੍ਰਤੱਖ ਅਤੇ ਸਪੱਸ਼ਟ ਤੱਥ ਹਨ। ਖੁਦਕੁਸ਼ੀ ਨੋਟ ਸਬੰਧੀ ਅਸੀਂ ਸਾਡੇ ਕੋਲ ਮੌਜੂਦ ਸਾਰੇ ਨਮੂਨੇ ਪੁਲੀਸ ਨੂੰ ਦਿੱਤੇ ਹਨ। ਸਾਥੀ ਦਿਲਜੋਤ ਵਕੀਲ ਸੀ ਅਤੇ ਉਨ੍ਹਾਂ ਦੀ ਤਾਜ਼ਾ ਲਿਖਾਈ ਪਬਲਿਕ ਰਿਕਾਰਡ 'ਚ ਉਪਲੱਬਧ ਹੈ ਜਿਸ ਦੀਆਂ ਕਾਪੀਆਂ ਅਸੀਂ ਮੁਹੱਈਆ ਕਰਵਾਈਆਂ ਹਨ। ਉਸਦੀ ਪੰਜਾਬੀ ਲਿਖਾਈ, ਯੂਨੀਵਰਸਿਟੀ 'ਚ ਮੌਜੂਦ ਉਸ ਦੇ ਰਿਕਾਰਡ ਤੋਂ ਮਿਲ ਸਕਦੀ ਹੈ। ਇਹ ਸਾਰੇ ਪੱਖ ਅਸੀਂ ਪੁਲੀਸ ਨੂੰ ਪੜਤਾਲ ਵਾਸਤੇ ਧਿਆਨ 'ਚ ਲਿਆਂਦੇ ਹਨ। ਬਿਮਾਰੀ ਅਤੇ ਇਲਾਜ ਦਾ ਸਾਰਾ ਰਿਕਾਰਡ ਪੁਲਿਸ ਨੂੰ ਦਿੱਤਾ ਹੈ, ਜਨਤਕ ਕੀਤਾ ਹੈ। ਪਰ ਸਾਡੇ ਸਾਰੇ ਸੁਹਿਰਦ ਯਤਨਾਂ ਦੇ ਬਾਵਜੂਦ, ਸਾਥੀ ਦਿਲਜੋਤ ਦੇ ਨੇੜਲੇ ਅਤੇ ਉਸਦੀ ਲਗਾਤਾਰ ਸਾਂਭ-ਸੰਭਾਲ ਕਰਨ ਵਾਲੇ ਸਾਥੀ ਹੀ ਦੋਸ਼ੀ ਬਣਾ ਕੇ ਬਦਨਾਮ ਕੀਤੇ ਗਏ ਹਨ। ਮੇਰੀ ਤੇ ਹੋਰ ਜੱਥੇਬੰਦੀਆਂ ਦਾ ਸਾਥ ਛੱਡ ਚੁੱਕੇ ਸਾਜ਼ਿਸ਼ੀ ਟੋਲੇ ਨੂੰ ਐਕਸ਼ਨ ਕਮੇਟੀ ਨੇ ਨਾ਼ਲ ਰੱਖਿਆ ਹੋਇਆ ਹੈ। ਇਸ ਟੋਲੇ ਵਲੋਂ ਪ੍ਰਤੀਬੱਧ ਮੈਗਜ਼ੀਨ ਅਤੇ ਕੁੱਝ ਜੱਥੇਬੰਦੀਆਂ ਨਾ਼ਲ ਸਬੰਧਤ ਆਗੂਆਂ ਉੱਪਰ ਔਰਤਾਂ ਦਾ ਪਿੱਛਾ ਕਰਨ, ਅਸ਼ਲੀਲ ਮੈਸੇਜ ਭੇਜਣ ਵਰਗੇ ਹੋਛੇ ਅਤੇ ਬੇ-ਬੁਨਿਆਦ ਦੋਸ਼ ਲਾ ਕੇ ਝੂਠੇ ਪਰਚੇ ਕਰਵਾਏ ਗਏ ਹਨ। ਇਸ ਤਰ੍ਹਾਂ ਰਵਾਇਤੀ ਦੁਸ਼ਮਣੀਆਂ ਵਾਂਗ, ਕੋਈ ਵੀ ਹਰਬਾ ਵਰਤ ਕੇ ਝੂਠੇ ਪਰਚਿਆਂ 'ਚ ਫਸਾਉਣ ਦਾ ਸਿਲਸਿਲਾ ਜਾਰੀ ਹੈ। ਲੋਕ ਪੱਖੀ ਆਗੂਆਂ-ਕਾਰਕੁਨਾਂ ਤੋਂ ਸਖਤੀ ਨਾਲ ਪੁੱਛਗਿੱਛ ਕਰਨ ਦੀ ਮੰਗ ਪਿੱਛੇ ਛੁਪੀ ਮਨਸ਼ਾ, ਅਸ਼ਲੀਲ ਮੈਸੇਜ ਭੇਜਣ ਅਤੇ ਪਿੱਛਾ ਕਰਨ ਦੇ ਦੂਸ਼ਣ ਮੜ੍ਹ ਕੇ ਝੂਠੇ ਪਰਚੇ ਦਰਜ ਕਰਾਉਣ ਦੇ ਹੋਛੇ ਹੱਥਕੰਡਿਆਂ ਤੱਕ ਜਾ ਨਿਘਰੀ ਹੈ। ਮੈਂ ਅਤੇ ਸਾਥੀ ਦਿਲਜੋਤ ਦੇ ਨਾ਼ਲ ਵਿਚਰਦੇ ਰਹੇ ਸਾਰੇ ਇਨਕਲਾਬੀ ਸਾਥੀ, ਐਕਸ਼ਨ ਕਮੇਟੀ ਦੀਆਂ ਜੱਥੇਬੰਦੀਆਂ ਦਾ ਇਹ ਰੂਪ ਅਫਸੋਸ ਅਤੇ ਹੈਰਾਨੀ ਨਾਲ ਦੇਖ ਰਹੇ ਹਾਂ, ਪਰ ਸਾਡਾ, ਸਾਡੇ ਇਨਕਲਾਬੀ ਸਿਆਸੀ ਵਿਚਾਰਾਂ ਉੱਤੇ ਅਡੋਲ ਵਿਸ਼ਵਾਸ ਹੈ ਜਿਸਦੇ ਆਸਰੇ ਅਸੀਂ ਇਹ ਔਕੜਾਂ ਝੱਲ ਜਾਵਾਂਗੇ, ਪਰ ਸਾਡਾ ਇਹ ਕੌੜਾ ਤਜਰਬਾ ਗਵਾਹ ਹੈ ਕਿ ਸਾਥੀ ਦਿਲਜੋਤ ਦੀ ਮ੍ਰਿਤਕ ਦੇਹ ਦਾ ਅਪਮਾਨ ਕਰ ਰਹੇ ਵਿਅਕਤੀਆਂ ਦਾ ਨਾ ਤਾਂ ਸਾਥੀ ਦਿਲਜੋਤ ਨਾ਼ਲ ਕੋਈ ਸਰੋਕਾਰ ਹੈ ਅਤੇ ਨਾ ਹੀ ਉਸਦੇ ਸਾਥੀ ਰਹੇ ਉਸ ਵਰਗੇ ਨੌਜਵਾਨਾਂ ਨਾ਼ਲ।

ਹੁਣ ਜਦੋਂ ਐਕਸ਼ਨ ਕਮੇਟੀ ਦੇ ਦਬਾਅ ਥੱਲੇ ਪੁਲਿਸ ਕਾਰਵਾਈ ਹੋ ਚੁੱਕੀ ਹੈ; ਬਿਨਾਂ ਸਾਡੇ ਪੱਖ ਲਿਆਂ ਸਾਡੇ ਖ਼ਿਲਾਫ ਪੂਰਾ ਭੰਡੀ ਪ੍ਰਚਾਰ ਚਲਾਇਆ ਜਾ ਚੁੱਕਾ ਹੈ; ਪੂਰੀ ਸੋਸ਼ਲ ਮੀਡੀਆ ਟ੍ਰਾਇਲ ਅਤੇ ਟ੍ਰੋਲਿੰਗ ਹੋ ਚੁੱਕੀ ਹੈ; ਸਾਡੀਆਂ ਭਰਾਤਰੀ ਜੱਥੇਬੰਦੀਆਂ ਖ਼ਿਲਾਫ ਜਨਤਕ ਮੁਜ਼ਾਹਰੇ ਕੀਤੇ ਜਾ ਚੁੱਕੇ ਹਨ; ਇਨਕਲਾਬੀ ਲਹਿਰ ਵਿਰੋਧੀ ਤਾਕਤਾਂ ਨੂੰ ਲਹਿਰ ਉੱਤੇ ਹਮਲੇ ਕਰਨ ਦਾ ਮੌਕਾ ਦੇ ਦਿੱਤਾ ਗਿਆ ਹੈ; ਯੂਨੀਵਰਸਿਟੀਆਂ-ਕਾਲਜਾਂ 'ਚ ਸਰਗਰਮੀ ਕਰਦੇ ਪੀਐਸਯੂ (ਲਲਕਾਰ) ਦੇ ਆਗੂ ਵਿਦਿਆਰਥਣਾਂ-ਵਿਦਿਆਰਥੀਆਂ ਨੂੰ ਇਸ ਘਟਨਾ ਦੇ ਦੋਸ਼ੀ ਬਣਾ ਕੇ ਬਦਨਾਮ ਕਰਨ ਦੀਆਂ ਮੁਹਿੰਮਾਂ ਚਲਾਈਆਂ ਜਾ ਚੁੱਕੀਆਂ ਹਨ ਅਤੇ ਜਮਹੂਰੀ ਅਧਿਕਾਰ ਸਭਾ ਇਨ੍ਹਾਂ ਜਥੇਬੰਦੀਆਂ ਨਾਲ ਸਹਿਮਤੀ ਦਰਸਾਉਂਦੀ ਜਨਤਕ ਪੁਜ਼ੀਸ਼ਨ ਲੈ ਹੀ ਚੁੱਕੀ ਹੈ ਤਾਂ ਇਸ ਜਾਂਚ ਦਾ ਕੀ ਅਰਥ ਰਹਿ ਜਾਂਦਾ ਹੈ? ਜਾਂਚ ਦੇ ਨਾਂ ਥੱਲੇ ਤੁਹਾਡੇ ਵਲੋਂ ਕੀਤੀ ਜਾ ਰਹੀ ਕਸਰਤ ਵਿਚੋਂ ਪਹਿਲਾਂ ਹੀ ਬਿਨਾਂ ਪੜਤਾਲ, ਬਿਨਾਂ ਤੱਥੋਂ ਕੱਢੇ ਸਿੱਟਿਆਂ ਨੂੰ ਦੁਹਰਾਉਣ ਅਤੇ ਸਾਡੇ ਖ਼ਿਲਾਫ ਕੀਤੇ ਭੰਡੀ ਪ੍ਰਚਾਰ ਨੂੰ ਵਾਜਬ ਸਿੱਧ ਕਰਨ ਦੀ ਹੀ ਕੋਸ਼ਿਸ਼ ਝਲਕ ਰਹੀ ਹੈ। ਇਸ ਰੌਸ਼ਨੀ 'ਚ ਤੁਹਾਡੇ ਵਲੋਂ ਮੇਰੇ ਨਾ਼ਲ ਲਿਖਤੀ ਸਵਾਲ-ਜਵਾਬ 'ਚ ਪੈਣ ਤੋਂ ਟਾਲਾ ਵੱਟਣਾ ਵੀ ਤੁਹਾਡੀ ਇਸੇ ਮਨਸ਼ਾ ਦੀ ਪੁਸ਼ਟੀ ਕਰਦਾ ਦਿਖ ਰਿਹਾ ਹੈ ਤਾਂ ਕਿ ਤੁਸੀਂ ਸਾਡੇ ਪੱਖ ਦੀ ਆਪਣੇ ਹਿਸਾਬ ਨਾ਼ਲ ਪੇਸ਼ਕਾਰੀ ਕਰ ਸਕੋਂ।

3. ਤੁਸੀਂ ਆਪਣੇ ਸੁਨੇਹੇ 'ਚ ਕਿਹਾ ਹੈ ਕਿ ਤੁਹਾਡੇ ਕੋਲ ਦਿਲਜੋਤ ਦੇ ਪਰਿਵਾਰ ਵੱਲੋਂ ਜਾਂਚ ਲਈ ਪਹੁੰਚ ਕੀਤੀ ਗਈ ਹੈ। ਸਾਥੀ ਦਿਲੋਜਤ ਦੇ ਪਰਿਵਾਰ ਵਲੋਂ ਪੁਲੀਸ ਅਤੇ ਮੀਡੀਆ ਵਿਚ ਤਰ੍ਹਾਂ-ਤਰ੍ਹਾਂ ਦੀ ਬਿਆਨਬਾਜ਼ੀ ਕੀਤੀ ਜਾਂਦੀ ਰਹੀ ਹੈ। ਇਹ ਬਿਆਨਬਾਜ਼ੀ ਲਗਾਤਾਰ ਬਦਲਦੀ ਰਹੀ ਹੈ। ਨਿਰਪੱਖ ਜਾਂਚ ਦੇ ਕਿਸੇ ਵੀ ਤਰੀਕਾਕਾਰ ਦਾ ਇਹ ਮੁੱਢਲਾ ਅਸੂਲ ਹੈ ਕਿ ਦੋਸ਼ ਲਗਾਉਣ ਵਾਲੀ ਧਿਰ ਦਾ ਸਾਰਾ ਪੱਖ ਤੁਸੀਂ ਮੈਨੂੰ ਅਤੇ ਸਾਡੇ ਹੋਰਨਾਂ ਸਬੰਧਿਤ ਸਾਥੀਆਂ ਨੂੰ ਪੇਸ਼ ਕਰੋਂ ਤਾਂ ਜੋ ਅਸੀਂ ਉਸ ਪੱਖ 'ਤੇ ਤਰਤੀਬਵਾਰ ਆਪਣਾ ਪੱਖ ਤੁਹਾਡੇ ਨਾਲ ਸਾਂਝਾ ਕਰ ਸਕੀਏ। ਪਰ ਤੁਸੀਂ ਅਜਿਹਾ ਕਰਨ ਤੋਂ ਇਨਕਾਰੀ ਹੋਂ। ਇਸ ਤਰ੍ਹਾਂ ਸਾਨੂੰ ਹਨੇਰੇ 'ਚ ਰੱਖ ਕੇ ਤੁਸੀਂ ਸਾਡਾ ਪੱਖ ਜਾਨਣ ਦੀ ਨਹੀਂ ਸਗੋਂ ਰੋਲਣ ਦੀ ਕਸਰਤ ਆਰੰਭ ਰਹੇ ਹੋਂ। ਇਸ ਲਈ ਨਿਰਪੱਖ ਜਾਂਚ 'ਚ ਸ਼ਾਮਲ ਹੋਣ ਲਈ ਇਹ ਜ਼ਰੂਰੀ ਹੈ ਕਿ ਸਾਨੂੰ ਮੇਰੇ ਜਾਂ ਹੋਰ ਸਾਥੀਆਂ ਖ਼ਿਲਾਫ ਲਗਾਏ ਗਏ ਹਰ ਦੋਸ਼ ਅਤੇ ਪੇਸ਼ ਕੀਤੇ ਹਰ ਸਬੂਤ ਦੀ ਜਾਣਕਾਰੀ ਦਿੱਤੀ ਜਾਵੇ ਤਾਂ ਹੀ ਅਸਰਦਾਰ ਤਰੀਕੇ ਨਾਲ ਸਹਿਯੋਗ ਕਰਨ ਦੇ ਸਮਰੱਥ ਹੋ ਸਕਾਂਗੇ।

4. ਸਾਥੀ ਦਿਲਜੋਤ ਦੇ ਮਾਤਾ ਜੀ ਸਿਆਸੀ ਅਤੇ ਜਨਤਕ ਜੀਵਨ 'ਚ ਸਰਗਰਮ ਵਿਅਕਤੀ ਹਨ। ਉਹ 2019 ਵਿਚ ਲੋਕ ਸਭਾ ਦੀ ਚੋਣ ਲੜ ਚੁੱਕੇ ਹਨ। ਸਪੱਸ਼ਟ ਤੌਰ 'ਤੇ ਉਹ ਕੋਈ ਅਣਜਾਣ, ਘਰੇਲੂ ਇਸਤਰੀ ਨਹੀਂ ਹਨ ਸਗੋਂ ਸਮਾਜਕ ਜੀਵਨ ਦੇ ਤਜਰਬੇਕਾਰ ਅਤੇ ਜ਼ੁੰਮੇਵਾਰ ਵਿਅਕਤੀ ਹਨ। ਇਸ ਹਾਲਤ 'ਚ ਉਨ੍ਹਾਂ ਦੇ ਪੁਲਸ ਨੂੰ ਦਿੱਤੇ ਬਿਆਨਾਂ ਅਤੇ ਵੱਖ-ਵੱਖ ਸਮੇਂ ਮੀਡੀਆ 'ਚ ਦਿੱਤੇ ਬਿਆਨਾਂ 'ਚ ਬਹੁਤ ਤਬਦੀਲੀਆਂ ਦਾ ਹੋਣਾ ਹੈਰਾਨੀਜਨਕ ਹੈ। ਮੀਡੀਆ ਵਿਚ ਇੱਕ ਥਾਂ ਉਹ ਕਹਿੰਦੇ ਹਨ ਕਿ ਦਿਲਜੋਤ ਨੂੰ 5 ਜਨਵਰੀ ਦੀ ਸ਼ਾਮ 6 ਵਜੇ ਹੀ ਮਾਰ ਦਿੱਤਾ ਗਿਆ ਸੀ, ਇਕ ਹੋਰ ਜਗ੍ਹਾ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਤਾਂ ਮੌਤ ਦੀ ਸੂਚਨਾ ਹੀ 6 ਜਨਵਰੀ ਨੂੰ ਮਿਲੀ ਤੇ ਕਦੇ ਉਸਦੇ ਮਾਤਾ ਕਹਿੰਦੇ ਹਨ ਕਿ ਉਨ੍ਹਾਂ ਨੂੰ 5 ਜਨਵਰੀ ਦੀ ਰਾਤ ਹੀ ਮੌਤ ਦੀ ਸੂਚਨਾ ਮਿਲ ਗਈ ਸੀ। ਉਨ੍ਹਾਂ ਪਹਿਲਾਂ ਕਿਹਾ ਕਿ 5 ਜਨਵਰੀ ਦੀ ਸ਼ਾਮ ਦਿਲਜੋਤ ਬਿਲਕੁਲ ਠੀਕ-ਠਾਕ ਸੀ। ਬਾਅਦ ਵਿਚ ਕਹਿਣ ਲੱਗੇ ਕਿ ਡਰੀ ਹੋਣ, ਕੁੱਟਮਾਰ, ਵਾਲ ਪੱਟਣ ਦੀ ਗੱਲ ਕਰਦੇ ਹਨ। ਕਿਤੇ ਉਹ ਕਤਲ ਦੀ ਗੱਲ ਕਰਦੇ ਹਨ ਤੇ ਕਿਤੇ ਖ਼ੁਦਕੁਸ਼ੀ ਵਾਸਤੇ ਮਜਬੂਰ ਕਰਨ ਦੀ। ਪੈਂਕ੍ਰਿਆਟਾਇਟਿਸ ਬਿਮਾਰੀ ਦੇ ਤੱਥ ਨੂੰ ਕਿਤੇ ਮੰਨਿਆ ਜਾ ਰਿਹਾ ਹੈ, ਕਿਤੇ ਨਕਾਰਿਆ ਜਾ ਰਿਹਾ ਹੈ। ਕਿਤੇ ਮੈਨੂੰ ਉਸਦੀ ਰੂਮਮੇਟ ਮੰਨਿਆ ਜਾ ਰਿਹਾ ਹੈ, ਕਿਤੇ ਜਗਦੀਸ਼ ਨੂੰ ਉਸਦਾ ਲਿਵ-ਇਨ ਪਾਰਟਨਰ, ਕਿਤੇ ਇਨ੍ਹਾਂ ਦੇ ਵਿਆਹੇ ਹੋਣ ਦੀ ਗਲਤ ਬਿਆਨੀ ਕੀਤੀ ਜਾ ਰਹੀ ਹੈ। ਕਿਤੇ ਕਿਹਾ ਜਾ ਰਿਹਾ ਕਿ ਜਗਦੀਸ਼ ਤੰਗ ਕਰਦਾ ਸੀ, ਬਲੈਕਮੇਲ ਕਰਦਾ ਸੀ ਪਰ ਨਾ਼ਲ ਹੀ ਕਿਹਾ ਜਾਂਦਾ ਹੈ ਕਿ ਪਰਿਵਾਰ ਤਾਂ ਵਿਆਹ ਕਰਨ ਨੂੰ ਤਿਆਰ ਸੀ। 6 ਜਨਵਰੀ ਨੂੰ ਹੋਈ ਡੀਡੀਆਰ ਵਿਚ ਉਨ੍ਹਾਂ ਪੁਲਿਸ ਨੂੰ ਬਿਆਨ ਦਿੱਤਾ ਕਿ ਉਨ੍ਹਾਂ ਨੂੰ ਕਤਲ ਦਾ ਸ਼ੱਕ ਹੈ ਪਰ ਨਾਲ ਹੀ ਕਿਹਾ ਕਿ ਉਹ ਕਿਸੇ ਉੱਤੇ ਕਾਰਵਾਈ ਨਹੀਂ ਚਾਹੁੰਦੇ। ਫੇਰ ਉਹ 24 ਦਿਨਾਂ ਬਾਅਦ 30 ਜਨਵਰੀ ਨੂੰ ਬੇਗੁਨਾਹ ਜਗਦੀਸ਼ ਖਿਲਾਫ਼ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੀ ਐਫ.ਆਈ.ਆਰ. ਦਰਜ ਕਰਾਉਂਦੇ ਹਨ। ਮੀਡੀਆ ਵਿਚ ਮੇਰੇ ਅਤੇ ਹੋਰਨਾਂ ਸਾਥੀਆਂ ਖ਼ਿਲਾਫ ਚਲਾਈ ਭੰਡੀ ਪ੍ਰਚਾਰ ਮੁਹਿੰਮ ਦਾ ਤੱਤ ਵੀ ਇਸੇ ਕਿਸਮ ਦੀ ਦੂਸ਼ਣਬਾਜ਼ੀ ਦਾ ਰਿਹਾ ਹੈ ਜੋ ਬਿਨਾਂ ਕਿਸੇ ਸ਼ੱਕ ਤੋਂ ਸਪੱਸ਼ਟ ਕਰਦਾ ਹੈ ਕਿ ਸਾਥੀ ਦਿਲਜੋਤ ਦੀ ਮਾਤਾ ਜੀ ਅਤੇ ਪਰਿਵਾਰ ਦੇ ਬਿਆਨਾਂ ਵਿਚ ਇਹ ਤਬਦੀਲੀਆਂ ਐਕਸ਼ਨ ਕਮੇਟੀ ਦੀਆਂ ਜੱਥੇਬੰਦੀਆਂ ਦੇ ਆਗੂਆਂ ਰਣਬੀਰ ਕੁਰੜ, ਸੁਖਦਰਸ਼ਨ ਨੱਤ ਅਤੇ ਇਨਕਲਾਬੀ ਜਮਹੂਰੀ ਕਾਰਕੁਨਾਂ ਖ਼ਿਲਾਫ ਲੜੀਬੱਧ ਸਾਜ਼ਿਸ਼ਾਂ ਵਿਚ ਸ਼ਾਮਲ ਕਲਪਨਾ, ਵਰੁਣ ਆਦਿ ਦੀਆਂ ਸਾਜ਼ਿਸ਼ਾਂ ਕਰਕੇ ਵਾਪਰੀਆਂ ਹਨ। ਇਨ੍ਹਾਂ ਹੀ ਸਾਜ਼ਿਸ਼ਾਂ ਦੇ ਨਤੀਜੇ ਵਜੋਂ ਅਨੇਕਾਂ ਇਨਕਲਾਬੀ-ਜਮਹੂਰੀ ਔਰਤ-ਮਰਦ ਆਗੂਆਂ, ਕਾਰਕੁਨਾਂ ਨੂੰ ਮੀਡੀਆ ਵਿਚ ਕਾਤਲ ਦੱਸਿਆ ਗਿਆ। ਸਾਥੀ ਦਿਲਜੋਤ ਦੀ ਮਾਤਾ ਜੀ ਦੇ ਬਿਆਨਾਂ ਵਿਚ ਤਬਦੀਲੀ ਦਾ ਸਾਰਾ ਰਿਕਾਰਡ ਮੀਡੀਆ, ਸੋਸ਼ਲ ਮੀਡੀਆ, ਡੀਡੀਆਰ ਅਤੇ ਐਫ.ਆਈ.ਆਰ.ਵਿਚ ਮੌਜੂਦ ਹੈ।

ਸੋਸ਼ਲ ਮੀਡੀਆ 'ਤੇ ਸਾਡੇ ਬਾਰੇ ਇਥੋਂ ਤੱਕ ਕਿਹਾ ਗਿਆ ਕਿ ਸਾਥੀ ਦਿਲਜੋਤ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਸੀ! ਬਲੈਕਮੇਲ ਕੀਤਾ ਜਾਂਦਾ ਸੀ! ਜੱਥੇਬੰਦੀ ਵਿਚ ਦੇਹ ਵਪਾਰ ਦਾ ਧੰਦਾ ਚੱਲਦਾ ਸੀ! ਦਿਲਜੋਤ ਦੀ ਸਾਥੀ ਇਸਤਰੀ ਕਾਰਕੁਨਾਂ ਦੀਆਂ ਫੋਟੋਆਂ ਫੇਸਬੁੱਕ ਉੱਤੇ ਪਾ ਕੇ ਸ਼ਹਿਰ ਵਿਚ ਧੰਦਾ ਕਰਨ ਦੇ ਦੋਸ਼ ਲਾਏ ਗਏ ਹਨ। ਅਜਿਹੇ ਸੰਗੀਨ ਦੋਸ਼ ਸਿਰਫ ਸਾਥੀ ਦਿਲਜੋਤ ਦਾ ਅਪਮਾਨ ਹੀ ਨਹੀਂ ਸਗੋਂ ਉਸਦੇ ਨਾਲ ਸਰਗਰਮ ਸਾਰੀਆਂ ਇਸਤਰੀ ਕਾਰਕੁਨਾਂ ਦੀ ਕਿਰਦਾਰਕੁਸ਼ੀ ਹੈ। ਬਹੁਤ ਅਫਸੋਸ ਦੀ ਗੱਲ ਹੈ ਕਿ ਅਖੌਤੀ ਐਕਸ਼ਨ ਕਮੇਟੀ ਦੇ ਕੁੱਝ ਆਗੂਆਂ ਦੇ ਥਾਪੜੇ ਨਾਲ ਚੱਲੇ ਸੋਸ਼ਲ ਮੀਡੀਆ ਟਰਾਇਲ 'ਚ ਅਜਿਹੇ ਨੀਵੇਂ ਪੱਧਰ ਦੀ ਭੱਦੀ ਇਲਜ਼ਾਮਬਾਜ਼ੀ ਨੇ ਅਜਿਹੀ ਨਵੀਂ ਸਹਿਜ ਸਥਿਤੀ (New Normal) ਸਿਰਜੀ ਹੈ ਜਿਸ ਦੀ ਜ਼ੁੰਮੇਵਾਰੀ ਤੋਂ ਇਨ੍ਹਾਂ ਆਗੂਆਂ ਨੇ ਪੱਲਾ ਤੱਕ ਝਾੜਨ ਦੀ ਕੋਸ਼ਿਸ਼ ਨਹੀਂ ਕੀਤੀ, ਇਸ 'ਤੇ ਲਗਾਮ ਪਾਉਣ ਦੀ ਕੋਸ਼ਿਸ਼ ਕਰਨਾ ਤਾਂ ਦੂਰ ਰਿਹਾ! ਜੇ ਇਨ੍ਹਾਂ ਇਲਜ਼ਾਮਾਂ 'ਚ ਰੱਤੀ ਭਰ ਦੀ ਸੱਚਾਈ ਹੁੰਦੀ ਤਾਂ 5 ਜਨਵਰੀ ਨੂੰ ਸਾਥੀ ਦਿਲਜੋਤ ਦੇ ਹਸਤਪਾਲ ਦਾਖਲੇ ਤੋਂ ਬਾਅਦ, ਜਾਂ ਮੌਤ ਦੀ ਸੂਚਨਾ ਮਿਲਣ ਉੱਤ ਜਾਂ ਦਿਲਜੋਤ ਦੇ ਲੁਧਿਆਣਾ ਰਹਿਣ ਦੇ ਡੇਢ ਸਾਲ ਦੌਰਾਨ, ਦਿਲਜੋਤ ਨੂੰ ਬਚਾਉਣ ਲਈ ਕੀਤੀ ਕੋਈ ਚਾਰਾਜੋਈ ਦੇ ਯਤਨ ਨਜ਼ਰੀਂ ਪੈਂਦੇ। ਦਿਲਜੋਤ ਦੇ ਲੁਧਿਆਣੇ ਆਉਣ ਤੋਂ ਬਾਅਦ ਉਸਦਾ ਪਰਿਵਾਰ ਸਬੰਧਾਂ ਵਿਚ ਕੁੜੱਤਣ ਕਾਰਨ ਉਸਨੂੰ ਮਿਲਣ ਲਈ ਨਹੀਂ ਆਇਆ। ਘਰੋਂ ਰੋਕ ਲੱਗੀ ਹੋਣ ਕਾਰਨ ਸਵਾ ਸਾਲ ਤੋਂ ਦਿਲਜੋਤ ਘਰੇ ਨਹੀਂ ਗਈ। ਮਾਤਾ ਜੀ ਬਹੁਤ ਬੁਲਾਉਣ ਉੱਤੇ ਉਸਨੂੰ ਸਿਰਫ ਇੱਕ ਵਾਰ ਡੇਢ-ਦੋ ਘੰਟੇ ਲਈ ਡੀ.ਐਮ.ਸੀ. ਮਿਲਣ ਆਏ ਸਨ। ਉਦੋਂ ਉਹ ਤਿੰਨ ਦਿਨ ਕ੍ਰੋਨਿਕ ਪੈਂਕ੍ਰਿਆਟਾਈਟਿਸ ਦੇ ਇਲਾਜ ਲਈ ਉੱਥੇ ਦਾਖਲ ਰਹੀ ਸੀ। ਜੂਨ 2026 ਵਿਚ ਤਿੰਨ ਦਿਨ ਉੱਥੇ ਦਾਖਲ ਰਹਿਣ ਤੇ ਇਸਦੀ ਸੂਚਨਾ ਮਿਲਣ ਦੇ ਬਾਵਜੂਦ ਵੀ ਉਹ ਉਸਨੂੰ ਮਿਲਣ ਨਹੀਂ ਆਏ ਸਨ। ਇਹ ਸਭ ਠੋਸ ਤੱਥ ਹਨ ਜੋ ਆਪਣੇ ਆਪ ਵਿਚ ਮਨਘੜਤ ਕਹਾਣੀ ਦਾ ਪਰਦਾਫਾਸ਼ ਕਰਦੇ ਹਨ, ਜੋ ਐਕਸ਼ਨ ਕਮੇਟੀ ਦੇ ਕੁੱਝ ਆਗੂਆਂ ਅਤੇ ਕਲਪਨਾ ਤੇ ਵਰੁਣ ਵਰਗਿਆ ਵੱਲੋਂ ਘੜ ਕੇ ਦਿੱਤੀ ਗਈ ਹੈ।

ਇੱਥੇ ਮੈਂ ਬਹੁਤ ਸੰਖੇਪ 'ਚ ਅਤੇ ਸੀਮਤ ਪੱਖਾਂ ਤੋਂ ਗੱਲ ਕੀਤੀ ਹੈ ਪਰ ਸਾਡਾ ਪੱਖ ਬਹੁਤ ਤੱਥ ਭਰਪੂਰ ਅਤੇ ਨਿੱਗਰ ਸਬੂਤਾਂ ਉੱਤੇ ਅਧਾਰਤ ਹੈ, ਅਤੇ ਇਸੇ ਕਾਰਨ ਹੀ ਤੁਸੀਂ ਲਿਖਤੀ ਸਵਾਲ-ਜਵਾਬ ਦੇ ਅਮਲ ਤੋਂ ਪਿੱਛੇ ਹਟੇ ਹੋਂ।

5. ਐਕਸ਼ਨ ਕਮੇਟੀ ਵੱਲੋਂ ਮੀਡੀਆ ਟਰਾਇਲ ਚਲਾ ਕੇ, ਹਰ ਤਰ੍ਹਾਂ ਦੇ ਹਰਬੇ ਵਰਤ ਕੇ ਅਤੇ ਨਾਜਾਇਜ਼ ਦਬਾਅ ਬਣਾ ਕੇ ਝੂਠਾ ਪਰਚਾ ਦਰਜ ਕਰਾਇਆ ਜਾ ਚੁੱਕਾ ਹੈ। ਬੇਗੁਨਾਹ ਇਨਕਲਾਬੀ ਕਾਰਕੁਨ ਜਗਦੀਸ਼ ਦੀ ਗ੍ਰਿਫਤਾਰੀ ਹੋ ਚੁੱਕੀ ਹੈ। ਮੈਂ ਅਤੇ ਹੋਰ ਸਾਥੀਆਂ ਨੇ ਸ਼ੁਰੂ ਤੋਂ ਪੁਲਿਸ ਪੜਤਾਲ 'ਚ ਪੂਰਾ ਸਹਿਯੋਗ ਕੀਤਾ ਹੈ। ਪੁਲਿਸ ਕਾਰਵਾਈ ਦੇ ਕਿਸੇ ਵੀ ਨਤੀਜੇ ਦਾ ਸਾਹਮਣਾ ਕਰਦਿਆਂ ਸਾਡੀ ਜਾਣਕਾਰੀ 'ਚ ਮੌਜੂਦ ਹਰ ਪੱਖ ਪੁਲੀਸ ਨਾਲ ਸਾਂਝਾ ਕੀਤਾ ਹੈ। ਹੁਣ ਤੁਹਾਨੂੰ ਵੀ ਪਤਾ ਹੈ ਕਿ ਪੁਲੀਸ ਜਾਂਚ ਚੱਲ ਰਹੀ ਹੈ। ਐਕਸ਼ਨ ਕਮੇਟੀ 'ਚ ਸ਼ਾਮਲ ਜਥੇਬੰਦੀਆਂ ਅਤੇ ਧਿਰਾਂ, ਜਿਨ੍ਹਾਂ ਦੇ ਹਮਦਰਦ ਸਭਾ 'ਚ ਵੀ ਸ਼ਾਮਲ ਹਨ, ਸਾਡੇ ਸਾਥੀਆਂ ਖ਼ਿਲਾਫ ਪੁਲਿਸ ਵਲੋਂ 'ਸਖਤੀ' ਨਾਲ ਪੇਸ਼ ਆਉਣ ਦੀ ਮੰਗ ਕਰ ਚੁੱਕੀਆਂ ਹਨ ਅਤੇ ਤੁਸੀਂ ਵੀ ਪੁਲੀਸ ਕਾਰਵਾਈ ਦੀ ਮੰਗ ਕਰ ਚੁੱਕੇ ਹੋ, ਜੋ ਕਿ ਉਕਤ ਸਾਰੀ ਜੁੜਦੀ ਤਸਵੀਰ 'ਚ ਸਾਡੇ ਖ਼ਿਲਾਫ ਹੀ ਸੇਧਤ ਹੈ। ਅਜਿਹੀ ਹਾਲਤ 'ਚ ਕਾਨੂੰਨੀ ਕਾਰਵਾਈ ਦੇ ਬੰਧੇਜ 'ਚ ਵਿਚਰਦਿਆਂ ਮੇਰੇ ਜਾਂ ਸਾਡੇ ਹੋਰ ਸਾਥੀਆਂ ਕੋਲ ਤੁਹਾਡੀ ਕਿਸੇ ਜਾਂਚ, ਜਿਸਦੀ ਪ੍ਰਕਿਰਿਆ ਅਪਾਰਦਰਸ਼ੀ ਅਤੇ ਪੱਖਪਾਤੀ ਨਜ਼ਰ ਆ ਰਹੀ ਹੈ, ਸ਼ਾਮਲ ਹੋਣ ਲਈ ਹਕੀਕੀ ਦਿੱਕਤਾਂ ਹਨ। ਤੁਸੀਂ ਸਾਡੇ ਇਨ੍ਹਾਂ ਸਰੋਕਾਰਾਂ ਨੂੰ ਆਪਣੀ ਜਾਂਚ 'ਚ ਕਿਵੇਂ ਸੰਬੋਧਿਤ ਹੋਵੋਂਗੇ, ਇਸ ਬਾਰੇ ਤੁਸੀਂ ਚੁੱਪ ਧਾਰੀ ਹੋਈ ਹੈ। ਤੁਹਾਡਾ ਅਤੇ ਪੁਲੀਸ ਕਾਰਵਾਈ ਦਾ ਆਪਸੀ ਤਾਲਮੇਲ ਕਿਵੇਂ ਬੈਠੇਗਾ, ਇਸ ਬਾਰੇ ਤੁਸੀਂ ਸਾਨੂੰ ਹਨੇਰੇ 'ਚ ਰੱਖ ਰਹੇ ਹੋਂ। ਜਿਸ ਬਾਰੇ ਤੁਹਾਨੂੰ ਆਪਣਾ ਰੁਖ਼ ਸਪੱਸ਼ਟ ਕਰਨਾ ਚਾਹੀਦਾ ਹੈ।

6. ਸਾਥੀਓ, ਮੈਂ ਤੇ ਜੱਥੇਬੰਦੀਆਂ ਨੇ ਤੁਹਾਡੀਆਂ ਜਾਂਚ-ਪੜਤਾਲਾਂ ਦੇ ਅਨਾੜੀਪਣ, ਸਤਹੀ ਅਤੇ ਇੱਕਤਰਫਾ ਹੋਣ ਦਾ ਕਾਫੀ ਕੌੜਾ ਤਜਰਬਾ ਦੇਖਿਆ ਹੈ। ਮੈਂ ਚਾਹੁੰਦੀ ਹਾਂ ਕਿ ਪਹਿਲਾਂ ਤੋਂ ਹੀ ਗੱਲਾਂ ਨਿਤਾਰ ਕੇ ਅਜਿਹੇ ਝਮੇਲੇ ਤੋਂ ਬਚਿਆ ਜਾਵੇ। ਤੁਹਾਨੂੰ ਯਾਦ ਕਰਵਾ ਦੇਵਾਂ ਕਿ ਤੁਸੀਂ ਕਲਪਨਾ ਤਿਵਾੜੀ ਤੇ ਰਾਜਵਿੰਦਰ ਸਿੰਘ ਪਤੀ-ਪਤਨੀ ਦੇ ਨਿੱਜੀ ਮਾਮਲੇ 'ਚ ਪੜਤਾਲ ਰਿਪੋਰਟ ਕੱਢ ਮਾਰੀ ਸੀ, ਜੋ ਜਨਤਕ ਤੌਰ ਉੱਤੇ 'ਲੀਕ' ਕੀਤੀ ਗਈ, ਜਿਸਨੂੰ ਮਗਰੋਂ ਤੁਸੀਂ ਖਬਰੇ ਵਾਪਸ ਲੈ ਲਿਆ ਅਤੇ ਫਿਰ ਦੁਬਾਰਾ ਤੁਸੀਂ ਇਸ ਨੂੰ ਜਾਰੀ ਕਰਨ ਤੋਂ ਬਾਅਦ ਦੁਬਾਰਾ ਲਿਖ ਕੇ ਆਪਣੀ ਮੈਂਬਰਸ਼ਿਪ ਤੱਕ 'ਅੰਦਰੂਨੀ' ਜਾਰੀ ਕਰਨ ਦੀ ਗੱਲ ਕਹੀ। ਆਮ ਸਮਾਜਕ ਸਮਝਦਾਰੀ ਅਤੇ ਪੰਚਾਇਤੀ ਤੌਰ-ਤਰੀਕਾ ਪਰਿਵਾਰਕ ਝਗੜਿਆਂ ਨੂੰ ਕਿਸੇ ਤਰੀਕੇ ਨਿਪਟਾਉਣ ਦਾ ਰਸਤਾ ਅਖ਼ਤਿਆਰ ਕਰਨ ਦਾ ਹੁੰਦਾ ਹੈ ਪਰ ਤੁਸੀਂ ਅਜਿਹੇ ਮਸਲੇ 'ਤੇ ਲਿਖਤਾਂ ਛਾਪ ਕੇ ਕਾਫੀ ਅਨਾੜੀਪੁਣੇ ਅਤੇ ਲੋਕ ਪੱਖੀ ਜੱਥੇਬੰਦੀਆਂ-ਆਗੂਆਂ-ਕਾਰਕੁਨਾਂ ਖ਼ਿਲਾਫ ਦੁਸ਼ਮਣਾਨਾ ਰਵੱਈਏ ਦਾ ਇਜ਼ਹਾਰ ਕਰ ਚੁੱਕੇ ਹੋਂ। ਉਸ ਸਮੇਂ ਤੁਹਾਡੀ ਜੱਥੇਬੰਦੀ ਦੀ ਪੁਰਾਣੀ ਪੜ੍ਹਤ ਦੇ ਪ੍ਰਭਾਵ ਕਰਕੇ ਸਾਥੀ ਰਾਜਵਿੰਦਰ ਨੇ ਤੁਹਾਡੇ ਨਾ਼ਲ ਆਪਣਾ ਪੱਖ ਜ਼ਬਾਨੀ ਸਾਂਝਾ ਕੀਤਾ ਸੀ ਪਰੰਤੂ ਤੁਸੀਂ ਆਪਣੀ ਜਾਰੀ ਅਖੌਤੀ ਜਾਂਚ ਰਿਪੋਰਟਾਂ 'ਚ ਉਸਦੇ ਪੱਖ ਨੂੰ ਤੋੜ-ਮਰੋੜ ਕੇ ਅਤੇ ਮਹਤੱਵਪੂਰਨ ਤੱਥਾਂ ਨੂੰ ਛੁਪਾ ਕੇ ਅਤੇ ਵਿਗਾੜ ਕੇ ਪੇਸ਼ ਕੀਤਾ। ਇਹ ਮੇਰੇ ਤੇ ਹੋਰ ਜਥੇਬੰਦੀਆਂ ਲਈ ਬਹੁਤ ਹੈਰਾਨੀ ਵਾ਼ਲੀ ਹਾਲਤ ਸੀ, ਜਿਸ ਸਬੰਧੀ ਮੇਰੀ ਜੱਥੇਬੰਦੀ ਸਮੇਤ ਹੋਰ ਜੱਥੇਬੰਦੀਆਂ ਨੇ ਚਿੱਠੀਆਂ ਭੇਜ ਕੇ ਤੁਹਾਨੂੰ ਤੱਥ ਪੇਸ਼ ਕਰਦੇ ਹੋਏ ਇਹ ਰਿਪੋਰਟਾਂ ਰੱਦ ਕਰਨ ਦੀ ਮੰਗ ਕੀਤੀ ਸੀ, ਪਰ ਤੁਸੀਂ ਗੈਰ-ਸੁਹਿਰਦਤਾ ਅਤੇ ਗੈਰ-ਜ਼ੁੰਮੇਵਾਰੀ ਦਾ ਮੁਜਾਹਰਾ ਕਰਦੇ ਹੋਏ ਸਦੀਵੀ ਖਾਮੋਸ਼ੀ ਧਾਰ ਗਏ।

ਹੁਣ ਤੁਸੀਂ ਦੁਬਾਰਾ ਉਸੇ ਕਿਸਮ ਦੇ ਤੌਰ-ਤਰੀਕਿਆਂ ਨਾਲ ਪੇਸ਼ ਆ ਰਹੇ ਹੋ। ਇਸ ਕਰਕੇ ਜ਼ਰੂਰੀ ਹੈ ਕਿ ਮੈਂ ਤੁਹਾਨੂੰ ਸਪੱਸ਼ਟ ਕਰ ਦਿਆਂ ਕਿ ਮੈਨੂੰ ਤੁਹਾਡੀ ਨਿਰਪੱਖਤਾ, ਯੋਗਤਾ ਅਤੇ ਮਨਸੂਬਿਆਂ ਬਾਰੇ ਕੋਈ ਤਸੱਲੀ ਨਹੀਂ। ਇਸ ਲਈ ਆਪਣੇ ਵਾਰਤਾਲਾਪ ਨੂੰ ਬਾਹਰਮੁਖੀ ਬਣਾਉਣ ਵਾਸਤੇ ਮੈਂ ਚਾਹੁੰਦੀ ਹਾਂ ਕਿ ਤੁਸੀਂ ਤੁਹਾਡੇ ਵਲੋਂ ਪੜਤਾਲ ਦੇ ਅਪਣਾਏ ਤਰੀਕੇ ਨੂੰ ਸਪਸ਼ਟ ਕਰੋ। ਮੈਨੂੰ ਜਾਂਚ ਪੜਤਾਲ ਦੇ ਵਿਸ਼ਾ ਵਸਤੂ, ਮਕਸਦ, ਘੇਰੇ, ਲਗਾਏ ਗਏ ਦੋਸ਼ਾਂ ਅਤੇ ਸਬੂਤਾਂ ਦਾ ਪੂਰਾ ਵੇਰਵਾ ਮੁਹੱਈਆ ਕਰਵਾਓ। ਤੱਤ ਭਾਵੇਂ ਕੋਈ ਵੀ ਹੋਵੇ, ਕਿਵੇਂ ਵੀ ਉਨ੍ਹਾਂ ਦੀ ਵਰਤੋਂ ਹੁੰਦੀ ਹੋਵੇ, ਪੁਲਿਸ ਜਾਂਚ ਸਬੰਧੀ ਵੀ ਨਿਯਮ-ਕਾਨੂੰਨ ਹਨ। ਤੁਹਾਡੇ ਕੀ ਨਿਯਮ-ਕਾਨੂੰਨ ਹਨ? ਜਾਂਚ ਟੀਮ ਵਿਚ ਕੌਣ ਹੈ? ਸਾਰੇ ਵੇਰਵੇ ਮੁਹੱਈਆ ਕਰਵਾਓ। ਮੇਰੇ ਨਾਲ ਸਾਰਾ ਵਾਰਤਾਲਾਪ ਲਿਖਤੀ ਕੀਤਾ ਜਾਵੇ। ਬੇਸ਼ਕ ਤੁਸੀਂ ਆਪਣੇ ਸਿੱਟੇ ਕੱਢਣ ਲਈ ਆਜ਼ਾਦ ਹੋ ਪਰ ਜਾਣਕਾਰੀ ਦੇਣ ਵਾਲ਼ਿਆਂ ਦਾ ਪੱਖ ਉਨ੍ਹਾਂ ਦੇ ਹੀ ਸ਼ਬਦਾਂ 'ਚ ਪੇਸ਼ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਵਿਵੇਕਸ਼ੀਲ ਪਾਠਕ ਆਪਣੇ ਆਜ਼ਾਦ ਸਿੱਟੇ ਕੱਢਣ ਦੀ ਸਥਿਤੀ 'ਚ ਹੋਣ। ਮੈਂ ਫੋਨ 'ਤੇ ਆਪਣੇ ਇਹੀ ਸਰੋਕਾਰ ਤੁਹਾਡੇ ਨਾਲ ਸਪੱਸ਼ਟ ਸ਼ਬਦਾਂ 'ਚ ਸਾਂਝੇ ਕੀਤੇ ਸਨ।

ਤੁਸੀਂ ਇਹ ਵੀ ਸਪੱਸ਼ਟ ਨਹੀਂ ਕੀਤਾ ਕਿ ਜੇਕਰ ਤੁਹਾਡੀ ਜਾਂਚ, ਲਿਖਤਾਂ ਉੱਤੇ ਕਿਸੇ ਤਰ੍ਹਾਂ ਦਾ ਇਤਰਾਜ਼ ਹੋਵੇ ਉਸ ਬਾਰੇ ਗੱਲਬਾਤ ਦਾ, ਰੀਵਿਊ ਦਾ ਤੌਰ-ਤਰੀਕਾ ਕੀ ਹੋਵੇਗਾ? ਕਲਪਨਾ ਤਿਵਾੜੀ ਪਤੀ-ਪਤਨੀ ਮਾਮਲੇ ਵਿਚ ਦੇਖਿਆ ਗਿਆ ਹੈ ਕਿ ਤੁਹਾਡੀਆਂ ਲਿਖਤਾਂ ਫਤਵੇ ਦੇ ਰੂਪ ਵਿਚ ਜਾਰੀ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਉੱਤੇ ਇਤਰਾਜ਼ਾਂ ਦੀ ਸੁਣਵਾਈ ਦੀ ਤੁਸੀਂ ਕੋਈ ਗੁੰਜਾਇਸ਼ ਨਹੀਂ ਛੱਡਦੇ। ਤੁਹਾਨੂੰ ਉਸ ਮਾਮਲੇ ਵਿਚ ਭੇਜੀਆਂ ਗਈਆਂ ਚਿੱਠੀਆਂ ਨੂੰ ਡੇਢ ਸਾਲ ਹੋ ਗਿਆ ਹੈ ਤੇ ਤੁਸੀਂ ਮੌਕਾਪ੍ਰਸਤ ਚੁੱਪ ਧਾਰੀ ਹੋਈ ਹੈ।

ਮੇਰੇ ਨਾ਼ਲ ਵਾਰਤਾਲਾਪ ਦਾ ਅਗਲਾ ਕਦਮ ਸੁਭਾਵਿਕ ਤੌਰ 'ਤੇ ਇਹੀ ਬਣਦਾ ਸੀ ਕਿ ਤੁਸੀਂ ਮੇਰੇ ਸਰੋਕਾਰਾਂ 'ਤੇ ਆਪਣਾ ਪ੍ਰਤੀਕਰਮ ਜ਼ਾਹਰ ਕਰਦੇ ਫਿਰ ਹੀ ਤੁਹਾਡੇ ਵਲੋਂ ਮੇਰੇ ਤੋਂ ਕੋਈ ਮੰਗ ਕਰਨ ਦਾ ਹੱਕ ਬਣਦਾ ਸੀ। ਬਰਾਬਰਤਾ ਦੇ ਅਧਾਰ 'ਤੇ ਗੱਲਬਾਤ ਦਾ ਇਹ ਸਧਾਰਣ ਸ਼ਿਸ਼ਟਾਚਾਰ ਹੈ ਅਤੇ ਅਜਿਹੀ ਹਾਲਤ 'ਚ ਅਤੇ ਜੇ ਤੁਹਾਡੇ ਵਲੋਂ ਮੇਰੇ ਲਈ ਰਸਤਾ ਛੱਡਿਆ ਜਾਂਦਾ ਤਾਂ ਮੈਂ ਲਾਜ਼ਮੀ ਹੀ ਤੁਹਾਡੇ ਵਲੋਂ ਘੱਲੇ ਨਿੱਜੀ ਸੁਨੇਹੇ ਦਾ ਨਿੱਜੀ ਜੁਆਬ ਦੇਣ ਦਾ ਫਰਜ਼ ਅਦਾ ਕਰਦੀ।

ਸਾਥੀਓ, ਮੈਂ ਅਤੇ ਹੋਰ ਸਾਥੀ ਇਨਕਲਾਬੀ ਜਮਹੂਰੀ

*(ਬਾਕੀ ਸਫਾ 17 'ਤੇ)*

# ਕਿਤਾਬ ਉਦਾਸ ਹੈ

## ਸ਼ਬਦ ਜੋਤ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਕਿਤਾਬ ਬਹੁਤ ਉਦਾਸ ਹੈ, ਹਤਾਸ਼ ਅਤੇ ਨਿਰਾਸ਼ ਹੈ। ਇਸਦਾ ਇਹ ਵਰਤਾਰਾ ਜਾਇਜ਼ ਹੈ। ਜਦ ਅਸੀਂ ਕਿਤਾਬ ਨੂੰ ਪਿਆਰ ਨਹੀਂ ਕਰਦੇ, ਇਸਨੂੰ ਸਹਿਲਾਉਂਦੇ ਨਹੀਂ, ਅਪਨਾਉਂਦੇ ਨਹੀਂ ਅਤੇ ਨਾ ਹੀ ਇਸਦੇ ਵਰਕਿਆਂ 'ਤੇ ਫੈਲੀ ਇਬਾਰਤ ਨੂੰ ਪੜ੍ਹਦੇ ਹਾਂ ਤਾਂ ਕਿਤਾਬ ਨੇ ਨਿਰਾਸ਼ ਹੋਣਾ ਹੀ ਹੋਇਆ।

ਬਹੁਤ ਔਖਰਦੀ ਹੈ ਕਿਤਾਬ ਨੂੰ ਇਕੱਲਤਾ। ਬੰਦ ਕਿਤਾਬ ਵਿਚ ਵਰਕਿਆਂ 'ਤੇ ਉਕਰੇ ਅੱਖਰਾਂ ਵਿਚਲੇ ਹਉਕਿਆਂ ਵਿਚ ਹੀ ਖੁਰ ਜਾਂਦੀ ਏ ਲਿਖਤ। ਜ਼ਰਜਰੀ ਵਰਕਿਆਂ ਨੂੰ ਫਰੋਲਣ ਵਾਲੇ ਹੱਥ ਹੀ ਕਿਤਾਬ ਤੋਂ ਮੁਨਕਰ ਹੋ ਜਾਣ ਤਾਂ ਕਿਤਾਬ ਵਿਚਾਰੀ ਕੀ ਕਰੇ?

ਕਿਤਾਬ ਸਭ ਤੋਂ ਵਧੀਆ ਦੋਸਤ। ਦੁੱਖ-ਸੁੱਖ ਸਾਂਝਾ ਕਰਦੀ। ਕੁਝ ਦੱਸਦੀ, ਕੁਝ ਪੁੱਛਦੀ। ਕੁਝ ਸਮਝਾਉਂਦੀ ਅਤੇ ਕਦੇ ਸਾਡੀ ਉਂਗਲ ਫੜ ਸਹੀ ਰਸਤੇ 'ਤੇ ਪਾਉਂਦੀ।

ਕਿਤਾਬ, ਗਿਆਨ ਦਾ ਭੰਡਾਰ। ਵਰਕਿਆਂ 'ਤੇ ਫੈਲਿਆ ਸੰਸਾਰ। ਗੁੱਝੀਆਂ ਰਮਜ਼ਾਂ ਫਰੋਲਦੀ। ਕੁਦਰਤੀ ਭੇਤਾਂ ਦੀ ਥਾਹ ਪਾਉਂਦੀ। ਚੌਗਿਰਦੇ ਵਿਚ ਵਾਪਰ ਰਹੇ ਭਾਣਿਆਂ ਨੂੰ ਸਮਝਾਉਂਦੀ।

ਕਿਤਾਬ ਤੋਂ ਹੀ ਪਤਾ ਲੱਗਦਾ ਕਿ ਮਨੁੱਖੀ ਸਰੀਰ ਦੀ ਕੀ ਹੈ ਬਣਤਰ? ਇਸ ਦੀਆਂ ਕਿਰਿਆਵਾਂ ਕਿੰਝ ਹੁੰਦੀਆਂ, ਕੀ ਵਾਪਰਦਾ, ਕਿਉਂ ਅਸੀਂ ਅਲਾਮਤਾਂ ਦਾ ਸ਼ਿਕਾਰ ਹੁੰਦੇ? ਸਾਡੇ ਦਿਲ-ਓ-ਦਿਮਾਗ ਦਾ ਕੀ ਆਪਸੀ ਸਬੰਧ? ਅਸੀਂ ਕਿਸਦੀ ਮੰਨਦਿਆਂ ਪ੍ਰਾਪਤੀਆਂ ਦੇ ਰਾਹੀ ਬਣਦੇ ਅਤੇ ਕਿਸਦੇ ਆਖੇ ਲੱਗ ਔਝੜ ਰਾਹਾਂ ਵਿਚ ਹੀ ਗਵਾਚ ਜਾਂਦੇ?

ਕਿਤਾਬ ਪਾਠਕ ਨੂੰ ਬਾਹਾਂ ਅੱਡੀ ਉਡੀਕਦੀ। ਆਪਣੇ ਕੋਲ ਬਿਠਾਉਣਾ, ਸੰਵਾਦ ਰਚਾਉਣਾ ਅਤੇ ਇਬਾਰਤ ਦੀ ਜੂਹੇ ਸ਼ਬਦਾਂ ਦੇ ਅਰਥਾਂ ਨੂੰ ਮਸਤਕ ਵਿਚ ਟਿਕਾਉਣਾ ਚਾਹੁੰਦੀ।

ਕਿਤਾਬ ਵਿਚੋਂ ਉਗਦੇ ਨੇ ਸੂਰਜ ਤੇ ਤਾਰੇ। ਅੰਬਰੀਂ ਉਡਾਣ ਦਾ ਸਿਰਨਾਵਾਂ। ਅਣਛੋਹੀਆਂ ਮੰਜ਼ਲਾਂ ਦੀ ਪ੍ਰਾਪਤੀ ਦਾ ਹੁਨਰ। ਕੁਝ ਅਣਕਿਹਾ ਅਤੇ ਅਣਸੋਚਿਆ ਕਰਨ ਦੀ ਤਰਕੀਬ। ਕੁਝ ਅਵੱਲੜਾ ਕਰਕੇ ਨਾਮ ਚਮਕਾਉਣ ਦੀ ਅਦਾਅ।

ਕਿਤਾਬ ਵਿਚ ਹੀ ਹੁੰਦਾ ਵਿਲੱਖਣਤਾਵਾਂ ਦਾ ਭੇਤ। ਮਨਚਾਹੇ ਸੁਪਨਿਆਂ ਦੀ ਪ੍ਰਾਪਤੀ ਦਾ ਰਾਜ਼। ਮਨਚਾਹੀ ਪ੍ਰਾਪਤੀ ਦਾ ਵਸੀਲਾ ਅਤੇ ਆਪਣੇ ਰਾਹਾਂ ਨੂੰ ਆਪਣੀ ਮਰਜ਼ੀ ਨਾਲ ਨਿਰਧਾਰਤ ਕਰਨ ਦਾ ਵੱਲ। ਕਦੇ ਗਾਉਂਦੀ ਕਿਤਾਬ ਨਾਲ ਗੁਣਗੁਣਾਉਣਾ। ਇਸਦੀ ਇਬਾਰਤ ਨੂੰ ਆਪਣੇ ਅੰਤਰੀਵ ਵਿਚ ਸਮਾਉਣਾ। ਕਿਤਾਬ ਅਤੇ ਕਵਿਤਾ ਦਾ ਗੂੜ੍ਹਾ ਸਬੰਧ। ਕਿਤਾਬਾਂ ਕਵਿਤਾਵਾਂ ਵਰਗੀਆਂ ਹੁੰਦੀਆਂ ਅਤੇ ਕਵਿਤਾਵਾਂ ਕਿਤਾਬਾਂ। ਤੁਹਾਡੇ ਦਿਲ ਦੀਆਂ ਬਾਤਾਂ ਪਾਉਂਦੀਆਂ। ਤੁਹਾਡੀਆਂ ਤਰਜੀਹਾਂ ਨੂੰ ਸ਼ਬਦ ਦਿੰਦੀਆਂ। ਤੁਹਾਡੀਆਂ ਤਮੰਨਾਵਾਂ ਨੂੰ ਸੇਧ ਦੇ ਕੇ ਇਸਦੀ ਪੂਰਤੀ ਦਾ ਇਸ਼ਾਰਾ ਕਰਦੀਆਂ।

ਕਿਤਾਬ ਦਿਲਦਾਰ। ਰੂਹ ਦੀ ਹਾਣਨ। ਤੁਹਾਡੇ ਨਿੱਜ ਦਾ ਹਿੱਸਾ। ਤੁਹਾਡੀ ਰੂਹਦਾਰੀ ਦਾ ਮਾਣ। ਤੁਹਾਡੇ ਸਾਰੇ ਭੇਤਾਂ ਦੀ ਜਾਣੂੰ। ਤੁਹਾਡੇ ਲਈ ਸਮਝਾਂ, ਸਿਆਣਪਾਂ, ਸੁਮੱਤਾਂ ਅਤੇ ਸਾਵਧਾਨੀਆਂ ਦਾ ਸੰਸਾਰ। ਤੁਸੀਂ ਇਸ ਵਿਚੋਂ ਕਿਹੜੇ ਮਾਣਕ ਮੋਤੀ ਚੁਗਣੇ, ਇਹ ਤਾਂ ਤੁਹਾਨੂੰ ਹੀ ਕੈਫ਼ੀਅਤ ਹੋਣੀ ਚਾਹੀਦੀ। ਭਲਾ ਕਿਤਾਬ ਵਿਚਾਰੀ ਕੀ ਕਰੇ?

ਬੁੱਕ-ਸੈਲਫ਼ 'ਤੇ ਪਈਆਂ ਕਿਤਾਬਾਂ ਦੇ ਨੈਣਾਂ ਵਿਚ ਝਾਕਣਾ। ਤੁਹਾਨੂੰ ਅਹਿਸਾਸ ਹੋਵੇਗਾ ਕਿੰਨੀ ਰੀਝ ਹੁੰਦੀ ਕਿਤਾਬ ਨੂੰ ਕਿ ਕੋਈ ਤਾਂ ਮੈਨੂੰ ਹਿੱਕ ਨਾਲ ਲਾਵੇ। ਮੇਰੇ ਵਰਕੇ ਫਰੋਲੇ। ਸ਼ਬਦੀ ਇਬਾਰਤਾਂ ਦੀਆਂ ਘੁੰਢੀਆਂ ਖੋਲ੍ਹੇ ਅਤੇ ਇਨ੍ਹਾਂ ਵਿਚ ਜਗਦੇ ਅਰਥਾਂ ਦੇ ਚਿਰਾਗਾਂ ਨਾਲ ਆਪਣੀ ਮਾਨਸਿਕਤਾ ਨੂੰ ਰੁਸ਼ਨਾਵੇ।

ਯਾਦ ਰਹੇ ਕਿ ਕਿਤਾਬ ਤੋਂ ਬੇਮੁੱਖਤਾ ਬਹੁਤ ਹੀ ਘਾਟੇਵੰਦਾ ਸੌਦਾ। ਜ਼ਰਾ ਸੋਚਣਾ! ਕਿਤਾਬ ਵਿਚੋਂ ਮਿਲਦੇ ਗਿਆਨ ਦੀ ਅਣਹੋਂਦ ਕਾਰਨ ਬੰਦੇ ਨੂੰ ਕਿਵੇਂ ਸਮਝ ਆਵੇਗੀ ਕਿ ਸਾਡੇ ਬਜ਼ੁਰਗਾਂ ਨੇ ਇਤਿਹਾਸ ਕਿਵੇਂ ਰਚਿਆ? ਉਹ ਕਿਹੜੀਆਂ ਮੁਸ਼ੱਕਤਾਂ ਵਿਚੋਂ ਨਵੀਂ ਸਿਰਜਣਕਾਰੀ ਦਾ ਮਾਣ ਬਣੇ। ਰਹਿਬਰਾਂ ਦੀਆਂ ਸਿੱਖਿਆਵਾਂ ਤੋਂ ਵਿਰਵੇ ਹੋ ਕੇ ਭਲਾ ਅਸੀਂ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਕਿਵੇਂ ਤੁਰ ਸਕਾਂਗੇ? ਸਾਨੂੰ ਪੂਰਨਿਆਂ ਦਾ ਤਾਂ ਪਤਾ ਹੋਵੇ।

ਮੈਂ ਅਕਸਰ ਹੀ ਕਿਤਾਬ ਨੂੰ ਫੋਲਦਾਂ। ਇਸਦੀ ਦਿੱਖ ਦੇ ਉਘੜਦੇ ਨਕਸ਼ਾਂ ਵਿਚੋਂ ਹੀ ਇਸਦੀ ਔਖਰਕਾਰੀ ਦਾ ਅਹਿਸਾਸ ਹੋ ਜਾਂਦਾ। ਤੁਸੀਂ ਕਿਤਾਬ ਦੀ ਦਿਲਦਾਰੀ ਵਿਚੋਂ ਕੁਝ ਅਜਿਹਾ ਮਾਣਮੱਤਾ ਪ੍ਰਾਪਤ ਕਰਦੇ ਕਿ ਕਿਤਾਬ ਤੁਹਾਨੂੰ ਰੂਹ ਦੀ ਹਾਣਨ ਜਾਪਦੀ। ਕਿਤਾਬਾਂ ਸਿਰਜਦੀਆਂ ਨੇ ਇਤਿਹਾਸ। ਇੰਨਕਲਾਬ ਲਈ ਪੈੜਾਂ ਬੰਨ੍ਹਦੀਆਂ ਨੇ ਕਿਤਾਬਾਂ। ਦੁਨੀਆਂ ਵਿਚ ਆਏ ਸਾਰੇ ਹੀ ਪਰਿਵਰਤਨਾਂ ਵਿਚ ਕਿਤਾਬਾਂ ਦੀ ਅਹਿਮ ਭੂਮਿਕਾ। ਕਦੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਜੀਵਨੀ ਨੂੰ ਪੜ੍ਹਨਾ ਅਤੇ ਸਮਝਣਾ ਕਿ ਕਿਤਾਬਾਂ ਵਿਚੋਂ ਉਸਨੇ ਕਿੰਨਾ ਕੁਝ ਪ੍ਰਾਪਤ ਕੀਤਾ ਜਿਹੜਾ ਸੂਲੀ ਚੜ੍ਹਨ ਤੋਂ ਕੁਝ ਪਲ ਪਹਿਲਾਂ ਕਿਤਾਬ ਨਾਲ ਸੰਵਾਦ ਰਚਾ ਰਿਹਾ ਸੀ। ਗੁਰੂ ਗੋਬਿੰਦ ਸਿੰਘ ਜੀ ਵਲੋਂ ਔਰੰਗਜ਼ੇਬ ਨੂੰ ਭੇਜਿਆ ਜ਼ਫ਼ਰਨਾਮਾ ਹੀ ਸੀ ਜਿਸਨੇ ਇਕ ਹੰਕਾਰੀ, ਤੁਅੱਸਬੀ ਅਤੇ ਜ਼ਾਲਮ ਹੁਕਮਰਾਨ ਨੂੰ ਆਪਣੇ ਕੀਤੇ 'ਤੇ ਪਛਤਾਵੇ ਲਈ ਮਜਬੂਰ ਕੀਤਾ ਅਤੇ ਗੁਰੂ ਜੀ ਵੱਲ ਦੋਸਤੀ ਦਾ ਹੱਥ ਵਧਾਇਆ।

ਕਿਤਾਬਾਂ ਅਜ਼ੀਮ ਖ਼ਜ਼ਾਨਾ। ਬਜ਼ੁਰਗਾਂ ਦੀ ਸਭ ਤੋਂ ਮਹਿੰਗੀ ਅਤੇ ਅਨਮੋਲ ਨਿਸ਼ਾਨੀ ਜਿਸਨੂੰ ਫਰੋਲਦਿਆਂ ਕਈ ਵਾਰ ਕੁਝ ਅਜਿਹਾ ਵੀ ਮਿਲਦਾ ਜਿਹੜਾ ਕਈ ਵਾਰ ਸਾਡੀਆਂ ਪੀੜ੍ਹੀਆਂ ਨੇ ਕਿਆਸਿਆ ਵੀ ਨਹੀਂ ਹੁੰਦਾ। ਕਿਤਾਬਾਂ ਦੀ ਸੰਗਤ ਵਿਚ ਬੰਦਾ ਕਦੇ ਵੀ ਇਕੱਲਾ ਨਹੀਂ ਹੁੰਦਾ। ਕਿਤਾਬ ਵਿਚਲੀ ਕਹਾਣੀ ਜਾਂ ਨਾਵਲ ਦਾ ਹਰ ਪਾਤਰ ਪਾਠਕ ਨਾਲ ਸੰਵਾਦ ਰਚਾਉਂਦਾ। ਜਦ ਪਾਠਕ ਉਸ ਪਾਤਰ ਵਿਚੋਂ ਖ਼ੁਦ ਨੂੰ ਭਾਲਦਾ ਪਾਤਰ ਹੀ ਬਣ ਜਾਂਦਾ ਤਾਂ ਕਿਤਾਬ ਆਪਣਾ ਮੁੱਲ ਮੋੜ ਦਿੰਦੀ। ਯਾਦ ਰਹੇ ਕਿ ਕਿਤਾਬ ਨਹੀਂ ਬੋਲਦੀ, ਇਸਦੇ ਸ਼ਬਦ ਬੋਲਦੇ। ਇਸਦੀ ਲਿਖਤ ਤੁਹਾਡੇ ਨੈਣਾਂ ਵਿਚ ਉਤਰਦੀ। ਇਸਦੀ ਅਰਥਕਾਰੀ ਤੁਹਾਨੂੰ ਅਚੇਤ ਅਤੇ ਸੁਚੇਤ ਰੂਪ ਵਿਚ ਕੁਝ ਅਜਿਹਾ ਤੁਹਾਡੇ ਅੰਦਰ ਧਰ ਜਾਂਦੀ ਕਿ ਤੁਹਾਨੂੰ ਪਤਾ ਲੱਗਦਾ ਕਿ ਅਜਿਹਾ ਤਾਂ ਕਦੇ ਸੋਚਿਆ ਵੀ ਨਹੀਂ ਸੀ ਜਾ ਸਕਦਾ। ਕਈ ਵਾਰ ਕਿਤਾਬ ਬਹੁਤ ਨਿਰਾਸ਼ ਅਤੇ ਉਦਾਸ ਹੋ ਜਾਂਦੀ। ਉਹ ਹਤਾਸ਼ ਵੀ ਹੋ ਜਾਂਦੀ ਜਦ ਪਾਠਕ ਨੂੰ ਉਡੀਕਦੀ ਬੇਬਸੀ ਦੇ ਆਲਮ ਵਿਚ ਸਿਉਂਕੀ ਹੋਈ ਨਜ਼ਰਬੰਦੀ ਦੀ ਆਉਧ ਹੰਢਾਉਂਦੀ ਆਖਰ ਨੂੰ ਮਿੱਟੀ ਹੋ ਜਾਂਦੀ ਅਤੇ ਇਸ ਦੇ ਤੜਫਦੇ ਅੱਖਰਾਂ ਦਾ ਦਰਦ, ਵਕਤ ਦੇ ਨਾਮ ਹੋ ਜਾਂਦਾ।

ਜ਼ਰਾ ਕਿਆਸ ਕਰਨਾ, ਉਨ੍ਹਾਂ ਗ੍ਰੰਥਾਂ ਅਤੇ ਲਿਖਤਾਂ ਦਾ ਜਿਨ੍ਹਾਂ ਨੇ ਆਉਣ ਵਾਲੇ ਵਕਤਾਂ ਵਿਚ ਬੀਤੇ ਦੀਆਂ ਕਈ ਪਰਤਾਂ ਨੂੰ ਫਰੋਲਣਾ ਅਤੇ ਉਸ ਇਤਿਹਾਸ ਨੂੰ ਆਉਣ ਵਾਲੀਆਂ ਨਸਲਾਂ ਦੇ ਨਾਮ ਕਰਨਾ ਸੀ ਪਰ ਜੋ ਸਰਸਾ ਨਦੀ ਦੇ ਪਾਣੀਆਂ ਵਿਚ ਵਹਿ ਗਈਆਂ ਅਤੇ ਗ੍ਰੰਥਾਂ ਦੇ ਹੰਝੂਆਂ ਵਿਚ ਸਰਸਾ ਦਾ ਪਾਣੀ ਵੀ ਖੌਲਣ ਲੱਗ ਪਿਆ ਸੀ। ਉਨ੍ਹਾਂ ਭਿੱਜੇ ਅਤੇ ਗਲੇ ਵਰਕਿਆਂ ਵਿਚ ਉਕਰੇ ਅੱਖਰਾਂ ਨੂੰ ਸ਼ਾਇਦ ਆਖ਼ਰੀ ਪਨਾਹ ਪਾਣੀਆਂ ਨੇ ਹੀ ਦੇਣੀ ਸੀ।

ਕਈ ਵਾਰ ਮੈਂ ਸੋਚਦਾ ਹਾਂ ਕਿ ਕਿਤਾਬ ਦਾ ਕੀ ਕਸੂਰ ਕਿ ਪਾਠਕ ਇਸ ਤੋਂ ਰਹਿਨੁਮਾਈ ਲੈਣ ਤੋਂ ਹੀ ਉਕਤਾ ਗਿਆ। ਕਿਤਾਬ ਨੇ ਤਾਂ ਪਾਠਕ ਨੂੰ ਸ਼ਬਦੀ ਰਹਿਮਤਾਂ ਨਾਲ ਨਿਵਾਜਣਾ ਸੀ। ਪਰ ਪਾਠਕ ਹੀ ਕਿਤਾਬ ਤੋਂ ਪਤਾ ਨਹੀਂ ਕਿਉਂ ਹਤਾਸ਼ ਹੋ ਗਿਆ। ਕਿਤਾਬ ਤੋਂ ਦੂਰ ਜਾਣ ਵਾਲੀਆਂ ਕੌਮਾਂ ਬੜੀ ਜਲਦੀ ਆਪਣਾ ਵਿਰਸਾ ਗਵਾ ਬਹਿੰਦੀਆਂ। ਨਵੀਆਂ ਨਸਲਾਂ ਨੂੰ ਕਿਤਾਬਾਂ ਤੋਂ ਬਗੈਰ ਕਿੰਝ ਪਤਾ ਲੱਗੇਗਾ ਕਿ ਉਨ੍ਹਾਂ ਦੇ ਵਡੇਰੇ ਕੌਣ ਸਨ? ਉਹ ਕਿਸ ਮਾਣਮੱਤੀ ਵਿਰਾਸਤ ਦੇ ਮਾਲਕ ਹਨ? ਕਿਵੇਂ ਇਸ ਵਿਰਾਸਤ ਨੂੰ ਸੰਭਾਲਿਆ ਜਾ ਸਕਦਾ? ਕਿਵੇਂ ਆਪਣੀਆਂ ਜੜ੍ਹਾਂ ਨਾਲ ਜੁੜ ਕੇ ਆਪਣੇ ਪੁਰਖਿਆਂ ਨੂੰ ਯਾਦ ਕੀਤਾ ਜਾ ਸਕਦਾ।

ਕਿਤਾਬਾਂ ਬਹੁਤ ਕੁਝ ਦਿੰਦੀਆਂ। ਕਈ ਵਾਰ ਇਕ ਹੀ ਕਿਤਾਬ ਬੰਦੇ ਦੀ ਕਾਇਆ ਕਲਪ ਕਰ ਦਿੰਦੀ। ਇੰਝ ਵੀ ਹੁੰਦਾ ਕਿ ਕੋਈ ਇਕ ਹੀ ਕਵਿਤਾ, ਕਹਾਣੀ ਜਾਂ ਲੇਖ ਕਿਸੇ ਪਾਠਕ ਦੀ ਮਾਨਸਿਕਤਾ ਵਿਚ ਅਜਿਹੀ ਦਸਤਕ ਦਿੰਦਾ ਕਿ ਉਹ ਭੁਚੱਕਾ ਹੀ ਰਹਿ ਜਾਂਦਾ ਕਿ ਕੀ ਕੁਝ ਅਜਿਹਾ ਵੀ ਹੋ ਸਕਦਾ? ਮੈਂ ਅਜਿਹਾ ਕਿਉਂ ਨਹੀਂ? ਮੈਂ ਕਿਉਂ ਆਪਣੀ ਜ਼ਿੰਦਗੀ ਨੂੰ ਵਿਅਰਥ ਗਵਾ ਰਿਹਾ ਸੀ?

ਕਿਤਾਬਾਂ ਜੀਵਨ-ਦਾਨੀ, ਮਹਾਂ ਗਿਆਨੀ ਅਤੇ ਹਰਫ਼ਾਂ ਵਿਚ ਪਰੋਈ ਸਾਡੀ ਹੀ ਕਹਾਣੀ। ਸ਼ਬਦਾਂ ਵਿਚ ਉਗਦੀ ਸਵੇਰ। ਧੁੱਪ ਦੀਆਂ ਕਾਤਰਾਂ। ਚਾਨਣ ਦੀਆਂ ਰਿਸ਼ਮਾਂ। ਇਸਦੇ ਵਰਕਿਆਂ 'ਤੇ ਜਗਦੀਆਂ ਨੇ ਮੋਮਬੱਤੀਆਂ। ਅਸੀਂ ਇਸ ਰੌਸ਼ਨੀ ਵਿਚ ਖ਼ੁਦ ਨੂੰ ਕਿੰਨਾ ਰੁਸ਼ਨਾਉਣਾ, ਇਹ ਤਾਂ ਕਿਤਾਬਾਂ ਨਾਲ ਜੁੜ ਕੇ ਪਤਾ ਲੱਗਦਾ।

ਇਹ ਵੀ ਸਮਝ ਲੈਣਾ ਚਾਹੀਦਾ ਕਿ ਕਿਤਾਬਾਂ ਮੁਹਾਰਨੀ ਨਹੀਂ ਹੁੰਦੀਆਂ। ਇਨ੍ਹਾਂ ਵਿਚ ਉਤਰਨਾ ਪੈਂਦਾ। ਲਿਖਤ ਨੂੰ ਰੂਹ ਵਿਚ ਰਚਾਉਣਾ ਪੈਂਦਾ। ਇਸ ਦੀਆਂ ਪਰਤਾਂ ਵਿਚੋਂ ਖ਼ੁਦ ਨੂੰ ਉਲਥਾਉਣਾ ਪੈਂਦਾ। ਖ਼ੁਦ ਦੀ ਨਿਸ਼ਾਨਦੇਹੀ ਕਰਨੀ ਪੈਂਦੀ ਕਿ ਮੇਰੇ ਕਿਹੜੇ ਹਨੇਰੇ ਪੱਖ ਅਤੇ ਕਿਹੜੇ ਰੌਸ਼ਨ ਪੱਖ ਹਨ? ਕਿਹਨਾਂ ਪੱਖਾਂ ਤੋਂ ਅਣਜਾਣ ਹਾਂ ਅਤੇ ਕਿਹੜੀ ਦਿੱਬ ਦ੍ਰਿਸ਼ਟੀ 'ਤੇ ਮੈਂ ਨਜ਼ਰ ਹੀ ਨਹੀਂ ਮਾਰ ਸਕਿਆ? ਕਿਸੇ ਵੀ ਵਸਤ-ਵਰਤਾਰੇ ਨੂੰ ਕੋਈ ਲੇਖਕ ਕਿਵੇਂ ਦੇਖਦਾ ਅਤੇ ਇਸਨੂੰ ਸ਼ਬਦਾਂ ਵਿਚ ਢਾਲਦਾ? ਮੈਂ ਇਸ ਬਾਰੇ ਕੀ ਸੋਚਦਾ ਸੀ? ਕੀ ਮੇਰੀ ਸੋਚ ਲਿਖਤ ਦੇ ਹਾਣ ਦੀ ਹੈ ਜਾਂ ਮੈਨੂੰ ਆਪਣੀ ਸੋਚ ਦੇ ਦਾਇਰੇ ਵਿਸ਼ਾਲਣੇ ਚਾਹੀਦੇ? ਮੈਂ ਕਿਉਂ ਸੰਕੋਚਵੀਂ ਸੰਵੇਦਨਾ ਦਾ ਕੈਦੀ? ਕਿਉਂ ਨਹੀਂ ਮੈਂ ਆਪਣੀ ਸੂਹਜ ਸੰਵੇਦਨਾ ਨੂੰ ਅੰਬਰ ਜੇਡੀ ਵਿਸ਼ਾਲਤਾ ਅਤੇ ਸਮੁੰਦਰ ਜੇਡ ਡੂੰਘਾਈ ਦੇ ਸਕਿਆ?

ਕਦੇ ਕਦੇ ਕਿਸੇ ਪੁਰਾਣੀ ਕਿਤਾਬ ਨੂੰ ਫਰੋਲਦਿਆਂ ਲੱਭ ਪੈਂਦਾ ਇਕ ਮੋਰ ਦਾ ਖੰਭ। ਇਸਦੇ ਮੱਧਮ ਪੈ ਚੁੱਕੇ ਰੰਗ। ਪਰ ਇਹ ਖੰਭ ਤੁਹਾਡੇ ਬੀਤੇ ਹੋਏ ਪਲਾਂ ਦੀ ਮਖ਼ਫ਼ੂਰੀ ਤੁਹਾਡੀ ਚੇਤਨਾ ਦੇ ਨਾਮ ਕਰ ਜਾਂਦਾ। ਕਿਤਾਬ ਨੂੰ ਪੜ੍ਹਨਾ ਨਹੀਂ ਸਗੋਂ ਇਸ ਵਿਚ ਗਵਾਚਣਾ ਹੁੰਦਾ ਤਾਂ ਹੀ ਕਿਤਾਬ ਦੀ ਅਹਿਮੀਅਤ ਦਾ ਅੰਦਾਜ਼ਾ ਹੁੰਦਾ। ਤੁਸੀਂ ਇਸਨੂੰ ਆਪਣੀ ਆਤਮਾ ਵਿਚ ਵਸਾਉਂਦੇ ਹੋ।

ਜ਼ਿੰਦਗੀ ਇਕ ਕਿਤਾਬ। ਇਸਦੇ ਕਿੰਨੇ ਕੁ ਵਰਕੇ ਤੁਸੀਂ ਪੜ੍ਹੇ ਅਤੇ ਕਿੰਨੇ ਅਣਪੜ੍ਹੇ? ਕੀ ਇਹ ਬੰਦ ਕਿਤਾਬ ਹੈ ਜਾਂ ਖੁੱਲ੍ਹੀ? ਕਦੇ ਜ਼ਰੂਰ ਸੋਚਣਾ! ਜ਼ਿੰਦਗੀ ਦੇ ਅਰਥ ਵੀ ਸਮਝ ਆ ਜਾਣਗੇ। ਕਿਤਾਬਾਂ ਤੁਹਾਡੀ ਪ੍ਰਵਾਜ਼ ਦੇ ਪਰ, ਜੀਵਨ-ਸ਼ੈਲੀ ਦਾ ਅੰਦਾਜ਼, ਸੁਪਨਿਆਂ ਦੀਆਂ ਹਮਰਾਜ਼ ਅਤੇ ਤੁਹਾਡਾ ਅੰਤਰੀਵੀ ਰਾਜ਼। ਕਿਤਾਬ ਪੜ੍ਹ ਕੇ ਬਦਲ ਜਾਂਦੀ ਹੈ ਤੁਹਾਡੀ ਸਮਝ, ਸੋਚ, ਵਿਚਾਰ ਅਤੇ ਕਿਸੇ ਵਸਤ ਵਰਤਾਰੇ ਨੂੰ ਦੇਖਣ ਦਾ ਨਜ਼ਰੀਆ। ਕਿਸੇ ਸ਼ਖ਼ਸ ਨੂੰ ਪਹਿਚਾਨਣ ਦਾ ਦਾਅਵਾ। ਕਿਸੇ 'ਤੇ ਭਰੋਸਾ ਕਰਨ ਅਤੇ ਕਿਸੇ ਨੂੰ ਆਪਣਾ ਬਣਾਉਣ ਦੀ ਤਰਕੀਬ। ਬਹੁਤ ਕੁਝ ਦਿੰਦੀਆਂ ਨੇ ਕਿਤਾਬਾਂ ਇਕ ਮਨੁੱਖ ਨੂੰ।

ਕਿਤਾਬ ਪੜ੍ਹ ਕੇ ਭਾਵੇਂ ਤੁਸੀਂ ਭੁੱਲ ਵੀ ਜਾਵੋ ਪਰ ਪੜ੍ਹੀ ਹੋਈ ਕਿਤਾਬ ਦਾ ਕੁਝ ਹਿੱਸਾ ਤਾਂ ਸਦਾ ਲਈ ਤੁਹਾਡੇ ਅਵਚੇਤਨ ਦਾ ਅੰਗ ਬਣ ਹੀ ਜਾਂਦਾ।

ਕਿਤਾਬ ਇਕ ਸੜਕ ਦੀ ਨਿਤਾਈਂ ਜਿਹੜੀ ਤੁਹਾਨੂੰ ਮੰਜ਼ਲ ਦੀ ਦੱਸ ਵੀ ਪਾਉਂਦੀ। ਉਂਗਲ ਲਾ ਕੇ ਤੋਰਦੀ ਅਤੇ ਨਿਰਧਾਰਤ ਪੈਂਡਿਆ ਰਾਹੀਂ ਤੁਹਾਡੇ ਖ਼ਾਬਾਂ ਦਾ ਸੱਚ ਤੁਹਾਡੇ ਸਾਹਵੇਂ ਉਪਜਾਉਂਦੀ। ਕਿਤਾਬਾਂ ਰਾਹੀਂ ਹੀ ਅਸੀਂ ਸਧਾਰਨਤਾ ਵਿਚੋਂ ਅਸਧਾਰਨਤਾ ਦੇਖਦੇ। ਗੁੰਝਲਦਾਰ ਵਰਤਾਰਿਆਂ ਨੂੰ ਸਧਾਰਨ ਸ਼ਬਦਾਂ ਰਾਹੀਂ ਪ੍ਰਗਟ ਕਰਨ ਦੇ ਸਮਰੱਥ।

ਕਿਤਾਬਾਂ ਤੁਹਾਡੀ ਸਵੈ-ਪਰਖ ਦਾ ਸਭ ਤੋਂ ਸਮਰੂਪ ਅਤੇ ਸੁੰਦਰ ਪੈਮਾਨਾ। ਇਸ ਵਿਚੋਂ ਬਹੁਤ ਰੰਗ ਉਘੜਦੇ। ਕੁਝ ਕਾਲੇ, ਕੁਝ ਸਫ਼ੈਦ। ਕੁਝ ਪੀਲੇ ਅਤੇ ਕੁਝ ਨੀਲੇ। ਕੁਝ ਹਰੇ ਅਤੇ ਕੁਝ ਪੱਤਝੜੀ। ਇਹ ਰੰਗ ਦਰਅਸਲ ਤੁਹਾਡੀ ਮਾਨਸਿਕਤਾ ਦੀ ਪਰਖ-ਪੜਚੋਲ ਨੂੰ ਨਵੀਂ ਰੰਗਤ ਦਿੰਦੇ। ਤੁਹਾਨੂੰ ਉਸ ਰੰਗ ਵਿਚ ਰੰਗ ਜਾਂਦੇ ਜਿਹੜਾ ਤੁਹਾਡਾ ਹੀ ਮਜੀਠੀ ਰੰਗ ਹੁੰਦਾ। ਕਿਤਾਬਾਂ ਪੜ੍ਹਦੇ ਰਿਹਾ ਕਰੋ। ਕਦੇ ਨਾ ਅੱਕੋ ਅਤੇ ਨਾ ਹੀ ਥੱਕੋ। ਕਿਤਾਬਾਂ ਤੋਂ ਉਚਾਟ ਹੋਇਆ ਮਨ ਦਰਅਸਲ ਆਪਣੇ ਜੀਵਨ ਤੋਂ ਨਿਰਮੋਹਾ ਹੋਇਆ, ਬੜੀ ਜਲਦੀ ਆਪਣਾ ਸਿਵਾ ਸੇਕਣ ਲਈ ਕਾਹਲਾ ਹੋ ਜਾਂਦਾ।

ਕਈ ਵਾਰ ਮੈਂ ਆਪਣੀ ਨਿੱਜੀ ਲਾਇਬਰੇਰੀ ਵਿਚ ਪਈਆਂ ਕਿਤਾਬਾਂ ਨਾਲ ਮੂਕ ਸੰਵਾਦ ਰਚਾਉਂਦਾ। ਮੈਨੂੰ ਇੰਝ ਲੱਗਣ ਲੱਗਦਾ ਕਿ ਮੇਰੀਆਂ ਕਿਤਾਬਾਂ ਕਈ ਵਾਰ ਬਹੁਤ ਹੀ ਉਦਾਸ ਹੋ ਜਾਂਦੀਆਂ ਕਿਉਂਕਿ ਉਨ੍ਹਾਂ ਨੂੰ ਲੱਗਦਾ ਕਿ ਮੇਰੇ ਤੋਂ ਬਾਅਦ ਇਹ ਕਿਤਾਬਾਂ ਸ਼ਾਇਦ ਕਿਸੇ ਰੱਦੀ ਵਾਲੇ ਨੂੰ ਵੇਚ ਦਿੱਤੀਆਂ ਜਾਣਗੀਆਂ। ਇਨ੍ਹਾਂ ਦੇ ਲਿਫ਼ਾਫ਼ੇ ਬਣ ਜਾਣਗੇ ਅਤੇ ਇਨ੍ਹਾਂ ਦੀ ਹੋਂਦ ਹੀ ਖ਼ਤਮ ਹੋ ਜਾਵੇਗੀ। ਦਰਅਸਲ ਜੇ ਸਾਡੀ ਨਵੀਂ ਪੀੜ੍ਹੀ ਇੰਝ ਹੀ ਕਿਤਾਬਾਂ ਨੂੰ ਦੁਰਕਾਰਦੀ ਰਹੀ ਤਾਂ ਕਿਤਾਬਾਂ ਦੇ ਨੈਣਾਂ ਵਿਚ ਉਤਰਿਆ ਇਹ ਸੱਚ ਸਮਿਆਂ ਨੇ ਜ਼ਰੂਰ ਦੇਖਣਾ। ਮੈਂ ਹੁੱਬਕੀਂ ਰੋਂਦੀਆਂ ਕਿਤਾਬਾਂ ਨੂੰ ਵਰਾਉਂਦਾ ਅਤੇ ਧੀਰਜ ਬੰਨ੍ਹਾਉਂਦਾ ਕਿ ਕੁਝ ਵੀ ਅਜਿਹਾ ਨਹੀਂ ਹੋਵੇਗਾ। ਪਰ ਮੈਂ ਆਪਣੇ ਅੰਦਰ ਝਾਤੀ ਮਾਰ ਕੇ ਦੇਖਦਾ ਤਾਂ ਅਹਿਸਾਸ ਹੁੰਦਾ ਕਿ ਆਖਰ ਨੂੰ ਇੰਝ ਹੀ ਹੋਣਾ। ਰੌਣਕੀਆਂ ਕਿਤਾਬਾਂ ਨੂੰ ਜਦ ਘਰ ਤੋਂ ਜਲਾਵਤਨੀ ਹੋ ਗਈ ਤਾਂ ਇਨ੍ਹਾਂ ਦਾ ਟਿਕਾਣਾ ਕਬਾੜ ਦਾ ਢੇਰ ਹੋਵੇਗਾ। ਕਿਤਾਬਾਂ ਵਿਚ ਜਗਦੇ ਦੀਵਿਆਂ ਨੇ ਬੁੱਝ ਜਾਣਾ, ਅੱਖਰਾਂ ਨੇ ਮਿਟ ਜਾਣਾ ਅਤੇ ਲਿਖਤ ਦੇ ਖਾਰੇ ਹੰਝੂਆਂ ਵਿਚ ਬਹੁਤ ਕੁਝ ਅਜਿਹਾ ਵਹਿ ਜਾਣਾ ਜੋ ਬੀਤੇ ਨੇ ਸੰਭਾਲਿਆ ਸੀ। ਮੇਰੀਆਂ ਲਿਖਤਾਂ ਸਿਰਫ਼ ਮੇਰੀਆਂ ਹੀ ਨਹੀਂ ਸਨ। ਇਹ ਤਾਂ ਉਸ ਸਮੇਂ ਦਾ ਸੱਚ ਸੀ ਜੋ ਮੈਂ ਦੇਖਿਆ, ਹੰਢਾਇਆ ਅਤੇ ਮਾਣਿਆ। ਜਿਸਨੂੰ ਹਰਫ਼ਾਂ ਦੇ ਹਵਾਲੇ ਕੀਤਾ। ਹਰਫ਼ਾਂ ਦੀ ਬੁੱਕਲ ਵਿਚ ਪਏ ਇਸ ਅਨਮੋਲ ਖ਼ਜ਼ਾਨੇ ਦੀ ਸੋਝੀ ਬਹੁਤ ਹੀ ਵਿਰਲਿਆਂ ਨੂੰ ਹੁੰਦੀ।

ਕਈ ਵਾਰ ਮੈਂ ਆਪਣੀਆਂ ਕਿਤਾਬਾਂ ਨੂੰ ਆਪਣੇ ਕੋਲ ਬੁਲਾਉਂਦਾ, ਧੀਰਜ ਧਰਾਉਂਦਾ ਅਤੇ ਸਮਝਾਉਂਦਾ ਕਿ ਮੈਂ ਆਖ਼ਰੀ ਸਾਹ ਤੱਕ ਤੁਹਾਡਾ ਦੇਣਦਾਰ ਹਾਂ ਅਤੇ ਤੁਸੀਂ ਮੇਰੀ ਅਮਾਨਤ ਹੋ। ਪਰ ਆਉਣ ਵਾਲੀਆਂ ਨਸਲਾਂ ਨੇ ਤੁਹਾਡੇ ਨਾਲ ਕੀ ਵਰਤਾਅ ਕਰਨਾ, ਇਸਦੀ ਮੈਨੂੰ ਮੁਆਫ਼ੀ ਜ਼ਰੂਰ ਦੇ ਦੇਣਾ। ਜਦ ਮੈਂ ਹੀ ਨਹੀਂ ਰਹਿਣਾ ਤਾਂ ਮੈਂ ਕਿਸੇ ਨੂੰ ਕੀ ਕਹਿਣਾ ਕਿ ਮੇਰੀਆਂ ਕਿਤਾਬਾਂ ਨਾਲ ਇੰਝ ਨਾ ਕਰਿਓ? ਜਿਉਂਦੇ ਜੀਅ ਕਿਤਾਬਾਂ ਨਾਲ ਮੋਹ ਪਾਲਣ ਵਾਲੇ ਆਖਰ ਨੂੰ ਆਖ਼ਰੀ ਸਾਹ ਲੈਂਦਿਆਂ, ਜਦ ਹੰਝੂਆਂ ਭਿੱਜੀ ਅਲਵਿਦਾ ਕਿਤਾਬਾਂ ਨੂੰ ਕਹਿੰਦੇ ਤਾਂ ਕਿਤਾਬਾਂ ਵੀ ਰੋਣ ਲੱਗਦੀਆਂ।

ਵਾਸਤਾ ਈ! ਕਦੇ ਵੀ ਕਿਤਾਬਾਂ ਨੂੰ ਰੋਣ ਨਾ ਦਿਓ। ਇਨ੍ਹਾਂ ਵਿਚ ਹਿਚਕੀਆਂ ਨਾ ਉਪਜਾਓ। ਇਨ੍ਹਾਂ ਦੀ ਰਹਿਮਤ ਵਿਚੋਂ ਆਪਣੇ ਆਪ ਨੂੰ ਰੁਸ਼ਨਾਓ। ਆਪਣੇ ਸੁਪਨਿਆਂ ਦੀ ਸੰਪੂਰਨਤਾ ਦੀ ਮਾਰਗ ਦਰਸ਼ਨਾ ਕਰੋ। ਮੰਜ਼ਲਾਂ ਦਾ ਸਿਰਨਾਵਾਂ ਲੱਭੋ। ਇਹ ਕਿਤਾਬਾਂ ਹੀ ਹੁੰਦੀਆਂ ਜੋ ਤੁਹਾਨੂੰ ਗੁਣੀ-ਗਿਆਨੀ, ਵਿਦਵਾਨ, ਪਾਰਖੂ ਜਾਂ ਗਿਆਨਵੰਤਾ ਬਣਾ ਕੇ ਤੁਹਾਨੂੰ ਮਾਰਗ ਦਰਸ਼ਕ, ਅਧਿਆਪਕ ਜਾਂ ਪ੍ਰੋਫ਼ੈਸਰ ਵਰਗੀ ਉਚਤਮ ਪਦਵੀ ਦੇ ਮਾਲਕ ਬਣਾਉਂਦੀਆਂ।

ਬੰਦਾ ਤਾਂ ਅਗਿਆਨੀ ਹੁੰਦਾ। ਇਹ ਕਿਤਾਬਾਂ ਵਿਚੋਂ ਮਿਲਿਆ ਗਿਆਨ ਹੀ ਹੁੰਦਾ ਜਿਸ ਨਾਲ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਉਪਲਬਧੀਆਂ ਕਰਦੇ, ਨਵੀਆਂ ਪਹਿਲਾਂ ਸਿਰਜਦੇ, ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰਦੇ ਲੋਕ ਆਪਣਾ, ਆਪਣੇ ਪਰਿਵਾਰ, ਸਮਾਜ ਜਾਂ ਦੇਸ਼ ਦਾ ਨਾਮ ਰੌਸ਼ਨ ਕਰਦੇ। ਕਿਤਾਬੀ ਮਾਰਗ ਤੋਂ ਭਟਕੇ ਲੋਕ ਹੀ ਮਾਨਸਿਕ ਭਟਕਣਾ ਦੇ ਰਾਹੀ ਬਣ, ਕਈ ਵਾਰ ਖ਼ੁਦਕੁਸ਼ੀਆਂ, ਕਤਲਾਂ, ਕੁਕਰਮਾਂ ਅਤੇ ਕੁਲਹਿਣੇ ਵਕਤਾਂ ਦਾ ਕੋਹਜ ਬਣ ਜਾਂਦੇ।

ਕਿਤਾਬਾਂ ਦੀ ਸੰਗਤ, ਸੁਹਬਤ ਅਤੇ ਸਿਰਜਣਕਾਰੀ ਵਿਚੋਂ ਤੁਸੀਂ ਆਪਣੀ ਸਿਰਜਣਾਤਮਿਕਤਾ ਅਤੇ ਸੰਵੇਦਨਾ ਨੂੰ ਨਵੀਆਂ ਦਿਸ਼ਾਵਾਂ, ਉਪਨਾਵਾਂ ਅਤੇ ਰਚਨਾਵਾਂ ਰਾਹੀਂ, ਇਸ ਦੀਆਂ ਉਨ੍ਹਾਂ ਪਰਤਾਂ ਅਤੇ ਪਰਿਪੇਖ ਨੂੰ ਵੀ ਸਮਝਣ ਦੇ ਸਮਰੱਥ ਹੁੰਦੇ ਹੋ ਜਿਨ੍ਹਾਂ ਤੋਂ ਅਕਸਰ ਹੀ ਅਸੀਂ ਅਵੇਸਲੇ ਹੁੰਦੇ।

ਕਿਤਾਬਾਂ ਹੁੰਦੀਆਂ ਦਰਿਆ ਦਾ ਪਾਣੀ, ਵਗਦਿਆਂ ਪਾਉਂਦਾ ਨਵੀਂ ਕਹਾਣੀ। ਕਿਤਾਬਾਂ ਹੁੰਦੀਆਂ ਪੌਣਾਂ ਦਾ ਗੀਤ, ਜਿਹੜਾ ਸਿਖਾਉਂਦਾ ਜੀਣ ਦੀ ਰੀਤ। ਕਿਤਾਬਾਂ ਹੁੰਦੀਆਂ ਫੁੱਲਾਂ ਵਰਗੀਆਂ, ਤੇ ਮਹਿਕਾਂ ਭਰੀ ਗੁਲਜ਼ਾਰ। ਕਿਤਾਬਾਂ ਮਨ ਦੀ ਵੱਤਰ ਭੋਂ, ਉਗਦੇ ਸੁੱਭ ਵਿਚਾਰ। ਕਿਤਾਬਾਂ ਹੁੰਦੀਆਂ ਫੁੱਟਦੀ ਲੋਅ, ਤੇ ਪੰਛੀਆਂ ਦੀ ਪਰਵਾਜ਼। ਕਿਤਾਬਾਂ ਮਨ-ਕਪਾਟੀਂ ਖੋਲ੍ਹਣ, ਕਾਇਨਾਤ ਦੇ ਰਾਜ਼। ਕਿਤਾਬਾਂ ਚੌਤਰਫ਼ੀ ਲੋਅ ਵੰਡੇਂਦਾ, ਆਲ੍ਹੇ ਵਿਚ ਚਿਰਾਗ। ਕਿਤਾਬਾਂ ਇੱਟਾਂ ਨੂੰ ਘਰ ਬਣਾਉਂਦੀਆਂ ਤੇ ਡਿਊੜੀ ਦੇ ਭਾਗ। ਕਿਤਾਬਾਂ ਚੰਦ ਸੂਰਜ ਦੀਆਂ ਬਾਤਾਂ ਅਤੇ ਤਾਰਿਆਂ ਭਰਿਆ ਥਾਲ। ਕਿਤਾਬਾਂ ਮੱਥੇ ਚਾਨਣ ਉਗਦਾ ਅਤੇ ਮਨਾਂ ਦੇ ਵਿਚ ਮਲਾਲ।

---

## ਪੈਸਾ ਅਤੇ ਸਫ਼ਲਤਾ ਖ਼ੁਸ਼ੀ ਕਿਉਂ ਨਹੀਂ ਦੇ ਸਕਦੇ?

ਲੋਕ ਮੰਨਦੇ ਹਨ ਕਿ ਜੇ ਪੈਸਾ ਬਹੁਤਾ ਕਮਾਵਾਂਗੇ, ਤਾਂ ਖੁਸ਼ ਰਹਾਂਗੇ। ਜੇ ਸਫ਼ਲ ਹੋਵਾਂਗੇ ਤਾਂ ਖੁਸ਼ ਰਹਾਂਗੇ। ਇਹ ਵਿਸ਼ਵਾਸ ਬਹੁਤ ਆਮ ਹੈ। ਪਰ ਇਹ ਬਹੁਤ ਗੁਮਰਾਹਕੁਨ ਵੀ ਹੈ। ਪੈਸਾ ਅਤੇ ਸਫ਼ਲਤਾ ਜ਼ਿੰਦਗੀ ਨੂੰ ਆਰਾਮਦਾਇਕ ਬਣਾ ਸਕਦੇ ਹਨ, ਪਰ ਤੁਹਾਨੂੰ ਖੁਸ਼ ਨਹੀਂ ਕਰ ਸਕਦੇ।

ਆਓ ਸਮਝੀਏ ਕਿਉਂ?



ਪੈਸਾ ਸਮੱਸਿਆਵਾਂ ਹੱਲ ਕਰ ਸਕਦਾ ਹੈ, ਅੰਦਰੂਨੀ ਸ਼ਾਂਤੀ ਨਹੀਂ ਦੇ ਸਕਦਾ। ਪੈਸਾ ਮਹੱਤਵਪੂਰਨ ਹੈ। ਇਹ ਸਾਨੂੰ ਬਿਹਤਰ ਢੰਗ ਨਾਲ ਜਿਊਣ ਵਿਚ ਮਦਦ ਕਰਦਾ ਹੈ, ਸੁਰੱਖਿਆ ਅਤੇ ਆਰਾਮ ਦਿੰਦਾ ਹੈ।

ਜਰਨੈਲ ਸਿੰਘ ਧਾਲੀਵਾਲ

# ਸੱਚੀ ਖ਼ੁਸ਼ੀ ਕੀ ਹੈ – 2

ਪੈਸਾ ਬਾਹਰੀ ਸਮੱਸਿਆਵਾਂ ਨੂੰ ਹੱਲ ਕਰਦਾ ਹੈ, ਇਸ ਨਾਲ ਘਰ ਖਰੀਦ ਸਕਦੇ ਹਾਂ, ਪਰ ਮਨ ਦੀ ਸ਼ਾਂਤੀ ਨਹੀਂ। ਇਹ ਮਨੋਰੰਜਨ ਖਰੀਦ ਸਕਦਾ ਹੈ, ਪਰ ਇਕੱਲਤਾ ਨੂੰ ਨਹੀਂ ਰੋਕ ਸਕਦਾ। ਪੈਸੇ ਵਾਲੇ ਬਹੁਤ ਸਾਰੇ ਲੋਕ ਅਜੇ ਵੀ ਅੰਦਰੋਂ ਖਾਲੀ ਮਹਿਸੂਸ ਕਰਦੇ ਹਨ। ਇਹ ਦਰਸਾਉਂਦਾ ਹੈ ਕਿ ਪੈਸਾ ਖ਼ੁਸ਼ੀ ਦਾ ਸਰੋਤ ਨਹੀਂ ਹੈ।

ਸਫ਼ਲਤਾ ਦਬਾਅ (ਤਣਾਅ) ਪੈਦਾ ਕਰਦੀ ਹੈ, ਸ਼ਾਂਤੀ ਨਹੀਂ। ਸਫ਼ਲਤਾ ਬਾਹਰੋਂ ਸੁੰਦਰ ਦਿਖਾਈ ਦਿੰਦੀ ਹੈ ਪਰ ਅੰਦਰੋਂ ਅਕਸਰ ਦਬਾਅ ਪੈਦਾ ਕਰਦੀ ਹੈ। ਹੋਰ ਸਫ਼ਲਤਾ ਦਾ ਮਤਲਬ ਹੈ, ਜ਼ਿੰਮੇਵਾਰੀ ਅਤੇ ਉਮੀਦਾਂ ਦਾ ਵਧਣਾ। ਅਸਫ਼ਲਤਾ ਦਾ ਡਰ, ਹੋਰ ਤਣਾਅ, ਲੋਕ ਆਪਣੀ ਪਦਵੀ ਗੁਆਉਣ ਬਾਰੇ ਚਿੰਤਾ ਕਰਨ ਲੱਗ ਪੈਂਦੇ ਹਨ। ਉਹ ਆਪਣੀ ਤੁਲਨਾ ਦੂਜਿਆਂ ਨਾਲ ਕਰਨਾ ਸ਼ੁਰੂ ਕਰ ਦਿੰਦੇ ਹਨ। ਇਹ ਦਬਾਅ ਹੌਲੀ-ਹੌਲੀ ਖ਼ੁਸ਼ੀ ਮਾਰ ਦਿੰਦਾ ਹੈ। ਜਦੋਂ ਲੋਕਾਂ ਨੂੰ ਪੈਸਾ ਜਾਂ ਸਫ਼ਲਤਾ ਮਿਲਦੀ ਹੈ ਤਾਂ ਉਹ ਥੋੜ੍ਹੇ ਸਮੇਂ ਲਈ ਖੁਸ਼ ਮਹਿਸੂਸ ਕਰਦੇ ਹਨ। ਫਿਰ ਮਨ ਕਹਿੰਦਾ ਹੈ: ਮੈਂ ਹੋਰ ਅਗਾਂਹ ਜਾਵਾਂ, ਹੋਰ ਪੈਸਾ, ਹੋਰ ਪ੍ਰਸਿੱਧੀ ਹਾਸਲ ਕਰਾਂ। ਇਹ ਇੱਛਾ ਕਦੇ ਖ਼ਤਮ ਨਹੀਂ ਹੁੰਦੀ। ਜ਼ਿਆਦਾ ਪਿੱਛਾ ਕਰਨ ਨਾਲ ਮਨ ਬੇਚੈਨ ਰਹਿੰਦਾ ਹੈ। ਬੇਚੈਨ ਮਨ ਖੁਸ਼ ਨਹੀਂ ਹੋ ਸਕਦਾ। ਮਾਨਸਿਕ ਤੌਰ 'ਤੇ ਸ਼ਾਂਤ ਲੋਕ ਇਸ ਪਿੱਛੇ ਨੂੰ ਰੋਕ ਦਿੰਦੇ ਹਨ।

### ਕਿਉਂ ਤੁਲਨਾ ਖ਼ੁਸ਼ੀ ਨੂੰ ਨਸ਼ਟ ਕਰਦੀ ਹੈ?

ਆਮ ਲੋਕ ਪੈਸੇ ਅਤੇ ਸਫ਼ਲਤਾ ਦੀ ਤੁਲਨਾ ਕਰਦੇ ਹਨ। ਅਸੀਂ ਇਹ ਦੇਖਣਾ ਸ਼ੁਰੂ ਕਰ ਦਿੰਦੇ ਹਾਂ, ਕਿ ਕੌਣ ਜ਼ਿਆਦਾ ਪੈਸਾ ਕਮਾਉਂਦਾ ਹੈ? ਕੌਣ ਜ਼ਿਆਦਾ ਮਸ਼ਹੂਰ ਹੈ? ਤੁਲਨਾ ਈਰਖਾ ਪੈਦਾ ਕਰਦੀ ਹੈ। ਈਰਖਾ ਤਣਾਅ ਪੈਦਾ ਕਰਦੀ ਹੈ। ਤਣਾਅ ਖ਼ੁਸ਼ੀ ਨੂੰ ਤਬਾਹ ਕਰ ਦਿੰਦਾ ਹੈ। ਸੱਚੀ ਖ਼ੁਸ਼ੀ ਉਦੋਂ ਆਉਂਦੀ ਹੈ ਜਦੋਂ ਤੁਲਨਾ ਰੁਕ ਜਾਂਦੀ ਹੈ। ਇੱਕ ਖੁਸ਼ ਵਿਅਕਤੀ ਸਿਰਫ਼ ਆਪਣੇ ਪਿਛਲੇ ਸਵੈ ਨਾਲ ਮੁਕਾਬਲਾ ਕਰਦਾ ਹੈ।


ਅਸਲ ਜ਼ਿੰਦਗੀ ਦੀ ਉਦਾਹਰਣ: ਵਿਅਕਤੀ (ੳ) ਬਹੁਤ ਪੈਸਾ ਕਮਾਉਂਦਾ ਹੈ, ਪਰ ਉਹ ਹਮੇਸ਼ਾ ਚਿੰਤਾਤੁਰ ਰਹਿੰਦਾ ਹੈ। ਉਹ ਕਦੇ ਵੀ ਬਹੁਤਾ ਸੰਤੁਸ਼ਟ ਨਹੀਂ ਰਹਿੰਦਾ। ਵਿਅਕਤੀ (ਅ) ਕਾਫ਼ੀ ਕਮਾਉਂਦਾ ਹੈ, ਬਸ ਕੰਮ ਕਰਦਾ ਹੈ, ਉਹ ਸ਼ਾਂਤੀ ਨਾਲ ਸੌਂਦਾ ਹੈ। ਵਿਅਕਤੀ (ੳ) ਕੋਲ ਪੈਸਾ ਹੈ ਵਿਅਕਤੀ (ਅ) ਕੋਲ ਖ਼ੁਸ਼ੀ ਹੈ। ਇੱਕੋ ਦੁਨੀਆ, ਵੱਖ-ਵੱਖ ਮੁੱਲ ਹਨ।

**ਸੱਚੀ ਖ਼ੁਸ਼ੀ ਸੰਤੁਸ਼ਟੀ ਤੋਂ ਮਿਲਦੀ ਹੈ:** ਧਿਆਨ ਦੇਣ ਦਾ ਮਤਲਬ ਹੈ, ਜਦੋਂ ਜੋ ਸਾਡੇ ਕੋਲ ਹੈ, ਉਸ ਨਾਲ ਸੰਤੁਸ਼ਟ ਹੋਣਾ, ਨਾਲ ਹੀ ਆਪਣੇ ਆਪ ਨੂੰ ਸੁਧਾਰਨਾ ਵੀ। ਮਾਨਸਿਕ ਤੌਰ 'ਤੇ ਖੁਸ਼ ਲੋਕ ਕਹਿੰਦੇ ਹਨ, ਹੁਣ ਲਈ ਇਹ ਕਾਫ਼ੀ ਹੈ। ਉਹ ਵਰਤਮਾਨ ਪਲ ਨੂੰ ਸੰਭਾਲਦੇ ਹਨ। ਉਹ ਭਵਿੱਖ ਲਈ ਖ਼ੁਸ਼ੀ ਨੂੰ ਦੇਰੀ ਨਾਲ ਨਹੀਂ ਦੇਖਦੇ। ਖ਼ੁਸ਼ੀ ਕੋਈ ਮੰਜ਼ਿਲ ਨਹੀਂ ਹੈ। ਇਹ ਜਿਉਣ ਦਾ ਤਰੀਕਾ ਹੈ। ਜਦੋਂ ਪੈਸਾ ਤੇ ਸਫ਼ਲਤਾ ਉਪਯੋਗੀ (ਲਾਭਦਾਇਕ) ਬਣ ਜਾਂਦੇ ਹਨ। ਪੈਸਾ ਅਤੇ ਸਫ਼ਲਤਾ ਮਾੜੇ ਨਹੀਂ ਹਨ। ਉਹ ਲਾਭਦਾਇਕ ਔਜ਼ਾਰ (ਸੰਦ) ਹਨ। ਪਰ ਉਨ੍ਹਾਂ ਨੂੰ ਜ਼ਿੰਦਗੀ ਦਾ ਸਮਰਥਨ ਕਰਨਾ ਚਾਹੀਦਾ ਹੈ ਨਾ ਕਿ ਜੀਵਨ ਦਾ ਨਿਯੰਤਰਣ।

**ਸੰਤੁਲਨ ਕੁੰਜੀ ਹੈ:** ਖ਼ੁਸ਼ੀ ਨੂੰ ਗੁਆਏ ਬਿਨਾਂ ਪੈਸੇ ਦੀ ਵਰਤੋਂ ਕਿਵੇਂ ਕਰੀਏ। ਮਾਨਸਿਕ ਤੌਰ 'ਤੇ ਖੁਸ਼ ਲੋਕ ਸਾਧਨਾਂ ਦੀ ਘਾਟ ਨਾਲ ਵੀ ਜਿਉਂਦੇ ਹਨ। ਸਮਝਦਾਰੀ ਨਾਲ ਸਮੇਂ ਦੀ ਕਦਰ ਕਰੋ। ਪੈਸੇ ਨਾਲੋਂ ਵੱਧ ਸ਼ਾਂਤੀ 'ਤੇ ਧਿਆਨ ਕੇਂਦਰਿਤ ਕਰੋ। ਸ਼ਬਿਤੀ 'ਤੇ ਨਹੀਂ। ਪੈਸਾ ਜ਼ਿੰਦਗੀ ਨੂੰ ਆਸਾਨ ਬਣਾ ਸਕਦਾ ਹੈ। ਸਫ਼ਲਤਾ ਆਰਾਮ ਲਿਆ ਸਕਦੀ ਹੈ। ਪਰੰਤੂ ਸੱਚੀ ਖ਼ੁਸ਼ੀ ਅੰਦਰੂਨੀ ਹੁੰਦੀ ਹੈ ਜਾਂ ਅੰਦਰੋਂ ਆਉਂਦੀ ਹੈ। ਸ਼ਾਂਤ ਮਨ ਸਭ ਤੋਂ ਅਮੀਰ ਬੈਂਕ ਖਾਤੇ ਨਾਲੋਂ ਅਮੀਰ ਹੁੰਦਾ ਹੈ, ਜਦੋਂ ਅਸੀਂ ਬਾਹਰ ਦੀ ਖ਼ੁਸ਼ੀ ਦਾ ਪਿੱਛਾ ਕਰਨਾ ਬੰਦ ਕਰ ਦਿੰਦੇ ਹਾਂ, ਅਸੀਂ ਇਸ ਨੂੰ ਆਪਣੇ ਅੰਦਰ ਮਹਿਸੂਸ ਕਰਨਾ ਸ਼ੁਰੂ ਕਰ ਦਿੰਦੇ ਹਾਂ।

# ਇਹੁ ਜਨਮੁ ਤੁਮਹਾਰੇ ਲੇਖੇ !

**ਕਿਸ਼ਤ -2**



***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਇਸ 18 ਮਾਰਚ ਨੂੰ ਉਹ 90 ਸਾਲ ਦੇ ਹੋ ਗਏ ਹਨ, ਉਨ੍ਹਾਂ ਦਾ ਜਨਮ ਦਿਨ ਮਨਾਉਂਦਿਆਂ ਅਸੀਂ ਇਹ ਨਾਵਲ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਨਾਵਲ ਦੀ ਦੂਜੀ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***

ਸਤਿਨਾਮ ਕੌਰ ਨੂੰ ਪਤੀ ਦੀ ਗੱਲ ਸੁਣ ਕੇ ਜਿਵੇਂ ਕੁਛ ਭੁੱਲਿਆ ਯਾਦ ਆ ਗਿਆ ਹੋਵੇ, 'ਮੇਰਾ ਮਾੜਾ ਚੇਤਾ! ਇਹ ਗੱਲ ਮੇਰੇ ਮਨ ਵਿਚ ਕਿਉਂ ਨਾ ਆਈ! ਵਾਹਿਗੁਰੂ ਜੀ ਜਿੰਨੀ ਛੇਤੀ ਇਹ ਨਾਤਾ ਜੋੜਨ, ਓਨਾ ਭਲਾ!'

ਤੀਰਥ ਸਿੰਘ ਆਪਣੀ ਕਾਹਲ ਵਿਚ ਉਸ ਦੀ ਕਾਹਲ ਮਿਲਾ ਕੇ ਬੋਲਿਆ, 'ਸਤਿਨਾਮ ਕੌਰੇ, ਰਿਸ਼ਤਾ ਲੈ ਕੇ ਪਹੁੰਚਦੇ ਤਾਂ ਲੜਕੀ ਵਾਲੇ ਹੁੰਦੇ ਨੇ, ਕਿਉਂ ਨਾ ਆਉਂਦੇ ਐਤਵਾਰ ਆਪਾਂ ਹੀ ਚਲੇ ਚੱਲੀਏ? ਭਲੇ ਕਾਰਜ ਵਿਚ ਦੇਰ ਕਿਉਂ ਕਰਨੀ ਹੋਈ।'

ਗੁਰਮੁਖ ਆ ਲਵੇ, ਗੱਲ ਉਸ ਨਾਲ ਵੀ ਸਾਂਝੀ ਹੋ ਜਾਵੇ। ਉਂਜ ਭਲਾ ਉਸ ਨੂੰ ਕੀ ਉਜਰ ਹੋ ਸਕਦਾ ਹੈ! ਸਗੋਂ ਉਹ ਤਾਂ ਸੁਣ ਕੇ ਖ਼ੁਸ਼ ਹੀ ਹੋਵੇਗਾ। ਸ਼ਾਮ ਨੂੰ ਉਹ ਘਰ ਪਰਤਿਆ ਤਾਂ ਸ਼ੋਰ ਮਚਾਉਂਦਾ ਹੀ ਬੂਹੇ ਵੜਿਆ। ਉਹ ਕਿਸੇ ਗੱਲੋਂ ਡਾਢਾ ਖ਼ੁਸ਼ ਦਿਸਦਾ ਸੀ। ਉਹਨੇ ਹੱਥ ਵਿਚ ਫੜਿਆ ਹੋਇਆ ਪੰਜਾਬੀ ਦਾ ਅਖ਼ਬਾਰ ਉਨਹਾਂ



**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਸਾਹਮਣੇ ਕਰਦਿਆਂ ਉਤੇਜਿਤ ਹੋ ਕੇ ਕਿਹਾ, 'ਜਗਦੀਪ ਦਾ, ਮੇਰਾ ਮਤਲਬ ਹੈ, ਦਰਵੇਸ਼ ਜੀ ਦਾ ਪਤਾ ਲੱਗ ਗਿਆ ਸਮਝੋ। ਪਰ ਏਨੀ ਗੱਲ ਪੱਕੀ ਹੈ, ਉਹ ਜਿਥੇ ਵੀ ਹੈ ਨੇ, ਖ਼ੈਰ-ਮਿਹਰ ਨਾਲ ਨੇ। ਇਹ ਦੇਖੋ, ਜਗਦੀਪ ਦੀ ਕਵਿਤਾ ਛਪੀ।'

ਤੀਰਥ ਸਿੰਘ ਨੇ ਉਹਦੇ ਕੰਨ ਕੋਲ ਮੂੰਹ ਕਰ ਕੇ ਕਿਹਾ, 'ਸਤਿਨਾਮ ਕੌਰੇ, ਵਾਹਿਗੁਰੂ ਦੀ ਇੱਛਾ ਤੇ ਕਿਰਪਾ ਹੀ ਸਮਝ, ਅੱਜ ਹੀ ਦਰਵੇਸ਼ ਜੀ ਨਾਲ ਮੇਰੀ ਮੁਲਾਕਾਤ ਹੋਈ, ਅੱਜ ਹੀ ਗੁਰਮੁਖ ਨੂੰ ਜਗਦੀਪ ਦੀ ਖ਼ਬਰ ਮਿਲ ਗਈ!'

ਤਿੰਨੇ ਬੈਠ ਗਏ। ਗੁਰਮੁਖ ਕਵਿਤਾ ਪੜ੍ਹਨ ਲਗਿਆ ਅਤੇ ਉਹ ਦੋਵੇਂ ਸੁਣਨ ਲੱਗੇ:

ਕੂਕਾਂ ਮਾਰ ਲੋਕਾਈ ਫ਼ਰਿਆਦ ਕਰਦੀ,
ਕਿਤੋਂ ਆਵੇ ਸਹਾਰਾ ਕੋਈ ਹੋਣ ਵਾਲਾ।
ਕੋਈ ਦਿਲਾਂ ਦੀ ਪੀੜ ਨੂੰ ਚੁਗਣ ਵਾਲਾ,
ਦੋ ਹੰਝੂ ਹਮਦਰਦ ਬਣ ਰੋਣ ਵਾਲਾ।
ਲਹੂ ਆਦਮ ਦੇ ਨਾਲ ਜੋ ਗਈ ਭਿੱਟੀ,
ਧਰਤੀ ਬਦਨਸੀਬ ਨੂੰ ਧੋਣ ਵਾਲਾ।
ਏਦਾਂ ਹੋਈ ਮਨੁੱਖ ਦੀ ਝੋਲ ਖਾਲੀ,
ਰਿਹਾ ਕੋਲ ਨਾ ਕੁਛ ਵੀ ਖੋਣ ਵਾਲਾ।
ਅੰਬਰ ਨਿੱਖਰਿਆ ਤੇ ਖਿੜੀ ਧਰਤ ਹੈ ਸੀ,
ਚਿੱਟੇ ਦਿਨ ਹੋਇਆ ਕਾਲਾ ਕਹਿਰ ਕੋਈ।
ਵਿਚ ਪਾਣੀਆਂ ਦੇ ਕੋਈ ਵਿਹੁ ਘੁਲ ਗਈ,
ਪੌਣਾਂ ਵਿਚ ਵੀ ਰਲ ਗਿਆ ਜ਼ਹਿਰ ਕੋਈ।
ਬੰਦਾ ਦੇਖ ਲਉ ਬੰਦੇ ਨੂੰ ਖਾਣ ਲੱਗਿਆ,
ਬਚਿਆ ਪਿੰਡ, ਨਾ ਨਗਰ, ਨਾ ਸ਼ਹਿਰ ਕੋਈ।
ਲਹੂ ਆਦਮ ਦਾ ਭਰ ਦਰਿਆ ਵਗਿਆ,
ਬਚੀ ਨਦੀ ਨਾ ਨਾਲਾ, ਨਾ ਨਹਿਰ ਕੋਈ।
ਭਾਈ ਭਾਈ ਦੇ ਖ਼ੂਨ ਦਾ ਜਾਮ ਪੀਵੇ,
ਨਰ-ਪਸ਼ੂ ਨੂੰ ਕੇਹਾ ਖ਼ੁਮਾਰ ਹੋਇਆ।
ਪਤ ਭੈਣ ਦੀ ਲੁਟਦਾ ਮਾਂ-ਜਾਇਆ,
ਧੀ ਦਾ ਪਿਓ ਦੇ ਹੱਥੋਂ ਸ਼ਿਕਾਰ ਹੋਇਆ।
ਲਹੂ ਰੰਗਤਾਂ ਭੋਇੰ ਨੂੰ ਹੈਨ ਚੜ੍ਹੀਆਂ,
ਅੰਬਰ ਉਤੇ ਹੈ ਗਰਦ-ਗ਼ੁਬਾਰ ਹੋਇਆ।
ਧਰਤੀ ਕਿਉਂ ਨਾ ਪਾਟ ਕੇ ਹੋਈ ਟੁਕੜੇ,
ਅੰਬਰ ਕਿਉਂ ਨਾ ਟੋਟੇ ਹਜ਼ਾਰ ਹੋਇਆ!
ਮਿਟੇ ਕੁਫ਼ਰ ਦੀ ਲੰਮੀ ਇਹ ਰਾਤ ਕਾਲੀ,
ਕਿਤੋਂ ਨੂਰ ਦਾ ਫੇਰ ਪਰਕਾਸ਼ ਹੋਵੇ।
ਧੋਤੀ ਧਰਤ ਦੀ ਚੰਦਰੀ ਧੂੜ ਜਾਵੇ,
ਨਿਰਮਲ ਫੇਰ ਤੋਂ ਗੰਧਲਾ ਆਕਾਸ਼ ਹੋਵੇ।
ਬੰਦਾ ਬੰਦੇ ਦਾ ਫੇਰ ਤੋਂ ਬਣੇ ਦਾਰੂ,
ਬੂਟਾ ਨਫ਼ਰਤ ਦਾ ਜੜਾਂ ਤੋਂ ਨਾਸ ਹੋਵੇ।
ਹੇਕ ਹੋਏ ਉੱਚੀ ਸੁੱਚੇ ਇਸ਼ਕ ਵਾਲੀ,
ਹਰ ਕਿਸੇ ਦੇ ਮਨ ਹੁਲਾਸ ਹੋਵੇ!

ਗੁਰਮੁਖ ਨੇ ਕਵਿਤਾ ਖ਼ਤਮ ਕੀਤੀ ਤਾਂ ਦੇਖਿਆ, ਉਨਹਾਂ ਦੋਵਾਂ ਦੀਆਂ ਅੱਖਾਂ ਬੇਰੋਕ ਵਹਿ ਰਹੀਆਂ ਸਨ। ਭਾਈਆ ਜੀ ਰੁਮਾਲ ਨਾਲ ਤੇ ਝਾਈ ਜੀ ਦੁਪੱਟੇ ਦੇ ਲੜ ਨਾਲ ਅੱਖਾਂ ਸੁਕਾਉਣ ਲੱਗੇ। ਗੁਰਮੁਖ ਦੇ ਲਿਆਂਦੇ ਪਾਣੀ ਦੀਆਂ ਦੋ-ਦੋ ਘੁੱਟਾਂ ਭਰ ਕੇ ਉਨਹਾਂ ਨੇ ਸੰਭਲਣ ਦਾ ਜਤਨ ਕੀਤਾ। ਭਾਈਆ ਜੀ ਤਾਂ ਬੱਸ 'ਵਾਹਿਗੁਰੂ...ਵਾਹਿਗੁਰੂ...' ਹੀ ਕਹਿ ਸਕੇ, ਝਾਈ ਜੀ ਬੋਲੀ, 'ਇਸ ਕੁੜੀ ਨੇ ਸਭ ਦੁਖਿਆਰਿਆਂ ਦੇ ਦਿਲਾਂ ਦਾ ਦਰਦ ਅੱਖਰਾਂ ਵਿਚ ਮੋਤੀਆਂ ਵਾਂਗ ਪਰੋ ਛੋਡਿਆ ਈ! ਵਾਹਿਗੁਰੂ ਜੀ ਆਪ ਕਾਨੀ ਫੜ ਕੇ ਇਸ ਹੱਥੋਂ ਲਿਖਵਾਇਆ ਸੁ! ਰੱਬ ਨੇ ਕੇਹਾ ਨਰਮ ਦਿਲ ਦਿੱਤਾ ਸੁ ਇਸ ਬੱਚੀ ਨੂੰ। ਗੁੱਡੀਆਂ ਖੇਡਣ ਦੀ ਉਮਰੇ ਕੇਹੀਆਂ ਦਾਨੀਆਂ ਗੱਲਾਂ ਪਈ ਕਰਦੀ ਏ! ਦੁੱਖ ਕਿਸੇ ਨੂੰ ਪਹੁੰਚਦਾ ਏ ਤੇ ਪੀੜ ਇਹ ਮੰਨਦੀ ਏ! ਦਰਵੇਸ਼ ਜੀ ਡਾਢੇ ਭਾਗਾਂ ਵਾਲੇ ਨੇ ਜਿਨ੍ਹਾਂ ਘਰ ਅਜਿਹੀ ਭਲੀ ਧੀ ਨੇ ਜਨਮ ਲਿਆ ਸੂ।'

ਗੁਰਮੁਖ ਨੇ ਦੱਸਿਆ, 'ਉਹ ਕਿਥੇ ਨੇ, ਪਤਾ ਲਾਉਣਾ ਕੋਈ ਮੁਸ਼ਕਿਲ ਨਹੀਂ। ਅਖ਼ਬਾਰ ਵਾਲਿਆਂ ਤੋਂ ਝੱਟ ਜਾਣਕਾਰੀ ਮਿਲ ਜਾਵੇਗੀ। ਅਖ਼ਬਾਰ ਦਿੱਲੀ ਤੋਂ ਹੀ ਨਿੱਕਲਦਾ ਏ, ਚਾਂਦਨੀ ਚੌਕ ਤੋਂ। ਮੈਂ ਭਲਕੇ ਹੀ ਜਾਵਾਂਗਾ ਤੇ ਪੁੱਛ ਆਵਾਂਗਾ, ਕਵਿਤਾ ਕਿਸ ਪਤੇ ਤੋਂ ਆਈ ਏ।'

ਤੀਰਥ ਸਿੰਘ ਨੂੰ ਉਹਦੀ ਉਤਾਵਲਤਾ ਚੰਗੀ ਲੱਗੀ, 'ਤੈਨੂੰ ਕਿਧਰੇ ਲੱਭਣ ਦੀ ਲੋੜ ਨਹੀਂ, ਪੁੱਤਰ, ਪਤਾ ਮੈਥੋਂ ਪੁੱਛ!' ਉਹਨੇ ਜੇਬ ਵਿਚੋਂ ਕੱਢ ਕੇ ਪਤੇ ਵਾਲਾ ਕਾਗ਼ਜ਼ ਦਿੰਦਿਆਂ ਸਾਰੀ ਵਾਰਤਾ ਕਹਿ ਸੁਣਾਈ।

ਇਹ ਤਾਂ ਵਾਹਿਗੁਰੂ ਦੀ ਮਿਹਰ ਸੀ, ਦਰਵੇਸ਼ ਜੀ ਤੇ ਜਗਦੀਪ ਕੌਰ ਵਾਂਗ ਹੀ ਉਸ ਨੇ ਤੀਰਥ ਸਿੰਘ, ਸਤਿਨਾਮ ਕੌਰ ਤੇ ਗੁਰਮੁਖ ਸਿੰਘ ਨੂੰ ਵੀ ਹੱਥ ਦੇ ਕੇ ਰੱਖ ਲਿਆ ਸੀ। ਜਾਨਾਂ ਸਲਾਮਤ ਆ ਗਈਆਂ ਸਨ, ਖੁੱਸਿਆ ਮਾਲ ਹੌਲ਼ੀ-ਹੌਲ਼ੀ ਬਣ ਜਾਣਾ ਸੀ। ਜੋ ਲੋਕ ਸਕੇ-ਸੰਬੰਧੀ ਗੁਆ ਆਏ ਸਨ, ਉਨਹਾਂ ਦੀ ਪੀੜ ਅਸਹਿ ਸੀ। ਇਧਰਲੀ ਪੌਣ ਅਜੇ ਉਨਹਾਂ ਦੇ ਸਾਹ ਨੂੰ ਰਾਸ ਨਹੀਂ ਸੀ ਆ ਰਹੀ ਅਤੇ ਇਧਰਲੀ ਮਿੱਟੀ ਅਜੇ ਉਨਹਾਂ ਦੀਆਂ ਜੜਾਂ ਨੂੰ ਕਬੂਲ ਨਹੀਂ ਸੀ ਕਰ ਰਹੀ। ਅਨਗਿਣਤ ਲੋਕ ਅਜਿਹੇ ਸਨ ਜਿਨ੍ਹਾਂ ਦੇ ਅੱਖਾਂ ਸਾਹਮਣੇ ਆਪਣੇ ਮਾਰੇ ਗਏ ਸਨ, ਧੀਆਂ-ਭੈਣਾਂ ਬੇਪਤ ਹੋਈਆਂ ਸਨ ਤੇ ਚੁੱਕ ਲਈਆਂ ਗਈਆਂ ਸਨ। ਉਧਰੋਂ ਨਿੱਕਲਣ ਵੇਲੇ ਹੋਣੀ ਕਾਰਨ ਵੱਖ ਹੋਏ ਜੀਅ ਅਜਿਹੇ ਨਿੱਖੜੇ ਸਨ, ਉਨਹਾਂ ਦੇ ਜਿਉਂਦੇ-ਮੋਏ ਹੋਣ ਦਾ ਵੀ ਕੋਈ ਪਤਾ ਨਹੀਂ ਸੀ। ਅਜਿਹੇ ਲੋਕਾਂ ਦੇ ਦੁੱਖ ਦੀ ਥਾਹ ਸਿਰਫ਼ ਉਹ ਆਪ ਹੀ ਪਾ ਸਕਦੇ ਸਨ। ਓਪਰੀ ਦੁਨੀਆ ਵਿਚ ਸਭ ਕੁਛ ਉਨਹਾਂ ਲਈ ਓਪਰਾ ਸੀ ਅਤੇ ਭਵਿੱਖ ਇਕ ਫ਼ਾਸਲੇ ਉੱਤੇ ਦਿਸਦਾ ਸੀ ਜਿਸ ਨੂੰ ਅਜੇ ਕਿਵੇਂ ਵੀ ਹੱਥ ਨਹੀਂ ਸੀ ਪੈ ਰਿਹਾ!

ਅਸਲ ਵਿਚ ਤਾਂ ਉਨਹਾਂ ਨੂੰ ਇਕੋ ਮਲਾਲ ਸੀ ਕਿ ਲੱਖਾਂ ਮੌਤਾਂ ਵਿਚ ਉਨਹਾਂ ਦੀ ਮੌਤ ਦਗ਼ਾ ਕਿਉਂ ਦੇ ਗਈ! ਹੁਣ ਵੀ ਉਹ ਮੌਤ ਨੂੰ ਆਉਣ ਦੀਆਂ ਅਰਜੋਈਆਂ ਕਰਦੇ ਸਨ, ਪਰ ਮੰਗੀ ਹੋਈ ਮੌਤ ਆਉਂਦੀ ਨਹੀਂ ਸੀ ਅਤੇ ਆਪ ਉਨਹਾਂ ਤੋਂ ਮੌਤ ਦਾ ਲੜ ਫੜਿਆ ਨਹੀਂ ਸੀ ਜਾਂਦਾ। ਜ਼ਿੰਦਗੀ ਤੇ ਮੌਤ ਦੇ ਦੋਰਾਹੇ ਉੱਤੇ ਬਣੀ ਹੋਈ ਇਸ ਅਧਮੋਈ ਅਵਸਥਾ ਵਿਚੋਂ ਕਿਸ ਨੇ ਕਦਮ-ਕਦਮ ਕਰ ਕੇ ਨਿੱਕਲਦਿਆਂ ਆਖ਼ਰ ਜ਼ਿੰਦਗੀ ਵੱਲ ਦਾ ਮੋੜ ਕੱਟ ਲੈਣਾ ਸੀ ਤੇ ਕਿਸ ਨੇ ਤਿਲ਼-ਤਿਲ਼ ਮੁਕਦਿਆਂ ਆਖ਼ਰ ਮੌਤ ਦੀ ਬੁੱਕਲ ਵਿਚ ਜਾ ਪੈਣਾ ਸੀ, ਕੌਣ ਜਾਣੇ! ਅਜੇ ਤਾਂ ਹਾਲਤ ਇਹ ਸੀ ਕਿ ਕੋਈ ਗੱਲ ਉਨਹਾਂ ਦੇ ਮਨ ਨੂੰ ਪੋਹ ਨਹੀਂ ਸੀ ਰਹੀ, ਕੋਈ ਤਸੱਲੀ ਉਨਹਾਂ ਦੀ ਆਸ ਦਾ ਆਸਰਾ ਨਹੀਂ ਸੀ ਬਣ ਰਹੀ। ਮਹਾਤਮਾ ਗਾਂਧੀ, ਜਵਾਹਰਲਾਲ ਨਹਿਰੂ ਤੇ ਹੋਰ ਆਗੂ ਸ਼ਰਨਾਰਥੀਆਂ ਦੇ ਕੈਂਪਾਂ ਵਿਚ ਤੇ ਉਨਹਾਂ ਦੀ ਵਸੋਂ ਵਾਲੇ ਇਲਾਕਿਆਂ ਵਿਚ ਆਉਂਦੇ ਅਤੇ ਹਮਦਰਦੀ ਦੇ ਹੰਝੂ ਕੇਰਦੇ। ਪਰ ਉਹ ਵੀ ਜਾਣਦੇ ਸਨ ਕਿ ਦੁਖਿਆਰਿਆਂ ਦਾ ਦੁੱਖ ਉਨਹਾਂ ਦੇ ਹੰਝੂਆਂ ਤੋਂ ਬਹੁਤ ਭਾਰਾ ਹੈ।

ਸਰਾਵਾਂ, ਧਰਮਸ਼ਾਲਾਂ, ਗੁਰਦੁਆਰਿਆਂ, ਮੰਦਰਾਂ ਤੇ ਹੋਰ ਸਾਂਝੀਆਂ ਭਾਈਚਾਰਕ ਥਾਂਵਾਂ ਦੇ ਬੂਹੇ ਚੁਪੱਟ ਖੋਲ੍ਹ ਦਿੱਤੇ ਗਏ ਸਨ। ਤੰਬੂਆਂ ਦੀਆਂ ਨਵੀਆਂ ਬਸਤੀਆਂ ਖੜ੍ਹੀਆਂ ਹੋ ਗਈਆਂ ਸਨ। ਮਨੁੱਖੀ ਇਤਿਹਾਸ ਵਿਚ ਅਨਦੇਖੇ-ਅਨਸੁਣੇ ਇਸ ਕਹਿਰ ਨੇ ਪੱਥਰ ਤੋਂ ਪੱਥਰ ਦਿਲਾਂ ਨੂੰ ਮੋਮ ਬਣਾ ਦਿੱਤਾ ਸੀ। ਦਿਲਾਂ ਦਾ ਦਰਦ ਤਾਂ ਭਾਵੇਂ ਇਧਰਲੇ ਲੋਕ ਨਾ ਵੰਡਾ ਸਕਦੇ ਹੋਣ ਪਰ ਉਹ ਜ਼ਖ਼ਮਾਂ ਉੱਤੇ ਮੱਲ੍ਹਮ ਲਾਉਣ ਵਿਚ ਕੋਈ ਕਸਰ ਨਹੀਂ ਸਨ ਛੱਡ ਰਹੇ। ਕੈਂਪਾਂ ਵਿਚ ਰੁਲਦੇ ਲੋਕਾਂ ਵਾਸਤੇ ਅਟੁੱਟ ਲੰਗਰ ਤਾਂ ਲੱਗੇ ਹੀ ਹੋਏ ਸਨ, ਲੋਕ ਲੋੜੀਂਦੀਆਂ ਹੋਰ ਚੀਜ਼ਾਂ ਵੀ ਖੁੱਲ੍ਹੇ ਦਿਲ ਨਾਲ ਲੈ ਆਉਂਦੇ। ਬਿਸਤਰਿਆਂ, ਪਹਿਨਣ ਵਾਲੇ ਕੱਪੜਿਆਂ, ਸਾਬਨ-ਤੇਲਾਂ, ਨਿੱਤ-ਵਰਤੋਂ ਦੇ ਬਰਤਨਾਂ, ਆਦਿ ਦੇ ਢੇਰ ਲੱਗ ਜਾਂਦੇ। ਦਿਨ ਵਿਚ ਦੋ ਵੇਲੇ ਡਾਕਟਰ ਚੱਕਰ ਮਾਰਦੇ ਤੇ ਦਵਾਈਆਂ ਦੇ ਭਰੇ ਹੋਏ ਡੱਬੇ ਨਾਲ ਲੈ ਕੇ ਆਉਂਦੇ।

ਅਨਗਿਣਤ ਪਰਿਵਾਰ ਅਜਿਹੇ ਵੀ ਸਨ, ਜਿਹੜੇ ਜਾਇਦਾਦਾਂ ਤਾਂ ਗੁਆ ਆਏ ਸਨ ਪਰ ਜਾਨਾਂ ਬਚਾ ਲਿਆਏ ਸਨ। ਉਨਹਾਂ ਦੀ ਹਾਲਤ ਵੱਖਰੀ ਸੀ। ਉਹ ਸਹਿਜੇ-ਸਹਿਜੇ ਸਾਧਾਰਨ ਜੀਵਨ ਵੱਲ ਪਰਤਣ ਦੀ ਕੋਸ਼ਿਸ਼ ਵਿਚ ਸਨ। ਚੰਦਰੇ ਅਤੀਤ ਨੂੰ ਕਿੰਨਾ ਕੁ ਚਿਰ ਰੋਇਆ ਜਾ ਸਕਦਾ ਸੀ? ਤੇ ਅਜਿਹੇ ਰੋਣ ਦਾ ਲਾਭ ਵੀ ਕੀ ਸੀ? ਜਾਨ ਬਚ ਗਈ, ਮਾਲ ਦਾ ਕੀ ਸੀ, ਵੱਧ ਪਸੀਨਾ ਵਹਾ ਕੇ ਸਹੀ, ਸਭ ਕੁਛ ਨਵੇਂ ਸਿਰਿਉਂ ਬਣਾਇਆ ਜਾ ਸਕਦਾ ਸੀ। ਨਵੀਂ ਦੁਨੀਆ ਬਿਗਾਨੀ ਹੀ ਸਹੀ, ਪਰ ਛੋਟੇ-ਵੱਡੇ ਮਕਾਨ ਦੀ ਸ਼ਕਲ ਵਿਚ, ਨਿੱਕੇ-ਮੋਟੇ ਰੁਜ਼ਗਾਰ ਦੀ ਸ਼ਕਲ ਵਿਚ ਜਿੰਨੀ ਕੁ ਉਂਗਲ ਉਹ ਫੜਾਉਂਦੀ ਸੀ, ਕਸ ਕੇ ਫੜ ਲੈਣੀ ਚਾਹੀਦੀ ਸੀ। ਬੇਸ਼ੁਮਾਰ ਲੋਕ ਕਿਨ੍ਹਾਂ-ਕਿਨ੍ਹਾਂ ਅਨਹੋਣੀਆਂ ਵਿਚੋਂ ਗੁਜ਼ਰੇ ਸਨ, ਪਰ ਫੇਰ ਵੀ ਜਿਉਣ ਦੀ ਕੋਸ਼ਿਸ਼ ਕਰ ਰਹੇ ਸਨ। ਆਪਣੇ ਨਾਲੋਂ ਵੱਧ ਦੁਖੀਆਂ ਦੇ ਦੁੱਖ ਸਾਹਮਣੇ ਆਪਣਾ ਦੁੱਖ ਉਨਹਾਂ ਨੂੰ ਸਹਿਣਜੋਗ ਲਗਦਾ। ਅਜਿਹੇ ਲੋਕਾਂ ਨੇ ਢੇਰੀ ਢਾਹੁਣ ਦੀ ਥਾਂ ਹਿੰਮਤ ਨਾਲ ਕਮਰਕਸਾ ਕੀਤਾ। ਆਪਣੇ ਰੱਜੇ-ਪੁੱਜੇ ਅਤੀਤ ਨੂੰ ਭੁੱਲ ਕੇ ਕਿਸੇ ਨੇ, ਹੋਰ ਨਹੀਂ ਤਾਂ, ਬੇਝਿਜਕ ਫ਼ਲ-ਸਬਜ਼ੀ ਦੀ ਰਿਹੜੀ ਲਾ ਲਈ ਤੇ ਕਿਸੇ ਨੇ ਕਿਸੇ ਦੀ ਦੁਕਾਨ ਦੀ ਨੌਕਰੀ ਕਰ ਲਈ।

ਦਰਵੇਸ਼ ਜੀ ਤੇ ਤੀਰਥ ਸਿੰਘ ਸ਼ਹਿਰ ਵਿਚ ਹੋਏ ਕਤਲਾਮ ਤੋਂ ਪਹਿਲਾਂ ਮਾੜੀਆਂ ਸੋਆਂ ਸੁਣ ਕੇ ਤੁਰ ਪਏ ਕਾਫ਼ਲੇ ਵਿਚ ਇਕੱਠੇ ਸ਼ਾਮਲ ਹੋ ਗਏ ਸਨ। ਬੱਸ, ਕਾਹਲੀ-ਕਾਹਲੀ ਚੁੱਕੀਆਂ ਜਾ ਸਕਣ ਵਾਲੀਆਂ ਚੀਜ਼ਾਂ ਹੀ ਉਨਹਾਂ ਸਭਨਾਂ ਦੇ ਪੱਲੇ ਰਹਿ ਗਈਆਂ ਸਨ। ਰਾਹ ਵਿਚ ਹੋਏ ਇਕ ਹਮਲੇ ਸਮੇਂ ਧਾੜਵੀ ਥੋੜ੍ਹੇ ਹੋਣ ਕਾਰਨ ਨੁਕਸਾਨ ਤਾਂ ਘੱਟ ਹੋਇਆ ਪਰ ਭਾਜੜ ਬਹੁਤੀ ਪਈ। ਉਸੇ ਭਾਜੜ ਵਿਚ ਉਨਹਾਂ ਦੇ ਰਾਹ ਵੱਖ-ਵੱਖ ਹੋ ਗਏ। ਕਿਸ ਦਾ ਕੌਣ ਮਾਰਿਆ ਗਿਆ ਜਾਂ ਜ਼ਖ਼ਮੀ ਹੋਇਆ ਜਾਂ ਵਿਛੜ ਗਿਆ, ਕਿਸੇ ਦੂਜੇ ਨੂੰ ਕੋਈ ਪਤਾ ਨਹੀਂ ਸੀ। ਪਹਿਲਿਆਂ ਵਿਚ ਹੋਣ ਦਾ ਇਹ ਫ਼ਾਇਦਾ ਜ਼ਰੂਰ ਹੋਇਆ ਕਿ ਨਾਲ ਲਿਆਂਦੇ ਕਾਗ਼ਜ਼-ਪੱਤਰ ਦੇ ਸਹਾਰੇ ਘਰ-ਟਿਕਾਣੇ ਉਨਹਾਂ ਨੂੰ ਮਗਰੋਂ ਆਉਣ ਵਾਲਿਆਂ ਨਾਲੋਂ ਸੌਖੇ ਅਲਾਟ ਹੋ ਗਏ।

ਤੀਰਥ ਸਿੰਘ ਦੇਸ-ਵੰਡ ਦੇ ਸਾਰੇ ਘੱਲੂਘਾਰੇ ਨੂੰ ਠਰ੍ਹੰਮੇ ਨਾਲ ਦੇਖਦਾ-ਵਿਚਾਰਦਾ। ਫ਼ਿਰਕੂ ਵਹਿਸ਼ੀਆਂ ਤੋਂ ਲੈ ਕੇ ਕਾਤਲ-ਲੁਟੇਰੇ ਤੱਕ ਮਨੁੱਖਾਂ ਤੋਂ ਖ਼ੂਨਖਾਰ ਜਾਨਵਰ ਬਣ ਗਏ ਸਨ। ਦੇਸ ਛੱਡਣ ਲਈ ਮਜਬੂਰ ਹੋਏ ਅੰਗਰੇਜ਼ਾਂ ਦੀ ਬਦਲੇਖੋਰ ਕੁਚਾਲ ਅਤੇ ਕੁਛ ਸਿਆਸੀ ਆਗੂਆਂ ਦੀ ਗੱਦੀ ਦੀ ਲਾਲਸਾ ਉਨਹਾਂ ਨੂੰ ਖ਼ੂਬ ਰਾਸ ਆਈ ਸੀ। ਉਧਰ ਵੀ ਤੇ ਏਧਰ ਵੀ ਇਸ ਖ਼ੂਨੀ ਕੋਹਲੂ ਵਿਚ ਪੀੜੇ ਗਏ ਸਨ ਤਾਂ ਬੇਦੋਸੇ ਆਮ ਲੋਕ। ਜਦੋਂ ਉਹ ਇਧਰਲੇ ਮੁਸਲਮਾਨਾਂ ਉੱਤੇ ਢਹੇ ਕਹਿਰ ਨੂੰ ਉਧਰ ਹਿੰਦੂਆਂ-ਸਿੱਖਾਂ ਨੂੰ ਸਹਿਣੇ ਪਏ ਜ਼ੁਲਮਾਂ ਨਾਲ ਤੋਲਦੇ, ਤੱਕੜੀ ਦਾ ਕੋਈ ਪੱਲੜਾ ਵੀ ਦੂਜੇ ਨਾਲੋਂ ਹੁਕਦਾ ਨਹੀਂ ਸੀ ਲਗਦਾ। ਇਧਰ ਤੇ ਉਧਰ ਵਹਿਸ਼ੀਪੁਣੇ ਦਾ ਹਿਸਾਬ ਨਾਲੋ-ਨਾਲ ਬਰਾਬਰ ਕਰ ਦਿੱਤਾ ਗਿਆ ਸੀ।

ਐਤਵਾਰ ਸਵੇਰੇ ਤੀਰਥ ਸਿੰਘ ਨੇ ਸਲਾਹ ਦੱਸੀ, 'ਸਤਿਨਾਮ ਕੌਰੇ, ਆਪਾਂ ਦਸ ਵਜੇ ਤੋਂ ਮਗਰੋਂ ਚੱਲੀਏ। ਨਾਸ਼ਤੇ ਤੋਂ ਪਿੱਛੋਂ। ਤੇ ਰੋਟੀ ਤੋਂ ਪਹਿਲਾਂ-ਪਹਿਲਾਂ ਪਰਤ ਆਵੀਏ। ਦਰਵੇਸ਼ ਜੀ ਨੂੰ ਕੋਈ ਖੇਚਲ ਦੇਣੀ ਠੀਕ ਨਹੀਂ।' ਸਤਿਨਾਮ ਕੌਰ ਤਾਂ ਆਪ ਇਹੋ ਗੱਲ ਆਖਣ ਵਾਲੀ ਸੀ।

ਉਨਹਾਂ ਨੂੰ ਤਿਆਰ ਹੁੰਦੇ ਦੇਖ ਗੁਰਮੁਖ ਬੋਲਿਆ, 'ਜੇ ਜਗਦੀਪ ਦੇ ਘਰ ਚੱਲੇ ਹੋ, ਮੈਂ ਵੀ ਚੱਲਾਂਗਾ।'

ਤੀਰਥ ਸਿੰਘ ਮੁਸਕਰਾਇਆ, 'ਨਹੀਂ ਪੁੱਤਰ, ਅਸੀਂ ਕਿਸੇ ਜਗਦੀਪ ਦੇ ਘਰ ਨਹੀਂ ਜਾ ਰਹੇ, ਅਸੀਂ ਤਾਂ ਆਪਣੇ ਦਰਵੇਸ਼ ਜੀ ਦੇ ਘਰ ਚੱਲੇ ਹਾਂ।' ਗੁਰਮੁਖ ਨੂੰ ਸ਼ਰਮਾਇਆ ਦੇਖ ਉਹ ਹੱਸ ਕੇ ਬੋਲੇ, 'ਐਤਵਾਰ ਏ, ਕੋਈ ਮਿਲਣ-ਗਿਲਣ ਵਾਲਾ ਆ ਜਾਂਦਾ ਏ। ਬੂਹਾ ਬੰਦ ਨਹੀਂ ਹੋਣਾ ਚਾਹੀਦਾ। ਤੂੰ ਘਰ ਰਹਿ, ਫੇਰ ਕਿਸੇ ਦਿਨ ਹੋ ਆਵੀਂ। ਅੱਜ ਅਸੀਂ ਹੋ ਆਵੀਏ। ਹੁਣ ਤਾਂ ਆਉਣ-ਜਾਣ ਬਣਿਆ ਹੀ ਰਹਿਸੀ।'

ਗਲੀ ਵਾਲੇ ਦਰਵਾਜ਼ੇ ਉੱਤੇ ਕੁੰਡੀ ਦੀ ਠੱਕ-ਠੱਕ ਹੋਈ। ਬੂਹਾ ਖੋਲ੍ਹਣ ਲਈ ਤੁਰਦਿਆਂ ਤੀਰਥ ਸਿੰਘ ਦੇ ਮੂੰਹੋਂ ਨਿੱਕਲਿਆ, 'ਵਾਹਿਗੁਰੂ ਭਲੀ ਕਰੇ, ਸਾਡੇ ਤੁਰਨ ਦੇ ਮੌਕੇ ਕੌਣ ਆਇਆ!'

ਸਤਿਨਾਮ ਕੌਰ ਨੇ ਅਰਦਾਸ ਕੀਤੀ, 'ਸੱਚੇ ਪਾਤਸ਼ਾਹ, ਜੋ ਵੀ ਹੋਵੇ, ਆਵੇ ਤੇ ਗੱਲ ਕਰ ਕੇ ਚਲਿਆ ਜਾਵੇ, ਸਾਡੇ ਜਾਣ ਵਿਚ ਵਿਘਨ ਨਾ ਬਣੇ!'

ਤੀਰਥ ਸਿੰਘ ਨੇ ਬੂਹਾ ਖੋਲ੍ਹਿਆ ਤਾਂ ਉਸ ਦੇ ਮੂੰਹੋਂ ਆਪ-ਮੁਹਾਰੇ ਹੀ ਉੱਚੀ ਆਵਾਜ਼ ਵਿਚ ਨਿੱਕਲ ਗਿਆ, 'ਸਤਿਨਾਮ ਕੌਰੇ, ਗੁਰਮੁਖ ਸਿੰਘਾ, ਦੇਖੋ ਕੌਣ ਆਇਆ ਏ! ਦਰਵੇਸ਼ ਜੀ ਆਏ ਨੇ, ਦਰਵੇਸ਼ ਜੀ, ਆਪਣੇ ਦਰਵੇਸ਼ ਜੀ!' ਤੇ ਫੇਰ ਦਰਵੇਸ਼ ਜੀ ਵੱਲ ਹੱਥ ਜੋੜੇ, 'ਅਸੀਂ ਬੱਸ ਤੁਹਾਡੇ ਵੱਲ ਹੀ ਚੱਲਣ ਵਾਲੇ ਸੀ। ਤੁਸੀਂ ਆਪ ਹੀ ਆਉਣ ਦੀ ਕਿਰਪਾ ਕਰ ਦਿੱਤੀ।'

ਖ਼ੈਰ-ਖ਼ੈਰੀਅਤ ਦੀ ਪੁੱਛ-ਦੱਸ ਮਗਰੋਂ ਸਤਿਨਾਮ ਕੌਰ ਜਲ-ਪਾਣ ਲਿਆਉਣ ਵਾਸਤੇ ਉੱਠਣ ਲੱਗੀ ਤਾਂ ਦਰਵੇਸ਼ ਜੀ ਨੇ ਵਰਜਿਆ, 'ਮੈਂ ਤੁਹਾਥੋਂ ਕੁਛ ਮੰਗਣ ਆਇਆ ਹਾਂ। ਤੁਸਾਂ ਦੇ ਘਰ ਦਾ ਪਾਣੀ ਵੀ ਤਦ ਹੀ ਪੀਵਾਂਗਾ ਜੇ ਮੇਰੀ ਫੈਲੀ ਹੋਈ ਝੋਲ਼ੀ ਦੀ ਲਾਜ ਰੱਖੋਗੇ।'

ਤੀਰਥ ਸਿੰਘ ਤੇ ਸਤਿਨਾਮ ਕੌਰ ਕੁਛ-ਕੁਛ ਸਮਝ ਤਾਂ ਗਏ। ਸ਼ਾਇਦ ਵਾਹਿਗੁਰੂ ਉਨਹਾਂ ਦੇ ਮਨ ਦੀ ਮੁਰਾਦ ਆਪ ਹੀ ਪੂਰੀ ਕਰਨ ਲੱਗਿਆ ਸੀ। ਤਾਂ ਵੀ ਹੱਥ ਜੋੜ ਕੇ ਬੋਲੇ, 'ਅਸਾਂ ਨਿਮਾਣਿਆਂ ਦੀ ਤਾਂ ਆਪਣੀ ਝੋਲ਼ੀ ਖਾਲੀ ਏ। ਇਸ ਅਵਸਥਾ ਵਿਚ ਭਲਾ ਤੁਹਾਡੀ ਝੋਲ਼ੀ ਵਿਚ ਪਾਉਣ ਜੋਗ ਸਾਡੇ ਕੋਲ ਕੀ ਏ, ਦਰਵੇਸ਼ ਜੀ!'

ਥੈਲੇ ਵਿਚ ਰੱਖਿਆ ਮਠਿਆਈ ਦਾ ਡੱਬਾ ਅੱਗੇ ਕਰਦਿਆਂ ਉਹ ਮੁਸਕਰਾਏ, 'ਜੋ ਘੜੇ ਜੇਡ ਮੋਤੀ ਸਾਂਭ ਰੱਖਿਆ ਸੁ, ਉਹ ਮੇਰੀ ਝੋਲ਼ੀ ਪਾ ਦਿਉ!'

ਤੀਰਥ ਸਿੰਘ ਨੇ ਹੱਥ ਜੋੜੇ, 'ਦਰਵੇਸ਼ ਜੀ, ਇਹ ਮੇਲ ਤਾਂ ਵਾਹਿਗੁਰੂ ਨੇ ਆਪ ਮਿਲਾਇਆ ਏ। ਉਸੇ ਨੇ ਬੰਗਲਾ ਸਾਹਿਬ ਦੇ ਪਵਿੱਤਰ ਸਥਾਨ ਵਿਚ ਸਾਡੀ ਮੁਲਾਕਾਤ ਕਰਵਾਈ। ਤੁਸੀਂ ਸਾਡਾ ਮੋਤੀ ਮੰਗਣ ਦੇ ਬਹਾਨੇ ਜੋ ਹੀਰਾ ਸਾਨੂੰ ਸੌਂਪਣ ਦਾ ਸ਼ੁਭ ਸੰਦੇਸ਼ ਲੈ ਕੇ ਆਏ ਹੋ, ਉਹ ਇਸ ਮੋਤੀ ਤੋਂ ਤਾਂ ਕੀ, ਕੋਹਿਨੂਰ ਤੋਂ ਵੀ ਕੀਮਤੀ ਏ।'

ਸਤਿਨਾਮ ਕੌਰ ਨੇ ਹੱਥ ਜੋੜੇ, 'ਧੰਨਭਾਗ ਸਾਡੇ, ਦਰਵੇਸ਼ ਜੀ, ਤੁਸਾਂ ਸਾਨੂੰ ਇਸ ਜੋਗ ਸਮਝਿਆ!'

ਗੁਰਮੁਖ ਉਸ ਸਮੇਂ ਵੱਲ ਪਰਤ ਗਿਆ ਜਦੋਂ ਉਹ ਤੇ ਜਗਦੀਪ ਛੋਟੇ-ਛੋਟੇ ਸਨ। ਉਹ ਜਗਦੀਪ ਨੂੰ ਦੀਪੀ ਆਖਦਾ ਤੇ ਦੀਪੀ ਉਹਨੂੰ, ਜੋ ਸਭ ਲਈ ਗੁਰਮੁਖ ਸੀ, ਗੁਰੀ ਆਖ ਕੇ ਬੁਲਾਉਂਦੀ। ਤੇ ਫੇਰ ਉਹ ਸਮਾਂ ਜਦੋਂ ਬਚਪਨ ਪਿੱਛੇ ਰਹਿਣ ਲੱਗਿਆ ਸੀ ਤੇ ਜਵਾਨੀ ਦਸਤਕ ਦੇਣ ਲੱਗੀ ਸੀ। ਕੁੜੀ ਤੇ ਮੁੰਡੇ ਦੇ ਫ਼ਰਕ ਦਾ ਅਹਿਸਾਸ ਹੋਣ ਲੱਗਿਆ ਸੀ। ਇਕ ਦੂਜੇ ਦੇ ਸਾਥ ਵਿਚੋਂ ਨਿੱਘ ਆਉਣ ਲੱਗਿਆ ਸੀ ਤੇ ਛੋਹ ਵਿਚੋਂ ਸੇਕ ਆਉਣ ਲੱਗਿਆ ਸੀ!

## ਦਿਲਜੋਤ ਆਤਮ-ਹੱਤਿਆ ਕੇਸ ਅਤੇ ਪੰਜਾਬ ਦੀਆਂ ਖੱਬੀਆਂ ਧਿਰਾਂ ਦੀ ਨਿਰਾਲੀ ਰਾਜਨੀਤੀ !

*(ਸਫਾ 15 ਦਾ ਬਾਕੀ)*

ਲਹਿਰ ਵਲੋਂ ਸੁਹਿਰਦ ਮਕਸਦ ਨਾਲ ਕੀਤੀ ਜਾਣ ਵਾਲ਼ੀ ਕਿਸੇ ਵੀ ਜਾਂਚ 'ਚ ਪੂਰਾ ਸਹਿਯੋਗ ਕਰਨ ਨੂੰ ਹਮੇਸ਼ਾ ਤਿਆਰ ਹਾਂ। ਮੈਂ ਤੇ ਹੋਰ ਸਾਥੀਆਂ ਨੇ, ਇਸ ਝਲਿਆਈ ਭੰਡੀ ਮੁਹਿੰਮ ਦਾ ਸਾਹਮਣਾ ਕੀਤਾ ਹੈ, ਇਸ ਲਈ ਸਗੋਂ ਅਸੀਂ ਚਾਹਾਂਗੇ ਕਿ ਇਸ ਸਾਰੇ ਮਾਮਲੇ 'ਚ ਸਾਡੇ ਪੱਖ ਨੂੰ ਇਮਾਨਦਾਰੀ ਨਾਲ ਸੁਣਿਆ ਜਾਵੇ।

ਇਨਕਲਾਬੀ ਜਨਤਕ ਜੀਵਨ ਵਿਚ ਵਿਚਰਦੇ ਹੋਏ ਮੇਰੀ ਅਤੇ ਹੋਰ ਨੌਜਵਾਨ ਕਾਰਕੁਨਾਂ ਦੀ ਆਪਣੀ ਆਜ਼ਾਦ ਸਿਆਸੀ ਹਸਤੀ ਹੈ। ਇਸ ਭੰਡੀ ਪ੍ਰਚਾਰ ਮੁਹਿੰਮ ਰਾਹੀਂ ਸਾਥੀ ਦਿਲਜੋਤ ਦੀ ਮੌਤ ਦੇ ਬਹਾਨੇ ਨਾਲ ਇਨਕਲਾਬੀ ਜਮਹੂਰੀ ਲਹਿਰ ਦੀਆਂ ਕੁੱਝ ਖਾਸ ਜਥੇਬੰਦੀਆਂ ਵਿਚ ਸਰਗਰਮ ਸਾਰੇ ਨੌਜਵਾਨ ਸਾਥੀਆਂ ਦੀ ਅਜ਼ਾਦਾਨਾ ਸਿਆਸੀ ਹਸਤੀ ਨੂੰ ਰੱਦ ਕੀਤਾ ਗਿਆ ਹੈ। ਸਮਾਜ ਨੂੰ ਬਦਲਣ ਦੇ ਰਸਤੇ ਅਤੇ ਤਰੀਕਾਕਾਰ ਬਾਰੇ ਸਾਡੇ ਆਪਣੇ ਆਜ਼ਾਦ ਵਿਚਾਰ ਹਨ ਅਤੇ ਜਥੇਬੰਦਕ ਤਰੀਕਾਕਾਰ ਸਬੰਧੀ ਸਾਡੀ ਆਪਣੀ ਚੋਣ ਹੈ। ਇਨਕਲਾਬੀ ਨੌਜਵਾਨਾਂ ਦੇ ਫਿਕਰ ਦੇ ਬਹਾਨੇ ਇਨ੍ਹਾਂ ਹੀ ਨੌਜਵਾਨਾਂ ਨੂੰ ਭੰਡੀ ਮੁਹਿੰਮ ਦਾ ਨਿਸ਼ਾਨਾ ਬਣਾ ਕੇ ਸ਼ਹਿਰਾਂ, ਪਿੰਡਾਂ, ਯੂਨੀਵਰਸਿਟੀਆਂ, ਕਾਲਜਾਂ ਅੰਦਰ ਅਸੁਰੱਖਿਅਤ ਹਾਲਤ 'ਚ ਸੁਟਿਆ ਗਿਆ ਹੈ। ਆਪਣੇ ਸਿਆਸੀ ਵਿਚਾਰਾਂ 'ਤੇ ਸਾਡੇ ਇਰਾਦੇ ਦ੍ਰਿੜ ਹਨ। ਜਥੇਬੰਦਕ ਅਤੇ ਸਿਆਸੀ ਸੰਕਟ ਹੋਣ ਵੀ ਤਾਂ ਵੀ, ਤਬਦੀਲੀ ਦੀ ਜਦੋ-ਜਹਿਦ ਦਾ ਹਿੱਸਾ ਹਨ, ਜਿਨ੍ਹਾਂ ਨੂੰ ਨਜਿੱਠਣ ਦਾ ਕਾਰਜ ਖੇਤਰ ਸਿਆਸੀ ਅਤੇ ਭਰਾਤਰੀ ਹੈ। ਸਾਡੇ ਖ਼ਿਲਾਫ ਨਿੰਤਰੀਆਂ ਗੰਭੀਰ ਕੁਰਾਹੇ ਦਾ ਸ਼ਿਕਾਰ ਜਥੇਬੰਦੀਆਂ ਨੇ ਸਾਡੇ ਨਾਲ਼ ਅਪਰਾਧੀਆਂ ਦੀ ਤਰ੍ਹਾਂ ਨਿਹੱਕਾ ਵਿਹਾਰ ਕੀਤਾ ਹੈ। ਅਪਾਰਦਰਸ਼ੀ ਅਤੇ ਪੱਖਪਾਤੀ ਤਰੀਕਾਕਾਰ ਅਪਣਾ ਕੇ ਤੁਹਾਡੀ ਜਥੇਬੰਦੀ ਵੀ ਪੜਤਾਲ ਦੇ ਬਹਾਨੇ ਅਜਿਹਾ ਹੀ ਵਿਹਾਰ ਕਰ ਰਹੀ ਹੈ। ਪੁਲਿਸ ਦੀ ਪੜਤਾਲ ਦਾ ਸਾਹਮਣਾ ਕਰਦਿਆਂ, ਸਮੁੱਚੇ ਤੌਰ 'ਤੇ ਕਸਵੀਂ ਹਾਲਤ ਦੇ ਬਾਵਜੂਦ ਮੈਂ ਆਪਣਾ ਭਰਾਤਰੀ ਫਰਜ਼ ਨਿਭਾਉਂਦਿਆਂ ਤੁਹਾਨੂੰ ਸੁਚਾਰੂ ਹੁੰਗਾਰਾ ਦਿੱਤਾ ਹੈ ਪਰ ਤੁਹਾਡੇ ਅਸੰਵੇਦਨਸ਼ੀਲ ਪ੍ਰਤੀਕਰਮ ਨੇ ਜਨਤਕ ਸੰਵਾਦ ਲਈ ਮਜਬੂਰ ਕੀਤਾ ਹੈ। ਮੈਂ ਫਿਰ ਦੁਹਰਾਉਂਦੀ ਹਾਂ ਕਿ ਮੈਨੂੰ ਲਗਦਾ ਹੈ ਕਿ ਤੁਹਾਡਾ ਸਾਨੂੰ ਨਿਰਪੱਖ ਜਾਂਚ 'ਚ ਸ਼ਾਮਲ ਕਰਨ ਦਾ ਕੋਈ ਗੰਭੀਰ ਇਰਾਦਾ ਨਹੀਂ। ਤੁਸੀਂ ਸੋਸ਼ਲ ਮੀਡੀਆ 'ਤੇ ਚੱਲ ਰਹੇ ਭੰਡੀ ਪ੍ਰਚਾਰ ਨੂੰ ਹੀ ਆਪਣੀ ਪੜਤਾਲ 'ਚ ਸਮੇਟ ਲੈਣ ਦੇ ਮਕਸਦ ਨਾਲ ਮੇਰੇ ਨਾਲ਼ ਸੰਪਰਕ ਦੀ ਖਾਨਾਪੂਰਤੀ ਕਰ ਰਹੇ ਹੋ!

ਮੈਂ ਫਿਰ ਤੋਂ ਤੁਹਾਨੂੰ ਪਾਰਦਰਸ਼ੀ ਅਤੇ ਨਿਰਪੱਖ ਅਮਲ ਯਕੀਨੀ ਬਣਾਉਣ ਦੇ ਸਾਡੇ ਸਰੋਕਾਰਾਂ ਨੂੰ ਹਕੀਕੀ ਤੌਰ 'ਤੇ ਸੰਬੋਧਿਤ ਕਰਨ ਦੀ ਅਪੀਲ ਕਰਦੀ ਹਾਂ।

ਹੁੰਗਾਰੇ ਦੀ ਆਸ ਨਾਲ,
ਤੁਹਾਡੀ ਸ਼ੁਭਚਿੰਤਕ,
ਰ. ਕੌਰ, 26 ਮਾਰਚ 2026

# ਕਮਾਲ ਦੀ ਸੁਰੀਲੀ ਗਾਇਕਾ ਸਾਧਨਾ ਸਰਗਮ





ਇਕ ਅਜਿਹੀ ਮਿੱਠੀ ਆਵਾਜ਼, ਜਿਸ ਨੇ ਬਾਲੀਵੁੱਡ ਤੋਂ ਲੈ ਕੇ ਦੱਖਣੀ ਸਿਨੇਮਾ ਤੱਕ ਦਿਲਾਂ ਨੂੰ ਟੁੰਬ ਲਿਆ ਏ। ਇਸ ਆਵਾਜ਼ ਵਿੱਚ ਕਮਾਲ ਦਾ ਸੁਰੀਲਾਪਨ ਏ ਤੇ ਗ਼ਜ਼ਬ ਦਾ ਠਹਿਰਾਓ ਏ। ਇਸ ਗਾਇਕਾ ਦੀ ਆਵਾਜ਼ ਸਮਾਂ ਬੰਨ੍ਹ ਦਿੰਦੀ ਏ ਤੇ ਜਿਸ ਗੀਤ ਨੂੰ ਉਹ ਆਪਣੇ ਸੁਰ ਦੇ ਦਿੰਦੀ ਏ ਉਸ ਗੀਤ ਦੇ ਬੋਲ ਜੀਵੰਤ ਹੋ ਉੱਠਦੇ ਨੇ।

ਸਾਡੀ ਅੱਜ ਦੀ ਇਹ ਗਾਇਕਾ ਏ ਸਾਧਨਾ ਸਰਗਮ । ਸਾਧਨਾ ਇਕ ਅਜਿਹੀ ਪਿੱਠਵਰਤੀ ਗਾਇਕਾ ਏ ਜਿਸ ਨੇ ਹਜ਼ਾਰਾਂ ਗੀਤ ਗਾਏ ਨੇ ਤੇ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾਇਆ ਏ। ਸਾਧਨਾ ਨੇ ਸੰਗੀਤ ਦੀ ਮੁਢਲੀ ਸਿੱਖਿਆ ਆਪਣੀ ਮਾਂ ਨੀਲਾ ਘਾਣੇਕਰ ਤੋਂ ਲਈ। ਹੋਇਆ ਇੰਝ ਕਿ ਸਾਧਨਾ ਦੇ ਮਾਤਾ ਜੀ ਸ਼ਾਸਤਰੀ ਸੰਗੀਤ 'ਚ ਪ੍ਰਵੀਨ ਸਨ। ਉਨ੍ਹਾਂ ਦੀ ਮਾਂ ਕੋਲ ਬਹੁਤ ਸਾਰੇ ਵਿਦਿਆਰਥੀ ਸਿੱਖਣ ਆ ਰਹੇ ਸਨ। ਉਸ ਸਮੇਂ ਸਾਧਨਾ ਬਹੁਤ ਛੋਟੀ ਸੀ ਪਰ ਉਹ ਆਪਣੇ ਮਾਤਾ ਜੀ ਨੂੰ ਸੰਗੀਤ ਸਿਖਾਉਂਦੇ ਹੋਏ ਦੇਖਦੀ ਸੀ। ਇਸ ਦੌਰਾਨ ਉਸ ਦਾ ਦਿਲ ਵੀ ਕਰਦਾ ਕਿ ਉਹ ਵੀ ਸੰਗੀਤ ਸਿੱਖੇ। ਉਸ ਨੇ ਆਪਣੀ ਮਾਂ ਨੂੰ ਆਪਣੇ ਦਿਲ ਦੀ ਗੱਲ ਦੱਸੀ । ਮਾਂ ਇਹ ਸੁਣ ਕੇ ਬਹੁਤ ਖ਼ੁਸ਼ ਹੋਈ ਤੇ ਉਸ ਨੇ ਨੰਨ੍ਹੀ ਸਾਧਨਾ ਨੂੰ ਸ਼ਾਸਤਰੀ ਸੰਗੀਤ ਸਿਖਾਉਣਾ ਸ਼ੁਰੂ ਕਰ ਦਿੱਤਾ।

ਸਾਧਨਾ ਥੋੜ੍ਹੀ ਵੱਡੀ ਹੋਈ ਤਾਂ ਉਸ ਨੇ ਸੰਗੀਤ ਨੂੰ ਗੰਭੀਰਤਾ ਨਾਲ ਲਿਆ ਤੇ ਸਾਧਨਾ ਦੀ ਮਾਂ ਨੇ ਸੰਗੀਤ ਦੀ ਅਗਲੇਰੀ ਸਿੱਖਿਆ ਲਈ ਪ੍ਰਸਿੱਧ ਸ਼ਾਸਤਰੀ ਗਾਇਕ ਪੰਡਤ ਜਸਰਾਜ ਜੀ ਕੋਲ ਉਸ ਨੂੰ ਭੇਜ ਦਿੱਤਾ। ਇਸ ਤੋਂ ਬਾਅਦ ਸਾਧਨਾ ਨੇ ਪ੍ਰਸਿੱਧ ਸੰਗੀਤਕਾਰ ਕਲਿਆਣਜੀ-ਆਨੰਦਜੀ ਦਾ ਗਰੁੱਪ ਜੁਆਇਨ ਕਰ ਲਿਆ। ਕਲਿਆਣਜੀ-ਆਨੰਦਜੀ ਨੇ ਉਸ ਨੂੰ ਸੰਗੀਤ ਦੀਆਂ ਬਾਰੀਕੀਆਂ ਤੋਂ ਜਾਣੂੰ ਕਰਵਾਇਆ। ਸਾਧਨਾ ਰੋਜ਼ਾਨਾ ਕਲਿਆਣਜੀ-ਆਨੰਦਜੀ ਦੇ ਰਿਕਾਰਡਿੰਗ ਸਟੂਡੀਓ ਜਾਂਦੀ ਤੇ ਦੇਖਦੀ ਕਿ ਪ੍ਰਸਿੱਧ ਗਾਇਕ ਲਤਾ ਮੰਗੇਸ਼ਕਰ, ਆਸ਼ਾ ਭੌਂਸਲੇ, ਕਿਸ਼ੋਰ ਦਾ ਤੇ ਹੋਰ ਕਈ ਗਾਇਕ ਰੋਜ਼ਾਨਾ ਕਲਿਆਣਜੀ-ਆਨੰਦਜੀ ਦਾ ਕੋਈ ਨਾ ਕੋਈ ਗੀਤ ਰਿਕਾਰਡ ਕਰਦੇ ਹਨ। ਸਾਰੇ ਹੀ ਗਾਇਕ ਆਪਣੇ ਆਪਣੇ ਸਟਾਈਲ 'ਚ ਗਾਉਂਦੇ ਸਨ । ਸਾਧਨਾ ਉਨ੍ਹਾਂ ਗਾਇਕਾਂ ਨੂੰ ਸੁਣਦੀ ਤੇ ਸੁਪਨੇ ਲੈਂਦੀ ਕਿ ਉਹ ਵੀ ਇਕ ਦਿਨ ਇਨ੍ਹਾਂ ਗਾਇਕਾਂ ਦੀ ਤਰ੍ਹਾਂ ਪ੍ਰਸਿੱਧ ਹੋਵੇ ਤੇ ਫ਼ਿਲਮੀ ਗੀਤ ਰਿਕਾਰਡ ਕਰੇ ਪਰ ਦੱਲੀ ਅਜੇ ਦੂਰ ਸੀ । ਪਰ ਹਾਂ, ਕਲਿਆਣਜੀ-ਆਨੰਦਜੀ ਨੇ ਸਾਧਨਾ ਤੋਂ ਕੋਰਸ ਦੇ ਰੂਪ ਚ ਗੀਤ ਗਵਾਉਣੇ ਸ਼ੁਰੂ ਕਰ ਦਿੱਤੇ ਯਾਨੀ ਕਿ ਸਾਧਨਾ ਮੁੱਖ ਗਾਇਕਾਂ ਦੇ ਪਿੱਛੇ ਕੋਰਸ ਦੇ ਰੂਪ 'ਚ ਗਾਉਂਦੀ। ਇਕ ਦਿਨ ਪ੍ਰਸਿੱਧ ਗਾਇਕ ਕਿਸ਼ੋਰ ਕੁਮਾਰ, ਕਲਿਆਣਜੀ ਆਨੰਦਜੀ ਦਾ ਇਕ ਗੀਤ ਰਿਕਾਰਡ ਕਰਨ ਲਈ ਆਏ ਤਾਂ ਸਾਧਨਾ ਵੀ ਕੋਰਸ 'ਚ ਉਨ੍ਹਾਂ ਦੇ ਪਿੱਛੇ-ਪਿੱਛੇ ਗਾਉਣ ਲੱਗੀ। ਇਸ ਦੌਰਾਨ ਸਾਧਨਾ ਦੀ ਪ੍ਰਤਿਭਾ ਨੂੰ ਕਿਸ਼ੋਰ ਕੁਮਾਰ ਨੇ ਪਛਾਣ ਲਿਆ ਤੇ ਸਾਧਨਾ ਨੂੰ ਕਿਹਾ ਕਿ ਤੇਰੀ ਆਵਾਜ਼ 'ਚ ਜਾਦੂ ਏ ਤੇ ਇਕ ਦਿਨ ਤੂੰ ਪ੍ਰਸਿੱਧ ਪਿੱਠਵਰਤੀ ਗਾਇਕਾ ਬਣੇਂਗੀ।

ਕਿਸ਼ੋਰ ਦਾ ਕਹਿਣਾ ਸੱਚ ਹੋਇਆ ਤੇ ਇਕ ਦਿਨ ਉਹ ਵੀ ਆਇਆ ਜਦ ਕਿਸ਼ੋਰ ਕੁਮਾਰ ਨੇ ਇਕ ਸੋਲੋ ਗੀਤ ਗਾਇਆ ਤੇ ਇਸੇ ਗੀਤ ਦਾ ਮਹਿਲਾ ਆਵਾਜ਼ ਵਾਲਾ ਗੀਤ ਦਾ ਹਿੱਸਾ ਗਾਇਆ ਸਾਧਨਾ ਸਰਗਮ ਨੇ। 80 ਦੇ ਦਹਾਕੇ 'ਚ ਇਕ ਫ਼ਿਲਮ ਆਈ ਸੀ 'ਕਲਾਕਾਰ', ਇਸ ਫ਼ਿਲਮ ਦੇ ਨਾਇਕ ਸਨ ਪ੍ਰਸਿੱਧ ਨਾਇਕ, ਨਿਰਮਾਤਾ ਤੇ ਨਿਰਦੇਸ਼ਕ ਮਨੋਜ ਕੁਮਾਰ ਦੇ ਪੁੱਤਰ ਕੁਨਾਲ ਗੋਸਵਾਮੀ ਤੇ ਨਾਇਕਾ ਸ੍ਰੀ ਦੇਵੀ। ਇਸ ਫ਼ਿਲਮ ਦਾ ਇਕ ਗੀਤ ਜੋ ਅੱਜ ਵੀ ਸਰੋਤਿਆਂ ਨੂੰ ਝੂਮਣ ਲਾ ਦਿੰਦਾ ਏ..ਗੀਤ ਦੇ ਬੋਲ ਨੇ 'ਨੀਲੇ ਨੀਲੇ ਅੰਬਰ ਪਰ ਚਾਂਦ ਜਬ ਆਏ...' ਇਸ ਗੀਤ ਦੇ ਸੰਗੀਤਕਾਰ ਸਨ ਕਲਿਆਣਜੀ- ਆਨੰਦਜੀ'।

ਲੇਕਿਨ ਇਹ ਸਾਧਨਾ ਦਾ ਪਹਿਲਾ ਗੀਤ ਨਹੀਂ ਸੀ । ਸਾਧਨਾ ਨੂੰ ਸਭ ਤੋਂ ਪਹਿਲਾ ਮੌਕਾ ਕਲਿਆਣਜੀ- ਆਨੰਦਜੀ ਨੇ ਹੀ ਦਿੱਤਾ ਸੀ ਫ਼ਿਲਮ 'ਕਾਤਿਲੋਂ ਕੇ ਕਾਤਿਲ' 'ਚ ਪਰ ਇਸ ਇਸ ਫ਼ਿਲਮ 'ਚ ਉਸ ਦੀਆਂ ਗਾਈਆਂ ਕੁੱਝ ਸਤਰਾਂ ਹੀ ਸਨ।

ਕਲਾ ਪਰਿਕਰਮਾ

# ਪੰਜਾਬ ਦਾ ਸੁਰੀਲਾ ਫ਼ਨਕਾਰ ਗੁਰਬਖਸ਼ ਸ਼ੌਂਕੀ

ਸਰੂਪ ਸਿੰਘ
99886-27880



ਆਏ ਦਿਨ ਪੰਜਾਬੀ ਸੰਗੀਤ ਵਿਚ ਕੋਈ ਨਾ ਕੋਈ ਸ਼ਬਦ ਅਤੇ ਆਵਾਜ਼ ਸਾਨੂੰ ਸੁਣਨ/ਦੇਖਣ ਨੂੰ ਮਿਲਦੀ ਹੈ। ਜੇ ਕਹਿ ਲਈਏ ਕਿ ਪੰਜਾਬੀ ਸੰਗੀਤ ਨਿੱਤ ਵੱਧਦਾ ਫੁੱਲਦਾ ਜਾ ਰਿਹਾ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਸੰਗੀਤ ਰੂਹ ਦੀ ਖ਼ੁਰਾਕ ਦੇ ਨਾਲ-ਨਾਲ ਮਾਨਸਿਕ ਥਕਾਵਟ ਨੂੰ ਦੂਰ ਕਰਨ ਦਾ ਇਕ ਜ਼ਰੀਆ ਵੀ ਹੈ . ਪਰ ਪਿਛਲੇ ਕੁਝ ਸਮੇਂ ਤੋਂ ਇਸ ਵਿਚ ਮਾਰਧਾੜ ਨਾਲ ਭਰਪੂਰ ਹਥਿਆਰਬੰਦ ਅਸ਼ਲੀਲਤਾ ਦ ਅਜਿਹਾ ਜ਼ਲਜਲਾ ਆਇਆ ਕਿ ਸਾਡੇ ਵਿਰਸੇ ਤੇ ਸੱਭਿਆਚਾਰ ਨੂੰ ਕੋਹਾਂ ਦੂਰ ਰੋੜ੍ਹ ਕੇ ਲੈ ਗਿਆ। ਇਸ ਨਾਲ ਸਾਡੀ ਨਵੀਂ ਪੀੜ੍ਹੀ ਤਾਂ ਕਿ ਵਿਰਸੇ ਨਾਲ ਜੁੜੇ ਲੋਕ ਵੀ ਗੁਮਰਾਹ ਹੋ ਰਹੇ ਹਨ ਪਰ ਜਿਵੇਂ ਕਿਹਾ ਜਾਂਦਾ ਹੈ ਕਿ ਸੂਰਜ ਨੂੰ ਕੌਣ ਡੱਕ ਸਕਦਾ ਹੈ। ਭਾਵ ਕਿ ਜਿਵੇਂ ਬੱਦਲਾਂ ਦੀ ਹਿੱਕ 'ਚੋਂ ਸੂਰਜ ਆਪਣੇ ਪ੍ਰਕਾਸ਼ ਦੇ ਨਾਲ ਪੂਰੀ ਕਾਇਨਾਤ ਨੂੰ ਰੁਸ਼ਨਾਉਂਦਾ ਹੈ, ਠੀਕ ਉਸੇ ਤਰ੍ਹਾਂ ਪੰਜਾਬੀਅਤ ਦੇ ਪਹਿਰੇਦਾਰ ਵੀ ਆਪਣੇ ਸ਼ਬਦਾਂ ਤੇ ਆਵਾਜ਼ ਦੇ ਨਾਲ ਅਸ਼ਲੀਲਤਾ ਦੇ ਦੌਰ ਵਿਚ ਵੀ ਆਪਣੇ ਨਾਂ ਦੀ ਵੱਖਰੀ ਛਾਪ ਛੱਡ ਚਰਚਾ ਦਾ ਵਿਸ਼ਾ ਛੇੜਦੇ ਹਨ। ਇਕ ਅਜਿਹਾ ਹੀ ਨਾਮ ਪੰਜਾਬੀ ਸੰਗੀਤ ਵਿਚ ਲੰਮੇ ਅਰਸੇ ਤੋਂ ਆਪਣੇ ਸੁਰੀਲੇ ਸੁਰਾਂ ਦੀ ਧਾਂਕ ਜਮਾਈ ਬੈਠਾ ਹੈ। ਵੈਸੇ ਤਾਂ ਉਸ ਦਾ ਹਰ ਇਕ ਗੀਤ ਕਾਬਿਲ-ਏ-ਤਾਰੀਫ਼ ਹੁੰਦਾ ਹੈ ਪਰ ਉਸ ਦਾ ਇਕੋ ਹੀ ਗੀਤ ਉਸ ਦੀ ਪਛਾਣ ਕਰਵਾ ਦਿੰਦਾ ਹੈ ਉਹ ਪ੍ਰਸਿੱਧ ਗੀਤ ਹੈ। 'ਸਾਨੂੰ ਕਿੰਨਾ ਤੂੰ ਪਿਆਰਾ ਸਾਡਾ ਰੱਬ ਜਾਣਦਾ'। ਇਸ ਗੀਤ ਨੂੰ ਲਿਖਿਆ ਹੈ ਗੀਤਕਾਰ ਰੰਮੀ ਪੁਰਖਾਲੀ ਵਾਲੇ ਨੇ ਅਤੇ ਇਸ ਨੂੰ ਆਵਾਜ਼ ਦਿੱਤੀ ਹੈ ਪੰਜਾਬੀ ਗਾਇਕੀ ਦੇ ਬਹੁਤ ਹੀ ਸੁਰੀਲੇ ਫ਼ਨਕਾਰ ਗੁਰਬਖਸ਼ ਸ਼ੌਂਕੀ ਨੇ।ਗੁਰਬਖਸ਼ ਸ਼ੌਂਕੀ ਪੰਜਾਬੀ ਗਾਇਕੀ ਦਾ ਉਹ ਕਲਾਕਾਰ ਹੈ, ਜੋ ਨਾਭਾ ਤਹਿਸੀਲ ਦੇ ਪਿੰਡ ਰੋਹਟੀ ਮੌੜਾ ਵਿਚ ਪੈਦਾ ਹੋਇਆ ਅਤੇ ਆਪਣੇ ਜੀਵਨ ਦਾ ਨਿਰਭਉ- ਪੰਜਾਬ ਦੇ ਉਸ ਸਥਾਨ 'ਤੇ ਕਰ ਰਿਹਾ ਹੈ ਜੋ ਸਿੱਖ ਇਤਿਹਾਸ ਵਿਚ ਇਕ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਰੋਪੜ ਜ਼ਿਲ੍ਹੇ 'ਚ ਪੈਂਦੀ ਵੀਰਤਾ ਤੇ ਦਲੇਰੀ ਦੀ ਪ੍ਰਤੀਕ ਇਸ ਪਾਕ-ਪਵਿੱਤਰ ਧਰਤੀ ਨੂੰ ਸ੍ਰੀ ਚਮਕੌਰ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ।ਗੁਰਬਖਸ਼ ਸ਼ੌਂਕੀ ਨੇ 1990-91 ਦੇ ਦਹਾਕੇ ਵਿਚ ਆਪਣੀ ਪਹਿਲੀ ਐਲਬਮ 'ਸ਼ਾਜਿਸ਼ ਵਰਗਾ ਪਿਆਰ' ਦੇ ਨਾਲ ਆਪਣੀ ਗਾਇਕੀ ਦੀ ਸ਼ੁਰੂਆਤ ਕੀਤੀ। ਅੱਜ ਸਾਲ 2026 ਵਿਚ ਵੀ ਦੀਪ ਬਨੇਰਾ ਕੈਨੇਡਾ ਦੇ ਲਿਖੇ ਗੀਤ 'ਸੁਖ ਸਾਂਦ' ਦੇ ਨਾਲ ਉਸ ਨੇ ਆਪਣੀ ਗਾਇਕੀ ਦੀ ਧਾਂਕ ਬਰਕਰਾਰ ਰੱਖੀ ਹੋਈ ਹੈ। ਸ਼ੌਂਕੀ ਇਕ ਤੋਂ ਇਕ ਹਿੱਟ ਗੀਤ ਜਿਵੇਂ ਕਿ 'ਸਾਜ਼ਿਸ਼ ਵਰਗਾ ਪਿਆਰ', 'ਨਜ਼ਰਾਂ ਚੁਰਾ ਕੇ ਕੋਲੋਂ ਜਾਂਦਾ ਲੰਘ ਵੇ', 'ਮਹਿੰਦੀ ਵਾਂਗੂ ਹਰ ਇਕ ਦੇ,''ਇਕੋ ਤੇਰਾ ਲੱਖ ਵਰਗਾ', 'ਆਲ੍ਹਣਾ ਗ਼ਰੀਬ ਦਾ', 'ਰੱਬ ਜਾਣਦਾ', 'ਗੱਲ ਤੇਰੀ ਮੇਰੀ', 'ਜਾਣ ਵਾਲਿਆ ਵੇ', 'ਕਿਨਾਰੇ', 'ਯਾਰ ਪਛਾਣੇ ਗਏ', 'ਨਾ ਮਾਰ ਸੋਹਣਿਆਂ ਵੇ', 'ਕਿਸਾਨੀ', 'ਅਹਿਸਾਸ' ਤੇ ਕਰਨੈਲ ਸਿਵੀਆ ਦੇ ਲਿਖੇ ਗੀਤ 'ਮਿਰਜ਼ਾ ਸਾਹਿਬਾਂ' ਵਰਗੇ ਅਨੇਕ ਹੋਰ ਗੀਤਾਂ ਤੋਂ ਇਲਾਵਾ ਕੁਝ ਧਾਰਮਿਕ ਤੇ ਭੇਟਾਂ ਦੀਆਂ ਕੈਸਟਾਂ ਵੀ ਸਰੋਤਿਆਂ ਦੀ ਝੋਲੀ ਪਾ ਚੁੱਕਾ ਹੈ। ਗੁਰਬਖਸ਼ ਵਰਗੇ ਵਿਰਲੇ ਫ਼ਨਕਾਰ ਸੰਗੀਤ ਇੰਡਸਟਰੀ ਨੂੰ ਸਦੀਆਂ ਬਾਅਦ ਮਿਲਦੇ ਹਨ, ਜੋ ਵਕਤ ਦੇ ਨਾਲ ਸਮਝੌਤਾ ਨਹੀਂ ਬਲਕਿ ਆਪਣੀ ਮਰਜ਼ੀ ਦੇ ਨਾਲ ਰੂਹ ਨੂੰ ਸਕੂਨ ਦੇਣ ਵਾਲੇ ਸੱਭਿਆਚਾਰਕ ਗੀਤਾਂ ਦੀ ਚੋਣ ਕਰ ਕੇ ਆਪਣੀ ਗਾਇਕੀ ਦਾ ਲੋਹਾ 'ਮਨਵਾਉਂਦੇ ਹੋਏ ਪੰਜਾਬੀਅਤ ਦਾ ਮਾਣ ਪ੍ਰਾਪਤ ਕਰਦੇ ਹਨ।

ਜਦੋਂ ਉਹ ਉਦਾਸ ਨਗ਼ਮਿਆ 'ਚ ਆਪਣੀਆਂ ਸੁਰੀਲੀਆਂ ਸੁਰਾਂ ਛੇੜਦਾ ਹੈ ਤਾਂ ਸੱਭਿਆਚਾਰ ਦੀਆਂ ਫਿਜ਼ਾਵਾਂ ਮਹਿਕਣ ਲੱਗ ਪੈਂਦੀਆਂ ਹਨ। ਸ਼ੌਂਕੀ ਨੇ ਭਾਵੇਂ ਸਮੇਂ ਦੇ ਠਹਿਰਾਓ ਦੇ ਨਾਲ ਬਹੁਤ ਥੋੜਾ ਸਰੋਤਿਆਂ ਦੀ ਝੋਲੀ ਪਾਇਆ ਹੈ ਪਰ ਜੋ ਵੀ ਪਾਇਆ ਹੈ ਬਾਕਮਾਲ ਤੇ ਨਿਵੇਕਲਾ ਪਾਇਆ ਹੈ। ਉਹ ਤਿੰਨ ਦਹਾਕਿਆਂ ਤੋਂ ਪੰਜਾਬੀ ਗਾਇਕੀ ਦਾ ਮਾਣ ਬਣਿਆ ਹੋਇਆ ਹੈ। ਸੁਰਾਂ ਦਾ ਇਹ ਸੌਦਾਗਰ ਪੰਜਾਬੀ ਗਾਇਕੀ ਦੇ ਨਾਲ-ਨਾਲ ਆਪਣੀਆਂ ਪਰਿਵਾਰਕ ਜਿੰਮੇਵਾਰੀਆਂ ਨੂੰ ਨਿਭਾਉਂਦਾ ਹੋਇਆ ਬਿਹਤਰ ਜ਼ਿੰਦਗੀ ਜੀਅ ਰਿਹਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਅਪਰੈਲ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-736



*ਅੱਜ ਸਾਡੇ ਵੀਰੇ ਦਾ ਵਿਆਹ, ਬਈ ਸਾਨੂੰ ਗੋਡੇ ਗੋਡੇ ਚਾਅ,*
*ਸਜੇ ਬੈਂਡ ਵਾਜਿਆਂ ਦੇ ਨਾ.ਲ, ਪਾਈਏ ਨੱਚ ਨੱਚ ਕੇ ਧਮਾਲ।*
*ਘੋੜੀ ਸ਼ਗਨਾਂ ਦੀ 'ਤੇ ਚੜ੍ਹਾ ਕੇ, ਨਾ.ਲੇ ਬੋਲੀ ਉੱਤੇ ਬੋਲੀ ਪਾ ਕੇ,*
*ਲਿਆਈਏ ਭਾਬੀ ਵਿਆਹ ਕੇ,ਆਪਾਂ ਰੀਝਾਂ ਸੱਧਰਾਂ ਦੇ ਨਾ.ਲ।*

## ਕੈਪਸ਼ਨ ਮੁਕਾਬਲਾ-734



ਮਰਜਾਣਾ! ਓ ਤੂੰ ਚੁੱਲ੍ਹੇ ਜਾਣਾ!
ਮੈਂ ਕਹਿ ਬਹੁ ਮੁੜ ਪਛਤਾਈ।
ਬੋਲ ਅਜੇ ਮੂੰਹ ਵਿੱਚ ਸੀ ਮੇਰੇ,
ਪਰ ਤੂੰ ਰਤਾ ਦੇਰ ਨਾ ਲਾਈ।
ਜਾ ਖਲੋਇਆ ਤੂੰ ਚੁੱਲ੍ਹੇ ਉੱਤੇ,
ਹਾਏ! ਮਰਜਾਂ' ਮੈਂ ਤੇਰੇ ਥਾਈਂ।
ਨਹੀਓਂ ਪੁੱਤਾ ਇੱਲਤੀ ਮੇਰੇ,
ਕੋਈ ਗਿਲਾ ਮੇਰੇ ਦਿਲ ਰਾਈ।
ਮਾਂ ਦੀਆਂ ਗਾਲ੍ਹਾਂ ਘਿਓ ਦੀਆਂ ਨਾ.ਲਾਂ
ਲੱਗਣ ਵਾਂਗ ਦੁਆਵਾਂ।
ਮੂੰਹ ਤੇਰੇ 'ਤੇ ਫੱਬਦੀਆਂ ਬਹੁਤੀਆਂ,
ਦਿਲ ਲੋਚੇ ਮੈਂ ਨਿੱਤ ਖਾਵਾਂ।
ਯਾਦ ਮੇਰੇ ਆਪ ਗਿੱਲੇ ਸੌਂਵੇਂ,
ਮੈਨੂੰ ਸੁਆਉਂਦੀ, ਸੁੱਕੀਆਂ ਥਾਵਾਂ।
ਮਾਂ ਤਾਂ ਅਜਿਹਾ ਰੁੱਖ ਘਣੇਰਾ,
ਆਪ ਧੁੱਪੇ, ਦਏ ਠੰਢੀਆਂ ਛਾਵਾਂ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: 864 318 5500***

---

ਬੇਪ੍ਰਵਾਹ ਹੈ ਹੁੰਦਾ ਬਚਪਨ
ਮਸਤੀ ਦੇ ਵਿੱਚ ਮੌਜ ਮਨਾਵੇ।
ਨਾ ਕੋਈ ਚਿੰਤਾ ਨਾ ਕੋਈ ਝੋਰਾ
ਨਿੱਤ ਨਵਾਂ ਸੁਆਂਗ ਰਚਾਵੇ।
ਠੰਡਾ ਚੁੱਲ੍ਹਾ ਅੜਿੱਕੇ ਆ ਜਾਏ
ਤਾਂ ਸੁਆਹ ਦੇ ਨਾਲ ਨਹਾਵੇ।

ਪੁੱਠੀ-ਸਿੱਧੀ ਸ਼ਕਲ ਬਣਾ ਕੇ
ਹਰਖਿਆਂ ਤਾਈਂ ਹਸਾਵੇ।
ਚੜ੍ਹੀ ਲੱਥੀ ਦੀ ਪ੍ਰਵਾਹ ਨਾ ਕੋਈ
ਤਾਹੀਉਂ ਸ਼ਾਹੀ ਉਮਰ ਕਹਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ:+1 825 760 7222***

---

ਬਚਪਨ ਦੇ ਦਿਨੀਂ ਬਾਦਸ਼ਾਹੀ ਹੈ,
ਨਾ ਕੋਈ ਫ਼ਿਕਰ ਨਾ ਫਾਕਾ,
ਭੋ.ਲੇਪਨ ਵਿੱਚ ਜਾਇਜ਼ ਸਭ ਕੁੱਝ,
ਚੁੱਲ੍ਹੇ 'ਚ ਖੜ੍ਹ ਕੇ ਖੁਸ਼ ਕਾਕਾ।
ਗਰੀਬੀ ਦੀਆਂ ਸਸਤੀਆਂ ਖੇਡਾਂ,
ਨ ਹਿੰਗ ਨ ਫ਼ਟਕੜੀ ਲੱਗੇ,
ਰੰਗ ਆਉਂਦੈ ਚੋਖਾ ਮਨ ਭੀ ਖ਼ੁਸ਼,
ਮਿੱਟੀ ਦੇ ਨੇੜੇ ਨ ਪੈਸੇ ਲੱਗੇ।
***-ਸੇਵਾ ਸਿੰਘ 'ਨੂਰਪੁਰੀ'***

---

ਬਚਪਨ ਹੁੰਦਾ ਪੂਰਾ ਫੱਕਰ,
ਨਾ ਕੋਈ ਫ਼ਿਕਰ ਨਾ ਹੁੰਦਾ ਫਾਕਾ।
ਚਾਹੇ ਉਸ ਨੂੰ ਕਹਿਲੋ ਬੁੱਧੂ
ਚਾਹੇ ਕਹੋ ਸਿਆਣਾ ਕਾਕਾ।
ਮਨਮਰਜ਼ੀ ਆਪਣੀ ਕਰੇ
ਨਵੀਂ ਪਹਿਲ ਕਰਨ ਤੋਂ ਨਾ ਡਰੇ।
ਜਿੰਨਾ ਮਰਜ਼ੀ ਮੇਕ ਅੱਪ ਕਰਦੋ
ਮਿੱਟੀ ਵਿਚ ਲਿਬੜਨ ਤੋਂ ਨਾ ਰੁਕੇ।
ਲੁਕਵੀਂ ਡਾਂਟ ਜਦੋਂ ਅੰਦਰੋਂ ਆਵੇ।
ਭੱਜ ਕੇ ਇਧਰ ਉਧਰ ਲੁਕ ਜਾਵੇ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਬਚਪਨ ਹੀ ਤਾਂ ਆਜ਼ਾਦ ਹੁੰਦਾ
ਹਰ ਕੰਮ 'ਚ ਸ਼ਰਾਰਤ ਸੁੱਝਦੀ
ਕੀ ਜਾਣੇ ਚੁੱਲ੍ਹਾ ਰੋਟੀ
ਪਾਣੀ ਲਈ ਹੈ
ਉਸ ਲਈ ਤਾਂ ਹੈ ਕੁਰਸੀ
ਭੁੱਬਲ, ਸੁਆਹ ਮਲ ਕੇ ਮੂੰਹ 'ਤੇ
ਅੰਤਾਂ ਦੀ ਖੁਸ਼ੀ ਮਨਾਵੇ
ਦੇਖ ਬੱਚੇ ਦੀਆਂ ਸ਼ਰਾਰਤਾਂ
ਮਾਪਿਆਂ ਦਾ ਚਿਤ ਰੁਸ਼ਨਾਵੇ।
***-ਦਰਸ਼ਨ ਪਾਲ ਦੋਸਾਂਝ***

# ਭਾਰਤ ਦੀ ਰਾਜਨੀਤੀ 1947 ਤੋਂ 2026 ਤੱਕ ਨਿਰੰਤਰਤਾ ਤੇ ਬਦਲਾਅ ਦੀ ਯਾਤਰਾ

ਨੁਕਤਾ -ਏ- ਨਜ਼ਰ



ਗੁਰਪ੍ਰੀਤ ਸਿੰਘ ਬਿਲਿੰਗ
ਫੋਨ 75086-98066
gurpreetnews@gmail.com

ਭਾਰਤ ਦੀ ਰਾਜਨੀਤੀ 1947 ਤੋਂ 2026 ਤੱਕ ਇੱਕ ਵਿਸ਼ਾਲ ਅਤੇ ਬਹੁ-ਪੱਖੀ ਯਾਤਰਾ ਹੈ। ਇਹ ਯਾਤਰਾ ਸਿਰਫ਼ ਸਰਕਾਰਾਂ ਦੇ ਬਦਲਾਅ ਦੀ ਕਹਾਣੀ ਨਹੀਂ, ਸਗੋਂ ਸੰਸਥਾਵਾਂ ਦੀ ਰਚਨਾ, ਨੇਤ੍ਰਿਤਵ ਦੀ ਸ਼ੈਲੀ, ਸਮਾਜਿਕ ਸੰਰਚਨਾ ਅਤੇ ਆਰਥਿਕ ਦਿਸ਼ਾ ਦੇ ਲਗਾਤਾਰ ਰੂਪਾਂਤਰਨ ਦੀ ਗਾਥਾ ਹੈ। ਇੱਕ ਪਾਸੇ ਉਹ ਦੌਰ ਹੈ ਜਿਸ ਨੇ ਆਜ਼ਾਦੀ ਤੋਂ ਬਾਅਦ ਦੇਸ਼ ਨੂੰ ਇੱਕ ਇਕਾਈ ਵਜੋਂ ਖੜ੍ਹਾ ਕੀਤਾ ਅਤੇ ਲੋਕਤੰਤਰ ਦੀਆਂ ਜੜ੍ਹਾਂ ਮਜ਼ਬੂਤ ਕੀਤੀਆਂ, ਹਾਲਾਂਕਿ ਇਸਦੀ ਸ਼ੁਰੂਆਤੀ ਬੜੌਤਰੀ ਨੇ ਵਿਰੋਧੀ ਰਾਜਨੀਤੀ ਦੇ ਵਿਕਾਸ ਨੂੰ ਕੁਝ ਹੱਦ ਤੱਕ ਸੀਮਿਤ ਵੀ ਕੀਤਾ। ਦੂਜੇ ਪਾਸੇ ਮੌਜੂਦਾ ਦੌਰ ਹੈ, ਜਿਸ ਨੇ ਰਾਜਨੀਤੀ ਨੂੰ ਤੇਜ਼ੀ, ਕੇਂਦਰੀ ਨੇਤ੍ਰਿਤਵ ਅਤੇ ਡਿਜ਼ੀਟਲ ਯੁੱਗ ਦੀ ਤਾਕਤ ਨਾਲ ਨਵਾਂ ਰੂਪ ਦਿੱਤਾ ਹੈ। ਦੋਹਾਂ ਦੌਰਾਂ ਦੀ ਤੁਲਨਾ ਇਹ ਦਰਸਾਉਂਦੀ ਹੈ ਕਿ ਭਾਰਤ ਵਿਚ ਰਾਜਨੀਤੀ ਕਦੇ ਵੀ ਇੱਕ ਸਥਿਰ ਧਾਰਾ ਨਹੀਂ ਰਹੀ, ਸਗੋਂ ਹਮੇਸ਼ਾਂ ਬਦਲਦੇ ਸਮਾਜਿਕ ਅਤੇ ਆਰਥਿਕ ਪ੍ਰਸੰਗਾਂ ਨਾਲ ਆਪਣਾ ਰੂਪ ਬਦਲਦੀ ਰਹੀ ਹੈ।

ਇਹ ਆਮ ਚਰਚਾ ਨਹੀਂ ਹੈ, ਸਗੋਂ ਇੱਕ ਤੁਲਨਾਤਮਕ ਅਤੇ ਵਿਸ਼ਲੇਸ਼ਣਾਤਮਕ ਅਧਿਐਨ ਵਜੋਂ ਖੜ੍ਹਦੀ ਹੈ। ਇਸ ਵਿਚ ਸਿਧਾਂਤ, ਅੰਕੜੇ, ਸਮਾਜਿਕ ਬਦਲਾਅ ਅਤੇ ਗਲੋਬਲ ਪ੍ਰਸੰਗ ਨੂੰ ਜੋੜ ਕੇ ਇੱਕ ਸਮੂਹਿਕ ਤਸਵੀਰ ਪੇਸ਼ ਕੀਤੀ ਗਈ ਹੈ। ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਰਾਜਨੀਤੀ ਸਿਰਫ਼ ਸੱਤਾ ਦੀ ਲੜਾਈ ਨਹੀਂ, ਸਗੋਂ ਇੱਕ ਸਮਾਜਿਕ ਸੰਵਿਧਾਨ ਦੀ ਲਗਾਤਾਰ ਨਵੀਂ ਵਿਆਖਿਆ ਹੈ। ਭਾਰਤ ਵਿਚ ਰਾਜਨੀਤੀ ਹਮੇਸ਼ਾਂ 'ਨਿਰੰਤਰਤਾ ਅਤੇ ਬਦਲਾਅ' (continuity and change) ਦਾ ਮਿਲਾਪ ਰਹੀ ਹੈ, ਜਿੱਥੇ ਨਵੀਆਂ ਸਰਕਾਰਾਂ ਪੁਰਾਣੀਆਂ ਸੰਰਚਨਾਵਾਂ ਨੂੰ ਖਤਮ ਕਰਨ ਦੀ ਬਜਾਏ ਉਨ੍ਹਾਂ ਨੂੰ ਨਵੇਂ ਅਰਥ ਦਿੰਦੀਆਂ ਹਨ। ਭਾਰਤ ਵਰਗੇ ਬਹੁ-ਸੰਸਕ੍ਰਿਤਕ ਅਤੇ ਬਹੁ-ਭਾਸ਼ਾਈ ਦੇਸ਼ ਵਿਚ ਰਾਜਨੀਤੀ ਨੂੰ ਸਿਰਫ਼ ਨੀਤੀਆਂ ਨਾਲ ਨਹੀਂ, ਸਗੋਂ ਸੰਵੇਦਨਸ਼ੀਲ ਸਮਾਜਕ ਸੰਤੁਲਨ ਨਾਲ ਵੀ ਚਲਾਉਣਾ ਪੈਂਦਾ ਹੈ।

ਇਸ ਅਧਿਐਨ ਦਾ ਉਦੇਸ਼ ਕਿਸੇ ਇੱਕ ਪਾਰਟੀ ਨੂੰ ਵਧੀਆ ਸਾਬਤ ਕਰਨਾ ਨਹੀਂ, ਸਗੋਂ ਇਹ ਸਮਝਣਾ ਹੈ ਕਿ ਵੱਖ-ਵੱਖ ਮਾਡਲ ਕਿਹੜੇ ਸੰਦਰਭ ਵਿਚ ਕਿਵੇਂ ਕੰਮ ਕਰਦੇ ਹਨ। ਇਸ ਵਿਚ ਚਾਰ ਮੁੱਖ ਮਾਪਦੰਡ ਵਰਤੇ ਗਏ ਹਨ—ਰਾਜ ਦੀ ਸੰਰਚਨਾ, ਰਾਜਨੀਤਿਕ ਸੰਚਾਰ, ਸਮਾਜਿਕ ਗਠਜੋੜ ਅਤੇ ਆਰਥਿਕ ਮਾਡਲ। ਇਹ ਤੱਤ ਕਿਸੇ ਵੀ ਲੋਕਤੰਤਰ ਦੀ ਕਾਰਗੁਜ਼ਾਰੀ ਨੂੰ ਸਮਝਣ ਲਈ ਅਹਿਮ ਮੰਨੇ ਜਾਂਦੇ ਹਨ ਅਤੇ ਆਪਸੀ ਤੌਰ 'ਤੇ ਜੁੜੇ ਹੋਏ ਹਨ—ਜਿਵੇਂ ਆਰਥਿਕ ਮਾਡਲ ਸਮਾਜਿਕ ਗਠਜੋੜ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਰਾਜਨੀਤਿਕ ਸੰਚਾਰ ਚੋਣੀ ਨਤੀਜਿਆਂ ਨੂੰ ਪ੍ਰਭਾਵਿਤ ਕਰਦਾ ਹੈ।

ਅੰਕੜਿਆਂ ਦੇ ਸੰਦਰਭ ਵਿਚ ਵੀ ਇਹ ਅਧਿਐਨ ਸਿਰਫ਼ ਵਰਣਨਾਤਮਕ ਨਹੀਂ, ਸਗੋਂ ਵਿਸ਼ਲੇਸ਼ਣਾਤਮਕ ਬਣਦਾ ਹੈ। ਅਧਿਕਾਰਕ ਅੰਕੜਿਆਂ ਅਨੁਸਾਰ 1950 ਤੋਂ 1980 ਦੇ ਦੌਰ ਵਿਚ ਭਾਰਤ ਦੀ ਜੀ.ਡੀ.ਪੀ (GDP) ਵਾਧਾ ਦਰ ਲਗਭਗ 3 ਤੋਂ 4 ਫੀਸਦੀ ਰਹੀ॥ 1991 ਵਿੱਚ ਹੋਏ ਉਦਾਰੀਕਰਨ—ਜਿਸਨੂੰ Liberalization, Privatization ਅਤੇ Globalization (LPG) ਕਿਹਾ ਜਾਂਦਾ ਹੈ—ਤੋਂ ਬਾਅਦ ਇਹ ਦਰ 6 ਤੋਂ 7 ਫੀਸਦੀ ਹੋ ਗਈ ਅਤੇ ਕਈ ਸਾਲਾਂ ਵਿਚ ਇਸ ਤੋਂ ਵੀ ਉੱਪਰ ਗਈ। ਡਿਜੀਟਲ ਯੁੱਗ ਵਿਚ ਯੂ.ਪੀ.ਆਈ (UPI) ਵਰਗੀਆਂ ਪ੍ਰਣਾਲੀਆਂ ਰਾਹੀਂ ਲੈਣ-ਦੇਣ ਵਿਚ ਬੇਮਿਸਾਲ ਵਾਧਾ ਹੋਇਆ ਹੈ। ਇਸਦੇ ਨਾਲ ਹੀ ਗਰੀਬੀ ਦਰ ਵਿਚ ਲੰਬੇ ਸਮੇਂ ਵਿਚ ਘਟਾਅ ਅਤੇ ਸਾਖਰਤਾ ਵਿਚ ਵਾਧਾ ਦਰਸਾਉਂਦਾ ਹੈ ਕਿ ਨੀਤੀਆਂ ਦਾ ਪ੍ਰਭਾਵ ਗਹਿਰਾ ਹੁੰਦਾ ਹੈ, ਹਾਲਾਂਕਿ ਬੇਰੁਜ਼ਗਾਰੀ ਅਤੇ ਅਸਮਾਨਤਾ ਅਜੇ ਵੀ ਗੰਭੀਰ ਚੁਣੌਤੀਆਂ ਹਨ।

'ਇਤਿਹਾਸਕ ਸੰਸਥਾਵਾਦ' (historical institutionalism) ਇਹ ਦੱਸਦਾ ਹੈ ਕਿ ਪੁਰਾਣੀਆਂ ਸੰਸਥਾਵਾਂ ਨਵੇਂ ਫੈਸਲਿਆਂ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ। ਜਵਾਹਰ ਲਾਲ ਨਹਿਰੂ ਦੇ ਦੌਰ ਵਿਚ ਰਾਸ਼ਟਰ ਨਿਰਮਾਣ ਕੇਂਦਰ ਵਿਚ ਸੀ। ਸੰਵਿਧਾਨ, ਸੁਤੰਤਰ ਨਿਆਂਪਾਲਿਕਾ ਅਤੇ ਨਿਰਪੱਖ ਚੋਣ ਪ੍ਰਣਾਲੀ ਇਸ ਦੌਰ ਦੀਆਂ ਮਹੱਤਵਪੂਰਨ ਉਪਲਬਧੀਆਂ ਸਨ। ਮਿਸ਼ਰਿਤ ਆਰਥਕ ਮਾਡਲ ਨੇ ਸੰਤੁਲਨ ਬਣਾਇਆ, ਹਾਲਾਂਕਿ ਵਿਕਾਸ ਦੀ ਗਤੀ ਹੌਲੀ ਰਹੀ ਅਤੇ ਅਫਸਰਸ਼ਾਹੀ ਦਾ ਪ੍ਰਭਾਵ ਵਧਿਆ। ਇਸਦੇ ਬਾਵਜੂਦ, ਇਹੀ ਸੰਸਥਾਵਾਂ ਅੱਜ ਦੇ ਲੋਕਤੰਤਰ ਦੀ ਨੀਂਹ ਹਨ।

ਇੰਦਰਾ ਗਾਂਧੀ ਦੇ ਸਮੇਂ ਕੇਂਦਰੀਕਰਨ ਵਧਿਆ ਅਤੇ ਵਿਅਕਤੀਗਤ ਨੇਤ੍ਰਿਤਵ ਮਜ਼ਬੂਤ ਹੋਇਆ। ਬੈਂਕ ਰਾਸ਼ਟਰੀਕਰਨ ਅਤੇ 'ਗਰੀਬੀ ਹਟਾਓ' ਨੇ ਸਮਾਜਿਕ ਆਧਾਰ ਵਧਾਇਆ, ਪਰ 1975-77 ਦੀ ਐਮਰਜੈਂਸੀ ਨੇ ਲੋਕਤੰਤਰ ਲਈ ਵੱਡੀ ਚੁਣੌਤੀ ਪੈਦਾ ਕੀਤੀ। ਇਸਦੇ ਆਲੋਚਕ ਇਸਨੂੰ ਸੰਸਥਾਵਾਂ 'ਤੇ ਹਮਲਾ ਮੰਨਦੇ ਹਨ, ਜਦਕਿ ਸਮਰਥਕ ਇਸਨੂੰ ਸੰਕਟਕਾਲੀਨ ਕਦਮ ਵਜੋਂ ਵੇਖਦੇ ਹਨ। ਆਖ਼ਿਰਕਾਰ ਫਿਰ ਵੀ ਜਨਤਾ ਨੇ ਵੋਟ ਰਾਹੀਂ ਹੀ ਆਪਣਾ ਫੈਸਲਾ ਦਿੱਤਾ।

ਰਾਜੀਵ ਗਾਂਧੀ ਦੇ ਦੌਰ ਵਿਚ ਟੈਕਨੋਲੋਜੀ ਅਤੇ ਆਧੁਨਿਕਤਾ ਵੱਲ ਕਦਮ ਵਧੇ। ਟੈਲੀਕਮਿਊਨੀਕੇਸ਼ਨ ਅਤੇ ਕੰਪਿਊਟਰਾਈਜ਼ੇਸ਼ਨ ਦੇ ਫੈਸਲੇ ਲੰਬੇ ਸਮੇਂ ਵਿਚ IT ਕ੍ਰਾਂਤੀ ਦਾ ਆਧਾਰ ਬਣੇ। ਇਹ 'policy lag effect' ਦਾ ਵਧੀਆ ਉਦਾਹਰਨ ਹੈ।

1990 ਦੇ ਦਹਾਕੇ ਵਿਚ ਮੰਡਲ ਕਮਿਸ਼ਨ ਦੇ ਲਾਗੂ ਹੋਣ ਨਾਲ ਜਾਤੀ ਆਧਾਰਿਤ ਰਾਜਨੀਤੀ ਨੂੰ ਨਵਾਂ ਮੋੜ ਮਿਲਿਆ, ਜਿਸ ਨਾਲ ਸਮਾਜਿਕ ਨਿਆਂ ਦੀ ਰਾਜਨੀਤੀ ਮਜ਼ਬੂਤ ਹੋਈ। 1991 ਦੇ ਆਰਥਿਕ ਸੁਧਾਰਾਂ ਨੇ ਭਾਰਤ ਨੂੰ ਗਲੋਬਲ ਅਰਥਵਿਵਸਥਾ ਨਾਲ ਜੋੜਿਆ ਅਤੇ ਵਿਕਾਸ ਦੀ ਦਿਸ਼ਾ ਬਦਲ ਦਿੱਤੀ।

1989 ਤੋਂ ਬਾਅਦ ਗਠਜੋੜ ਰਾਜਨੀਤੀ ਨੇ ਦਰਸਾਇਆ ਕਿ ਭਾਰਤ ਵਿਚ ਕੋਈ ਇੱਕ ਪਾਰਟੀ ਸਥਾਈ ਦਬਦਬਾ ਨਹੀਂ ਰੱਖ ਸਕਦੀ। ਅਟਲ ਬਿਹਾਰੀ ਵਾਜਪਾਈ ਅਤੇ ਯੂ.ਪੀ.ਏ ਦੌਰ ਵਿਚ ਖੇਤਰੀ ਪਾਰਟੀਆਂ ਦੀ ਭੂਮਿਕਾ ਵਧੀ। 2014 ਅਤੇ 2019 ਵਿਚ ਫਿਰ ਪੂਰਨ ਬਹੁਮਤ ਵਾਲੀ ਸਰਕਾਰ ਆਈ, ਪਰ 2024 ਤੋਂ ਬਾਅਦ ਦੁਬਾਰਾ ਗਠਜੋੜ ਦੇ ਤੱਤ ਮਹੱਤਵਪੂਰਨ ਹੋਏ।

ਨਰਿੰਦਰ ਮੋਦੀ ਦੇ ਦੌਰ ਵਿਚ 'ਹਾਈ-ਸਪੀਡ ਗਵਰਨੈਂਸ' ਅਤੇ ਸਿੱਧੇ ਸੰਚਾਰ ਦਾ ਮਾਡਲ ਉਭਰਿਆ। ਯੂ.ਪੀ.ਆਈ, ਡਾਇਰੈਕਟ ਬੇਨਿਫਿਟ ਟ੍ਰਾਂਸਫਰ, ਜੀ.ਐਸ.ਟੀ (GST) ਅਤੇ ਨੋਟਬੰਦੀ ਵਰਗੇ ਕਦਮਾਂ ਨੇ ਆਰਥਿਕ ਅਤੇ ਪ੍ਰਸ਼ਾਸਨਿਕ ਢਾਂਚੇ ਨੂੰ ਪ੍ਰਭਾਵਿਤ ਕੀਤਾ। ਇਸਦੇ ਸਮਰਥਕ ਇਸਨੂੰ ਦ੍ਰਿੜ੍ਹ ਨੇਤ੍ਰਿਤਵ ਮੰਨਦੇ ਹਨ, ਜਦਕਿ ਆਲੋਚਕ ਕੇਂਦਰੀਕਰਨ ਅਤੇ ਸੰਸਥਾਵਾਂ ਦੀ ਸੁਤੰਤਰਤਾ 'ਤੇ ਸਵਾਲ ਉਠਾਉਂਦੇ ਹਨ।

ਅੱਜ ਭਾਰਤ ਦੀ ਅਰਥਵਿਵਸਥਾ ਇੱਕ ਅਹਿਮ ਮੋੜ 'ਤੇ ਹੈ—ਉੱਚ ਵਿਕਾਸ ਦਰ ਦੇ ਨਾਲ ਨਾਲ ਅਸਮਾਨਤਾ ਅਤੇ ਰੋਜ਼ਗਾਰ ਦੀ ਚੁਣੌਤੀ ਵੀ ਮੌਜੂਦ ਹੈ। ਇਸ ਲਈ ਭਵਿੱਖ ਦਾ ਮਾਡਲ ਸੰਭਾਵਤ ਤੌਰ 'ਤੇ ਇੱਕ ਹਾਈਬ੍ਰਿਡ ਹੋਵੇਗਾ। ਡਿਜੀਟਲ ਮੀਡੀਆ ਨੇ ਰਾਜਨੀਤੀ ਨੂੰ ਬਦਲ ਦਿੱਤਾ ਹੈ। ਜਨਤਾ ਹੁਣ ਸਿਰਫ਼ ਦਰਸ਼ਕ ਨਹੀਂ ਰਹੀ, ਸਗੋਂ ਭਾਗੀਦਾਰ ਹੈ। ਪਰ misinformation ਅਤੇ polarization ਨਵੀਆਂ ਚੁਣੌਤੀਆਂ ਹਨ।

ਗਲੋਬਲ ਪੱਧਰ 'ਤੇ ਭਾਰਤ ਇੱਕ ਉਭਰਦੀ ਤਾਕਤ ਹੈ, ਜੋ ਨਵੇਂ ਮੌਕੇ ਅਤੇ ਜ਼ਿੰਮੇਵਾਰੀਆਂ ਦੋਵੇਂ ਲਿਆਉਂਦੀ ਹੈ। ਅਕਾਦਮਿਕ ਤੌਰ 'ਤੇ ਹੋਰ ਮਜ਼ਬੂਤੀ ਲਈ hypothesis testing, regression analysis ਅਤੇ longitudinal studies ਵਰਗੇ ਤਰੀਕੇ ਲਾਗੂ ਕੀਤੇ ਜਾ ਸਕਦੇ ਹਨ।

ਭਵਿੱਖ ਅਨਿਸ਼ਚਿਤ ਹੈ—ਮਜ਼ਬੂਤ ਨੇਤ੍ਰਿਤਵ ਜਾਂ ਗਠਜੋੜ ਰਾਜਨੀਤੀ—ਪਰ ਇਹ ਸਪੱਸ਼ਟ ਹੈ ਕਿ ਨੌਜਵਾਨ ਵੋਟਰ, ਡਿਜੀਟਲ ਰਾਜਨੀਤੀ ਅਤੇ ਗਲੋਬਲ ਜੁੜਾਅ ਇਸਨੂੰ ਨਿਰਧਾਰਤ ਕਰਨਗੇ।

ਅੰਤ ਵਿਚ, ਨਹਿਰੂ ਮਾਡਲ ਅਤੇ ਮੋਦੀ ਮਾਡਲ ਦੋਵਾਂ ਨੇ ਭਾਰਤ ਨੂੰ ਆਪਣੇ-ਆਪਣੇ ਤਰੀਕੇ ਨਾਲ ਆਕਾਰ ਦਿੱਤਾ ਹੈ—ਇੱਕ ਨੇ ਨੀਂਹ ਰੱਖੀ, ਦੂਜੇ ਨੇ ਗਤੀ ਦਿੱਤੀ। ਲੋਕਤੰਤਰ ਇੱਕ ਲਗਾਤਾਰ ਸੰਵਾਦ ਹੈ ਅਤੇ ਭਾਰਤ ਦੀ ਤਾਕਤ ਇਸੇ ਵਿਚ ਹੈ।

ਇਸਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਜਾਤੀ, ਧਰਮ, ਭਾਸ਼ਾ ਅਤੇ ਖੇਤਰਵਾਦ ਅਜੇ ਵੀ ਰਾਜਨੀਤੀ ਨੂੰ ਪ੍ਰਭਾਵਿਤ ਕਰਦੇ ਹਨ—ਕਈ ਵਾਰ ਇਹ ਲੋਕਤੰਤਰ ਨੂੰ ਮਜ਼ਬੂਤ ਕਰਦੇ ਹਨ, ਕਈ ਵਾਰ ਧਰੁਵੀਕਰਨ ਵਧਾਉਂਦੇ ਹਨ। ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਭਾਰਤ ਦੀ ਰਾਜਨੀਤੀ ਇੱਕ ਲਗਾਤਾਰ ਵਿਕਾਸਸ਼ੀਲ ਪ੍ਰਕਿਰਿਆ ਹੈ, ਜਿਸਦੀ ਸਭ ਤੋਂ ਵੱਡੀ ਖੂਬੀ ਅਤੇ ਚੁਣੌਤੀ ਇਸਦੀ ਵਿਭਿੰਨਤਾ ਹੀ ਹੈ। ਭਵਿੱਖ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਸੰਸਥਾਵਾਂ ਅਤੇ ਨੇਤ੍ਰਿਤਵ ਵਿਚ ਸੰਤੁਲਨ ਕਿਵੇਂ ਬਣਾਇਆ ਜਾਂਦਾ ਹੈ।

# ਡਾ. ਗੁਰਨਾਮ ਕੌਰ ਦਾ ਅਲੀ ਲਾਰੀਜਾਨੀ ਪ੍ਰਤੀ ਨਰਮਗੋਸ਼ਾ ਕਿਉਂ...!

## ਪ੍ਰਤੀਕਰਮ

*ਸੰਪਾਦਕ ਜੀ,*

ਇਸ ਵਾਰ ਦੇ 'ਪੰਜਾਬ ਟਾਈਮਜ਼' ਵਿਚਲੀਆਂ ਕੁਝ ਕੁ ਲਿਖਤਾਂ ਬਾਰੇ ਆਪਣਾ ਪ੍ਰਤੀਕਰਮ ਦੇਣਾ ਚਾਹਾਂਗਾ। ਪ੍ਰੋ. ਅਵਤਾਰ ਸਿੰਘ ਹੁਰਾਂ ਨੇ ਆਪਣੇ ਲੇਖ 'ਤਰਲ ਨਫਰਤ' ਰਾਹੀਂ ਅੰਨ੍ਹੀ ਨਫਰਤ ਦੇ ਸ਼ਿਕਾਰ ਲੋਕਾਂ ਦਾ ਬਹੁਤ ਸਟੀਕ ਚਿੱਤਰ ਉਲੀਕਿਆ ਹੈ। 'ਤਰਲ' ਲਫ਼ਜ਼ ਸ਼ਾਇਦ ਉਨ੍ਹਾਂ ਨੇ ਨਫਰਤੀ ਝੱਗ ਸੁਟਣ ਦੀ ਫਿਤਰਤ ਵਾਲਿਆਂ ਲਈ ਵਰਤਿਆ ਹੋਵੇਗਾ। ਅਸਲ ਵਿਚ ਬਹੁਤੇ ਪੰਜਾਬੀ, ਕਿਉਂਕਿ ਹੋਸ਼ ਨਾਲੋਂ ਜੋਸ਼ ਨੂੰ ਵੱਧ ਤਰਜੀਹ ਦਿੰਦੇ ਹਨ, ਇਸ ਲਈ ਉਨ੍ਹਾਂ ਦਾ ਹੀਰੋ ਬਣਨ ਲਈ ਝੱਗ ਸੁੱਟਣਾ ਵਿਸ਼ੇਸ਼ ਯੋਗਤਾ ਸਮਝੀ ਜਾਂਦੀ ਹੋਵੇਗੀ। ਪ੍ਰੋਫੈਸਰ ਸਾਹਿਬ ਚੰਗਾ ਕੀਤਾ ਕਿ ਗੁੱਸਾ ਪੀ ਗਏ, ਨਹੀਂ ਤਾ ਪੰਥ ਦਾ ਗੱਦਾਰ ਸਮਝਿਆ ਜਾਣਾ ਸੀ। ਜਾਪਦੈ, ਇਸੇ ਫਿਤਰਤ ਦੇ ਮਾਲਕ ਬੂਟਾ ਸਿੰਘ ਮਹਿਮੂਦਪੁਰ ਹਨ ਜੋ (ਵਿਦੇਸ਼ੀ ਸੰਗਤ ਦੀ ਮੰਗ ਦਾ ਧਿਆਨ ਰੱਖਦਿਆਂ) ਪਾਕਿਸਤਾਨ, ਅਤੇ ਹੋਰ ਇਸਲਾਮਕ ਮੁਲਕਾਂ ਵਿਚ ਹੁੰਦੇ ਮਨੁੱਖੀ ਹੱਕਾਂ ਦੇ ਘਾਣ ਅਤੇ ਦਹਿਸ਼ਤੀ ਦਮਨ ਵੱਲੋਂ ਅੱਖਾਂ ਮੀਚ ਸਿਰਫ ਭਾਰਤ ਦੀ ਹਕੂਮਤ 'ਤੇ ਨਿਸ਼ਾਨਾ ਵਿਨ੍ਹੀਂ ਰੱਖਦੇ ਹਨ। ਸ. ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦੀ ਸ਼ਖ਼ਸੀਅਤ ਬਾਰੇ 'ਬਹੁਰੂਪੀਏ ਲੇਖਕ' ਵਿਚ ਸ. ਜਸਵੰਤ ਸਿੰਘ ਸੰਧੂ ਹੁਰਾਂ ਜੋ ਸਵਾਲ ਉਠਾਏ ਹਨ, ਕੁਝ ਹੋਰ ਵੀ ਸੱਜਣਾਂ ਵੱਲੋਂ ਸੁਣਨ ਨੂੰ ਮਿਲੇ ਹਨ।

ਦਰਅਸਲ ਕੋਈ ਵੀ ਸੱਜਣ ਭਾਵੇਂ ਉਹ ਕਿੰਨਾ ਵੀ ਵੱਡਾ ਵਿਦਵਾਨ, ਲੇਖਕ ਜਾਂ ਕਲਾਕਾਰ ਹੋਵੇ ਇਨਸਾਨੀਅਤ ਦੀ ਕਸੌਟੀ 'ਤੇ ਸੌ ਫੀਸਦੀ ਖਰਾ ਨਹੀਂ ਉਤਰ ਸਕਦਾ, ਭਾਵੇਂ ਉਸ ਦੇ ਚਾਹਵਾਨ ਇਸ ਦੀ ਆਸ ਕਰ ਲੈਂਦੇ ਹਨ। ਪ੍ਰੀਤਲੜੀ ਦਾ ਫਲਸਫਾ ਧਾਰਮਕ ਕੱਟੜਤਾ ਤੋਂ ਉੱਪਰ ਉੱਠ ਕੇ ਨਿਰੋਲ ਅਗਾਂਹਵਧੂ ਮਾਨਵਤਾਵਾਦੀ ਨਜ਼ਰੀਏ ਨਾਲ ਇੱਕ ਨਿਵੇਕਲੀ ਜੀਵਨ-ਜਾਚ ਪੇਸ਼ ਕਰਨ ਦਾ ਸੀ। 'ਅੱਛਾ ਲਗੇ ਉਸੇ ਅਪਨਾ ਲੋ ਜੋ ਬੁਰਾ ਲਗੇ ਉਸੇ ਜਾਨੇ ਦੋ'।

ਅਖੀਰ ਵਿਚ ਮੈਂ ਡਾ. ਗੁਰਨਾਮ ਕੌਰ ਦੇ 28 ਮਾਰਚ ਨੂੰ ਛਪੇ ਲੇਖ 'ਅਲੀ ਲਾਰੀਜਾਨੀ ਇਕ ਫਿਲਾਸਫਰ ਸਿਆਸਤਦਾਨ' ਬਾਰੇ ਜ਼ਰਾ ਵਿਸਤਾਰ ਵਿਚ ਕਹਿਣ ਦੀ ਗੁਸਤਾਖੀ ਕਰਾਂਗਾ। ਅਲੀ ਲਾਰੀਜਾਨੀ ਦੀ ਤਾਰੀਫ ਕਰਦਿਆਂ ਡਾਕਟਰ ਸਾਹਿਬਾ ਨੇ ਲੇਖ ਦੇ ਅਖੀਰ ਵਿਚ ਕਿਹਾ ਹੈ ਕਿ ਕਾਸ਼ ਪੰਜਾਬ ਨੂੰ ਵੀ ਫਿਲਾਸਫਰ ਰਾਜਨੀਤਕ ਲਾਰੀਜਾਨੀ ਵਰਗਾ ਕੋਈ ਲੀਡਰ ਮਿਲੇ। ਡਾਕਟਰ ਸਾਹਿਬਾ ਪੰਜਾਬ 'ਤੇ ਤਰਸ ਖਾਓ! ਲਾਰੀਜਾਨੀ ਅਤੇ ਖੁਮੈਨੀ ਹੁਰਾਂ ਦੀ ਮਿਲੀ-ਜੁਲੀ ਕੱਟੜ ਇਸਲਾਮਿਕ ਸੱਤਾ ਦੁਆਰਾ ਪਰੋਟੈਸਟ ਕਰਨ ਵਾਲੀ ਈਰਾਨੀ ਜਨਤਾ 'ਤੇ ਅੰਨ੍ਹਾ ਤਸ਼ੱਦਦ ਹੋਇਆ ਹੈ। 1981 ਤੋਂ 2019 ਤੱਕ ਕਈ ਵਾਰ ਅੰਦੋਲਨ ਕਰਨ ਵਾਲੇ ਈਰਾਨੀ ਆਵਾਮ ਨੂੰ ਅੰਨੇਵਾਹ ਫਾਇਰਿੰਗ ਕਰ ਕੁਚਲਿਆ ਗਿਆ ਹੈ। ਜਨਵਰੀ 2026 ਵਿਚ ਹਜ਼ਾਰਾਂ ਮੁਜਾਹਰਾਕਾਰੀ ਮਾਰ ਦਿੱਤੇ ਗਏ। ਜਾਣਕਾਰੀ ਅਨੁਸਾਰ ਲਾਰੀਜਾਨੀ ਦੀ ਆਪਣੀ ਧੀ ਫਾਤਿਮਾ ਅਮਰੀਕਾ ਵਿਚ ਡਾਕਟਰੀ ਦੇ ਪੇਸ਼ੇ ਵਿਚ ਸੀ, ਜਿਸ ਨੂੰ ਇਸ ਦੇ ਪਿਤਾ ਦੇ ਦਮਨਕਾਰੀ ਕਾਰਨਾਮਿਆਂ ਕਰਕੇ ਬਰਤਰਫ ਕੀਤਾ ਗਿਐ।

ਹੁਣ ਕਿਸ ਨੂੰ ਨਹੀਂ ਪਤਾ ਕਿ ਫਿਲਾਸਫਰ ਅਲੀ ਲਾਰੀਜਾਨੀ ਈਰਾਨ ਵਿਚ ਮੁਲਾਣਿਆਂ ਦੀ ਕੱਟੜਪੰਥੀ ਦਹਿਸ਼ਤਪਸੰਦ ਹਕੂਮਤ ਦਾ ਸਿਰਮੌਰ ਰੁਕਨ ਸੀ।

ਭੈਣ ਜੀ ਗੁਰਨਾਮ ਕੌਰ ਨੂੰ ਮੇਰੇ ਵਲੋਂ ਪੂਰੀ ਨਿਮਰਤਾ ਨਾਲ ਇਕ ਨਿਕੀ ਜਿਹੀ ਸਲਾਹ ਹੈ ਕਿ ਉਨ੍ਹਾਂ ਨੇ ਇਸ ਖੌਫ਼ਨਾਕ ਹਕੂਮਤ ਦੇ ਅਸਲੀ ਰੰਗਾਂ-ਢੰਗਾਂ ਬਾਰੇ ਜੇਕਰ ਜਾਣਨਾ ਹੈ ਤਾਂ ਉਹ ਇਰਾਨ ਦੀਆਂ ਇਸੇ ਦੌਰ ਦੀਆਂ ਦੋ ਨੋਬਲ ਇਨਾਮ ਵਿਜੇਤਾ ਬੀਬੀਆਂ-ਸ਼ੀਰੀਂ ਏਬਾਦੀ y(Shrin Ebadi) ਅਤੇ ਨਰਗਿਸ ਮੁਹੰਮਦੀ ਬਾਰੇ ਜ਼ਰੂਰ ਜਾਣ ਲੈਣ।



ਸ਼ੀਰੀਂ ਏਬਾਦੀ ਅਤੇ ਨਰਗਿਸ ਮੁਹੰਮਦੀ।

1947 ਦੀ ਜੰਮਪਲ ਸ਼ੀਰੀਂ ਏਬਾਦੀ ਤਹਿਰਾਨ ਕੋਰਟ ਦੀ ਪਹਿਲੀ ਸੁਪਰੀਮ ਜੱਜ ਸੀ, ਜਿਸਨੂੰ ਮੌਲਾਨਿਆਂ ਨੇ ਆਪਣੀ ਹਕੂਮਤ ਬਣਦਿਆਂ ਹੀ ਵਾਕ ਆਊਟ ਕਰ ਦਿਤਾ। ਉਸਨੂੰ ਡਰਾਇਆ-ਧਮਕਾਇਆ, ਪਰ ਉਹ ਬਿਲਕੁਲ ਨਾ ਡਰੀ, ਸਗੋਂ ਉਸਨੇ ਵਕੀਲ ਦਾ ਪੇਸ਼ਾ ਅਪਨਾਉਂਦਿਆਂ ਮੌਲਾਨਿਆਂ ਦੀ ਦਹਿਸ਼ਤਗਰਦੀ ਵਿਰੁਧ ਆਵਾਜ਼ ਉਠਾਉਣੀ ਸ਼ੁਰੂ ਕਰ ਦਿਤੀ। ਉਸਨੇ ਇਹ ਬੀੜਾ ਅਜ ਤਕ ਚੁਕਿਆ ਹੋਇਆ ਹੈ। ਉਸਨੇ (Defender of Human right Center) ਸਥਾਪਤ ਕੀਤਾ ਅਤੇ 2003 ਵਿਚ ਨੋਬਲ ਇਨਾਮ ਜਿੱਤਣ ਵਾਲੀ ਪਹਿਲੀ ਔਰਤ ਸੀ। ਮੌਲਾਨਿਆਂ ਵਲੋਂ ਬਾਰ-ਬਾਰ ਧਮਕੀਆਂ ਮਿਲਣ ਦੇ ਬਾਵਜੂਦ ਵੀ ਉਸਨੇ ਇਰਾਨ ਛਡਣ ਤੋਂ ਇਨਕਾਰ ਕਰ ਦਿੱਤਾ। ਆਖੀਰ 2009 ਵਿਚ ਉਸਨੂੰ ਦੇਸ਼ ਛਡਣ ਲਈ ਮਜਬੂਰ ਕਰ ਦਿਤਾ ਗਿਆ, ਪਰ ਉਸਨੇ ਆਪਣਾ ਕੰਮ ਅਜ ਤਕ ਜਾਰੀ ਰਖਿਆ ਹੋਇਆ ਹੈ। ਉਸ ਦੀ ਪੁਸਤਕ 'ਇਰਾਨ ਅਵੇਕਨਿੰਗ' ਹਰ ਇਕ ਨੂੰ ਪੜ੍ਹਨੀ ਚਾਹੀਦੀ ਹੈ।

1972 'ਚ ਜਨਮੀ ਨਰਗਿਸ ਮੁਹੰਮਦੀ ਸ਼ੀਰੀਂ ਦੀ ਹੀ ਸੱਚੀ ਪੈਰੋਕਾਰ ਹੈ। ਉਸਨੇ ਵਕਾਲਤ ਕਰਕੇ 2003 ਵਿਚ ਸ਼ੀਰੀਂ ਨਾਲ ਕੰਮ ਕਰਨਾ ਸ਼ੁਰੂ ਕੀਤਾ ਅਤੇ ਉਸੇ ਕੰਮ ਨੂੰ ਅਗੇ ਵਧਾਇਆ। ਮੌਲਾਨਿਆਂ ਦੀ ਦਹਿਸ਼ਤਗਰਦੀ ਵਿਰੁਧ ਆਵਾਜ ਉਠਾਉਣ ਦਾ ਪਰਚਮ ਜਾਰੀ ਰਖਿਆ। ਮੌਲਾਨਿਆਂ ਨੇ ਉਸਨੂੰ 13 ਵਾਰ ਜੇਲ੍ਹ ਵਿਚ ਸੁਟ ਕੇ ਉਸਦੀ ਆਵਾਜ਼ ਬੰਦ ਕਰਨ ਦੀ ਕੋਸ਼ਿਸ਼ ਕੀਤੀ ਜੋ ਨਾਕਾਮ ਰਹੀ। ਆਖਰੀ ਵਾਰ ਉਸਨੂੰ 31 ਸਾਲਾਂ ਦੀ ਸਜ਼ਾ ਅਤੇ 154 ਕੋਰੜੇ ਮਾਰਨ ਦੀ ਸਜ਼ਾ ਸੁਣਾਈ ਗਈ। ਸ਼ੀਰੀ ਏਬਾਦੀ ਤੋਂ 20 ਸਾਲ ਬਾਅਦ, 2023 ਵਿਚ ਉਸਨੇ ਨੋਬੇਲ ਇਨਾਮ ਹਾਸਲ ਕੀਤਾ। ਅਜੇ ਵੀ ਉਹ ਇਰਾਨ ਦੀ 'ਏਵਨ' ਜੇਲ੍ਹ ਵਿਚ ਬੰਦ ਹੈ। ਜੇ ਥੋੜੀ ਕਸਰ ਰਹਿ ਜਾਵੇ ਇਨ੍ਹਾਂ ਬੀਬੀਆਂ ਦਾ ਕੰਮ ਜਾਣਨ ਤੋਂ ਤਾਂ Ervand Abrahiman ਦੀ ਚਰਚਿਤ ਪੁਸਤਕ (Tortured Confessions) ਵੀ ਜ਼ਰੂਰ ਪੜ੍ਹ ਲੈਣੀ ਚਾਹੀਦੀ ਹੈ। ਕਥਿਤ ਇਸਲਾਮੀ ਇਨਕਲਾਬ ਤੋਂ ਪੂਰੇ 10 ਸਾਲ ਬਾਅਦ, 1988 ਵਿਚ ਜੇਲ੍ਹਾਂ ਵਿਚ ਬੰਦ ਹਜ਼ਾਰਾਂ ਕਾਮਰੇਡਾਂ ਅਤੇ ਹੋਰ ਜਮਹੂਰੀ ਇਨਸਾਫਪਸੰਦਾਂ ਨੂੰ ਕਿਵੇਂ ਕੋਹ-ਕੋਹ ਕੇ ਮਾਰਿਆ ਗਿਆ ਸੀ। ਪਰੰਤੂ ਇਹ ਦੱਸਣ ਤੋਂ ਮੇਰਾ ਇਹ ਮਤਲਬ ਬਿਲਕੁਲ ਨਹੀਂ ਹੈ ਕਿ ਅਮਰੀਕਾ ਜੋ ਕਰ ਰਿਹਾ ਹੈ, ਉਹ ਸਹੀ ਹੈ। ਅਮਰੀਕਾ ਦੀ ਕਾਰਵਾਈ ਨਿੰਦਣਯੋਗ ਹੈ ਪਰ ਇਹ ਗੱਲ ਵੀ ਕਿੰਨੀ ਕੁ ਠੀਕ ਹੈ ਕਿ ਮੌਲਾਨਿਆਂ ਨੇ 1978 ਵਿਚ ਤਾਕਤ ਵਿਚ ਆਉਣ ਵਾਲੇ ਦਿਨ ਤੋਂ ਹੀ ਇਜ਼ਰਾਈਲ ਨੂੰ ਧਰਤੀ ਦੇ ਨਕਸ਼ੇ ਤੋਂ ਮਿਟਾ ਦੇਣ ਦਾ ਰਾਗ ਅਲਾਪਣਾ ਸ਼ੁਰੂ ਕੀਤਾ ਹੋਇਆ ਸੀ। ਲਗਾਤਾਰ ਆਦਮ-ਬੋ ਆਦਮ-ਬੋ ਹੀ ਕਰੀ ਜਾ ਰਹੇ ਸਨ। ਧਿਆਨ ਵਿਚ ਇਹ ਵੀ ਰਖਿਆ ਜਾਣਾ ਚਾਹੀਦਾ ਹੈ। ਇਰਾਨ ਦੇ ਲੋਕਾਂ ਦੀ ਬਹਾਦਰੀ ਦੀ ਦਾਦ ਦਿਤੀ ਜਾਣੀ ਚਾਹੀਦੀ ਹੈ, ਪਰ ਇਸਤਰ੍ਹਾਂ ਬਿਲਕੁਲ ਨਹੀਂ, ਜਿਸ ਤਰ੍ਹਾਂ ਸਿੱਖ ਵਿਦਵਾਨ ਅਜਮੇਰ ਸਿੰਘ ਵਲੋਂ ਦਿਤੀ ਜਾ ਰਹੀ ਹੈ। ਇਸ ਸਿੱਖ ਚਿੰਤਕ ਦਾ ਬਾਬਾ ਆਲਮ ਹੀ ਨਿਰਾਲਾ ਹੈ। ਉਹ ਆਪਣਾ ਘੋੜਾ ਭਜਾਈ ਜਾਂਦਾ ਹੈ ਕਿ ਲੜਾਈ ਤਾਕਤ ਦੇ ਜ਼ੋਰ ਨਾਲ ਨਹੀਂ, ਰੂਹਾਂ ਦੇ ਜ਼ੋਰ ਨਾਲ ਲੜੀ ਜਾਂਦੀ ਹੈ। ਜਿਸ ਤਰ੍ਹਾਂ ਸੰਤ ਭਿੰਡਰਾਂਵਾਲੇ ਨੇ ਭਾਰਤੀ ਹਕੂਮਤ ਵਿਰੁਧ ਬਸ ਆਪਣੇ ਰੂਹ ਦੇ ਜ਼ੋਰ ਨਾਲ ਹੀ ਭਾਰਤ ਸਰਕਾਰ ਦੀ ਤੌਬਾ ਕਰਵਾ ਦਿਤੀ ਸੀ। ਉਹ ਇਸੇ ਕਰਕੇ ਬਾਗੋਬਾਗ ਹੈ ਕਿ ਇਰਾਨੀ ਮੌਲਾਣਿਆਂ ਨੇ ਉਸੇ ਤਰ੍ਹਾਂ ਰੂਹਾਂ ਦੇ ਜ਼ੋਰ ਨਾਲ ਅਜਕਲ੍ਹ ਅਮਰੀਕਾ ਵਰਗੀ ਮਹਾਂਸ਼ਕਤੀ ਨੂੰ ਵਾਹਣੋਂ-ਵਾਹਣੀਂ ਪਾਇਆ ਹੋਇਆ ਹੈ। ਇਹ ਸ਼ਖਸ ਇਹ ਗੱਲ ਬਿਲਕੁਲ ਨਹੀਂ ਦੱਸਦਾ ਕਿ ਸੰਤਾਂ ਨੇ ਗੁਰਦੁਆਰੇ ਨੂੰ ਜੰਗ ਦਾ ਅਖਾੜਾ ਭਲਾ ਕਿਉਂ ਬਣਾਇਆ ਸੀ। ਉਥੇ ਦੋ ਵਰ੍ਹੇ ਹੁੰਦਾ ਕੀ-ਕੀ ਨਹੀਂ ਰਿਹਾ ਸੀ। ਭਾਰਤ ਸਰਕਾਰ ਸੰਤਾਂ ਅਤੇ ਉਨ੍ਹਾਂ ਦੇ ਹਥਿਆਰਬੰਦ ਸਮਰਥਕਾਂ ਨੂੰ ਗੁਰਦੁਆਰੇ ਵਿਚੋਂ ਬਾਹਰ ਕੱਢਣ ਲਈ ਗਈ ਸੀ, ਨਾ ਕਿ ਮਿਥ ਕੇ ਅਕਾਲ ਤਖ਼ਤ ਢਾਹੁਣ ਨਹੀਂ। ਜੇਕਰ ਸਰਕਾਰ ਦਾ ਮਕਸਦ ਅਕਾਲ ਤਖਤ ਢਾਹੁਣਾ ਹੀ ਹੁੰਦਾ, ਤਾਂ ਉਨ੍ਹਾਂ ਨੂੰ ਆਪਣੇ ਕਮਾਂਡੋ ਮਰਵਾਉਣ ਦੀ ਕੀ ਲੋੜ ਸੀ? ਉਹ ਇਜ਼ਰਾਈਲ ਵਾਂਗੂ ਹਿਜ਼ਬੁਲਾ ਆਗੂ ਨਸਰਉਲਾ ਦੀ ਤਰਜ਼ 'ਤੇ ਇਕ ਮਿਜ਼ਾਈਲ ਸੁਟ ਕੇ ਕੀ ਆਪਣਾ ਮਕਸਦ ਹੱਲ ਨਹੀਂ ਕਰ ਸਕਦੀ ਸੀ? ਕੀ ਇੰਦਰਾ ਸਰਕਾਰ ਨੇ ਇਕ ਮਹੀਨੇ ਦੇ ਅੰਦਰ-ਅੰਦਰ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਦੀ ਉਸਾਰੀ ਨਹੀਂ ਕਰਵਾ ਦਿਤੀ ਸੀ? ਜੇ ਉਹ ਪੂਰੇ ਸਿੱਖ ਕੌਮ ਦੀ ਤੌਹੀਨ ਹੀ ਕਰਨਾ ਚਾਹੁੰਦੀ ਹੁੰਦੀ ਤਾਂ ਉਸ ਨੂੰ ਅਜਿਹਾ ਕਰਨ ਦੀ ਕੀ ਲੋੜ ਸੀ? ਇਹ ਸ਼ਖਸ ਅਕਸਰ ਅਬਦਾਲੀ ਅਬਦਾਲੀ ਕਰਦਾ ਰਹਿੰਦਾ ਹੈ, ਕੀ ਅਬਦਾਲੀ ਨੇ ਵੀ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਨੂੰ ਢਾਹ ਕੇ ਕਦੇ ਨਵੇਂ ਸਿਰਿਓਂ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਲੋਕਾਂ ਨੂੰ ਅਧੂਰੀ ਜਾਣਕਾਰੀ ਦੇ ਕੇ ਗੁਮਰਾਹ ਕਰਨ ਦਾ ਕੀ ਮਕਸਦ ਹੈ?

ਅਖੀਰ ਵਿਚ! ਹਾਂ ਜੇ ਭੈਣ ਜੀ ਪੰਡਤ ਜਵਾਹਰ ਲਾਲ ਨਹਿਰੂ, ਡਾ. ਅਬਦੁਲ ਕਲਾਮ, ਸ. ਮਨਮੋਹਨ ਸਿੰਘ ਡਾ. ਜਾਂ ਨੈਲਸਨ ਮੰਡੇਲਾ ਵਰਗੇ ਜਮਹੂਰੀਪਸੰਦ ਲੀਡਰਾਂ ਦੀ ਹਮਾਇਤ ਕਰਨ ਤਾਂ ਅਸੀਂ ਵੀ ਉਨ੍ਹਾਂ ਨਾਲ ਸਹਿਮਤ ਹੋਵਾਂਗੇ। ਧੰਨਵਾਦ।

*-ਹਰਜੀਤ ਦਿਓਲ, ਬਰੈਂਪਟਨ*
*ਫੋਨ: 905-676-9242*

# ਪੰਜਾਬੀ ਭਾਸ਼ਾ ਦੀ ਦਿਲਕਸ਼ ਵੰਨ-ਸੁਵੰਨਤਾ




*ਅਮਰਜੀਤ ਸਿੰਘ ਗਰੇਵਾਲ ਪੰਜਾਬ ਦੇ ਚੰਦ ਉਨ੍ਹਾਂ ਗੰਭੀਰ ਚਿੰਤਕਾਂ ਵਿਚੋਂ ਇਕ ਹਨ, ਜੋ ਪਿਛਲੀ ਲਗਪਗ ਅੱਧੀ ਸਦੀ ਤੋਂ ਪੰਜਾਬੀ/ਸਿੱਖ ਭਾਈਚਾਰੇ, ਸਾਹਿਤ-ਸੱਭਿਆਚਾਰ ਅਤੇ ਗੁਰਬਾਣੀ ਚਿੰਤਨ ਦੀ ਸਾਡੇ ਸਮਿਆਂ ਲਈ ਸਾਰਥਿਕਤਾ ਦੇ ਵਿਸ਼ਿਆਂ ਨੂੰ ਲੈ ਕੇ ਲਗਾਤਾਰ ਲਿਖਦੇ ਆ ਰਹੇ ਹਨ। 'ਪੰਜਾਬ ਟਾਈਮਜ਼' ਦੇ ਸ਼ੁਰੂਆਤੀ ਦਿਨਾਂ ਤੋਂ ਉਨ੍ਹਾਂ ਦੇ ਲੇਖ ਇਸ ਅੰਦਰ ਛਪਦੇ ਰਹੇ ਹਨ ਅਤੇ ਚਰਚਾ ਦਾ ਵਿਸ਼ਾ ਵੀ ਬਣਦੇ ਰਹੇ ਹਨ। 'ਸਹੁੰ ਪੰਜਾਬ ਦੀ' ਸਿਰਲੇਖ ਹੇਠਲੀ ਆਪਣੀ ਪੁਸਤਕ ਵਿਚ ਉਨ੍ਹਾਂ ਨੇ ਪੰਜਾਬ ਦੀ ਰਸਾਤਲਤਾ ਦੇ ਕਾਰਨਾਂ ਨੂੰ ਖਗੋਲਦਿਆਂ ਨਤੀਜਾ ਕੱਢਿਆ ਹੈ ਕਿ ਪੰਜਾਬ ਦੀ ਤਬਾਹੀ ਦੇ ਕਾਰਨ 'ਨੈਤਿਕਤਾ, ਰਾਜਨੀਤੀ ਅਤੇ ਸੰਸਥਾਵਾਂ ਦੀ ਢਹਿੰਦੀ ਕਲਾ' ਵਿਚ ਪਏ ਹਨ। ਗੰਧਲੀ ਅਤੇ ਸਵਾਰਥੀ ਰਾਜਨੀਤੀ ਨੇ ਅਣਖੀ, ਕਿਰਤੀ, ਵੰਡ ਛਕਣ, ਸਰਬੱਤ ਦਾ ਭਲਾ ਚਾਹੁਣ ਵਾਲੇ ਪੰਜਾਬ ਨੂੰ ਮੁਫ਼ਤ ਸਕੀਮਾਂ ਦੇ ਲਾਰਿਆਂ ਨਾਲ ਮੰਗਤਾ ਬਣਾ ਧਰਿਆ। ਪੰਜਾਬ ਨੂੰ ਰਸਾਤਲਤਾ ਦੇ ਟੋਏ ਵਿਚੋਂ ਕੱਢਣ ਦਾ ਰਸਤਾ ਇਸ ਨੂੰ ਆਧੁਨਿਕ ਗਿਆਨ ਦੇ ਖੇਤਰ ਵਿਚ ਹਾਣੀ ਬਣਾਉਣ ਵਿਚ ਹੈ। ਪੰਜਾਬ ਪਹਿਲਾਂ ਵੀ ਘੋਰ ਸੰਕਟਾਂ ਵਿਚੋਂ ਆਪਣੀ ਹਿੰਮਤ ਨਾਲ ਪੂਰਾ ਤਬਾਹ ਹੋ ਕੇ ਵੀ ਪੁਨਰ-ਸੁਰਜੀਤ ਹੁੰਦਾ ਆਇਆ ਹੈ ਉਵੇਂ ਹੀ ਜਿਵੇਂ ਕੁਕਨੂਸ ਆਪਣੀ ਹੀ ਅੱਗ ਵਿਚ ਸੜ ਕੇ ਆਪਣੀ ਰਾਖ ਵਿਚੋਂ ਪੁਨਰ-ਸੁਰਜੀਤ ਹੁੰਦਾ ਹੈ। ਇਹ ਪੁਸਤਕ ਗੁਰਮਤਿ ਦੇ ਹਵਾਲੇ ਨਾਲ ਵਰਤਮਾਨ ਨੂੰ ਗਲੋਬਲ ਪੰਜਾਬ ਵਾਂਗ ਸਮਝਣ ਦਾ ਯਤਨ ਹੈ। ਦੁਨੀਆਂ ਭਰ ਦੇ ਪੰਜਾਬੀਆਂ ਨੂੰ ਸਾਂਝੀ ਸਮਝ ਉਸਾਰਨ ਲਈ ਪ੍ਰੇਰਦੀ ਹੈ। -ਸੰਪਾਦਕ*

ਪੰਜਾਬੀ ਭਾਸ਼ਾ ਇਕ ਨਹੀਂ। ਇਸਦੇ ਦੋ ਰੂਪ ਹਨ। ਇਕ ਉਹ ਰੂਪ ਜੋ ਅਸੀਂ ਬੋਲਦੇ ਹਾਂ। ਇਸਨੂੰ ਮਾਤ-ਬੋਲੀ ਵੀ ਕਿਹਾ ਜਾਂਦਾ ਹੈ। ਦੂਸਰਾ ਰੂਪ ਉਹ ਹੈ, ਜੋ ਅਸੀਂ ਲਿਖਦੇ ਅਤੇ ਪੜ੍ਹਦੇ ਪੜ੍ਹਾਉਂਦੇ ਹਾਂ। ਗਿਆਨ ਅਤੇ ਸਿਖਿਆ ਦੇ ਇਸ ਮਾਧਿਅਮ ਨੂੰ ਪੰਜਾਬੀ ਭਾਸ਼ਾ ਦਾ ਟਕਸਾਲੀ ਰੂਪ ਮੰਨਿਆ ਜਾਂਦਾ ਹੈ। ਪਹਿਲਾ ਰੂਪ ਵੰਨ-ਸੁਵੰਨਤਾ ਭਰਪੂਰ ਹੈ। ਅਤੇ ਦੂਸਰਾ ਹਾਕਮ ਰੂਪ ਜੋ ਇਸ ਵੰਨ-ਸੁਵੰਨਤਾ ਨੂੰ ਨਸ਼ਟ ਕਰਕੇ ਇਸ ਉਪਰ ਆਪਣੀ ਚੌਧਰ ਸਥਾਪਤ ਕਰਨਾ ਚਾਹੁੰਦਾ ਹੈ। ਬਿਲਕੁਲ ਉਵੇਂ ਜਿਵੇਂ ਯੂਰਪੀਅਨ ਸ਼ਕਤੀਆਂ ਨੇ ਵਿਭਿੰਨ ਧਰਤੀਆਂ ਉਪਰ ਆਪਣਾ ਰਾਜ ਸਥਾਪਤ ਕਰਕੇ ਸਾਮਰਾਜ (ਇਮਪੀਰੀਅਲਿਜ਼ਮ) ਨੂੰ



**ਅਮਰਜੀਤ ਗਰੇਵਾਲ**

ਜਨਮ ਦਿੱਤਾ ਸੀ। ਇਹ ਵੱਖਰੀ ਗੱਲ ਹੈ ਕਿ ਦੁਨੀਆਂ ਦੀ ਵੰਨ-ਸੁਵੰਨਤਾ ਖਤਮ ਨਹੀਂ ਹੋਈ। ਸਗੋਂ ਖੁਦਮੁਖਤਾਰ ਹੋ ਕੇ ਵਧ ਫੁਲ ਰਹੀ ਹੈ। ਪਰ ਸਾਮਰਾਜ (ਇਮਪੀਰੀਅਲਿਜ਼ਮ) ਖਤਮ ਹੋ ਗਿਆ। ਅਤੇ ਦੁਨੀਆਂ ਨੂੰ ਹੁਣ ਕੌਮੀ-ਰਾਜਾਂ ਅਤੇ ਪਾਰ-ਰਾਸ਼ਟਰੀ ਸੰਸਥਾਵਾਂ ਦੀ ਨੈਟਵਰਕਿੰਗ (ਅਸੈਂਬਲੀ) ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ। ਪੰਜਾਬੀ ਭਾਸ਼ਾ ਨੂੰ ਵੀ ਇਸੇ ਦਿਸ਼ਾ ਵਿਚ ਸਮਝਣ ਦੀ ਜ਼ਰੂਰਤ ਹੈ।

**ਇਤਿਹਾਸਕ ਪਰਿਪੇਖ:** ਪੰਜਾਬ ਦੇ ਪੰਜਾਂ ਦੁਆਬਿਆਂ ਅੰਦਰ ਪਰਾਚੀਨ ਕਾਲ ਵਿਚ ਕਿਹੜੀਆਂ ਜ਼ੁਬਾਨਾਂ ਬੋਲੀਆਂ ਜਾਂਦੀਆਂ ਸਨ, ਇਹ ਤਾਂ ਨਹੀਂ ਪਤਾ। ਪਰ ਇਨ੍ਹਾਂ ਜ਼ੁਬਾਨਾਂ ਦੇ ਸਾਹਿਤਕ ਰੂਪ ਨੂੰ ਜ਼ਰੂਰ ਪਛਾਣਦੇ ਹਾਂ। ਇਹ ਸਾਨੂੰ ਅੱਜ ਵੀ ਰਿਗਵੇਦ ਦੇ ਰੂਪ ਵਿਚ ਉਪਲੱਬਧ ਹੈ। ਗ੍ਰੀਅਰਸਨ ਨੇ ਇਸ ਨੂੰ ਮੁਢਲੀ ਪ੍ਰਾਕ੍ਰਿਤ ਦਾ ਨਾਮ ਦਿਤਾ ਹੈ। ਵੈਦਿਕ ਸੰਸਕ੍ਰਿਤ ਵੀ ਕਿਹਾ ਹੈ। ਪ੍ਰੋ. ਵਿਦਿਆ ਭਾਸਕਰ ਅਰੁਣ ਮੁਤਾਬਕ, 'ਜਿਨ੍ਹਾਂ ਬੋਲੀਆਂ ਦੀ ਇਹ ਭਾਸ਼ਾ ਸਾਹਿਤਕ ਰੂਪ ਸੀ, ਉਹ ਭਾਰਤ ਦੇ ਉਤਰ-ਪੱਛਮ ਵਿਚ ਬੋਲੀਆਂ ਜਾਂਦੀਆਂ ਸਨ। ਪੁਰਾਣੀ ਫਾਰਸੀ ਅਤੇ ਅਵੇਸਤਾ ਦੀ ਭਾਸ਼ਾ ਨਾਲ ਇਸਦਾ ਬੜਾ ਗੂੜ੍ਹਾ ਸੰਬੰਧ ਸੀ। ਸੂਤ੍ਰ ਕਾਲ ਵਿਚ ਆ ਕੇ ਇਹ ਸਾਹਿਤਕ ਭਾਸ਼ਾ ਹੀ ਵਿਆਕਰਣਕ ਨਿਯਮਾਂ ਵਿਚ ਬੱਝ ਕੇ ਹੀ ਸੰਸਕ੍ਰਿਤ ਅਖਵਾਈ।' ਆਮ ਲੋਕ ਸੰਸਕ੍ਰਿਤ ਨੂੰ ਸਮਝਦੇ ਤਾਂ ਸਨ, ਪਰ ਬੋਲ ਨਹੀਂ ਸਨ ਸਕਦੇ। ਜੋ ਬੋਲੀਆਂ ਇਹ ਲੋਕ ਬੋਲਦੇ ਸਨ, ਅਤੇ ਸੰਸਕ੍ਰਿਤ ਜਿਨ੍ਹਾਂ ਦਾ ਟਕਸਾਲੀ ਰੂਪ ਸੀ, ਮੱਧਕਾਲ ਵਿਚ ਜਾ ਕੇ 'ਪ੍ਰਾਕ੍ਰਿਤ' ਦੇ ਨਾਮ ਨਾਲ ਵੱਖਰੇ ਤੌਰ 'ਤੇ ਜਾਣੀਆਂ ਜਾਣ ਲੱਗੀਆਂ। ਇਸ ਉਪ੍ਰੰਤ ਈਸਵੀ 500 ਤੋਂ 1000 ਤੱਕ ਅਪਭ੍ਰੰਸ਼ ਭਾਸ਼ਾਵਾਂ ਦਾ ਸਮਾਂ ਹੈ। ਇਨ੍ਹਾਂ ਵਿਚੋਂ ਹੀ ਪੰਜਾਬੀ ਅਤੇ ਦੂਸਰੀਆਂ ਆਧੁਨਿਕ ਆਰੀਆਈ ਭਾਰਤੀ ਭਾਸ਼ਾਵਾਂ ਦਾ ਵਿਕਾਸ ਹੋਇਆ।

ਗ੍ਰੀਅਰਸਨ ਨੇ ਪੰਜਾਬੀ ਜ਼ੁਬਾਨ ਨੂੰ ਪੂਰਬੀ ਪੰਜਾਬ ਦੀ ਅੰਦਰਵਰਤੀ ਅਤੇ ਪੱਛਮੀ ਪੰਜਾਬ ਦੀ ਬਾਹਰਵਰਤੀ ਭਾਸ਼ਾ ਦੇ ਰੂਪ ਵਿਚ ਅਲਹਿਦਾ ਅਲਹਿਦਾ ਕਰਕੇ ਪੰਜਾਬੀ ਅਤੇ ਲਹਿੰਦੀ ਦੇ ਨਾਮ ਨਾਲ ਪਛਾਣਿਆ ਹੈ। ਪੂਰਬੀ ਪੰਜਾਬੀ ਨੂੰ ਉਹ ਸ਼ੌਰਸੇਨੀ ਅਪਭ੍ਰੰਸ਼ ਨਾਲ ਜੋੜ ਕੇ ਦੇਖਦਾ ਹੈ, ਜਦੋਂਕਿ ਲਹਿੰਦੀ ਉਪਰ ਉਹ ਵ੍ਰਾਚੜ ਅਪਭ੍ਰੰਸ਼ ਦਾ ਪ੍ਰਭਾਵ ਵੀ ਬਰਾਬਰ ਦੇਖਦਾ ਹੈ। ਉਸਦੇ ਕਹਿਣ ਮੁਤਾਬਕ ਭਾਵੇਂ ਇਹ ਦੋਵੇਂ ਭਾਸ਼ਾਵਾਂ ਇਕ ਦੂਸਰੀ ਵਿਚ ਮਿਕਸ ਹੋ ਜਾਂਦੀਆਂ ਹਨ; ਪਰ ਕਿਉਂਕਿ ਪੂਰਬੀ ਪੰਜਾਬੀ ਜ਼ੁਬਾਨ ਪੁਰਾਣੀ ਪੱਛਮੀ ਹਿੰਦੀ ਤੋਂ ਪ੍ਰਭਾਵਤ ਹੈ, ਇਸ ਲਈ ਜਿਉਂ-ਜਿਉਂ ਪੂਰਬ ਵੱਲ ਨੂੰ ਜਾਈਏ ਤਾਂ ਲਹਿੰਦੀ ਦੇ ਚਿੰਨ੍ਹ ਘਟਦੇ ਜਾਂਦੇ ਹਨ। ਇਸੇ ਤਰ੍ਹਾਂ ਪੱਛਮ ਵੱਲ ਜਾਂਦਿਆਂ ਪੂਰਬੀ ਪੰਜਾਬੀ ਅਤੇ ਪੱਛਮੀ ਹਿੰਦੀ ਦੇ ਨਿਸ਼ਾਨ ਅਲੋਪ ਹੋਣ ਲਗਦੇ ਹਨ।

ਪ੍ਰੋ. ਅਰੁਣ ਦਰੁਸਤ ਆਖਦੇ ਹਨ ਕਿ ਵੈਦਿਕ ਭਾਸ਼ਾ ਦੀ ਸਿੱਧੀ ਸੰਤਾਨ ਹੋਣ ਕਾਰਨ ਪੰਜਾਬੀ ਜ਼ੁਬਾਨ ਨੇ ਕਈ ਪਿਤ੍ਰਿਕ ਗੁਣ ਹਾਲੇ ਤੱਕ ਸਾਂਭ ਕੇ ਰੱਖੇ ਹੋਏ ਹਨ। ਪਰ ਦੇਸੀ ਅਤੇ ਵਿਦੇਸ਼ੀ ਪ੍ਰਭਾਵਾਂ ਕਾਰਨ ਇਸ ਵਿਚ ਜਿੰਨੀ ਵਿਸ਼ਾਲਤਾ ਅਤੇ ਵਿਭਿੰਨਤਾ ਆਈ ਹੈ, ਉਸ ਨੂੰ ਜਾਨਣਾ ਸ਼ਾਇਦ ਸਾਡੇ ਲਈ ਵਧੇਰੇ ਮਹੱਤਵਪੂਰਨ ਹੈ। ਇਸ ਕੰਮ ਲਈ ਇਤਿਹਾਸਕ ਤਬਦੀਲੀਆਂ ਨੂੰ ਸਮਝਣਾ ਹੀ ਬਹੁਤ ਨਹੀਂ ਹੋਵੇਗਾ। ਸਥਾਨਕ ਵਖਰੇਵਿਆਂ ਨੂੰ ਪਛਾਨਣਾ ਹੋਰ ਵੀ ਆਵੱਸ਼ਕ ਹੈ। ਇਸੇ ਲਈ ਤਾਂ ਲੋਕ ਮੱਤ ਅਨੁਸਾਰ ਹਰ ਬਾਰਾਂ ਕੋਹ 'ਤੇ ਜਾ ਕੇ ਬੋਲੀ ਬਦਲ ਜਾਂਦੀ ਹੈ। ਸੋ ਪੰਜਾਬੀ ਨੂੰ ਭਾਸ਼ਾ ਨਾਲੋਂ ਵੱਧ ਬੋਲੀ-ਸਮੂਹ ਦੇ ਰੂਪ ਵਿਚ ਦੇਖਣਾ ਜ਼ਰੂਰੀ ਹੋ ਜਾਂਦਾ ਹੈ; ਤਾਂ ਕਿ ਇਹ ਸਮਝਿਆ ਜਾ ਸਕੇ ਕਿ ਪੰਜਾਬੀ-ਸਮੂਹ ਦੀਆਂ ਇਹ ਬੋਲੀਆਂ ਆਪਣੀ ਵਿਸ਼ਾਲਤਾ ਅਤੇ ਵਿਭਿੰਨਤਾ ਰਾਹੀਂ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਅਮੀਰੀ ਵਿਚ ਕਿਵੇਂ ਵਾਧਾ ਕਰਦੀਆਂ ਹਨ। ਆਰਥਕ ਵਿਕਾਸ, ਸਮਾਜਕ ਨਿਆਂ ਅਤੇ ਜਮਹੂਰੀਕਰਣ ਦੇ ਅਮਲ ਨੂੰ ਕਿਵੇਂ ਤੇਜ਼ ਕਰਦੀਆਂ ਹਨ।

ਇਹ ਤਾਂ ਆਪਾਂ ਦੇਖਾਂਗੇ ਹੀ ਕਿ ਪੰਜਾਬੀ ਸਮਾਜ-ਭਾਸ਼ਾਈ ਵੰਨ-ਸੁਵੰਨਤਾ ਅਤੇ ਉਸ ਵਿਚ ਵਾਧਾ ਆਪਸੀ ਆਦਾਨ ਪ੍ਰਦਾਨ ਰਾਹੀਂ ਸਮਾਜ-ਸਭਿਆਚਾਰਕ ਅਤੇ ਆਰਥਕ-ਰਾਜਨੀਤਕ ਵਿਕਾਸ ਵਿਚ ਕਿਵੇਂ ਸਹਾਈ ਹੁੰਦਾ ਹੈ। ਪਰ ਉਸ ਤੋਂ ਪਹਿਲਾਂ ਸਮਾਜ-ਭਾਸ਼ਾਈ ਵੰਨ-ਸੁਵੰਨਤਾ ਅਤੇ ਉਸਦੀ ਡਾਈਨੇਮਿਕਸ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ। ਕੇਵਲ ਮੌਜੂਦਾ ਭਾਸ਼ਾਈ ਵੰਨ-ਸੁਵੰਨਤਾ ਨੂੰ ਹੀ ਨਹੀਂ। ਇਸ ਵਿਚ ਵਾਧੇ ਦੀ ਦਿਸ਼ਾ ਅਤੇ ਦਸ਼ਾ ਰਾਹੀਂ ਪੰਜਾਬ ਦੀ ਸਮਾਜ-ਭਾਸ਼ਾਈ ਲੈਂਡਸਕੇਪ/ਦ੍ਰਿਸ਼ ਦੇ ਸਮਾਜ-ਭਾਸ਼ਾਈ ਵਹਾਅ ਵਿਚ ਰੂਪਾਂਤਰਣ ਕਾਰਨ ਪੰਜਾਬੀ ਭਾਸ਼ਾ ਦੇ ਅਧਿਐਨ ਲਈ ਲੋੜੀਂਦੀ ਪੈਰਾਡਾਈਮ ਸ਼ਿਫਟ ਨੂੰ ਸਮਝਣਾ ਤਾਂ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ।

**ਪੰਜਾਬੀ ਭਾਸ਼ਾ ਦਾ ਪਰੰਪਰਾਗਤ ਬੋਲੀ-ਸਮੂਹ:** ਪੰਜਾਬੀ ਬੋਲੀ-ਸਮੂਹ ਦੇ ਸਥਾਨਕ ਵਰਗੀਕਰਣ ਦੇ ਆਧਾਰ 'ਤੇ ਅਸੀਂ ਇਸਨੂੰ ਪੰਜ ਵਰਗਾਂ ਵਿਚ ਵੰਡ ਸਕਦੇ ਹਾਂ। ਸਭ ਤੋਂ ਪਹਿਲਾ ਹੈ ਕੇਂਦਰੀ ਇਲਾਕਾ ਜਿਸ ਵਿਚ ਅੰਮ੍ਰਿਤਸਰ, ਗੁਰਦਾਸਪੁਰ ਅਤੇ ਲਾਹੌਰ ਦਾ ਬਹੁਤ ਸਾਰਾ ਹਿੱਸਾ ਸ਼ਾਮਲ ਹੈ। ਇਸ ਵਿਚ ਕੇਵਲ ਇਕੋ ਜ਼ੁਬਾਨ 'ਮਾਝੀ' ਬੋਲੀ ਜਾਂਦੀ ਹੈ। ਉਤਰੀ ਅਤੇ ਉਤਰ-ਪੂਰਬੀ ਇਲਾਕਿਆਂ ਵਿਚ ਡੋਗਰੀ, ਪਹਾੜੀ (ਚੰਬਿਆਲੀ, ਭਦਰਵਾਰੀ), ਕਾਂਗੜੀ, ਕੰਡਿਆਲੀ ਅਤੇ ਰਾਮਬਣੀ, ਪੋਗੁਲੀ ਆਦਿ ਅਰਧ-ਕਸ਼ਮੀਰੀ ਪੰਜਾਬੀ ਜ਼ੁਬਾਨਾਂ ਬੋਲੀਆਂ ਜਾਂਦੀਆ ਹਨ। ਪੂਰਬੀ ਅਤੇ ਦੱਖਣ-ਪੂਰਬੀ ਇਲਾਕਿਆਂ ਵਿਚ ਦੁਆਬੀ, ਕਹਿਲੂਰੀ, ਪੁਆਧੀ, ਮਲਵਈ, ਰਾਠੀ ਆਦਿ ਜ਼ੁਬਾਨਾਂ ਬੋਲੀਆਂ ਜਾਂਦੀਆਂ ਹਨ। ਫਿਰੋਜ਼ਪੁਰ ਜ਼ਿਲ੍ਹੇ ਵਿਚ ਸਤਲੁਜ ਦੇ ਨਾਲ-ਨਾਲ ਅਤੇ ਬੀਕਾਨੇਰ ਦੇ ਉਤਰੀ ਭਾਗ ਵਿਚ, ਭਾਵ ਪੰਜਾਬ ਦੇ ਦੱਖਣ-ਪੱਛਮੀ ਇਲਾਕਿਆਂ ਵਿਚ ਜਿਹੜੀ ਜ਼ੁਬਾਨ ਬੋਲੀ ਜਾਂਦੀ ਹੈ ਉਸਦਾ ਨਾਮ ਹੈ 'ਭਟਿਆਨੀ'। ਪੱਛਮੀ ਪੰਜਾਬ ਵਿਚ ਬੋਲੀ ਜਾਣ ਵਾਲੀ ਲਹਿੰਦੀ ਪੰਜਾਬੀ ਦੇ ਵੀ ਸ਼ਾਹਪੁਰੀ, ਝੰਗੋਚੀ, ਝਾਂਗੀ, ਪੋਠੋਹਾਰੀ, ਹਿੰਦਗੋ, ਧਨਿ, ਸਰਾਇਕੀ, ਆਦਿ ਕਈ ਰੂਪ ਮਿਲਦੇ ਹਨ।

**ਪੰਜਾਬੀ ਬੋਲੀ-ਸਮੂਹ ਅਤੇ ਟਕਸਾਲੀ ਭਾਸ਼ਾ:** ਪੰਜਾਬੀ ਬੋਲੀ-ਸਮੂਹ ਜਾਂ ਫੇਰ ਕਿ ਕਿਸੇ ਵੀ ਬੋਲੀ ਸਮੂਹ ਨੂੰ ਉਸਦੀ ਟਕਸਾਲੀ ਭਾਸ਼ਾ ਰਾਹੀਂ ਮੌਨ ਕਰਨ ਪਿਛੇ ਕੌਮਵਾਦ ਦੀ ਰਾਜਨੀਤੀ ਕੰਮ ਕਰਦੀ ਹੈ। ਕਿਸੇ ਵੀ ਕੌਮ ਦਾ ਨਿਰਮਾਣ ਕਰਨ ਵਾਲੀ ਸਿਆਸਤ ਨੂੰ ਆਪਣੀ ਕੌਮੀ ਸਪੇਸ ਵਿਚ ਇਕ ਇਕਹਿਰੀ ਸਟੈਂਡਰਡ ਭਾਸ਼ਾ ਦੀ ਜ਼ਰੂਰਤ ਰਹਿੰਦੀ ਹੈ ਜਿਸਨੂੰ ਸਟੇਟ ਪੱਧਰ 'ਤੇ ਲਾਗੂ ਕਰਕੇ ਅਤੇ ਸਕੂਲੀ ਸਿਖਿਆ ਦਾ ਮਾਧਿਅਮ ਬਣਾ ਕਿ ਇਕ ਸਮਰੂਪ ਅਤੇ ਵਿਲੱਖਣ ਕੌਮੀ ਪਛਾਣ ਸਥਾਪਤ ਕੀਤੀ ਜਾ ਸਕੇ। ਇਸੇ ਲਈ, ਅੱਠਵੇਂ ਸ਼ਡਿਊਲ ਰਾਹੀਂ ਪੰਜਾਬੀ ਦੇ ਸਮੁੱਚੇ ਬੋਲੀ-ਸਮੂਹ ਨੂੰ ਇਕੋ ਪੰਜਾਬੀ ਭਾਸ਼ਾ ਦੇ ਅਧੀਨ ਮੌਨ ਕਰ ਦਿੱਤਾ ਗਿਆ। ਇਕੱਲੀ ਪੰਜਾਬੀ ਦੀ ਗੱਲ ਨਹੀਂ 2011 ਦੀ ਜਨਗਣਨਾ ਦੌਰਾਨ ਲੋਕਾਂ ਨੇ 19569 ਮਾਂ-ਬੋਲੀਆਂ ਰਿਕਾਰਡ ਕਰਵਾਈਆਂ ਸਨ। ਪਰ ਭਾਰਤੀ ਸੰਵਿਧਾਨ ਨੇ ਇਨ੍ਹਾਂ ਤਮਾਮ ਮਾਂ-ਬੋਲੀਆਂ ਨੂੰ 22 ਸ਼ਡਿਊਲਡ ਭਾਸ਼ਾਵਾਂ ਦੀ ਹਕੂਮਤ ਥੱਲੇ ਸੰਗਠਿਤ ਕਰਕੇ ਇਨ੍ਹਾਂ ਨੂੰ ਕੌਮੀ ਭਾਸ਼ਾਵਾਂ ਦਾ




ਦਰਜਾ ਦਿੱਤਾ ਹੋਇਆ ਹੈ। ਇਕੱਲੀ ਹਿੰਦੀ ਭਾਸ਼ਾ ਅਧੀਨ ਜਿਹੜੀਆਂ ਬੋਲੀਆਂ ਨੂੰ ਮੌਨ ਕੀਤਾ ਗਿਆ ਹੈ ਉਨ੍ਹਾਂ ਵਿਚੋਂ 57 ਬੋਲੀਆਂ ਦਾ ਨਾਮ ਦਰਜ ਕਰਕੇ ਅੱਗੇ 'ਆਦਿ' ਪਾ ਦਿਤਾ ਗਿਆ ਹੈ। ਇਸ ਆਦਿ ਅਧੀਨ ਕਿੰਨੀਆਂ ਬੋਲੀਆਂ ਆਉਂਦੀਆਂ ਹਨ, ਪਤਾ ਨਹੀਂ। ਮਾਂ-ਬੋਲੀਆਂ ਨੂੰ ਉਪ-ਭਾਸ਼ਾਵਾਂ ਆਖ-ਆਖ ਕੇ ਮਿਆਰੀਕਰਣ ਦੀ ਵਿਧਾ ਰਾਹੀਂ ਚੁਪ ਕਰਾ ਦਿੱਤਾ ਜਾਂਦਾ ਹੈ। ਹੈਟਰੋਜੀਨਸ ਸਥਾਨਿਕਤਾ ਨੂੰ ਕੌਮੀ ਸੰਗਠਨ ਵਿਚ ਬੰਨ੍ਹਣ ਲਈ ਭਾਸ਼ਾ ਇਕ ਹਥਿਆਰ ਵਜੋਂ ਵਰਤੀ ਜਾਂਦੀ ਹੈ। ਜਿਵੇਂ ਕਿ ਕੌਮੀ ਭਾਸ਼ਾਵਾਂ ਕੋਈ ਆਜ਼ਾਦ ਅਤੇ ਖੁਦਮੁਖਤਾਰ ਸੰਰਚਨਾਵਾਂ ਹੋਣ।

ਭਾਵੇਂ ਕੌਮੀ ਭਾਸ਼ਾ ਨੂੰ ਆਜ਼ਾਦ ਅਤੇ ਖੁਦਮੁਖਤਾਰ ਸੰਰਚਨਾ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਪਰ ਨਾ ਹੀ ਕੌਮੀ-ਭਾਸ਼ਾ ਅਤੇ ਨਾ ਹੀ ਮਾਂ-ਬੋਲੀਆਂ ਆਈਸੋਲੇਟਿਡ ਹੁੰਦੀਆਂ ਹਨ। ਹਰ ਜ਼ੁਬਾਨ ਇਕ ਸਮਾਜ-ਭਾਸ਼ਾਈ ਓਪਨ ਸਿਸਟਮ ਹੈ, ਜੋ ਕਦੀ ਵੀ ਸੰਤੁਲਿਤ ਅਵਸਥਾ ਵਿਚ ਨਹੀਂ ਪਹੁੰਚਦਾ। ਹਮੇਸ਼ਾ ਅਸੰਤੁਲਿਤ, ਗਤੀਸ਼ੀਲ ਅਤੇ ਵਿਕਾਸਮਈ ਰਹਿੰਦਾ ਹੈ। ਸੰਤੁਲਿਤ ਅਵਸਥਾ ਵਿਚ ਤਾਂ ਕੇਵਲ ਉਸ ਸਮੁੱਚਤਾ ਦਾ ਅੰਤ ਹੀ ਪਹੁੰਚ ਸਕਦਾ ਹੈ, ਜਿਸਨੂੰ ਇਹ ਤਮਾਮ ਸਮਾਜ-ਭਾਸ਼ਾਈ ਇਕਾਈਆਂ ਪਰੋਗਰੈਸਿਵਲੀ ਕੰਸਟੀਟਿਊਟ ਕਰਦੀਆਂ ਹਨ। ਕਹਿਣ ਤੋਂ ਭਾਵ ਹੈ ਕਿ ਹਰ ਸਮਾਜ-ਭਾਸ਼ਾ ਇਕਾਈ ਦਾ ਸਭਿਆਚਾਰਕ ਇਤਿਹਾਸ ਦੇ ਵਿਕਾਸ ਵਿਚ ਵਿਲੱਖਣ ਰੋਲ ਹੁੰਦਾ ਹੈ। ਵਿਭਿੰਨ ਸਮਾਜ-ਭਾਸ਼ਾਈ ਇਕਾਈਆਂ ਲਈ ਇਕੋ ਇਤਿਹਾਸ ਨੂੰ ਦੁਹਰਾਉਣਾ ਕਿਸੇ ਤਰ੍ਹਾਂ ਨਾਲ ਵੀ ਉਪਯੋਗੀ ਨਹੀਂ ਹੋ ਸਕਦਾ। ਜਿਵੇਂ ਕੁਦਰਤ ਦੇ ਵਿਕਾਸ ਲਈ ਜੈਵਿਕ ਵੰਨ-ਸੁਵੰਨਤਾ ਜ਼ਰੂਰੀ ਹੈ, ਉਸੇ ਤਰ੍ਹਾਂ ਸਭਿਆਚਾਰਕ ਵਿਕਾਸ ਲਈ ਸਮਾਜ-ਭਾਸ਼ਾਈ ਵੰਨ-ਸੁਵੰਨਤਾ ਆਵੱਸ਼ਕ ਹੁੰਦੀ ਹੈ।

ਹਰ ਸਮਾਜ-ਭਾਸ਼ਾਈ ਇਕਾਈ ਦਾ ਆਪਣਾ ਵੱਖਰਾ ਇਤਿਹਾਸਕ ਯੋਗਦਾਨ ਹੀ ਕੁਦਰਤੀ ਸੂਝ ਦਾ ਲਖਾਇਕ ਹੈ। ਕੁਦਰਤ ਸਮਾਜ-ਭਾਸ਼ਾਈ ਅਨੇਕਤਾ ਪੈਦਾ ਹੀ ਇਸ ਲਈ ਕਰਦੀ ਹੈ ਤਾਂ ਜੋ ਇਹ ਵਿਭਿੰਨ ਇਕਾਈਆਂ ਆਪਣੇ ਵੱਖੋ-ਵੱਖਰੇ ਵਿਸ਼ਿਸ਼ਟ ਯੋਗਦਾਨਾਂ ਰਾਹੀਂ ਮਾਨਵ ਸਭਿਆਚਾਰ ਦੀ ਪ੍ਰਕਿਰਿਆ ਨੂੰ ਸਿਮਲਟੇਨੀਅਸਲੀ ਅੱਗੇ ਵਧਾ ਸਕਣ। ਸੰਵਾਦ ਵਿਚ ਬੱਝੀਆਂ ਵੰਨ-ਸੁਵੰਨੀਆਂ ਸਮਾਜ-ਭਾਸ਼ਾਈ ਇਕਾਈਆਂ ਹੀ ਦੁਨੀਆਂ ਦਾ ਅਸਲ ਸਰਮਾਇਆ ਹੈ।

**ਤਕਸੀਮ ਅਤੇ ਵਿਸਤਾਰ:** ਪੰਜਾਬ ਕੇਵਲ ਪਾਕਿਸਤਾਨੀ ਪੰਜਾਬ, ਭਾਰਤੀ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਵਿਚ ਹੀ ਨਹੀਂ ਵਸਦਾ, ਇਹ ਤਾਂ ਹੁਣ ਕਲਕੱਤੇ, ਬੰਬਈ, ਮੈਂਗਲੌਰ, ਹੈਦਰਾਬਾਦ, ਕਾਨਪੁਰ, ਤਰਾਈ, ਇੰਗਲੈਂਡ, ਕਨੇਡਾ, ਅਮਰੀਕਾ, ਆਸਟਰੇਲੀਆ, ਅਫਰੀਕਾ, ਸਿੰਗਾਪੁਰ, ਬੈਂਗਕਾਕ, ਆਦਿ ਵਿਚ ਵੀ ਵਸਦਾ ਹੈ। ਇਸਨੂੰ ਅਸੀਂ ਤਕਸੀਮ ਹੋਇਆ ਪੰਜਾਬ ਨਹੀਂ, ਦੁਨੀਆਂ ਭਰ ਵਿਚ ਫੈਲਿਆ ਹੋਇਆ ਪੰਜਾਬ ਆਖਦੇ ਹਾਂ।

ਕਈ ਲੋਕਾਂ ਦਾ ਵਿਚਾਰ ਹੈ ਕਿ ਆਰਥਕ-ਰਾਜਨੀਤਕ ਵੰਡੀਆਂ ਸਮਾਜ-ਭਾਸ਼ਾਈ ਵੰਡੀਆਂ ਵੀ ਪਾ ਦਿੰਦੀਆਂ ਹਨ। ਉਦਾਹਰਣ ਦੇ ਤੌਰ 'ਤੇ ਭਾਰਤੀ ਪੰਜਾਬੀ ਉਪਰ ਸੰਸਕ੍ਰਿਤ ਅਤੇ ਪਾਕਿਸਤਾਨੀ ਪੰਜਾਬੀ ਉਪਰ ਪਰਸ਼ੀਅਨ ਅਤੇ ਅਰਬੀ ਦੇ ਵਧ ਰਹੇ ਪ੍ਰਭਾਵਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਨਤੀਜੇ ਵਜੋਂ ਇਹ ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਹੌਲੀ-ਹੌਲੀ ਭਾਰਤੀ ਪੰਜਾਬੀ ਅਤੇ ਪਾਕਿਸਤਾਨੀ ਪੰਜਾਬੀ ਕ੍ਰਮਵਾਰ ਗੁਰਮੁਖੀ ਅਤੇ ਪਰਸ਼ੀਅਨ ਲਿਪੀਆਂ ਵਿਚ ਲਿਖੀਆਂ ਜਾਣ ਵਾਲੀਆਂ ਦੋ ਅਲੱਗ-ਅਲੱਗ ਭਾਸ਼ਾਵਾਂ ਬਣ ਜਾਣਗੀਆਂ। ਇਸੇ ਤਰ੍ਹਾਂ ਜੰਮੂ, ਹਿਮਾਚਲ, ਦਿੱਲੀ, ਯੂਪੀ, ਰਾਜਸਥਾਨ, ਹਰਿਆਣੇ ਆਦਿ ਵਿਚ ਤਾਂ ਦੇਵਨਾਗਰੀ ਲਿੱਪੀ ਰਾਹੀਂ ਪੰਜਾਬੀ ਦੇ ਹੋ ਰਹੇ ਹਿੰਦੀਕਰਣ ਦਾ ਪੂਰਾ ਸ਼ੋਰ ਹੈ।

ਕੇਵਲ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀਆਂ ਨਵੀਆਂ ਪੀੜ੍ਹੀਆਂ ਉਪਰ ਹੀ ਨਹੀਂ, ਹੁਣ ਤਾਂ ਸਾਡੀ ਸਮੁਚੀ ਨੌਜੁਆਨ ਪੀੜ੍ਹੀ ਸੋਸ਼ਲ ਮੀਡੀਆ ਉਪਰ ਗੁਰਮੁਖੀ, ਪਰਸ਼ੀਅਨ ਜਾਂ ਦੇਵਨਾਗਰੀ ਦੀ ਥਾਂ ਰੋਮਨ ਸਕਰਿਪਟ ਵਿਚ ਚੈਟ ਕਰਦੀ ਹੈ। ਉਹ ਵੀ ਵਧੇਰੇ ਕਰਕੇ ਪਿੰਗਲਿਸ਼ ਵਿਚ। ਕੇਵਲ ਸੀ.ਬੀ.ਐਸ.ਸੀ. ਸਕੂਲਾਂ ਵਿਚ ਹੀ ਅੰਗਰੇਜ਼ੀ ਪਹਿਲੀ ਜਮਾਤ ਤੋਂ ਨਹੀਂ ਪੜ੍ਹਾਈ ਜਾ ਰਹੀ, ਹੁਣ ਤਾਂ ਸਾਰਾ ਪੰਜਾਬ ਹੀ ਆਪਣੀਆਂ ਅੱਖਾਂ ਵਿਚ ਕਨੇਡਾ, ਅਮਰੀਕਾ, ਇੰਗਲੈਂਡ ਅਤੇ ਆਸਟਰੇਲੀਆ ਦੇ ਸੁਪਨੇ ਲੈ ਕੇ ਆਇਲੈਟਸ ਆਦਿ ਦੇ ਸੈਂਟਰਾਂ ਵਿਚ ਅੰਗਰੇਜ਼ੀ ਪੜ੍ਹਨੀ, ਲਿਖਣੀ ਅਤੇ ਬੋਲਣੀ ਸਿਖ ਰਿਹਾ ਹੈ।

ਕੇਵਲ ਅੰਗਰੇਜ਼ੀ ਹੀ ਨਹੀਂ, ਦੁਨੀਆਂ ਦੀਆਂ ਬਹੁਤ ਘੱਟ ਭਾਸ਼ਾਵਾਂ ਹੋਣਗੀਆਂ, ਜਿਨ੍ਹਾਂ ਨਾਲ ਇਸ ਵੇਲੇ ਪੰਜਾਬੀ ਬੰਦੇ ਰਾਹੀਂ ਪੰਜਾਬੀ ਜ਼ੁਬਾਨ ਦਾ ਸਥਾਨਕ ਪੱਧਰ 'ਤੇ ਸੰਵਾਦ ਨਾ ਚੱਲ ਰਿਹਾ ਹੋਵੇ। ਅਤੇ ਹਰ ਸੰਵਾਦ ਵਿਚੋਂ ਇਕ ਨਵੀਂ ਪੰਜਾਬੀ ਬੋਲੀ ਵਿਗਸ ਨਾ ਰਹੀ ਹੋਵੇ। ਗੱਲ ਕੀ ਦੁਨੀਆਂ ਵਿਚ ਹਰ ਸਮਾਂ-ਸਥਾਨ, ਮਾਧਿਅਮ, ਕਿੱਤੇ, ਜਾਤ-ਬਰਾਦਰੀ, ਕਬੀਲੇ ਅਤੇ ਉਮਰ ਵਿਚ ਇਕ ਨਵੀਂ ਪੰਜਾਬੀ ਬੋਲੀ ਜਨਮ ਲੈ ਰਹੀ ਹੈ। ਇਸ ਤੋਂ ਵੀ ਅੱਗੇ, ਹੁਣ ਇਕ ਬੰਦਾ ਇਕ ਥਾਂ ਟਿਕ ਕੇ ਨਹੀਂ ਬੈਠਦਾ, ਰੁਜ਼ਗਾਰ ਪਿਛੇ ਪਤਾ ਨਹੀਂ ਉਹ ਕਿਥੇ-ਕਿਥੇ ਭਟਕਦਾ ਹੈ। ਧੀਆਂ ਪੁੱਤਾਂ ਦੇ ਰਿਸ਼ਤੇ ਵੀ ਪਤਾ ਨਹੀਂ ਕਿਥੇ-ਕਿਥੇ ਜੋੜ ਲੈਂਦਾ ਹੈ। ਘਰ ਅਤੇ ਮਾਤਬੋਲੀ ਨੂੰ ਪਰਿਭਾਸ਼ਿਤ ਕਰਨਾ ਮੁਸ਼ਕਲ ਹੋ ਗਿਆ ਹੈ।

ਨਤੀਜੇ ਵਜੋਂ ਇਕ ਬੰਦੇ ਵਿਚ ਇਕ ਨਹੀਂ, ਅਨੇਕਾਂ ਜ਼ੁਬਾਨਾਂ ਅਤੇ ਸੰਸਕ੍ਰਿਤੀਆਂ ਬੋਲਦੀਆਂ ਹਨ। ਸਥਿਤੀ ਏਨੀ ਗੁੰਝਲਦਾਰ ਅਤੇ ਸਰਬ-ਵਿਆਪੀ ਬਣਦੀ ਜਾ ਰਹੀ ਹੈ ਕਿ ਕੋਡ ਸਵਿਚਿੰਗ, ਕੋਡ ਮਿਕਸਿੰਗ, ਮਲਟੀਵੋਕੈਲਿਟੀ, ਡਾਇਗਲੌਸ਼ੀਆ, ਮਲਟੀਗਲੌਸ਼ੀਆ, ਮਲਟੀਕਲਚਰਲਿਜ਼ਮ, ਆਦਿ ਧਾਰਨਾਵਾਂ ਇਸਦੀ ਵਿਆਖਿਆ ਨਹੀਂ ਕਰ ਸਕਣਗੀਆਂ। ਇਸ ਗੁੰਝਲਦਾਰ ਸਥਿਤੀ ਨੂੰ ਸਮਝਣ ਸਮਝਾਉਣ ਲਈ ਵਿਦਵਾਨ ਮੈਟਰੋ ਲਿੰਗੁਅਲਿਜ਼ਮ, ਹਾਈਪਰ ਡਾਇਵਰਸਿਟੀ, ਸੁਪਰ ਡਾਇਵਰਸਿਟੀ, ਟਰਾਂਸਗਲੌਸ਼ੀਆ, ਟਰਾਂਸਮੋਡਲ, ਪੋਸਟਟੈਕਸਚੂਅਲ, ਪੋਸਟ ਮਲਟੀਕਲਚਰਲਇਜ਼ਮ, ਆਦਿ ਵਰਗੇ ਨਵੇਂ-ਨਵੇਂ ਮਾਈਂਡ ਟੂਲਜ਼ ਵਿਕਸਤ ਕਰ ਰਹੇ ਹਨ।

ਭਾਵੇਂ ਟਰਾਂਸਲਿੰਗੁਇਸਟਿਕਸ ਦੇ ਨਾਮ 'ਤੇ ਪ੍ਰਚਾਰੀ ਜਾ ਰਹੀ ਇਸ ਸੋਚ ਦਾ ਆਧਾਰ ਤਾਂ ਬਾਖਤਿਨ ਦੀ 1981 ਦੀ ਹੈਟਰੋਗਲੌਸ਼ੀਆ ਦੀ ਧਾਰਨਾ ਹੀ ਹੈ। ਪਰ ਟਰਾਂਸਗਲੌਸ਼ੀਆ ਦੀ ਧਾਰਨਾ ਬਹੁਭਾਸ਼ਾਈ ਭਾਈਚਾਰਿਆਂ ਦੀ ਇਕ ਅਜਿਹੀ ਸੰਚਾਰ ਪ੍ਰੈਕਟਿਸ ਵੱਲ ਇਸ਼ਾਰਾ ਕਰਦੀ ਹੈ ਜੋ ਭਾਸ਼ਾ ਦੀ ਕੌਮੀ ਵਿਚਾਰਧਾਰਾ ਨੂੰ ਰੱਦ ਕਰ ਦਿੰਦੀ ਹੈ।

ਟਰਾਂਸਗਲੌਸ਼ੀਆ ਸਮਾਜ-ਭਾਸ਼ਾਈ ਅਧਿਐਨ ਦੇ ਖੇਤਰ ਵਿਚ ਆਉਣ ਵਾਲੀ ਇਕ ਅਜਿਹੀ ਪੈਰਾਡਾਈਮ ਸ਼ਿਫਟ ਹੈ ਜਿਸ ਨਾਲ ਦੋ ਤਬਦੀਲੀਆਂ ਵਾਪਰਦੀਆਂ ਹਨ। ਪਹਿਲੀ ਗੱਲ ਤਾਂ ਇਹ ਕਿ ਅਜੋਕੀ ਸੰਚਾਰ ਪ੍ਰੈਕਟਿਸ ਕੌਮੀ-ਭਾਸ਼ਾ ਦੀ ਥਾਂ 'ਤੇ ਸਮੇਂ-ਸਥਾਨ 'ਤੇ ਉਪਲਬਧ ਤਮਾਮ ਭਾਸ਼ਾਈ ਵਸੀਲਿਆਂ ਨੂੰ ਉਪਯੋਗ ਵਿਚ ਲਿਆਉਣਾ ਸ਼ੁਰੂ ਕਰ ਦਿੰਦੀ ਹੈ। ਦੂਸਰੇ ਇਹ ਕਿ ਸੰਚਾਰ ਲਈ ਸ਼ਬਦਾਂ ਦੇ ਨਾਲ-ਨਾਲ ਹੋਰਨਾਂ ਸੀਮੀਔਟਿਕ ਰੀਸੋਰਸਿਜ਼ ਨੂੰ ਵੀ ਵਰਤੋਂ ਵਿਚ ਲਿਆਇਆ ਜਾਂਦਾ ਹੈ। ਭਾਸ਼ਾ ਪ੍ਰਤੀ ਇਕ ਅਜਿਹੀ ਪਹੁੰਚ ਵਿਕਸਤ ਹੋ ਰਹੀ ਹੈ, ਜਿਥੇ ਦੋ ਜਾਂ ਦੋ ਤੋਂ ਵਧੇਰੇ ਭਾਸ਼ਾਵਾਂ ਬੋਲਣ ਵਾਲੇ ਲੋਕ ਇਨ੍ਹਾਂ ਭਾਸ਼ਾਵਾਂ ਨੂੰ ਪਹਿਲਾਂ ਵਾਂਗ ਆਜ਼ਾਦ ਅਤੇ ਖੁਦਮੁਖਤਾਰ ਭਾਸ਼ਾਈ ਪ੍ਰਬੰਧਾਂ ਦੇ ਤੌਰ 'ਤੇ ਨਹੀਂ ਵਰਤਦੇ। ਸਗੋਂ ਇਨ੍ਹਾਂ ਭਾਸ਼ਾਵਾਂ ਦੀ ਕਿਸੇ ਹੱਦ ਤੱਕ ਸਮਾਜਕ ਪੁਨਰ-ਸਥਾਪਨਾ ਵਿਚੋਂ ਪੁਨਰ-ਨਿਰਮਿਤ ਹੋ ਰਹੇ ਭਾਸ਼ਾਈ ਖਜ਼ਾਨੇ ਉਪਰ ਨਿਰਭਰ ਕਰਨਾ ਸ਼ੁਰੂ ਕਰ ਦਿੰਦੇ ਹਨ। ਇਕ ਅਜਿਹੀ ਸਥਿਤੀ ਜਿਥੇ ਆਪਣੀ ਗੱਲ ਨੂੰ ਸ਼ਰਦਾਰ ਢੰਗ ਨਾਲ ਕਹਿਣ ਲਈ ਹਰ ਕਿਸਮ ਦੇ ਸਿਮੀਔਟਿਕ ਅਤੇ ਨਾਨਸਿਮੀਔਟਿਕ ਵਸੀਲਿਆਂ ਦੀ ਸਹਾਇਤਾ ਲਈ ਜਾਦੀ ਹੈ। ਭਾਸ਼ਾਈ ਪ੍ਰਯੋਗ ਦੀ ਇਕ ਅਸਲੋਂ ਨਵੀਂ ਵਿਧਾ ਵਿਕਸਤ ਹੋ ਰਹੀ ਹੈ, ਜੋ ਆਧੁਨਿਕ/ ਬਸਤੀਵਾਦੀ ਜਗਤ ਦੁਆਰਾ ਸਥਾਪਤ ਹਾਈਰਾਰਕੀਕਲ ਪਛਾਣਾਂ ਨੂੰ ਵੀ ਚੁਣੌਤੀ ਪੇਸ਼ ਕਰਦੀ ਹੈ। ਸਥਿਰ ਭਾਸ਼ਾਈ ਪਛਾਣਾਂ ਵਿਚ ਬੱਝੇ ਸਬਆਲਟਰਨ ਭਾਈਚਾਰਿਆਂ ਲਈ ਨਵੀਆਂ ਸੰਭਾਵਨਾਵਾਂ ਜਗਾਉਂਦੀ ਹੈ।

**ਮੋਬਿਲਟੀ:** ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਸ਼ੀਤ ਯੁੱਧ ਦੇ ਖਾਤਮੇ ਉਪ੍ਰੰਤ ਵਿਦਿਆਰਥੀਆਂ, ਵਿਗਿਆਨੀਆਂ, ਤਕਨੀਕੀ ਮਾਹਿਰਾਂ, ਲੇਬਰ, ਸ਼ਰਨਾਰਥੀਆਂ, ਆਦਿ ਦੇ ਰੂਪ ਵਿਚ ਪਰਵਾਸ ਦੀ ਅਜਿਹੀ ਲਹਿਰ ਚੱਲੀ ਕਿ ਜੇ ਅੱਜ ਸਾਡੇ ਸਾਰਿਆਂ ਦੇ ਨਹੀਂ, ਤਾਂ ਸਾਡੇ ਵਿਚੋਂ ਬਹੁਤਿਆਂ ਦੇ ਪੰਜਾਬੀ ਬੋਲਣ ਵਾਲੇ ਬੱਚੇ, ਭੈਣ ਭਰਾ, ਰਿਸ਼ਤੇਦਾਰ ਅਤੇ ਦੋਸਤ ਮਿਤਰ ਵਿਦੇਸ਼ਾਂ ਵਿਚ ਬੈਠੇ ਹਨ। ਉਥੇ ਹਰ ਕਿਸਮ ਦੀਆਂ ਆਰਥਕ, ਰਾਜਨੀਤਕ ਅਤੇ ਸਮਾਜ-ਸਭਿਆਚਾਰਕ ਗਤੀਵਿਧੀਆਂ ਵਿਚ ਪੂਰੀ ਸ਼ਿਦਤ ਨਾਲ ਪਾਰਟੀਸੀਪੇਟ ਕਰਦੇ ਹਨ। ਆਪਣੀ ਮਾਂ-ਬੋਲੀ ਲਈ ਸੰਘਰਸ਼ ਵੀ ਕਰਦੇ ਹਨ।

ਅਸੀਂ ਲਗਭਗ ਹਰ ਖਿੱਤੇ ਵਿਚ ਮੌਜੂਦ ਹਾਂ। ਅਸੀਂ ਹੀ ਨਹੀਂ, ਉਥੋਂ ਦੇ ਸਥਾਨਕ ਭਾਈਚਾਰੇ ਤੋਂ ਇਲਾਵਾ ਹੋਰ ਵੀ ਅਨੇਕਾਂ ਲਿੰਗੁਇਸਟਿਕ ਕਮਿਊਨਿਟੀਜ਼ ਦੇ ਲੋਕ ਉਥੇ ਵਸੇ ਹੋਏ ਹਨ। ਕਈ ਪੁਰਾਣੇ ਆਏ ਹੋਏ ਹਨ ਅਤੇ ਕਈ ਨਵੇਂ। ਕੁਝ ਉਥੇ ਹੀ ਪੈਦਾ ਹੋਏ ਹਨ। ਕਈਆਂ ਦੇ ਬਹੁ-ਭਾਸ਼ਾਈ ਪਰਿਵਾਰ ਹਨ। ਦੁਨੀਆਂ ਦਾ ਹਰ ਖਿੱਤਾ ਬਹੁ-ਭਾਸ਼ਾਈ ਬਣਦਾ ਜਾ ਰਿਹਾ ਹੈ ਅਤੇ ਹਰ ਭਾਸ਼ਾ ਇਕ ਪਾਰ-ਰਾਸ਼ਟਰੀ ਭਾਸ਼ਾ। ਇਸ ਤਰ੍ਹਾਂ ਹਰ ਖਿੱਤੇ ਦੀ ਸਮਾਜ-ਭਾਸ਼ਾਈ ਵੰਨ-ਸੁਵੰਨਤਾ ਅਤੇ ਜਟਿਲਤਾ

*(ਬਾਕੀ ਅਗਲੇ ਸਫੇ 'ਤੇ)*

# ਮਤਲਬ ਦੇ ਰਿਸ਼ਤਿਆਂ ਤੋਂ ਹਮੇਸ਼ਾ ਬਣਾ ਕੇ ਰੱਖੋ ਦੂਰੀ

ਮਤਲਬ ਦਾ ਵਜ਼ਨ ਬਹੁਤ ਜ਼ਿਆਦਾ ਹੈ, ਤਾਂ ਹੀ ਤਾਂ ਮਤਲਬ ਨਿਕਲਦੇ ਹੀ ਰਿਸ਼ਤੇ ਹਲਕੇ ਹੋ ਜਾਂਦੇ ਹਨ।

ਅੱਜ ਦਾ ਇਨਸਾਨ ਝੂਠੇ ਤੇ ਮਤਲਬ ਦੇ ਰਿਸ਼ਤਿਆਂ ਦੀ ਜ਼ਿੰਦਗੀ ਜ਼ਿਆਦਾ ਜਿਉਂ ਰਿਹਾ ਹੈ। ਇਨ੍ਹਾਂ ਰਿਸ਼ਤਿਆਂ ਨੂੰ ਜ਼ਿਆਦਾ ਅਹਿਮੀਅਤ ਦੇ ਰਿਹਾ ਹੈ। ਝੂਠੀ ਵਾਹ-ਵਾਹ ਹੀ ਦੂਜਿਆਂ ਲਈ ਸਭ ਕੁੱਝ ਹੈ। ਪਾਕ ਰੂਹਾਂ ਦੇ ਰਿਸ਼ਤੇ ਤਾਂ ਹੁਣ ਕਿਤੇ ਦਿਖਾਈ ਹੀ ਨਹੀਂ ਦਿੰਦੇ। ਕੋਈ ਟਾਵਾਂ-ਟਾਵਾਂ ਹੀ ਹੋਵੇਗਾ ਜੋ ਰਿਸ਼ਤਿਆਂ ਨੂੰ ਸੱਚੇ ਦਿਲ ਨਾਲ ਨਿਭਾ ਰਿਹਾ ਹੋਵੇਗਾ। ਰਿਸ਼ਤਿਆਂ ਤੇ ਦੋਸਤੀ ਦੀ ਬੁਨਿਆਦ ਸੱਚ 'ਤੇ ਹੀ ਟਿਕੀ ਹੋਈ ਹੈ। ਜੇਕਰ

**ਪ੍ਰੋ.ਗਗਨਦੀਪ ਕੌਰ ਧਾਲੀਵਾਲ**
**ਫੋਨ: 99889-33161**

ਰਿਸ਼ਤਾ ਸੱਚ ਦੀ ਨੀਂਹ 'ਤੇ ਖੜ੍ਹਾ ਕਰਾਂਗੇ ਤਾਂ ਜ਼ਿਆਦਾ ਸਮੇਂ ਤੱਕ ਮਜ਼ਬੂਤ ਰਹੇਗਾ। ਕੋਈ ਰਿਸ਼ਤਾ ਝੂਠ ਜਾਂ ਮਤਲਬ ਨਾਲ ਬਣਾਉਂਦੇ ਹਾਂ ਤਾਂ ਉਹ ਜਲਦੀ ਹੀ ਖੇਰੂੰ-ਖੇਰੂੰ ਹੋ ਜਾਵੇਗਾ। ਯਾਦ ਰੱਖਿਓ ਇੱਕ ਝੂਠ ਦੇ ਬਣਾਏ ਰਿਸ਼ਤੇ ਨੂੰ ਬਚਾਉਣ ਲਈ ਲੱਖਾਂ ਝੂਠ ਬੋਲਣੇ ਪੈਣਗੇ। ਝੂਠੇ ਤੇ ਮਤਲਬੀ ਲੋਕ ਕਦੇ ਕਿਸੇ ਦੇ ਚੰਗੇ ਦੋਸਤ ਨਹੀਂ ਬਣ ਸਕਦੇ। ਮਤਲਬੀ ਲੋਕ ਆਪਣੇ ਮਤਲਬ ਲਈ ਕੁਝ ਵੀ ਕਰ ਸਕਦੇ ਹਨ ਪਰ ਧਿਆਨ ਰੱਖੋ ਕਿ ਰਿਸ਼ਤਿਆਂ ਨੂੰ ਕਿੱਦਾਂ ਨਿਭਾਉਣਾ ਤੇ ਬਚਾਉਣਾ ਹੈ ਤਾਂ ਕਿ ਲੋਕਾਂ ਦਾ ਰਿਸ਼ਤਿਆਂ 'ਤੇ ਯਕੀਨ ਬਣਿਆ ਰਹੇ। ਮਤਲਬੀ ਲੋਕਾਂ ਨੇ ਦੁਨੀਆ 'ਤੇ ਅਜਿਹਾ ਅਸਰ ਪਾਇਆ ਹੈ ਕਿ ਕਿਸੇ ਦਾ ਹਾਲ ਵੀ ਪੁੱਛੋ ਤਾਂ ਲੋਕ ਸਮਝਦੇ ਨੇ, ਇਹਨੂੰ ਕੋਈ ਕੰਮ ਹੋਣਾ। ਮਤਲਬੀ ਲੋਕ ਉੱਪਰੋਂ ਕੁੱਝ ਹੋਰ ਹੁੰਦੇ ਹਨ ਤੇ ਅੰਦਰੋਂ ਕੁੱਝ ਹੋਰ ਭਾਵ ਮਤਲਬੀ ਲੋਕ ਕਹਿੰਦੇ ਕੁੱਝ ਹੋਰ ਹਨ ਤੇ ਕਰਦੇ ਕੁੱਝ ਹੋਰ ਹਨ। ਸਾਫ ਦਿਲ ਇਨਸਾਨ ਦਾ ਮਤਲਬੀ ਲੋਕਾਂ ਨਾਲ ਰਹਿਣਾ ਤਾਂ ਦੂਰ ਉਨ੍ਹਾਂ ਨੂੰ ਦੇਖਣਾ ਵੀ ਪਸੰਦ ਨਹੀਂ ਕਰੇਗਾ। ਕਿਉਂਕਿ ਮਤਲਬੀ ਲੋਕਾਂ ਦੇ ਦਿੱਤੇ ਜ਼ਖ਼ਮ ਇੱਕ ਸਾਫ ਦਿਲ ਇਨਸਾਨ ਨੂੰ ਝੰਜੋੜ ਕੇ ਰੱਖ ਦਿੰਦੇ ਹਨ। ਠੀਕ ਹੀ ਕਿਹਾ ਹੈ ਕਿਸੇ ਨੇ ਕਿ

ਮੰਗ ਕੇ ਖਾਣ ਨਾਲੋਂ, ਕਰਨੀ ਮਜ਼ਦੂਰੀ ਚੰਗੀ ਏ,
ਅੱਜ ਕੱਲ੍ਹ ਦੇ ਮਤਲਬੀ ਲੋਕਾਂ ਤੋਂ ਥੋੜ੍ਹੀ ਦੂਰੀ ਚੰਗੀ ਏ...!!

ਇਸ ਮਤਲਬੀ ਦੁਨੀਆ ਵਿਚ ਕੋਈ ਕਿਸੇ ਦਾ ਆਪਣਾ ਨਹੀਂ ਖਾਸ ਕਰਕੇ ਮਤਲਬੀ ਤੇ ਝੂਠੇ ਲੋਕ ਕਦੇ ਕਿਸੇ ਦੇ ਸਕੇ ਨਹੀਂ ਹੁੰਦੇ। ਹਮੇਸ਼ਾ ਆਪਣੇ ਫਾਇਦੇ ਲਈ ਹੀ ਜੁੜੇ ਹੁੰਦੇ ਹਨ। ਕਈ ਦੋਸਤ ਮਤਲਬ ਲਈ ਸਾਡੀ ਏਨੀ ਕੁ ਖ਼ੁਸ਼ਾਮਦ ਕਰ ਦਿੰਦੇ ਹਨ ਕਿ ਅਸੀਂ ਉਸਦੇ ਹੀ ਹੋ ਕੇ ਰਹਿ ਜਾਂਦੇ ਹਾਂ। ਜਦੋਂ ਉਨ੍ਹਾਂ ਦਾ ਮਤਲਬ ਨਿਕਲ ਜਾਂਦਾ ਹੈ ਤਾਂ ਦੋ-ਚਾਰ ਦਿਨਾਂ ਬਾਅਦ ਉਹ ਇਹ ਕਹਿ ਦਿੰਦੇ ਹਨ ਬੱਸ ਯਾਰ ਹੋਰ ਨਹੀਂ ਨਿਭਦੀ, ਤੇਰੀ-ਮੇਰੀ ਸੋਚ ਨਹੀਂ ਮਿਲਦੀ ਤੇਰੇ ਨਾਲ ਰਹਿਣਾ ਗੱਲ ਕਰਨੀ ਮਜਬੂਰੀ ਸੀ। ਮੈਨੂੰ ਮੁਆਫ ਕਰ ਦੇ ਦੋਸਤ ਮੈਂ ਮਜਬੂਰ ਹਾਂ ਇਹ ਕਹਿ ਕੇ ਪੱਲਾ ਛੁਡਾ ਲੈਂਦੇ ਹਨ। ਉਹ ਨਹੀਂ ਸੋਚਦੇ ਜਿਸ ਇਨਸਾਨ ਨੇ ਤੁਹਾਨੂੰ ਆਪਣਾ ਬਣਾ ਹੀ ਲਿਆ ਹੋਵੇ ਉਸਨੂੰ



ਇਸ ਤਰ੍ਹਾਂ ਤੋੜਨਾ ਉਸਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ, ਸਾਫ ਦਿਲ ਨੂੰ ਤੋੜਨਾ ਸਭ ਤੋਂ ਵੱਡਾ ਜੁਰਮ ਹੈ। ਕਹਿੰਦੇ ਹਨ ਕਿ ਪਿਆਰ ਤੇ ਦੋਸਤੀ ਵਿਚ ਕੀਤੇ ਗਏ ਧੋਖੇ ਦੀ ਕੋਈ ਮੁਆਫ਼ੀ ਨਹੀਂ ਹੁੰਦੀ। ਏਥੇ ਕੋਈ ਪਿਆਰ ਨਹੀਂ ਹੈ ਕੋਈ ਦੋਸਤ ਨਹੀਂ, ਕੋਈ ਭੈਣ-ਭਰਾ ਨਹੀਂ, ਝੂਠੇ ਤੇ ਮਤਲਬੀ ਲੋਕਾਂ ਨੇ ਸਾਰੇ ਰਿਸ਼ਤੇ ਖਤਮ ਕਰ ਦਿੱਤੇ ਹਨ। ਜੇਕਰ ਸੱਚਾ ਰਿਸ਼ਤਾ ਹੈ ਉਹ ਮਾਂ-ਬਾਪ ਦ ਰਿਸ਼ਤਾ। ਮੇਰੇ ਅਨੁਸਾਰ ਕੁੱਝ ਮਤਲਬੀ ਲੋਕ ਇਸ ਤਰ੍ਹਾਂ ਦੇ ਵੀ ਹੁੰਦੇ ਹਨ:

ਇਸ ਦੁਨੀਆ ਵਿਚ ਮੱਦਦਗਾਰ ਬੜੇ ਨੇ,
ਪਲ ਵਿਚ ਆਪਣਾ ਬਣਾ ਲੈਣ,
ਪਲ ਵਿਚ ਵਿਸਾਰ ਦੇਣ,
ਇਹੋ ਜਿਹੇ ਖੁਦਗਾਰ ਬੜੇ ਨੇ।
ਕੰਮ ਦੇ ਨਾਲ ਮਤਲਬ ਰੱਖਦੇ,
ਪਿੱਠ ਪਿੱਛੇ ਆਪਣੇ ਹੀ ਠੱਗਦੇ,
ਸਭ ਕੁੱਝ ਲੁੱਟ ਲੈ ਜਾਣ,
ਪੈਸੇ ਦੇ ਯਾਰ ਬੜੇ ਨੇ।
ਕਈ ਫੁੱਲਾਂ ਦੀ ਤਰ੍ਹਾਂ ਮੁਸਕਰਾਉਂਦੇ,
ਸਾਰਿਆਂ ਦੇ ਦਿਲਾਂ ਨੂੰ ਭਾਉਂਦੇ,
ਪਰ ਫੁੱਲਾਂ ਨਾਲ ਵੀ ਖਾਰ ਬੜੇ ਨੇ।
ਧਾਲੀਵਾਲ ਕਈ ਝੂਠ ਨੂੰ ਸੱਚ ਕਹਿੰਦੇ,
ਤੇ ਸੱਚ ਨੂੰ ਝੁਠਲਾਉਂਦੇ,
ਗਗਨ ਦੁਨੀਆ 'ਤੇ ਮਤਲਬੀ ਯਾਰ ਬੜੇ ਨੇ।

ਕੁੱਝ ਲੋਕ ਗਿਰਗਿਟ ਵਾਂਗ ਹੁੰਦੇ ਹਨ ਜੋ ਮਤਲਬ ਨਿਕਲਦਿਆਂ ਹੀ ਰੰਗ ਬਦਲ ਲੈਂਦੇ ਹਨ। ਜੋ ਲੋਕ ਕਹਿੰਦੇ ਹਨ ਕਿ ਭਰੋਸਾ ਕਰੋ ਅਸੀਂ ਦੂਜਿਆਂ ਵਰਗੇ ਨਹੀਂ ਅਸਲ ਵਿਚ ਉਹੀ ਭਾਵਨਾਵਾਂ ਨਾਲ ਖੇਡਦੇ ਹਨ। ਮੌਕਾਪ੍ਰਸਤ ਲੋਕ ਜ਼ੁਬਾਨ ਦੇ ਥੋੜ੍ਹੇ ਜ਼ਿਆਦਾ ਮਿੱਠੇ ਹੁੰਦੇ ਹਨ। ਮਤਲਬੀ ਤੇ ਝੂਠੇ ਲੋਕਾਂ ਕੋਲ ਮਤਲਬ ਕੱਢਣ ਦੇ ਬਹੁਤ ਤਰੀਕੇ ਹੁੰਦੇ ਹਨ ਉਹ ਖ਼ੁਦ ਹੀ ਗਵਾਹ ਬਣ ਜਾਂਦੇ ਹਨ ਤੇ ਖ਼ੁਦ ਹੀ ਵਕੀਲ ਤੇ ਜੱਜ ਬਣ ਜਾਂਦੇ ਹਨ।

ਕਿਸੇ ਨੇ ਬਾਖ਼ੂਬੀ ਮਤਲਬੀ ਲੋਕਾਂ ਬਾਰੇ ਕਿਹਾ ਹੈ:

'ਮਤਲਬੀ ਲੋਕਾਂ ਨਾਲ ਰਹਿਣ ਦਾ ਮਜ਼ਾ ਹੀ ਵੱਖਰਾ ਹੈ, ਥੋੜ੍ਹੀ ਤਕਲੀਫ ਤਾਂ ਜ਼ਰੂਰ ਹੁੰਦੀ ਹੈ ਪਰ ਦੁਨੀਆ ਦੇ ਦਰਸ਼ਨ ਉਨ੍ਹਾਂ ਦੇ ਅੰਦਰ ਹੋ ਜਾਂਦੇ ਹਨ।'

ਮਤਲਬੀ ਦੋਸਤ ਹਮੇਸ਼ਾ ਤੁਹਾਨੂੰ ਝੂਠ ਇਸ ਤਰ੍ਹਾਂ ਦੱਸਣਗੇ ਕਿ ਤੁਹਾਨੂੰ ਸੁਣਨ ਨੂੰ ਵਧੀਆ ਲੱਗੇ। ਬਿਲਕੁਲ ਠੀਕ ਕਿਹਾ ਹੈ ਕਿ -ਮਤਲਬ ਦਾ ਵਜ਼ਨ ਬਹੁਤ ਜ਼ਿਆਦਾ ਹੈ, ਤਾਂ ਹੀ ਤਾਂ ਮਤਲਬ ਨਿਕਲਦੇ ਹੀ ਰਿਸ਼ਤੇ ਹਲਕੇ ਹੋ ਜਾਂਦੇ ਹਨ।

ਮਤਲਬ ਨਾਲ ਕੀਤਾ ਪਿਆਰ ਕਿਤੇ ਨਾ ਕਿਤੇ ਬੰਦੇ ਨੂੰ ਏਹੋ ਜਿਹੀ ਠੋਕਰ ਮਾਰਦਾ ਬੰਦਾ ਕਿਸੇ ਕੰਮ ਦਾ ਹੀ ਨਹੀਂ ਰਹਿੰਦਾ, ਕਦੇ ਉਨ੍ਹਾਂ ਦੀ ਕਦਰ ਕਰਕੇ ਦੇਖੋ ਜੋ ਤੁਹਾਨੂੰ ਬਿਨਾਂ ਮਤਲਬ ਤੋਂ ਪਿਆਰ ਕਰਦੇ ਹਨ। ਇਹੋ ਪਤਾ ਨਹੀਂ ਲੱਗਿਆ ਹਾਲੇ ਤੱਕ ਮੈਨੂੰ ਵੀ ਕਿ ਮਤਲਬ ਲਈ ਲੋਕ ਕਿਓਂ ਮੇਹਰਬਾਨ ਹੁੰਦੇ ਹਨ। ਅੱਜ ਦੇ ਸਮੇਂ ਵਿਚ ਕੋਈ ਸੱਚਾ ਪਿਆਰ ਸੱਚਾ ਰਿਸ਼ਤਾ ਨਹੀਂ ਹੈ, ਸਾਰੇ ਮਤਲਬ ਨਾਲ ਬੱਝੇ ਹੋਏ ਹਨ, ਅੱਜ-ਕੱਲ੍ਹ ਪਿਆਰ ਦਾ ਕੋਈ ਮਤਲਬ ਨਹੀਂ ਹੈ ਪਰ ਹਾਂ ਅੱਜ-ਕੱਲ੍ਹ ਮਤਲਬ ਦਾ ਪਿਆਰ ਜ਼ਰੂਰ ਹੁੰਦਾ ਹੈ। ਅੱਜ ਤਾਂ ਮਤਲਬੀ ਲੋਕ ਏਥੋਂ ਤੱਕ ਗਿਰ ਚੁੱਕੇ ਹਨ ਕਿ ਰੱਬ ਵੀ ਮਤਲਬੀ ਲੋਕਾਂ ਨੂੰ ਬਦਲ ਨਹੀਂ ਸਕਿਆ ਜਦ ਕਿ ਮਤਲਬੀ ਲੋਕਾਂ ਨੇ ਅਨੇਕਾਂ ਰੱਬ ਬਦਲ ਲਏ ਹਨ। ਹਮੇਸ਼ਾਂ ਰਿਸ਼ਤੇ ਸਮਝਦਾਰੀ ਨਾਲ ਨਿਭਾਉਣੇ ਚਾਹੀਦੇ ਹਨ ਜਿਸ ਵਿਚ ਮਤਲਬ ਜਾਂ ਝੂਠ ਸ਼ਬਦ ਆ ਜਾਵੇ ਉਹ ਰਿਸ਼ਤੇ ਰਿਸ਼ਤੇ ਨਹੀਂ ਰਹਿੰਦੇ ਸਗੋਂ ਵਪਾਰ ਬਣ ਜਾਂਦੇ ਹਨ। ਉਨ੍ਹਾਂ ਦੇ ਟੁੱਟਣ 'ਤੇ ਅਫਸੋਸ ਨਹੀਂ ਸ਼ੁਕਰ ਕਰਨਾ ਚਾਹੀਦਾ ਜਿਹੜੇ ਮਤਲਬ ਦੇ ਹੋਣ।

ਯਾਦ ਰੱਖਿਓ ਹਮੇਸ਼ਾ ਇੱਕ ਪਰਮਾਤਮਾ ਤੇ ਮਾਂ ਦਾ ਪਿਆਰ ਹੀ ਸੱਚਾ ਹੈ ਜੋ ਬਿਨਾ ਮਤਲਬ ਦੇ ਹੈ। ਕਿਸੇ ਸ਼ਾਇਰ ਨੇ ਸਹੀ ਕਿਹਾ ਹੈ -

'ਇੱਕ ਮਾਂ ਦੂਜਾ ਰੱਬ ਮੈਨੂੰ ਦੋਵੇਂ ਆ ਪਿਆਰੇ
ਬਾਕੀ ਮਤਲਬ ਨਿਕਲੇ ਤੇ ਭੁੱਲ ਜਾਂਦੇ ਸਾਰੇ।

ਕੁੱਝ ਲੋਕ ਸਿਰਫ ਮਤਲਬ ਲਈ ਹੀ ਤੁਹਾਡੇ ਨਾਲ ਰਹਿਣਾ ਪਸੰਦ ਕਰਦੇ ਹਨ ਤੇ ਕੁੱਝ ਲੋਕਾਂ ਦੀ ਵਫਾ ਅਕਸਰ ਉੱਥੋਂ ਤੱਕ ਹੀ ਹੁੰਦੀ ਹੈ ਜਿੱਥੋਂ ਤੱਕ ਉਨ੍ਹਾਂ ਨੂੰ ਮਤਲਬ ਹੁੰਦਾ ਹੈ। ਮਤਲਬ ਲੋਕਾਂ ਨੇ ਰਿਸ਼ਤਿਆਂ ਦਾ ਵਪਾਰ ਬਣਾ ਦਿੱਤਾ ਜਦੋਂ ਜੀ ਚਾਹੋ ਅਪਣਾ ਲਵੋ ਜਦੋਂ ਜੀ ਕੀਤਾ ਤੋੜ ਦੇਵੋ। ਕਦਰ ਕਰੋ ਉਨ੍ਹਾਂ ਦੀ ਜੋ ਤੁਹਾਨੂੰ ਬਿਨਾ ਮਤਲਬ ਦੇ ਚਾਹੁੰਦੇ ਨੇ ਕਿਉਂਕਿ ਦੁਨੀਆ ਵਿਚ ਖਿਆਲ ਰੱਖਣ ਵਾਲੇ ਘੱਟ ਤੇ ਤਕਲੀਫ ਦੇਣ ਵਾਲੇ ਵਧੇਰੇ ਮਿਲਦੇ ਹਨ। ਅੱਜ ਦੇ ਯੁੱਗ ਵਿਚ ਪਿਆਰ ਅਤੇ ਮਤਲਬ ਰੇਤ ਵਿਚ ਮਿਲੀ ਹੋਈ ਖੰਡ ਵਾਂਗ ਨੇ, ਜਿਨ੍ਹਾਂ ਨੂੰ ਅੱਡ-ਅੱਡ ਕਰਨਾ ਮੁਸ਼ਕਿਲ ਹੀ ਨਹੀਂ ਅਸੰਭਵ ਹੈ! ਮਤਲਬੀ ਲੋਕਾਂ ਨੂੰ ਕਦੇ ਵੀ ਚੈਨ ਨਹੀਂ ਮਿਲਦਾ ਉਹ ਹਮੇਸ਼ਾ ਭਟਕਦੇ ਰਹਿੰਦੇ ਹਨ ਨਾ ਹੀ ਕੋਈ ਉਨ੍ਹਾਂ ਨੂੰ ਮੂੰਹ ਲਾਉਂਦਾ ਹੈ। ਮਤਲਬੀ ਲੋਕ ਚੰਗੇ ਲੋਕਾਂ ਦੀ ਜ਼ਿੰਦਗੀ ਵਿਚ ਜ਼ਿਆਦਾ ਸਮਾਂ ਨਹੀਂ ਠਹਿਰ ਸਕਦੇ ਕਿਉਂਕਿ ਸਮਝਦਾਰ ਲੋਕ ਹਮੇਸ਼ਾ ਹੀ ਉਨ੍ਹਾਂ ਤੋਂ ਕਿਨਾਰਾ ਕਰ ਲੈਂਦੇ ਹਨ। ਝੂਠੇ ਲੋਕ ਹਮੇਸ਼ਾ ਕਿਸੇ ਦੀ ਇਮਾਨਦਾਰੀ ਤੇ ਮਾਸੂਮੀਅਤ ਦਾ ਫਾਇਦਾ ਉਠਾਉਂਦੇ ਹਨ ਤੇ ਉਨ੍ਹਾਂ ਦੇ ਫੁੱਲਾਂ ਜਿਹੇ ਦਿਲ ਨੂੰ ਝੰਜੋੜ ਕੇ ਰੱਖ ਦਿੰਦੇ ਹਨ ਜੋ ਸਭ ਤੋ ਵੱਡਾ ਜੁਰਮ ਹੈ। ਉਨ੍ਹਾਂ ਦੀਆ ਭਾਵਨਾਵਾਂ ਨਾਲ ਖੇਡਦੇ ਹਨ ਜਦੋਂ ਜੀ ਭਰ ਜਾਂਦਾ ਹੈ ਤਾਂ ਦੂਰ ਹੋਣ ਦੇ ਬਹਾਨੇ ਘੜਦੇ ਹਨ। ਅਜਿਹੇ ਲੋਕਾਂ ਤੋਂ ਜਿੰਨਾ ਬਚਿਆ ਜਾਵੇ ਚੰਗਾ ਹੈ। ਕਦੇ ਵੀ ਕਿਸੇ ਨਾਲ ਮਾੜਾ ਵਿਵਹਾਰ ਨਾ ਕਰੋ ਨਾ ਹੀ ਕੋਈ ਮਤਲਬ ਦਾ ਰਿਸ਼ਤਾ ਬਣਾਓ ਜਦੋਂ ਕੋਈ ਮਤਲਬ ਦਾ ਬਣਾਇਆ ਰਿਸ਼ਤਾ ਟੁੱਟਦਾ ਹੈ ਤਾਂ ਪਤਾ ਨਹੀਂ ਕਿੰਨਿਆਂ ਦਾ ਵਿਸ਼ਵਾਸ ਚਕਨਾਚੂਰ ਹੋ ਜਾਂਦਾ ਹੈ ਤੇ ਕਿੰਨੇ ਹੀ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ। ਮਤਲਬ ਦੇ ਰਿਸ਼ਤਿਆਂ ਤੋਂ ਹਮੇਸ਼ਾ ਦੂਰੀ ਬਣਾ ਕੇ ਰੱਖੋ।

---

*(ਪਿਛਲੇ ਸਫੇ ਦਾ ਬਾਕੀ)*

ਤੇਜ਼ੀ ਨਾਲ ਵਧ ਰਹੀ ਹੈ। ਕਿਸੇ ਵੀ ਖਿਤੇ ਦਾ ਭਾਈਚਾਰਾ ਆਪਣੇ ਆਪ ਨੂੰ ਕਿਵੇਂ ਕਲਪਿਤ ਕਰਦਾ ਹੈ, ਇਹ ਕਹਾਣੀ ਬਿਲਕੁਲ ਬਦਲ ਚੁਕੀ ਹੈ। ਇਕ ਗੱਲ ਹੋਰ ਕਿ ਹੁਣ ਕਿਸੇ ਵੀ ਖਿਤੇ ਦੀ ਸਮਾਜਕ, ਸਭਿਆਚਾਰਕ, ਆਰਥਕ ਅਤੇ ਰਾਜਨੀਤਕ ਸਟਰਕਚਰਜ਼ ਦੀ ਡਾਇਨੈਮਿਕਸ ਨੂੰ ਸਮਝਣ ਲਈ ਉਸ ਖਿੱਤੇ ਦੀ ਸਮਾਜ-ਭਾਸ਼ਾਈ ਤਫਤੀਸ਼ ਪਹਿਲ ਦੇ ਆਧਾਰ 'ਤੇ ਜ਼ਰੂਰੀ ਹੋ ਗਈ ਹੈ।

**ਸੁਪਰਡਾਇਵਰਸਟੀ:** ਪਿਛਲੇ ਦੋ-ਢਾਈ ਦਹਾਕਿਆਂ ਤੋਂ ਪਹਿਲਾਂ ਨਾਲੋਂ ਕਿਤੇ ਵਧੇਰੇ ਲੋਕ, ਕਿਤੇ ਵਧੇਰੇ ਥਾਵਾਂ ਤੋਂ ਵੱਖੋ-ਵੱਖਰੇ ਸਧਾਨਾਂ ਵਿਚ ਵੱਖੋ-ਵੱਖਰੀਆਂ ਸਥਿਤੀਆਂ ਅਧੀਨ ਵੱਖੋ-ਵੱਖ ਸੁਪਨੇ ਲੈ ਕੇ ਪਰਵਾਸ ਕਰ ਰਹੇ ਹਨ; ਜਿਸਦੇ ਨਤੀਜੇ ਵਜੋਂ ਦੁਨੀਆਂ ਦੀ ਐਥਨਿਕ, ਸਮਾਜਕ, ਸਭਿਆਚਾਰਕ ਅਤੇ ਆਰਥਕ ਵੰਨ-ਸੁਵੰਨਤਾ ਹਰ ਥਾਂ ਤੇਜ਼ੀ ਨਾਲ ਵਧ ਰਹੀ ਹੈ। ਇਹ ਅਸਥਾਈ, ਅਨਿਸ਼ਚਿਤ ਅਤੇ ਗਤੀਸ਼ੀਲ ਵੰਨ-ਸੁਵੰਨਤਾ ਇੰਟਰਨੈਟ, ਸੋਸ਼ਲ ਮੀਡੀਆ, ਆਨਲਾਈਨ ਗੇਮਿੰਗ, ਮਸ਼ੀਨ ਲਰਨਿੰਗ, ਨੈਚੁਰਲ ਲੈਂਗੂਏਜ਼ ਪਰੋਸੈਸਿੰਗ ਅਤੇ ਸਮਾਰਟ ਫੋਨ ਦੀ ਆਮਦ ਨਾਲ ਹੋਰ ਵੀ ਜਟਿਲ ਹੋ ਗਈ ਹੈ। ਸਟੀਵਨ ਵੋਟੈਲਵੇਕ ਨੇ ਇਸ ਨੂੰ ਸੁਪਰਡਾਇਵਰਸਟੀ ਦਾ ਨਾਮ ਦਿੱਤਾ ਹੈ।

**ਇੰਟਰਨੈਟ ਅਤੇ ਅੰਗਰੇਜ਼ੀ ਭਾਸ਼ਾ:** ਇਸ ਭੈਅ ਤੋਂ ਮੁਕਤ ਹੋਣ ਦੀ ਲੋੜ ਹੈ ਕਿ ਇੰਟਰਨੈਟ ਦੀ ਤਕਨਾਲੌਜੀ ਰਾਹੀਂ ਅੰਗਰੇਜ਼ੀ ਜ਼ੁਬਾਨ ਘੱਟ-ਗਿਣਤੀ ਜ਼ੁਬਾਨਾਂ ਨੂੰ ਖਾ ਜਾਵੇਗੀ। ਕਿਉਂਕਿ ਇੰਟਰਨੈਟ ਦੇ ਪਹਿਲੇ ਨੀਤੀਘਾੜੇ ਅਮਰੀਕਨ ਸਨ, ਇਸ ਲਈ ਉਨ੍ਹਾਂ ਦੀ ਚਿੰਤਾ ਕੇਵਲ ਏਨੀ ਹੀ ਸੀ ਕਿ ਅੰਗਰੇਜ਼ੀ ਵਿਚ ਆਨਲਾਈਨ ਸੰਚਾਰ ਨੂੰ ਕਿਵੇਂ ਸੁਖਾਲਾ ਕਰਨਾ ਹੈ। ਉਨ੍ਹਾਂ ਨੇ ਇਹ ਗੱਲ ਸੋਚੀ ਹੀ ਨਹੀਂ ਕਿ ਗੈਰ-ਅੰਗਰੇਜ਼ੀ ਭਾਸ਼ਾਵਾਂ ਦੇ ਲੋਕ ਇੰਟਰਨੈਟ ਉਪਰ ਸੰਚਾਰ ਕਿਵੇਂ ਕਰਨਗੇ। ਇਸੇ ਲਈ ਇੰਟਰਨੈਟ ਦਾ ਟੈਕਸਟ-ਟਰਾਂਸਮਿਸ਼ਨ ਪਰੋਟੋਕੋਲ ਅਮੈਰਿਕਨ ਸਟੈਂਡਰਡ ਕੋਡ ਫਾਰ ਇਨਫਾਰਮੇਸ਼ਨ ਇੰਟਰਚੇਂਜ ਉਪਰ ਅਧਾਰਿਤ ਹੈ। ਇਸ ਲਈ ਜਿਸ ਕਿਸੇ ਨੇ ਵੀ ਆਨਲਾਈਨ ਟੈਕਸਟ ਐਕਸਚੇਂਜ ਕਰਨੀ ਹੁੰਦੀ ਸੀ, ਉਸਨੂੰ ਇਹ ਰੋਮਨ ਸਕਰਿਪਟ ਵਿਚ ਹੀ ਕਰਨੀ ਪੈਂਦੀ ਸੀ। ਪਹਿਲਾਂ ਪਹਿਲ ਤਾਂ ਇਸ ਸਮੱਸਿਆ ਉਪਰ ਕਾਬੂ ਪਾਉਣ ਲਈ ਏ ਐਸ ਸੀ ਆਈ ਆਈ ਸਿਸਟਮ ਨੂੰ ਵੱਖਰੀਆਂ ਸਕਰਿਪਟਸ ਦੀਆਂ ਜ਼ਰੂਰਤਾਂ ਮੁਤਾਬਕ ਅਡੈਪਟ ਕਰਨ ਲਈ ਬਹੁਤ ਸਾਰੀਆਂ ਤਰਕੀਬਾਂ ਕੱਢੀਆਂ ਗਈਆਂ ਪਰ ਇਸ ਸਮੱਸਿਆ ਦਾ ਪੱਕਾ ਹੱਲ ਤਾਂ ਯੂਨੀਕੋਡ ਦੀ ਆਮਦ ਨਾਲ ਹੀ ਸਾਹਮਣੇ ਆਇਆ। ਨਤੀਜੇ ਵਜੋਂ ਹੁਣ ਗੈਰ-ਅੰਗਰੇਜ਼ੀ ਟੈਕਸਟ ਦੀ ਆਨਲਾਈਨ ਵਰਤੋਂ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਖੈਰ ਗੂਗਲ ਦੀ ਇਕ ਰਿਪੋਰਟ ਮੁਤਾਬਕ ਇਸ ਵੇਲੇ ਭਾਰਤ ਵਿਚ ਇੰਟਰਨੈਟ ਦਾ ਇਸਤੇਮਾਲ ਕਰਨ ਵਾਲਿਆਂ ਵਿਚੋਂ ਨੱਬੇ ਪ੍ਰਤੀਸ਼ਤ ਤੋਂ ਵਧੇਰੇ ਲੋਕ ਗੈਰ-ਅੰਗਰੇਜ਼ੀ ਜ਼ੁਬਾਨਾਂ ਬੋਲਣ ਵਾਲੇ ਹਨ। ਦੁਨੀਆਂ ਵਿਚ ਇੰਟਰਨੈਟ ਉਪ ਅੰਗਰੇਜ਼ੀ ਦਾ ਇਸਤੇਮਾਲ ਲਗਾਤਾਰ ਘਟ ਰਿਹਾ ਹੈ ਅਤੇ ਦੂਸਰੀਆਂ ਜ਼ੁਬਾਨਾਂ ਦਾ ਵਧ ਰਿਹਾ ਹੈ।

**ਕੌਂਪਲੈਕਸਟੀ:** ਜਟਿਲ ਪਰਵਾਸ ਅਤੇ ਦੁਨੀਆਂ ਦੀ ਡਿਜੀਟਲ ਨੈੱਟਵਰਕਿੰਗ ਨੇ ਸਾਡੇ ਪੰਜਾਬੀਆਂ ਸਾਹਮਣੇ ਦੋ ਬੜੇ ਸੁਆਲ ਖੜ੍ਹੇ ਕਰ ਦਿਤੇ ਹਨ ਕਿ ਕੌਣ ਪੰਜਾਬੀ ਹੈ ਅਤੇ ਕੌਣ ਗੈਰ-ਪੰਜਾਬੀ। ਬਿਗਾਨਾ ਕੌਣ ਹੈ ਅਤੇ ਆਪਣਾ ਕੌਣ। ਕੀ ਆਪਣੇ ਅਤੇ ਬੇਗਾਨੇ ਵਿਚਲਾ ਅੰਤਰ ਮਿਟਦਾ ਨਹੀਂ ਜਾ ਰਿਹਾ। ਮੇਰੀ ਇਕ ਪੁਰਾਣੀ ਕੁਲੀਗ ਹੈ ਡਾ. ਗਰੇਵਾਲ ਜੋ ਇਥੇ ਪੰਜਾਬ ਵਿਚ ਸਰਕਾਰੀ ਅਹੁਦੇ 'ਤੇ ਕੰਮ ਕਰਦੀ ਹੈ। ਉਸਦਾ ਪਤੀ ਮਲਟੀਨੈਸ਼ਨਲ ਕੰਪਨੀ ਵਿਚ ਕੰਮ ਕਰਦਾ ਹੈ ਅਤੇ ਅੱਜ-ਕਲ੍ਹ ਦੁਬਈ ਵਿਚ ਪੋਸਟਡ ਹੈ। ਮਾਂ-ਬਾਪ ਯੂ ਪੀ ਵਿਚ ਫਾਰਮ 'ਤੇ ਰਹਿੰਦੇ ਹਨ। ਲੜਕਾ ਬ੍ਰਿਟਿਸ਼ ਕੋਲੰਬੀਆ ਯੂਨੀਵਰਸਟੀ (ਕਨੇਡਾ) ਵਿਚ ਪੜ੍ਹ ਰਿਹਾ ਹੈ ਅਤੇ ਲੜਕੀ ਅਮਰੀਕਾ ਵਿਚ ਡਾਕਟਰ ਹੈ। ਵੱਡੀ ਭੈਣ ਦਾ ਪਤੀ ਤੇਲਗੂ ਹੈ ਅਤੇ ਛੋਟੇ ਭਰਾ ਦੀ ਪਤਨੀ ਗੁਜਰਾਤੀ। ਦੋਨੋਂ ਪਰਿਵਾਰ ਹੈਦਰਾਬਾਦ ਵਿਚ ਰਹਿੰਦੇ ਹਨ। ਇਕ ਭੈਣ ਦਿੱਲੀ ਰਹਿੰਦੀ ਹੈ ਜਿਸ ਕੋਲ ਇਨ੍ਹਾਂ ਸਾਰਿਆਂ ਦਾ ਅਕਸਰ ਆਉਣ-ਜਾਣ ਬਣਿਆ ਰਹਿੰਦਾ ਹੈ। ਬੱਚੇ ਹੈਦਰਾਬਾਦ, ਦਿੱਲੀ ਅਤੇ ਸਿੰਗਾਪਰ ਵਿਚ ਪੜ੍ਹਦੇ ਹਨ। ਪੰਜਾਬੀ ਸਾਰੇ ਸਮਝਦੇ ਹਨ। ਥੋੜ੍ਹੀ ਬਹੁਤੀ ਬੋਲ ਵੀ ਲੈਂਦੇ ਹਨ। ਗੁਰਦੁਆਰੇ ਸਾਰੇ ਜਾਂਦੇ ਹਨ। ਸੋਸ਼ਲ ਮੀਡੀਆ 'ਤੇ ਇਕ ਗਰੁਪ ਬਣਿਆ ਹੋਇਆ ਹੈ ਜਿਸ ਉਪਰ ਇਹ ਸਾਰੇ ਆਪਸ ਵਿਚੀਂ ਕੁਨੈਕਟਿਡ ਹਨ। ਜਿਸ ਭਾਸ਼ਾ ਵਿਚ ਇਹ ਚੈਟ ਕਰਦੇ ਹਨ ਉਸ ਨੂੰ ਪਰੌਪਰ ਅੰਗਰੇਜ਼ੀ ਵੀ ਨਹੀਂ ਕਿਹਾ ਜਾ ਸਕਦਾ। ਬੌਲੀਵੁਡ ਦੀ ਹਿੰਦੀ ਦਾ ਦਖਲ ਸਾਫ ਦਿਖਾਈ ਦਿੰਦਾ ਹੈ। ਪੰਜਾਬੀ, ਤੇਲਗੂ ਅਤੇ ਗੁਜਰਾਤੀ ਵੀ ਕਿਧਰੇ-ਕਿਧਰੇ ਮਿਕਸ ਹੁੰਦੀਆਂ ਹਨ। ਇਮੋਟੀਕੋਨ, ਸੈਲਫੀਆਂ ਅਤੇ ਪਾਪੂਲਰ ਮੀਡੀਆ ਦੀਆਂ ਕਲਿਪਿੰਗਜ਼ ਦਾ ਵੀ ਖ਼ੂਬ ਇਸਤੇਮਾਲ ਕਰਦੇ ਹਨ। ਇਹ ਕੋਈ ਐਕਸੈਪਸ਼ਨਲ ਪਰਿਵਾਰ ਨਹੀਂ। ਅਜਿਹੇ ਜਟਿਲ ਪਰਿਵਾਰਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਇਕੱਲੇ ਪਾਰ-ਰਾਸ਼ਟਰੀ ਪੰਜਾਬੀ ਪਰਿਵਾਰਾਂ ਦੀ ਗੱਲ ਨਹੀਂ। ਲੱਖਾਂ ਦੀ ਗਿਣਤੀ ਵਿਚ ਹਰ ਸਾਲ ਕਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਸਿੰਗਾਪੁਰ ਆਦਿ ਮੁਲਕਾਂ ਨੂੰ ਜਾ ਰਹੇ ਵਿਦਿਆਰਥੀਆਂ ਦੀ ਵੀ ਗੱਲ ਨਹੀਂ। ਮੇਰੇ ਆਪਣੇ ਵੀਹ ਏਕੜ ਅੰਦਰ ਫੈਲੇ ਕਾਲਿਜ ਵਿਚ ਚੌਂਤੀ ਮੁਲਕਾਂ ਅਤੇ ਛੇ ਭਾਰਤੀ ਰਾਜਾਂ ਦੇ ਸਤਾਰਾਂ ਜ਼ੁਬਾਨਾਂ ਬੋਲਣ ਵਾਲੇ ਬੱਚੇ ਕਲਾਸਰੂਮਾਂ ਵਿਚ ਇਕੱਠੇ ਬੈਠਦੇ ਹਨ, ਇਮਤਿਹਾਨਾਂ ਵਿਚ ਨਕਲਾਂ ਮਾਰਦੇ ਹਨ, ਸਾਂਝੇ ਨਾਚ ਨੱਚਦੇ ਹਨ, ਆਸ਼ਕੀਆਂ ਕਰਦੇ ਹਨ, ਫੁਟਬਾਲ ਦੇ ਮੈਚ ਖੇਡਦੇ ਹਨ, ਯੂਥ ਫੈਸਟੀਵਲਾਂ ਵਿਚ ਭਾਗ ਲੈਂਦੇ ਹਨ, ਹੋਸਟਲਾਂ ਵਿਚ ਇਕੱਠੇ ਖੜਮਸਤੀਆਂ ਕਰਦੇ ਹਨ। ਲੜਾਈਆਂ ਵੀ ਲੜਦੇ ਹਨ। ਸੁਰਜੀਤ ਪਾਤਰ ਦੇ ਨੰਦ ਕਿਸ਼ੋਰਾਂ ਦੀ ਗਿਣਤੀ ਹੀ ਨਹੀਂ, ਰੇਂਜ ਅਤੇ ਵੰਨ-ਸੁਵੰਨਤਾ ਵੀ ਤੇਜ਼ੀ ਨਾਲ ਵਧ ਰਹੀ ਹੈ। ਜਦੋਂ ਸੁਰਜੀਤ ਪਾਤਰ ਨੇ ਇਹ ਕਵਿਤਾ 'ਆਇਆ ਨੰਦ ਕਿਸ਼ੋਰ' ਲਿਖੀ ਸੀ ਤਾਂ ਉਸ ਵਕਤ ਪੰਜਾਬ ਵਿਚ ਵਧ ਰਹੀ ਇਸ ਵੰਨ-ਸੁਵੰਨਤਾ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ। ਇਹ ਕੋਈ ਇਕ ਇਕੱਲੇ ਕਾਲਿਜ ਦੀ ਗੱਲ ਨਹੀਂ। ਕਨੇਡਾ ਜਾਣ ਵਾਲੇ ਪੰਜਾਬੀ ਬੱਚਿਆਂ ਦੁਆਰਾ ਖਾਲੀ ਕੀਤੇ ਕਮਰਸ਼ੀਅਲ ਲਾਈਨਾਂ ਉਪਰ ਚੱਲਣ ਵਾਲੇ ਸਾਰੇ ਪ੍ਰਾਈਵੇਟ ਕਾਲਿਜਾਂ ਦਾ ਇਹੋ ਹਾਲ ਹੈ।

ਮਾਨਵ ਸਮਾਜਾਂ ਦੀ ਬਣਤਰ ਬਦਲ ਰਹੀ ਹੈ। ਓਪਨ ਅਤੇ ਡਾਈਨੈਮਿਕ ਹੋਣ ਕਾਰਨ ਵਧੇਰੇ ਜਟਿਲ ਅਤੇ ਅਨਪਰਿਡਿਕਟੇਬਲ ਹੁੰਦੀ ਜਾ ਰਹੀ ਹੈ। ਜਦੋਂ ਅਸੀਂ ਆਪਣੇ ਆਪ ਵੱਲ ਦੇਖਦੇ ਹਾਂ, ਤਾਂ ਸਮਝ ਪੈਂਦੀ ਹੈ ਕਿ ਸਾਡੇ ਸਮਾਜ ਅਤੇ ਪਰਿਵਾਰ ਹੀ ਨਹੀਂ, ਸਾਡੀ ਆਪਣੀ ਨਿੱਜੀ ਜ਼ਿੰਦਗੀ ਵੀ ਹੁਣ ਆਨਲਾਈਨ ਅਤੇ ਆਫਲਾਈਨ ਇਨਵਾਇਰਨਮੈਂਟਸ ਵਿਚ ਅਜਿਹੇ ਯੂਨੀਕ ਤਰੀਕਿਆਂ ਨਾਲ ਆਰਗੇਨਾਈਜ਼ ਹੋ ਰਹੀ ਹੈ ਜਿਨ੍ਹਾਂ ਬਾਰੇ ਵੀਹ ਸਾਲ ਪਹਿਲਾਂ ਸੋਚਿਆ ਵੀ ਨਹੀਂ ਸੀ ਜਾ ਸਕਦਾ।

ਆਪਾਂ ਦੇਖਿਆ ਕਿ ਪੰਜਾਬ ਦੀ ਮੌਜੂਦਾ ਸਮਾਜ-ਭਾਸ਼ਾਈ ਲੈਂਡਸਕੇਪ ਨੂੰ ਚਾਰ ਫੈਕਟਰ ਕੰਸਟੀਟਿਊਟ ਕਰਦੇ ਹਨ: ਨੰਬਰ ਇਕ ਮੋਬਿਲਟੀ, ਨੰਬਰ ਦੋ ਤਕਨਾਲੌਜੀ, ਨੰਬਰ ਤਿੰਨ ਕੌਂਪਲੈਕਸਟੀ ਅਤੇ ਨੰਬਰ ਚਾਰ ਅਨਪਰਿਡਿਕਟੇਬਿਲਟੀ। ਅਨਪਰਿਡਿਕਟੇਬਿਲਟੀ ਦਾ ਸਿਧਾ ਸਬੰਧ ਖੋਜ ਨਾਲ ਹੈ: ਗਿਆਨ ਨਾਲ ਹੈ। ਇਕ ਅਜਿਹੀ ਸਥਿਤੀ ਜੋ ਸਾਨੂੰ ਪੰਜਾਬੀ ਸਮਾਜ ਬਾਰੇ ਆਪਣੀ ਪਰੰਪਰਾਗਤ ਸੋਚ ਦੇ ਬਦਲਾਵ ਵੱਲ ਧਕੇਲ ਰਹੀ ਹੈ। ਜੋ ਸਾਨੂੰ ਪੰਜਾਬ ਦੀ ਸਮਾਜ-ਭਾਸ਼ਾਈ ਲੈਂਡਸਕੇਪ ਬਾਰੇ ਆਪਣਾ ਗਿਆਨ ਰਿਵਾਈਜ਼ ਅਤੇ ਅਪਡੇਟ ਕਰਨ ਦੀ ਲੋੜ ਵੱਲ ਇਸ਼ਾਰਾ ਕਰਦੀ ਹੈ। ਇਹ ਸਮਾਜ-ਭਾਸ਼ਾਈ ਸੁਪਰਡਾਇਵਰਸਿਟੀ ਦਾ ਪੈਰਾਡਿਗਮੈਟਿਕ ਪ੍ਰਭਾਵ ਹੈ ਜੋ ਸਾਨੂੰ ਪੰਜਾਬੀ ਸਮਾਜਾਂ ਦੇ ਸਥਾਨਕ ਪੱਧਰ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਦੇ ਅਧਿਐਨ ਬਾਰੇ ਆਪਣੀ ਪਹੁੰਚ ਤਬਦੀਲ ਕਰਨ ਦੀ ਲੋੜ ਦ੍ਰਿੜ ਕਰਵਾ ਰਿਹਾ ਹੈ ਕਿ ਅਸੀਂ ਆਪਣੇ ਸੁਪਰਡਾਈਵਰਸ ਅਤੇ ਕੌਂਪਲੈਕਸ ਸਮਾਜਾਂ ਨੂੰ ਕਿਵੇਂ ਦੇਖਦੇ, ਪਰਖਦੇ ਅਤੇ ਇਮੈਜਿਨ ਕਰਦੇ ਹਾਂ। ਪੰਜਾਬੀ ਭਾਸ਼ਾ ਮਰ ਨਹੀਂ ਰਹੀ। ਆਪਣੇ ਅੰਦਰ ਨਵੀਆਂ ਸੰਭਾਵਨਾਵਾਂ ਜਗਾ ਕੇ ਆਪਣੇ ਜੀਵੰਤ ਹੋਣ ਦਾ ਪ੍ਰਮਾਣ ਪੇਸ਼ ਕਰ ਰਹੀ ਹੈ। ਜੇ ਮੈਂ 'ਕੌਂਪਲੈਕਸ' ਸ਼ਬਦ ਦਾ ਇਸਤੇਮਾਲ ਕਰ ਰਿਹਾ ਹਾਂ, ਤਾਂ ਮੈਂ ਅਜਿਹਾ ਗੁੰਝਲਦਾਰ ਸ਼ਬਦ ਨੂੰ ਮਾਰਨ ਲਈ ਨਹੀਂ ਕਰ ਰਿਹਾ। ਕਿਆਸ ਜਾਂ ਕੌਂਪਲੈਕਸਿਟੀ ਦੇ ਕ੍ਰਾਂਤੀਕਾਰੀ ਸਿਧਾਂਤ ਨਾਲ ਕੁਨੈਕਟ ਕਰਨ ਲਈ ਆਪਣੀ ਭਾਸ਼ਾ ਅੰਦਰ ਇਕ ਨਵੀਂ ਸਪੇਸ ਪੈਦਾ ਕਰ ਰਿਹਾ ਹਾਂ। ਗੁੰਝਲਦਾਰ, ਪੇਚੀਦਾ ਅਤੇ ਜਟਿਲ, ਮੇਰੇ ਸਮਾਜ-ਭਾਸ਼ਾਈ ਚਿਹਨ ਪ੍ਰਬੰਧ ਦੀਆਂ ਤਿੰਨ ਸਿਮਲਟੇਨੀਅਸ ਲੇਅਰਜ਼ ਵੱਲ ਇਸ਼ਾਰਾ ਕਰਦੇ ਹਨ। ਇਨ੍ਹਾਂ ਤਿੰਨੋਂ ਲੇਅਰਜ਼ ਦੀ ਆਪੋ ਆਪਣੀ ਇਤਿਹਾਸਕਤਾ ਹੈ। ਇਸ ਸਮਾਜ-ਭਾਸ਼ਾਈ ਪਰਵਚਨ ਨੇ ਆਪਣੇ ਅੰਦਰ ਇਕ ਜਗਿਆਸਾ ਜਗਾਈ ਤਾਂ ਮੈਂ ਉਸਦੀ ਪੂਰਤੀ ਹਿਤ ਇਹ ਨਵੀਂ ਲੇਅਰ ਸ਼ਾਮਲ ਕਰ ਦਿੱਤੀ। ਇਹ ਮਹਿਜ਼ ਇਕ ਸ਼ਬਦ ਦੀ ਰੀਪਲੇਸਮੈਂਟ ਨਹੀਂ ਇਕ ਨਵੀਂ ਇਤਿਹਾਸਕਤਾ ਨਾਲ ਸੰਘਰਸ਼ਮਈ ਮਿਲਾਪ ਦਾ ਮੋਮੈਂਟ ਹੈ।

ਅਸੀਂ ਭਾਸ਼ਾ ਦੇ ਫਿਸ਼ਮੇਨੀਅਨ ਅਤੇ ਸਾਸੂਰੀਅਨ ਜਗਤ ਨਾਲੋਂ ਇਕ ਬਿਲਕੁਲ ਹੀ ਅੱਡਰੇ ਸੰਸਾਰ ਵਿਚ ਦਾਖਲ ਹੋ ਰਹੇ ਹਾਂ। ਚਿਰਾਂ ਤੋਂ ਸਥਾਪਤ ਧਾਰਨਾਵਾਂ ਹਿਟ ਹੋ ਰਹੀਆਂ ਹਨ। ਸਪੀਚ ਕਮਿਊਨਟੀਜ਼ ਦੀਆਂ ਸਵੈ-ਸਿਰਜਿਤ ਘੇਰਾਬੰਦੀਆਂ ਤਿੜਕ ਰਹੀਆਂ ਹਨ। ਸਿੰਕਰੌਨਿਕ ਸਟਰਕਚਰਜ਼ ਡਾਇਆਕਰੋਨਿਕ ਵਹਾਵਾਂ ਵਿਚ ਤਬਦੀਲ ਹੋ ਰਹੇ ਹਨ। ਭਾਸ਼ਾਈ ਵਿਕਾਸ ਦੀ ਲੀਨੀਅਰ ਧਾਰਨਾ ਹਿੱਲਦੀ ਨਜ਼ਰ ਆ ਰਹੀ ਹੈ। ਇਸਦੇ ਉਲਟ ਭਾਸ਼ਾ ਹੁਣ ਇਕ ਨਿਰੰਤਰ ਤਬਦੀਲੀ ਵਿਚ ਬੱਝੇ ਅਸਥਿਰ, ਅਸਥਾਈ ਅਨਿਸ਼ਚਿਤ, ਖੁੱਲ੍ਹੇ, ਗਤੀਸ਼ੀਲ ਅਤੇ ਜਟਿਲ ਕਿਸਮ ਦੇ ਸੁਪਰਡਾਈਵਰਸ ਸਮਾਜ-ਭਾਸ਼ਾਈ ਪ੍ਰਬੰਧ ਵਜੋਂ ਨਿਖਰ ਕੇ ਸਾਹਮਣੇ ਆ ਰਹੀ ਹੈ।

# ਬਣਿਆ ਸਬੱਬ ਬਬਰਾਂ ਦੀ ਯਾਦ ਦਾ!

ਲੰਘੀ 22 ਮਾਰਚ ਵਾਲ਼ੇ ਦਿਨ ਜਲੰਧਰੋਂ ਛਪਦੀ ਇਕ ਅਖਬਾਰ ਵਿਚ ਬਬਰ ਅਕਾਲੀਆਂ ਦੇ ਪਿੰਡਾਂ ਥਾਵਾਂ ਬਾਰੇ ਛਪਿਆ ਲੇਖ ਪੜ੍ਹ ਰਿਹਾ ਸਾਂ। ਛੇ ਦਹਾਕਿਆਂ ਤੋਂ ਕੁੱਝ ਸਾਲ ਹੋਰ ਵੱਧ ਜ਼ਿੰਦਗੀ ਮੈਂ ਬਿਸਤ ਦੁਆਬ ਇਲਾਕੇ ਵਿਚ ਬਿਤਾਈ ਹੈ। ਇਲਾਕੇ ਵਿਚ ਘੁੰਮਦਿਆਂ-ਫਿਰਦਿਆਂ ਬਬਰ ਅਕਾਲੀਆਂ ਦੇ ਕਿੱਸੇ ਪਿੰਡਾਂ ਦੀਆਂ ਸੱਥਾਂ ਵਿਚ ਵੀ ਬਹੁਤ ਸੁਣੇ ਅਤੇ ਮਗਰੋਂ ਕਿਤਾਬਾਂ ਪੜ੍ਹਨ ਸਦਕਾ ਬਬਰ ਅਕਾਲੀ ਸਾਹਿਤ ਪ੍ਰਤੀ ਮੇਰਾ ਬਹੁਤ ਝੁਕਾਅ ਰਿਹਾ ਹੈ। ਉਕਤ ਲੇਖ ਵਿਚ ਆਪਣੇ ਲਾਗਲੇ ਪਿੰਡ ਦੌਲਤ ਪੁਰ ਤੋਂ ਬਬਰ ਕਰਮ ਸਿੰਘ ਐਡੀਟਰ ਦੇ ਗੁਆਂਢੀ ਪਿੰਡ ਭਕੜੁੱਦੀ (ਹੁਣ ਕਿਸ਼ਨ ਪੁਰ) ਨੂੰ ਤਿੰਨ ਜਗਾਹ ਗਲਤ 'ਫਕਰੂੰਦੀ ਤੇ ਭਕਰੂੰਦੀ' ਅਤੇ ਮਾਹਲ ਗਹਿਲਾਂ ਨੂੰ 'ਮਾਹਲਾਂ ਗਹਿਲਾਂ' ਲਿਖਿਆ ਦੇਖਿਆ।



**ਤਰਲੋਚਨ ਸਿੰਘ ਦੁਪਾਲ ਪੁਰ**
ਫੋਨ: 001-408-905-5517

ਇਹ ਤਾਂ ਸ਼ਾਇਦ ਲੇਖ ਦੇ ਲੇਖਕ ਵਲੋਂ ਕਿਸੇ ਅੰਗਰੇਜ਼ੀ ਕਿਤਾਬ ਵਿਚੋਂ ਪੜ੍ਹ ਕੇ ਲਿਖਣ ਕਾਰਨ ਅਜਿਹਾ ਹੋਇਆ ਹੋਵੇਗਾ। ਇੰਜ ਹੀ ਬਬਰਾਂ ਦੇ ਸੰਗੀ ਸਾਥੀ ਰਹੇ ਜਥੇਦਾਰ ਸੰਸਾਰ ਸਿੰਘ (ਜਿਨ੍ਹਾਂ ਦੇ ਮੈਂ ਕਾਫੀ ਬਿਰਧ ਅਵਸਥਾ ਵਿਚ ਦਰਸ਼ਨ ਕੀਤੇ ਹੋਏ ਹਨ) ਦੇ ਪਿੰਡ ਮਜਾਰਾ ਕਲਾਂ ਨੂੰ ਵੀ 'ਮੁਜਾਰਾ ਕਲਾਂ' ਲਿਖਿਆ ਗਿਆ ਹੈ।

ਉਸ ਅਖਬਾਰ ਨੂੰ ਦਰੁਸਤੀ ਵਾਸਤੇ ਖ਼ਤ ਲਿਖਣ ਤੋਂ ਬਾਅਦ ਮੇਰੇ ਜ਼ਿਹਨ ਵਿਚ ਬਬਰ ਸੂਰਮਿਆਂ ਬਾਰੇ ਇਹ ਵਿਚਾਰ-ਲੜੀ ਚੱਲ ਪਈ-

ਬਬਰ ਕਰਮ ਸਿੰਘ ਦੇ ਪਿੰਡ ਦੌਲਤ ਪੁਰ ਵਿਚੋਂ ਲੰਘ ਕੇ ਜਦੋਂ ਅਸੀਂ ਗੜ੍ਹਸ਼ੰਕਰ ਵੱਲ ਵਾਇਆ ਆਪਣੇ ਨਾਨਕੇ ਪਿੰਡ ਧਮਾਈ ਨੂੰ ਜਾਂਦੇ ਹੁੰਦੇ ਸਾਂ ਤਦ ਰਾਹ ਵਿਚ ਹਿਆਤ ਪੁਰ ਰੁੜਕੀ ਪਿੰਡ ਨੂੰ ਜਾਂਦੀ ਲਿੰਕ ਰੋਡ ਉੱਤੇ ਸਾਈਨ ਬੋਰਡ ਲੱਗਾ ਹੁੰਦਾ ਸੀ-

'ਬਬਰ ਧਰਮ ਸਿੰਘ ਮਾਰਗ!'

ਕਈ ਸਾਲ ਤਾਂ ਉਹ ਸਾਈਨ ਬੋਰਡ ਗੜ੍ਹਸ਼ੰਕਰ-ਬ਼ਲਾਚੌਰ ਰੋਡ ਉੱਤੇ ਲੱਗਾ ਹੋਇਆ ਅਸੀਂ ਦੇਖਦੇ ਰਹੇ ਹਾਂ ਪਰ ਲੰਮੇ ਅਰਸੇ ਤੋਂ ਹਿਆਤ ਪੁਰ ਰੁੜਕੀ ਦੇ ਬਬਰ ਧਰਮ ਸਿੰਘ ਦੇਸ਼ ਭਗਤ ਦਾ ਨਾਮ ਕਿਤੇ ਨਹੀਂ ਦਿਸਿਆ।





*1). ਸਵਰਗੀ ਬੁੱਧ ਸਿੰਘ ਢਾਹਾਂ 2). ਕਾਜ਼ਮ ਪੁਰ (ਜ਼ਿਲ੍ਹਾ ਨਵਾਂਸ਼ਹਿਰ) ਵਿਚ 'ਬਬਰਾਂ ਦੇ ਝਿੜੇ' ਵਾਲ਼ੀ ਥਾਂ ਬਬਰ ਪਰਿਵਾਰ ਦੀ ਕੋਠੀ।*

ਇਸ ਲੇਖ ਵਿਚ ਬਬਰ ਅਕਾਲੀਆਂ ਦੇ 'ਉਡਾਰੂ ਪ੍ਰੈਸ' ਸਾਈਕਲੋਸਟਾਈਲ ਮਸ਼ੀਨ ਬਾਰੇ ਵੀ ਦੱਸਿਆ ਗਿਆ ਹੈ ਕਿ ਬਬਰਾਂ ਦੇ ਅੰਡਰਗਰਾਊਂਡ ਰਹਿਣ ਕਰਕੇ ਉਸ ਮਸ਼ੀਨ ਨੂੰ ਏਧਰ-ਓਧਰ ਲਿਜਾਣ ਲਈ ਕੋਈ ਤਕੜੇ ਜੁੱਸੇ ਵਾਲ਼ਾ ਸੱਜਣ ਹੀ ਚੁੱਕ ਸਕਦਾ ਸੀ! ਬਬਰ ਅਕਾਲੀਆਂ ਦੀਆਂ ਜੁਝਾਰੂ ਸਰਗਰਮੀਆਂ ਦੇ ਕਈ ਕਿੱਸੇ ਮੈਂ ਸਵਰਗੀ ਬੁੱਧ ਸਿੰਘ ਢਾਹਾਂ ਮੂੰਹੋਂ ਵੀ ਸੁਣੇ ਹੋਏ ਹਨ। ਉਸ ਇਸ ਮਸ਼ੀਨ ਬਾਰੇ ਇੱਕ ਵਾਕਿਆ ਸੁਣਾਇਆ ਕਿ ਜਦੋਂ ਇਕ ਵਾਰ ਬੰਗੇ ਲਾਗੇ ਸੂੰਢ ਪਿੰਡ ਦੇ ਅੰਗਰੇਜ਼ ਪ੍ਰਸਤ ਲੋਕ ਇਕ ਸ਼ਾਮ ਬਬਰਾਂ ਦੇ ਜਥੇ ਮਗਰ ਪੈ ਗਏ ਤਾਂ ਸਾਈਕਲੋਸਟਾਈਲ ਮਸ਼ੀਨ ਮੋਢਿਆਂ ਉੱਤੇ ਚੁੱਕਣੀ ਪੈ ਗਈ। ਸਿਹਤ ਪੱਖੋਂ ਜ਼ਰਾ ਲਿੱਸੇ ਦਲੀਪ ਸਿੰਘ ਗੋਸਲ਼ ਨੂੰ! ਮੱਕੀਆਂ ਕਮਾਦਾਂ ਵਿਚੀਂ ਵੱਟ-ਬੰਨ੍ਹਿਆਂ ਉੱਤੋਂ ਭੱਜਦਿਆਂ ਗੋਸਲ਼ ਸਾਹਿਬ ਦੀ ਪਿੱਠ ਅਤੇ ਮੋਢੇ ਛਿੱਲੇ ਗਏ। ਰਾਤੋ-ਰਾਤ ਕਿਸੇ ਟਿਕਾਣੇ 'ਤੇ ਪਹੁੰਚ ਕੇ ਗੋਸਲ ਸਾਹਬ ਆਪਣੇ ਬਬਰ ਸਾਥੀਆਂ ਨੂੰ ਹੱਸਦਿਆਂ ਕਹਿੰਦੇ-

'...ਆਹ ਛਾਪੇ-ਖਾਨੇ ਨੇ ਤਾਂ ਅੱਜ ਮੇਰੇ ਮੋਢਿਆਂ 'ਤੇ ਹੀ ਖਬਰਾਂ ਇਸ਼ਤਿਹਾਰ ਛਾਪ ਦਿੱਤੇ ਆ ਭਰਾਵੋ!'

ਸੰਨ 67-68 ਵਿਚ ਜਦ ਮੈਂ ਹੋਸ਼ ਸੰਭਾਲ਼ੀ ਤਾਂ ਮੇਰਾ ਸਿੰਘ ਸਭੀਆ ਬਾਪ ਮੈਨੂੰ ਸਾਈਕਲ 'ਤੇ ਬਿਠਾ ਕੇ ਨੇੜੇ-ਤੇੜੇ ਦੇ ਇਤਹਾਸਕ ਪਿੰਡਾਂ ਥਾਵਾਂ ਤੋਂ ਇਲਾਵਾ ਕਈ ਬਜ਼ੁਰਗਾਂ ਦੀ ਸੰਗਤ ਵਿਚ ਵੀ ਲਿਜਾਂਦਾ ਰਹਿੰਦਾ ਸੀ। ਸਾਡੇ ਪਿੰਡ ਦੁਪਾਲ ਪੁਰ ਤੋਂ ਲਹਿੰਦੇ ਪਾਸੇ ਕਾਜ਼ਮ ਪੁਰ ਪਿੰਡ ਦੀ ਗੁੱਠ ਵਿਚ ਵਾਕਿਆ ਇਕ ਘਰ ਹੁੰਦਾ ਸੀ। ਖਜੂਰਾਂ, ਫਲਾਹੀਆਂ, ਜੰਗ਼ਲੀ ਕਿੱਕਰਾਂ ਅਤੇ ਸਰਵ੍ਹਾੜ ਆਦਿ ਦੇ ਸੰਘਣੇ ਝਾੜ-ਝੂੰਡੇ ਵਿਚ ਘਿਰਿਆ ਹੋਣ ਕਰਕੇ ਇਲਾਕੇ ਵਿਚ ਉਹ ਘਰ 'ਬਬਰਾਂ ਦੇ ਝਿੜੇ' ਵਜੋਂ ਮਸ਼ਹੂਰ ਹੁੰਦਾ ਸੀ। ਆਪਣੇ ਬਾਪ ਨਾ਼ਲ ਉਦੋਂ ਕਾਜ਼ਮ ਪੁਰ ਗਏ ਹੋਏ ਨੇ ਮੈਂ ਉਸ ਝਿੜੇ ਵਿਚ ਰਹਿ ਰਹੇ ਇਕ ਬਜ਼ੁਰਗ ਦੇ ਦਰਸ਼ਨ ਕੀਤੇ ਹੋਏ ਨੇ। ਆਪਣਾ ਆਖਰੀ ਸਮਾਂ ਮੰਜੇ ਉੱਤੇ ਬਿਤਾ ਰਹੇ ਬਬਰਾਂ ਦੇ ਸਾਥੀ ਰਹੇ ਉਸ ਬਜ਼ੁਰਗ ਦਾ ਪ੍ਰਭਾਵਸ਼ਾਲੀ ਚਿਹਨ-ਚਕਰ ਮੇਰੇ ਮਨ-ਮਸਤਕ ਵਿਚ ਗੂੜ੍ਹਾ ਉਕਰਿਆ ਹੋਇਆ ਹੈ। ਉਨ੍ਹਾਂ ਵਲੋਂ ਭਾਈਆ ਜੀ ਨਾਲ ਕੀਤੀਆਂ ਗੱਲਾਂ ਦੇ ਕੁੱਝ ਬੋਲ ਹਾਲੇ ਵੀ ਮੈਨੂੰ ਧੁੰਦਲੇ ਧੁੰਦਲੇ ਯਾਦ ਹਨ-

"...ਉੱਧਰੋਂ ਪੁ਼ਲੀਸ ਦੀਆਂ ਡਾਂਗਾਂ ਨਾਲ ਜ਼ਖਮੀ ਤੇ ਨਿਢਾ਼ਲ ਹੋਏ ਸਿੰਘ ਆਉਂਦੇ ਦੇਖ ਕੇ ਸਾਡਾ ਜਥੇਦਾਰ ਕਹਿੰਦਾ-ਉਏ ਮੁੰਡਿਓ ਦੇਖ ਲਓ ਅੱਗੇ ਆਹ ਹਾਲ ਕਰਨਾਂ ਐਂ ਸਾਡਾ ਗੋਰੀ ਪੁਲੀਸ ਨੇ...ਜੇ ਪਿੱਛੇ ਮੁੜਨਾਂ ਤਾਂ ਹੁਣੇ ਮੁੜਜੋ.....!"

'...ਲਓ ਗਿਆਨੀ ਜੀ...ਸਿੰਘਾਂ ਦੀਆਂ ਪਿੱਠਾਂ 'ਚੋਂ ਖ਼ੂਨ ਚੋਂਦਾ ਦੇਖ ਕੇ ਸਾਨੂੰ ਚੜ੍ਹ ਗਈਆਂ ਲਾਲੀਆਂ... ਅਸੀਂ ਵੀ ਅੱਗੇ ਜਾ ਕੇ ਗੋਰਿਆਂ ਦਾ ਘੋਰ ਜ਼ੁਲਮ ਸਹਾਰਿਆ...!'

ਬਬਰ ਸੂਰਮਿਆਂ ਦੇ ਇਤਿਹਾਸ ਦੀਆਂ ਲਿਖਤਾਂ ਵਿਚ 'ਬਬਰਾਂ ਦੇ ਝਿੜੇ' ਵਾ਼ਲੇ ਇਸ ਪਿੰਡ ਕਾਜ਼ਮ ਪੁਰ ਦਾ ਜ਼ਿਕਰ ਹੋਣੋਂ ਪਤਾ ਨਹੀਂ ਕਿਵੇਂ ਰਹਿ ਗਿਆ ਹੋਵੇਗਾ?

ਬਬਰ ਅਕਾਲੀਆਂ ਬਾਰੇ ਹੀ ਇਕ ਗੱਲ ਹੋਰ-ਜਦੋਂ ਆਮ ਘਰਾਂ ਵਿਚ ਰੇਡੀਓ (ਟ੍ਰਾਂਜ਼ਿਸਟਰ) ਆ ਗਏ ਉਦੋਂ ਅਕਾਸ਼ਵਾਣੀ ਜਲੰਧਰ ਦੇ ਦਿਹਾਤੀ ਪ੍ਰੋਗਰਾਮ ਵਿਚ ਇਕ ਵਾਰ ਅਸੀਂ ਕਿਸੇ ਬਜ਼ੁਰਗ ਅਜ਼ਾਦੀ ਘੁਲਾਟੀਏ ਦੀ ਇੰਟਰਵਿਊ ਸੁਣ ਰਹੇ ਸਾਂ। ਸਵਾਲ ਕਰਤਾ ਨੇ ਉਨ੍ਹਾਂ ਨੂੰ ਪੁੱਛਿਆ ਕਿ ਦੁਆਬੇ ਦੇ ਬਬਰ ਰਤਨ ਸਿੰਘ ਰੱਕੜ ਦੀ ਸੂਰਮਗਤੀ ਦੇ ਕਿੱਸੇ ਵੀ ਬੜੇ ਮਸ਼ਹੂਰ ਹਨ। ਕੀ ਤੁਸੀਂ ਜੰਗੇ ਅਜ਼ਾਦੀ ਦੌਰਾਨ ਕਦੇ ਰੱਕੜ ਸਾਹਬ ਦੇ ਵੀ ਦਰਸ਼ਨ ਕੀਤੇ?

ਸੁਤੰਤਰਤਾ ਸੈਨਾਨੀ ਬਜ਼ੁਰਗ ਕਹਿੰਦੇ ਕਿ ਮੈਨੂੰ ਰੱਕੜ ਹੁਣਾਂ ਦੇ ਦਰਸ਼ਣ ਤਾਂ ਨਹੀਂ ਹੋਏ ਪਰ ਉਨ੍ਹਾਂ ਦੀ ਬਬਰ ਸ਼ੇਰ ਵਰਗੀ ਗਰਜਵੀਂ ਅਵਾਜ਼ ਅੱਜ ਵੀ ਮੇਰੇ ਕੰਨਾਂ 'ਚ ਗੂੰਜਦੀ ਹੈ! ਵਿਸਥਾਰ ਨਾਲ ਗੱਲ ਦੱਸਦਿਆਂ ਉਹ ਆਜ਼ਾਦੀ ਘੁਲਾਟੀਏ ਬਜ਼ੁਰਗ ਕਹਿੰਦੇ-'ਇਕ ਗੱਦਾਰ ਦੀ ਗੱਦਾਰੀ ਕਾਰਨ ਮੈਂ ਜੇਲ੍ਹ ਵਿਚ ਬੰਦ ਸਾਂ। ਮੇਰੀ ਬੈਰਕ ਵਿਚ ਰੋਟੀ ਦੇਣ ਆਉਂਦੇ ਇਕ ਪੁ਼ਲਸੀਏ ਨੇ ਰੋਟੀ ਫੜਾ ਕੇ ਮੈਨੂੰ ਭੱਦੀ ਜਿਹੀ ਟਿੱਚਰ ਕੀਤੀ ਅਖੇ ਲੈ 'ਚੂਰੀ' ਖਾ ਲੈ ਸੂਰਮਿਆਂ!

ਮੈਂ ਤਾਂ ਹਾਲੇ ਕੁੱਝ ਨਾ ਬੋਲਿਆ ਪਰ ਮੇਰੇ ਨਾਲ ਦੀ ਬੈਰਕ ਵਿਚੋਂ ਸ਼ੇਰ ਦੇ ਦਹਾੜਨ ਵਰਗੀ ਅਵਾਜ਼ ਗੂੰਜੀ- "ਆਹ ਕਿਹੜਾ ਹਰਾਮੀ ਆਪਣੀ ਮੌਤ ਨੂੰ 'ਵਾਜਾਂ ਮਾਰਦਾ ਐ ਉਏ? ਸਾਡੇ ਦੇਸ਼ ਭਗਤ ਨੂੰ ਟਿੱਚਰ ਕਰਕੇ ਮਰਨਾਂ ਐਂ ਤੂੰ?"

ਬਜ਼ੁਰਗ ਕਹਿੰਦਾ ਕਿ ਨਾ਼ਲ ਦੀ ਬੈਰਕ 'ਚੋਂ ਗਰਜ਼ ਸੁਣ ਕੇ ਪੁ਼ਲਸੀਏ ਦੀਆਂ ਲੱਤਾਂ ਕੰਬਣ ਲੱਗ ਪਈਆਂ ਸਨ, ਨਾ਼ਲੇ ਉਹ ਮਾਫੀ ਮੰਗਣ ਵਾ਼ਲੀ ਟੋਨ੍ਹ 'ਚ ਬੋਲਿਆ-

"ਜੀ ਰੱਕੜ ਸਾਬ੍ਹ...ਰੱਕੜ ਸਾਬ੍ਹ, ਮ...ਮ...ਮੈਂ ਤਾਂ ਕੁਛ ਨੀ ਕਿਹਾ ਜੀ ਸਰਦਾਰ ਜੀ ਨੂੰ!"

ਬਬਰ ਰਤਨ ਸਿੰਘ ਰੱਕੜ ਵੀ ਸਾਡੇ ਇਲਾਕੇ 'ਚੋਂ ਗੁਜ਼ਰਦੀ ਬਿਸਤ ਦੁਆਬ ਨਹਿਰ ਕੰਢੇ ਸਥਿਤ ਪਿੰਡ ਰੱਕੜ ਬੇਟ ਤੋਂ ਸਨ। ਜਿਨ੍ਹਾਂ ਦੀ ਸੂਰਮਗਤੀ ਦੇ ਦਿਲਚਸਪ ਕਿੱਸੇ ਇਲਾਕੇ ਦੀਆਂ ਪੇਂਡੂ ਸੱਥਾਂ ਵਿਚ ਅਕਬਰ-ਬੀਰਬਲ ਦੀਆਂ ਕਥਾਵਾਂ ਵਾਂਗ ਸੁਣੇ-ਸੁਣਾਏ ਜਾਂਦੇ ਸਨ!

'ਦਾਤਾ ਤੇ ਭਗਤ ਸੂਰਮੇਂ
ਤਿੰਨੇ ਜੱਗ ਜਿਊਂਦੇ ਨੇ!'

# ਮਨੀਪੁਰ ਦੀ ਮਹਾਨ ਮੁੱਕੇਬਾਜ਼ ਮੈਰੀ ਕੋਮ

**ਵਿਸ਼ਵ ਦੇ ਮਹਾਨ ਖਿਡਾਰੀ**



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਮੈਰੀ ਕੋਮ ਨੂੰ 'ਮੈਗਨੀਫੀਸੈਂਟ ਕੋਮ' ਵੀ ਕਿਹਾ ਜਾਂਦੈ। ਉਹ ਵੇਖਣ ਨੂੰ ਓਨੀ ਨਹੀਂ ਲੱਗਦੀ ਜਿੰਨੀ ਹੈਗੀ। ਉਹਦਾ ਕੱਦ 5 ਫੁੱਟ ਤੋਂ ਰਤਾ ਕੁ ਉੱਚਾ ਤੇ ਵਜ਼ਨ 50 ਕਿਲੋ ਦੇ ਕਰੀਬ ਰਿਹਾ। ਕੱਦ ਕਾਠ ਵੱਲੋਂ ਜਿੰਨੀ ਨਿੱਕੀ ਸੀ ਓਨੀ ਹੀ ਤਿੱਖੀ ਨਿਕਲੀ। ਉਸ ਨੇ ਭਾਰਤ ਦੇ ਛੋਟੇ ਜਿਹੇ ਰਾਜ ਮਨੀਪੁਰ ਨੂੰ ਮੁੱਕੇਬਾਜ਼ੀ ਵਿਚ ਵਿਸ਼ਵ ਦੇ ਨਕਸ਼ੇ ਉਤੇ ਲੈ ਆਂਦਾ। ਪਹਾੜਾਂ ਦੀਆਂ ਵਾਦੀਆਂ ਨੂੰ ਖੇਤੀਯੋਗ ਬਣਾਉਣ ਵਾਲੇ ਮੁਜਾਰੇ ਕਿਸਾਨਾਂ ਦੀ ਇਸ ਧੀ ਨੇ ਮੁੱਕੇਬਾਜ਼ੀ ਦੀਆਂ ਵਿਸ਼ਵ ਚੈਂਪੀਅਨਸ਼ਿਪਾਂ 'ਚੋਂ 8 ਮੈਡਲ ਜਿੱਤ ਵਿਖਾਏ ਜਿਨ੍ਹਾਂ ਵਿਚੋਂ 6 ਗੋਲਡ ਮੈਡਲ ਹਨ! ਇੰਜ ਕਹਿ ਲਓ ਕਿ ਉਹਨੇ ਆਪਣੇ ਵਜ਼ਨ ਵਰਗ ਵਿਚ ਛੇ ਵਾਰ ਕੁਲ ਦੁਨੀਆ 'ਤੇ ਝੰਡੀ ਕੀਤੀ।

ਉਹ ਭਾਰਤ ਦੀ ਪਹਿਲੀ ਮੁੱਕੇਬਾਜ਼ ਹੈ ਜੋ ਏਸ਼ਿਆਈ ਖੇਡਾਂ, ਕਾਮਨਵੈੱਲਥ ਖੇਡਾਂ ਤੇ ਓਲੰਪਿਕ ਖੇਡਾਂ ਦੇ ਜਿੱਤ-ਮੰਚਾਂ ਉਤੇ ਚੜ੍ਹੀ। ਭਾਰਤ ਸਰਕਾਰ ਨੇ ਉਸ ਨੂੰ ਅਰਜਨ ਅਵਾਰਡ ਤੋਂ ਲੈ ਕੇ ਪਦਮ ਸ਼੍ਰੀ, ਪਦਮ ਭੂਸ਼ਨ ਤੇ ਪਦਮ ਵਿਭੂਸ਼ਨ ਪੁਰਸਕਾਰਾਂ ਨਾਲ ਸਨਮਾਨਿਆ। ਉਹ ਭਾਰਤ ਦੇ ਰਾਸ਼ਟਰਪਤੀ ਵੱਲੋਂ ਰਾਜ ਸਭਾ ਦੀ ਮਾਣਯੋਗ ਮੈਂਬਰ ਨਾਮਜ਼ਦ ਕੀਤੀ ਗਈ ਜੋ 25 ਅਪਰੈਲ 2016 ਤੋਂ 24 ਅਪਰੈਲ 2022 ਤਕ ਉੱਚ ਸਦਨ ਦੀ ਮੈਂਬਰ ਰਹੀ। ਉਸ ਦੀ ਅਜੋਕੀ ਰਿਹਾਇਸ਼ ਦਿੱਲੀ ਨੇੜੇ ਸੂਰਜ ਕੁੰਡ, ਫਰੀਦਾਬਾਦ ਵਿਚ ਹੈ।

ਮੈਰੀ ਕੋਮ ਦਾ ਪੂਰਾ ਨਾਂ ਮਾਂਗਟੇ ਚੁੰਗਨੇਈਜਾਂਗ ਹੈ। ਉਹ ਮਨੀਪੁਰ ਦੇ ਕੋਮ ਕਬੀਲੇ ਦੀ ਧੀ ਹੈ। ਉਹਦਾ ਜਨਮ 24 ਨਵੰਬਰ 1982 ਨੂੰ ਪਿੰਡ ਕਾਂਗਾਥੇਈ, ਜ਼ਿਲ੍ਹਾ ਚੂਰਾਚਨਪੁਰ ਵਿਚ ਪਿਤਾ ਮਾਂਗਟੇ ਟੋਂਪਾ ਕੋਮ ਤੇ ਮਾਤਾ ਮਾਂਗਟੇ ਆਖਮ ਕੋਮ ਦੇ ਘਰ ਹੋਇਆ। ਉਨ੍ਹੀਂ ਦਿਨੀਂ ਨਵੀਂ ਦਿੱਲੀ 'ਚ 9ਵੀਆਂ ਏਸ਼ਿਆਈ ਖੇਡਾਂ ਹੋ ਰਹੀਆਂ ਸਨ ਜਿਨ੍ਹਾਂ ਸਦਕਾ ਦੇਸ਼ ਵਿਚ ਖੇਡਾਂ ਦਾ ਖ਼ੂਬ ਮਾਹੌਲ ਬਣਿਆ ਹੋਇਆ ਸੀ। ਪਰ ਉਦੋਂ ਕਿਸੇ ਦੇ ਖ਼ਾਬ ਖ਼ਿਆਲ ਵਿਚ ਵੀ ਨਹੀਂ ਹੋਣਾ ਕਿ ਗਰੀਬ ਮਾਪਿਆਂ ਦੀ ਸਾਧਾਰਨ ਬੱਚੀ ਮੁੱਕੇਬਾਜ਼ੀ ਦੀ ਖੇਡ 'ਚ ਵਿਸ਼ਵ ਪੱਧਰ ਦੀਆਂ ਵੱਡੀਆਂ ਮੱਲਾਂ ਮਾਰੇਗੀ। ਉਹ ਮਾਪਿਆਂ ਦੀ ਪਲੇਠੀ ਧੀ ਸੀ। ਉਸ ਪਿੱਛੋਂ ਇਕ ਭੈਣ ਤੇ ਇਕ ਭਰਾ ਪੈਦਾ ਹੋਏ। ਮੈਰੀ ਕੋਮ ਨਿੱਕੀ ਹੁੰਦੀ ਹੀ ਮਾਪਿਆਂ ਦੇ ਕੰਮਾਂ-ਕਾਰਾਂ 'ਚ ਹੱਥ ਵਟਾਉਣ ਲੱਗ ਪਈ ਸੀ। ਉਹਦਾ ਬਾਪ ਪਹਿਲਵਾਨੀ ਦਾ ਸ਼ੌਕ ਰੱਖਦਾ ਸੀ।

ਉਹਦੀ ਮੁਢਲੀ ਪੜ੍ਹਾਈ ਲੋਕਤਕ ਕ੍ਰਿਸ਼ਚੀਅਨ ਮਾਡਲ ਸਕੂਲ ਮੋਈਰਾਂਗ ਵਿਚ ਹੋਈ। ਛੇਵੀਂ ਜਮਾਤ ਪਿੱਛੋਂ ਉਹ ਸੰਤ ਜੇਵੀਅਰ ਕੈਥੋਲਿਕ ਸਕੂਲ ਮੋਈਰਾਂਗ ਵਿਚ ਪੜ੍ਹਨ ਲੱਗੀ। ਨੌਵੀਂ-ਦਸਵੀਂ ਦੀ ਪੜ੍ਹਾਈ ਤੇ ਖੇਡ ਸਿੱਖਿਆ ਲੈਣ ਲਈ ਉਹ ਸਪੋਰਟਸ ਦੇ ਆਦਿਮਜਤੀ ਹਾਈ ਸਕੂਲ ਇੰਫਾਲ ਵਿਚ ਦਾਖਲ ਹੋ ਗਈ। ਉਥੇ ਉਹ ਪੜ੍ਹਾਈ ਨਾਲ ਖੇਡਾਂ ਵੀ ਖੇਡਣ ਲੱਗੀ। ਉਨ੍ਹੀਂ ਦਿਨੀਂ ਮਨੀਪੁਰ ਦਾ ਮੁੱਕੇਬਾਜ਼ ਡਿੰਗਕੋ ਸਿੰਘ ਮੁੱਕੇਬਾਜ਼ੀ ਦਾ ਏਸ਼ੀਆ ਚੈਂਪੀਅਨ ਬਣਿਆ। ਉਥੋਂ ਦੇ ਵਿਦਿਆਰਥੀ ਉਸ ਨੂੰ ਆਪਣਾ ਹੀਰੋ ਮੰਨਣ ਲੱਗੇ। ਮੈਰੀ ਕੋਮ ਅਥਲੈਟਿਕਸ ਛੱਡ ਕੇ ਮੁੱਕੇਬਾਜ਼ੀ ਵਿਚ ਦਿਲਚਸਪੀ ਲੈਣ ਲੱਗੀ। ਪਰ ਉਸ ਦੇ ਪਹਿਲਵਾਨ ਪਿਤਾ ਨੂੰ ਧੀ ਦਾ ਮੁੱਕੇਬਾਜ਼ੀ ਕਰਨਾ ਪਸੰਦ ਨਹੀਂ ਸੀ। ਉਹ ਸਮਝਦਾ ਸੀ ਕਿ ਮੁੱਕੇਬਾਜ਼ੀ ਨਾਲ ਉਸ ਦੀ ਧੀ ਦਾ ਚਿਹਰਾ ਕਰੂਪ ਹੋ ਜਾਵੇਗਾ ਜੋ



ਉਸ ਦੀ ਸ਼ਾਦੀ ਕਰਨ ਵੇਲੇ ਮੁਸ਼ਕਲ ਪੈਦਾ ਕਰੇਗਾ। ਪਰ ਮੈਰੀ ਦੀ ਮਾਂ ਆਪਣੀ ਧੀ ਨੂੰ ਮੁੱਕੇਬਾਜ਼ੀ ਦੀ ਖੁੱਲ੍ਹ ਦੇਣ ਲਈ ਰਾਜ਼ੀ ਸੀ। ਬੇਸ਼ਕ ਬਾਪ ਧੀ ਨੂੰ ਮੁੱਕੇਬਾਜ਼ੀ ਤੋਂ ਰੋਕਦਾ ਰਿਹਾ ਪਰ ਮੈਰੀ ਬਾਪ ਦੀ ਇੱਛਾ ਦੇ ਉਲਟ ਮੁੱਕੇਬਾਜ਼ੀ ਕਰਨ ਤੋਂ ਪਿੱਛੇ ਨਾ ਹਟੀ। ਜਦੋਂ ਉਹਦੀ ਜਿੱਤ ਦੀਆਂ ਤਸਵੀਰਾਂ ਅਖ਼ਬਾਰਾਂ ਵਿਚ ਛਪਣ ਲੱਗੀਆਂ ਤੇ ਉਨ੍ਹਾਂ ਦੇ ਪਰਿਵਾਰ ਦੀ ਸ਼ੋਭਾ ਹੋਣ ਲੱਗੀ ਤਾਂ ਬਾਪ ਨੇ ਵੀ ਧੀ ਨੂੰ ਮੁੱਕੇਬਾਜ਼ੀ ਲਈ ਸਪੋਰਟ ਕਰਨਾ ਸ਼ੁਰੂ ਕਰ ਦਿੱਤਾ।

ਇਕ ਸਮਾਂ ਸੀ ਜਦੋਂ ਭਾਰਤ ਦੀਆਂ ਲੜਕੀਆਂ ਲਈ ਖੇਡ ਅਖਾੜਿਆਂ ਤੇ ਖੇਡ ਮੈਦਾਨਾਂ 'ਚ ਨਿੱਤਰਨਾ ਬੜਾ ਔਖਾ ਸੀ ਕਿ ਲੋਕ ਕੀ ਕਹਿਣਗੇ? ਮੈਰੀ ਕੋਮ ਦੇ ਚੰਗੇ ਭਾਗਾਂ ਨੂੰ ਇੰਫਾਲ 'ਚ ਤਾਇਨਾਤ ਮੁੱਕੇਬਾਜ਼ੀ ਦੇ ਸਟੇਟ ਕੋਚ ਐੱਮ ਨਰਜਿਤ ਸਿੰਘ ਦੀ ਕੋਚਿੰਗ ਤੇ ਨਿਗਰਾਨੀ ਮਿਲਣੀ ਸ਼ੁਰੂ ਹੋ ਗਈ ਜੋ ਉਸ ਦੇ ਬੜੀ ਰਾਸ ਆਈ। ਕੋਚ ਨੇ ਜਾਂਚ ਲਿਆ ਸੀ ਕਿ ਮੈਰੀ ਮਿਹਨਤੀ ਤੇ ਜਾਂਬਾਜ਼ ਲੜਕੀ ਹੈ ਜੋ ਮੁੱਕੇਬਾਜ਼ੀ ਲਈ ਢੁਕਵੀਂ ਹੈ। ਸਕੂਲੇ ਪੜ੍ਹਦਿਆਂ ਮੈਰੀ ਅਕਸਰ ਮੁੰਡਿਆਂ ਵਿਰੁਧ ਜੂਝ ਪੈਂਦੀ ਸੀ। ਉਸ ਵੱਲੋਂ ਕੀਤੀ ਕੁੱਟ-ਮਾਰ ਦੇ ਉਲਾਂਭੇ ਘਰਦਿਆਂ ਨੂੰ ਅਕਸਰ ਆਉਂਦੇ ਰਹਿੰਦੇ। ਸਕੂਲਾਂ ਦੀ ਪੜ੍ਹਾਈ ਪੂਰੀ ਕਰ ਕੇ ਉਸ ਨੇ ਚੂਰਾਚੰਨਪੁਰ ਦੇ ਕਾਲਜ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕੀਤੀ ਜਿਸ ਨਾਲ ਉਹ ਕੋਈ ਨੌਕਰੀ ਹਾਸਲ ਕਰਨ ਦੇ ਯੋਗ ਹੋ ਗਈ।

ਅਜਿਹੇ ਪਿਛੋਕੜ ਵਾਲੀ ਕੁੜੀ ਦੀਆਂ ਮੁੱਕੇਬਾਜ਼ੀ ਦੇ ਖੇਤਰ ਵਿਚ ਮਾਰੀਆਂ ਮੱਲਾਂ 'ਤੇ ਝਾਤ ਮਾਰੀਏ ਤਾਂ ਹੈਰਾਨੀ ਹੁੰਦੀ ਹੈ! ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿਚੋਂ ਇਕ ਮੈਡਲ ਜਿੱਤ ਲੈਣਾ ਹੀ ਮਾਣ ਨਹੀਂ ਹੁੰਦਾ। ਮੈਰੀ ਕੋਮ ਨੇ ਤਾਂ ਡੇਢ ਦਰਜਨ ਤੋਂ ਵੀ ਵੱਧ ਮੈਡਲ ਜਿੱਤ ਵਿਖਾਏ ਨੇ। ਉਸ ਨੇ ਏਸ਼ਿਆਈ ਚੈਂਪੀਅਨਸ਼ਿਪਾਂ ਵਿਚੋਂ 5 ਗੋਲਡ ਤੇ 2 ਸਿਲਵਰ, ਏਸ਼ਿਆਈ ਇਨਡੋਰ ਗੇਮਜ਼ ਵਿਚੋਂ 1 ਗੋਲਡ, ਕਾਮਨਵੈਲਥ ਖੇਡਾਂ 'ਚੋਂ 1 ਗੋਲਡ, ਏਸ਼ਿਆਈ ਖੇਡਾਂ 'ਚੋਂ 1 ਗੋਲਡ ਤੇ 1 ਬ੍ਰਾਂਜ਼, ਓਲੰਪਿਕ ਖੇਡਾਂ ਵਿਚੋਂ 1 ਬ੍ਰਾਜ਼ ਅਤੇ ਵਿਸ਼ਵ ਚੈਂਪੀਅਨਸ਼ਿਪਾਂ ਵਿਚੋਂ 6 ਗੋਲਡ 1 ਸਿਲਵਰ ਤੇ 1 ਬ੍ਰਾਂਜ਼ ਮੈਡਲ ਜਿੱਤੇ। ਵਿਸ਼ਵ ਅਤੇ ਮਹਾਂਦੀਪਾਂ ਦੀਆਂ ਵੱਡੀਆਂ ਖੇਡਾਂ 'ਚੋਂ ਉਸ ਦੇ ਜਿੱਤੇ ਕੁਲ ਮੈਡਲਾਂ ਦੀ ਗਿਣਤੀ 19 ਹੈ। ਉਹ ਵਿਸ਼ਵ ਦੀ ਪਹਿਲੀ ਮੁੱਕੇਬਾਜ਼ ਹੈ ਜਿਸ ਨੇ 24 ਨਵੰਬਰ 2018 ਤਕ ਮੁੱਕੇਬਾਜ਼ੀ ਦੀਆਂ ਵਿਸ਼ਵ ਚੈਂਪੀਅਨਸ਼ਿਪਾਂ ਵਿਚੋਂ 6 ਗੋਲਡ ਮੈਡਲ ਜਿੱਤ ਕੇ ਨਵਾਂ ਵਿਸ਼ਵ ਰਿਕਾਰਡ ਰੱਖਿਆ। ਉਸ ਨੂੰ 'ਮੈਰੀ ਮੈਗਨੀਫੀਸੈਂਟ' ਨਾ ਕਿਹਾ ਜਾਵੇ ਤਾਂ ਹੋਰ ਕੀ ਕਿਹਾ ਜਾਏ? ਉਹ ਪਹਿਲੀ ਮੁੱਕੇਬਾਜ਼ ਹੈ ਜਿਹੜੀ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪਾਂ 'ਚੋਂ 6 ਸੋਨੇ, 1 ਚਾਂਦੀ ਤੇ 1 ਕਾਂਸੀ ਦਾ ਮੈਡਲ ਜਿੱਤੀ। ਰਾਜ ਅਤੇ ਕੌਮੀ ਪੱਧਰ ਦੇ ਤਗ਼ਮੇ ਜਿੱਤਣ ਦਾ ਤਾਂ ਕੋਈ ਲੇਖਾ ਹੀ ਨਹੀਂ। ਮੁੱਕੇਬਾਜ਼ੀ ਦੇ ਮੁਕਾਬਲਿਆ 'ਚ ਭਾਗ ਲੈਂਦਿਆਂ ਉਹਦੇ ਨਾਲ ਅਜਿਹੀਆਂ ਘਟਨਾਵਾਂ ਵੀ ਵਾਪਰੀਆਂ ਜੋ ਜੱਗੋਂ ਨਿਆਰੀਆਂ ਕਹੀਆਂ ਜਾ ਸਕਦੀਆਂ। ਉਨ੍ਹਾਂ 'ਚ ਇਕੋ ਦਾ ਜ਼ਿਕਰ ਕਰਨਾ ਹੀ ਕਾਫੀ ਹੋਵੇਗਾ।

ਸਕੂਲਾਂ-ਕਾਲਜਾਂ ਤੇ ਰਾਜ ਪੱਧਰ ਦੀਆਂ ਜਿੱਤਾਂ ਤੋਂ ਬਾਅਦ ਜਦੋਂ ਮੈਰੀ ਨੈਸ਼ਨਲ ਮੁਕਾਬਲਿਆਂ 'ਚ ਜਾਣ ਲੱਗੀ ਤਾਂ ਉਥੇ ਉਹਦੀ ਇਕ ਅੰਤਰਰਾਸ਼ਟਰੀ ਮੁਕਾਬਲੇ 'ਚ ਜਾਣ ਲਈ ਚੋਣ ਹੋ ਗਈ। ਉਸ ਨੇ ਚਾਈਂ-ਚਾਈਂ ਪਾਸਪੋਰਟ ਵੀ ਬਣਵਾ ਲਿਆ। 2000 ਵਿਚ ਉਸ ਨੇ ਪੰਜਾਬ 'ਚ ਹੋ ਰਹੀਆਂ ਨੈਸ਼ਨਲ ਖੇਡਾਂ 'ਚ ਭਾਗ ਲੈਣ ਜਾਣਾ ਸੀ। ਰੇਲਗੱਡੀ 'ਚ ਸਫ਼ਰ ਕਰਦਿਆਂ ਉਹਦਾ ਬੈਗ ਚੋਰੀ ਹੋ ਗਿਆ ਜਿਸ ਵਿਚ ਉਸ ਦੇ ਪੈਸੇ, ਪਾਸਪੋਰਟ ਤੇ ਕਪੜੇ ਆਦਿ ਸਨ। ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਉਹ ਡੌਰ ਭੌਰੀ ਫਿਰ ਰਹੀ ਸੀ ਜਿਥੇ ਉਹਦੀ ਮਦਦ ਕਰਨ ਵਾਲਾ ਕੋਈ ਨਹੀਂ ਸੀ। ਅਚਾਨਕ ਮਨੀਪੁਰ ਦਾ ਹੀ ਇਕ ਨੌਜੁਆਨ ਫੁੱਟਬਾਲਰ ਕਾਰੁੰਗ ਓਨਲਰ ਮਦਦ ਲਈ ਬਹੁੜ ਪਿਆ। ਉਹ ਦਿੱਲੀ ਯੂਨੀਵਰਸਿਟੀ ਵਿਚ ਲਾਅ ਦਾ ਵਿਦਿਆਰਥੀ ਅਤੇ ਉੱਤਰ-ਪੂਰਬੀ ਰਾਜਾਂ ਦੇ ਵਿਦਿਆਰਥੀਆਂ ਦੀ ਜਥੇਬੰਦੀ ਦਾ ਪ੍ਰਧਾਨ ਸੀ। ਉਸ ਨੇ ਮੈਰੀ ਨੂੰ ਦਿਲਾਸਾ ਦਿੰਦਿਆਂ ਲੋੜੀਂਦੇ ਪੈਸੇ ਦਿੱਤੇ ਤੇ ਖਾਣਾ ਖੁਆਉਣ ਦੇ ਨਾਲ ਰਹਿਣ ਦਾ ਵੀ ਪ੍ਰਬੰਧ ਕੀਤਾ। ਮੈਰੀ ਨੂੰ ਵਧੇਰੇ ਚਿੰਤਾ ਪਾਸਪੋਰਟ ਗੁੰਮ ਜਾਣ ਦੀ ਸੀ ਕਿਉਂਕਿ ਕੁਝ ਦਿਨਾਂ ਬਾਅਦ ਹੀ ਉਸ ਨੇ ਅੰਤਰਰਾਸ਼ਟਰੀ ਮੁਕਾਬਲੇ ਲਈ ਬਦੇਸ਼ ਜਾਣਾ ਸੀ। ਓਨਲਰ ਨੇ ਆਪਣੇ ਅਸਰ ਰਸੂਖ ਨਾਲ ਉਸ ਦਾ ਪਾਸਪੋਰਟ ਵੇਲੇ ਸਿਰ ਬਣਵਾ ਦਿੱਤਾ। ਅਚਾਨਕ ਹੋਈ ਮੁਲਾਕਾਤ ਦੋਹਾਂ ਦੀ ਗੂੜ੍ਹੀ ਦੋਸਤੀ ਵਿਚ ਬਦਲ ਗਈ। ਉਹ ਇਕ ਦੂਜੇ ਨੂੰ ਏਨੇ ਭਾਏ ਕਿ 2005 ਵਿਚ ਉਨ੍ਹਾਂ ਨੇ ਵਿਆਹ ਕਰਾ ਲਿਆ। 2007 ਵਿਚ ਜੌੜੇ ਪੁੱਤਰ ਜੰਮਣ ਨਾਲ ਕੁਝ ਸਮਾਂ ਮੈਰੀ ਕੋਮ ਨੂੰ ਮੁੱਕੇਬਾਜ਼ੀ ਦੇ ਮੁਕਾਬਲਿਆਂ ਤੋਂ ਲਾਂਭੇ ਰਹਿਣਾ ਪੈ ਗਿਆ।

ਮੈਰੀ ਨੂੰ ਮੁੜ ਰਿੰਗ 'ਚ ਉਤਾਰਨ ਲਈ ਓਨਲਰ ਨੇ ਬੱਚਿਆਂ ਦੀ ਪਾਲਣਾ ਪੋਸ਼ਣਾ ਆਪ ਸੰਭਾਲ ਲਈ। ਮੈਰੀ ਫਿਰ ਮੈਡਲ 'ਤੇ ਮੈਡਲ ਜਿੱਤਣ ਲੱਗੀ। ਇਨਾਮਾਂ ਤੇ ਮਾਣ-ਸਨਮਾਨਾਂ ਦੀਆਂ ਢੇਰੀਆਂ ਲੱਗਣ ਲੱਗ ਪਈਆਂ। 2013 'ਚ ਉਨ੍ਹਾਂ ਦੇ ਤੀਜਾ ਪੁੱਤਰ ਪੈਦਾ ਹੋਇਆ। 2017 ਵਿਚ ਜੋੜੇ ਨੇ ਧੀ ਦੀ ਘਾਟ ਪੂਰੀ ਕਰਨ ਲਈ ਇਕ ਬੱਚੀ ਗੋਦ ਲੈ ਲਈ। ਉਹ ਚਾਰ ਬੱਚਿਆਂ ਦੇ ਮਾਪੇ ਬਣ ਗਏ। ਮਾੜਾ ਸਮਾਂ ਪੁੱਛ ਕੇ ਨਹੀਂ ਆਉਂਦਾ। ਰਾਜ਼ੀ ਖ਼ੁਸ਼ੀ ਵਸਦੇ ਪਤੀ-ਪਤਨੀ ਵਿਚਕਾਰ ਵਾਧੂ ਪੈਸੇ ਤੇ ਵਾਧੂ ਖਰਚੇ ਨੇ ਅਜਿਹੀ ਬੇਵਿਸਾਹੀ ਪੈਦਾ ਕੀਤੀ ਕਿ ਦਸੰਬਰ 2023 'ਚ ਨੌਬਤ ਤਲਾਕ ਤਕ ਪਹੁੰਚ ਗਈ। ਕੁਝ ਸਮਾਂ ਚੁੱਪ ਪਸਰੀ ਰਹੀ। ਫਿਰ ਭੇਤ ਪਰਗਟ ਹੋਣ ਲੱਗੇ ਤੇ ਊਜਾਂ ਲੱਗਣ ਲੱਗੀਆਂ ਜਿਵੇਂ ਕਿ ਲੱਗਦੀਆਂ ਹੀ ਹਨ। ਚਾਰੇ ਬੱਚੇ ਹਾਲ ਦੀ ਘੜੀ ਮੈਰੀ ਕੋਮ ਨਾਲ ਹੀ ਰਹਿੰਦੇ ਹਨ।

ਜਦੋਂ ਸਭ ਕੁਝ ਠੀਕ ਠਾਕ ਸੀ ਤਾਂ 2012 ਵਿਚ ਭਾਰਤ ਦੇ ਫਿਲਮ ਪ੍ਰੋਡਿਊਸਰ ਸੰਜੇ ਲੀਲਾ ਭੰਸਾਲੀ ਨੇ ਮੈਰੀ ਦੇ ਜੀਵਨ ਉਤੇ ਆਧਾਰਿਤ ਫਿਲਮ ਬਣਾਉਣ ਦਾ ਐਲਾਨ ਕਰ ਦਿੱਤਾ। ਉਦੋਂ ਉਹ ਲੰਡਨ ਦੀਆਂ ਓਲੰਪਿਕ ਖੇਡਾਂ 'ਚੋਂ ਕਾਂਸੀ ਦਾ ਤਗ਼ਮਾ ਜਿੱਤੀ ਸੀ। ਭੰਸਾਲੀ ਨੇ ਮੈਰੀ ਕੋਮ ਦਾ ਰੋਲ ਅਦਾ ਕਰਨ ਲਈ ਫਿਲਮਾਂ ਦੀ ਪ੍ਰਸਿੱਧ ਅਦਾਕਾਰਾ ਪ੍ਰਿਅੰਕਾ ਚੋਪੜਾ ਨੂੰ ਚੁਣਿਆ। ਪ੍ਰਿਅੰਕਾ ਦਾ ਕੱਦ ਬੇਸ਼ਕ ਮੈਰੀ ਕੋਮ ਤੋਂ ਉੱਚਾ ਸੀ ਪਰ ਉਹਦੇ ਵਰਗਾ ਪੱਠੇਦਾਰ ਜੁੱਸਾ ਬਣਾਉਣ ਲਈ ਉਸ ਨੇ ਚਾਰ ਮਹੀਨੇ ਵੇਟ ਟ੍ਰੇਨਿੰਗ ਤੇ ਮੁੱਕੇਬਾਜ਼ੀ ਨਾਲ ਮੱਥਾ ਮਾਰਿਆ। ਫਿਲਮ ਦੀ ਹੀਰੋਇਨ ਪ੍ਰਿਅੰਕਾ ਨਾਲ ਮੈਰੀ ਦੇ ਪਤੀ ਓਨਲਰ ਕੋਮ ਦਾ ਰੋਲ ਦਰਸ਼ਨ ਕੁਮਾਰ, ਪਿਤਾ ਮਾਂਗਟੇ ਟੋਪਨਾ ਕੋਮ ਦਾ ਰੋਲ ਰੋਬਿਨ ਦਾਸ ਤੇ ਕੋਚ ਨਰਜਿਤ ਸਿੰਘ ਦਾ ਰੋਲ ਸੁਨੀਲ ਥਾਪਾ ਨੇ ਨਿਭਾਇਆ।

ਫਿਲਮ ਦੀ ਸ਼ੂਟਿੰਗ ਪਹਿਲਾਂ ਮਨੀਪੁਰ ਦੀਆਂ ਪਹਾੜੀ ਵਾਦੀਆਂ ਵਿਚ ਕਰਨ ਦਾ ਵਿਚਾਰ ਸੀ ਪਰ ਗੜਬੜ ਕਾਰਨ

*(ਬਾਕੀ ਅਗਲੇ ਸਫੇ 'ਤੇ)*

# ਹਿੰਦੀ ਤੇ ਉਰਦੂ ਸ਼ਾਇਰੀ ਵਿਚ ਅਸਮਾਨ ਦਾ ਸੰਕਲਪ ਅਤੇ ਪਾਸ਼ ਦੀ ਤਲਖ, ਤੁਰਸ਼ ਤੇ ਸ਼ੀਰੀਂ ਰਚਨਾਤਮਿਕਤਾ



## ਨਿੱਕ ਸੁੱਕ

**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਕਹਾਵਤ 'ਕਹੀਂ ਕੀ ਈਂਟ, ਕਹੀਂ ਕਾ ਰੋੜਾ, ਭਾਨਮਤੀ ਨੇ ਕੁਨਬਾ ਜੋੜਾ' ਅਨੁਸਾਰ ਅਜੋਕੇ ਨਿੱਕ-ਸੁੱਕ ਵਿਚ ਪਰਿਵਾਰ ਵੀ ਹੈ, ਕੁਨਬਾ ਵੀ ਤੇ ਨਿੱਕ-ਸੁੱਕ ਵੀ। ਮਾਲੀ ਮਾਰਨ ਵਾਲਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਹੈ, ਜਿਸਨੂੰ ਗੋਰੀ ਸਰਕਾਰ ਨੇ ਰਾਜਗੁਰੂ ਤੇ ਸੁਖਦੇਵ ਸਮੇਤ 23 ਮਾਰਚ ਵਾਲੇ ਦਿਨ ਹੁਸੈਨਵਾਲਾ ਦੇ ਸਥਾਨ ਉੱਤੇ ਫਾਂਸੀ ਲਟਕਾ ਦਿੱਤਾ ਸੀ। ਏਸ ਦਿਨ ਨੂੰ ਸ਼ਹੀਦੀ ਦਿਵਸ ਦੀ ਪਦਵੀ ਦਿਵਾਉਣ ਵਾਲਾ ਭਗਤ ਸਿੰਘ 23 ਸਤੰਬਰ, 1907 ਨੂੰ ਪੰਜਾਬ ਦੇ ਲਾਇਲਪੁਰ ਜ਼ਿਲ੍ਹੇ (ਹੁਣ ਪਾਕਿਸਤਾਨ) ਦੇ ਬੰਗਾ ਪਿੰਡ ਵਿਚ ਪੈਦਾ ਹੋਇਆ ਸੀ। ਇਹ ਗੱਲ ਵੱਖਰੀ ਹੈ ਕਿ 1947 ਦੀ ਦੇਸ਼ ਵੰਡ ਪਿਛੋਂ ਉਸਦਾ ਪਰਿਵਾਰ (ਸੁਤੰਤਰਤਾ ਸੰਗਰਾਮੀ ਪਿਤਾ ਕਿਸ਼ਨ ਸਿੰਘ ਤੇ ਚਾਚਾ ਅਰਜਨ ਸਿੰਘ) ਆਪਣੇ ਜੱਦੀ ਪਿੰਡ ਖਟਕੜ ਕਲਾਂ ਆ ਬਿਰਾਜੇ ਸਨ, ਜਿੱਥੋਂ ਭਗਤ ਸਿੰਘ ਦਾ ਨਾਨਕਾ ਪਿੰਡ ਮੋਰਾਂਵਾਲੀ ਕੇਵਲ 4-5 ਕਿਲੋਮੀਟਰ ਦੀ ਦੂਰੀ ਉੱਤੇ ਹੈ। ਮੈਂ ਪਾਕਿਸਤਾਨ ਵਿਚਲੇ ਬੰਗਾ ਪਿੰਡ ਦੀ ਜ਼ਿਆਰਤ ਵੀ ਕੀਤੀ ਹੈ, ਮੋਰਾਂਵਾਲੀ ਸਮੇਤ। ਮੇਰੇ ਬਾਪੂ ਜੀ ਖਟਕੜ ਕਲਾਂ ਨੂੰ ਸਿੱਖਾਂ ਦਾ ਮੱਕਾ ਕਹਿੰਦੇ ਸਨ।

ਲੋਕਗੀਤ ਪ੍ਰਕਾਸ਼ਨ ਮੁਹਾਲੀ ਦੁਆਰਾ ਛਪੀ 'ਸਰਦਾਰ ਭਗਤ ਸਿੰਘ ਦੀ ਜੀਵਨੀ' ਵਿਚੋਂ... 'ਇਨਕਲਾਬ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਸ਼ਹੀਦ ਭਗਤ ਸਿੰਘ ਤਾਂ 23 ਮਾਰਚ ਨੂੰ ਵਿਦਾ ਲੈ ਗਏ ਪਰ ਸਰਕਾਰ ਦਾ ਪਰਿਵਾਰ 'ਤੇ ਨਜ਼ਰ-ਏ-ਕਹਿਰ ਬਾਦਸਤੂਰ ਜਾਰੀ ਰਿਹਾ। ਨਿਗਰਾਨੀ ਤੇ ਨਜ਼ਰਬੰਦੀ ਹਮੇਸ਼ਾ ਹੀ ਉਨ੍ਹਾਂ ਦਾ ਹਾਸਿਲ ਰਹੀ। ਇਸੇ ਹਾਲਾਤ 'ਚ ਅੱਠਵੀਂ ਜਮਾਤ ਵਿਚ ਹੀ ਸਕੂਲ ਛੱਡਣਾ ਪਿਆ। ਉਨ੍ਹਾਂ ਦੇ ਵੱਡੇ ਭਰਾ ਕੁਲਬੀਰ ਸਿੰਘ ਅਤੇ ਕੁਲਤਾਰ ਸਿੰਘ ਡੀ.ਆਈ.ਆਰ. ਅਧੀਨ ਨਜ਼ਰਬੰਦ ਸਨ ਅਤੇ ਪਿਤਾ ਸ. ਕਿਸ਼ਨ ਸਿੰਘ ਭਾਵੇਂ ਉਸ ਸਮੇਂ ਤਕ ਕਾਂਗਰਸ ਵੱਲੋਂ ਐਮ.ਐਲ.ਏ. ਬਣ ਚੁੱਕੇ ਸਨ ਪਰ ਅਧਰੰਗ ਦੇ ਰੋਗੀ ਸਨ। ਇਸ ਲਈ ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਨਿੱਕੀ ਉਮਰੇ ਹੀ ਆਣ ਪਈ। ਜਿਵੇਂ ਐਨਾ ਹੀ ਕਾਫ਼ੀ ਨਹੀਂ ਸੀ। 1943 ਵਿਚ ਬ੍ਰੈਡਲਾ ਹਾਲ ਵਿਖੇ ਕਾਂਗਰਸ ਪਾਰਟੀ ਦੇ ਦਫ਼ਤਰ ਵਿਚੋਂ ਸ. ਰਣਬੀਰ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਕਦੇ ਭਗੌੜੇ ਰਹੇ ਅਤੇ ਕਦੇ ਇਸ਼ਤਿਹਾਰੀ ਮੁਜ਼ਰਿਮ ਅਤੇ ਕਦੇ ਸਿਰ 'ਤੇ ਇਨਾਮ।

ਸੁਖਦੇਵ ਦੇ ਮਾਪਿਆਂ ਦਾ ਗੋਤ ਥਾਪਰ ਸੀ। ਉਸਦਾ ਪੂਰਾ ਪਰਿਵਾਰ ਕ੍ਰਾਂਤੀਕਾਰੀ ਗਤੀਵਿਧੀਆਂ ਨਾਲ ਜੁੜਿਆ ਹੋਇਆ ਸੀ। ਉਸਦਾ ਜਨਮ 15 ਮਈ 1907 ਨੂੰ ਲਇਲਪੁਰ ਹੋਇਆ ਸੀ। ਰਾਜਗੁਰੂ ਦਾ ਜਨਮ 24 ਅਗਸਤ, 1908 ਨੂੰ ਪੂਨਾ ਵਿਚ ਹੋਇਆ ਸੀ। ਉਹ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ ਦੇ ਮੈਂਬਰ ਹੁੰਦਿਆਂ ਇਕ ਦੂਜੇ ਦੇ ਜਾਣੂ ਹੋਏ।

ਜੇ ਅਵਤਾਰ ਸਿੰਘ ਪਾਸ਼ ਦੀ ਰਚਨਾਤਮਕਤਾ ਦੀ ਗੱਲ ਕਰੀਏ ਇਸਦੀ ਬੁਲੰਦੀ ਦੀਆਂ ਸਿਖਰਾਂ ਤੇ ਆਸਮਾਨ ਵੱਖਰੇ ਹਨ। ਲਖਵਿੰਦਰ ਸਿੰਘ ਜੌਹਲ ਨੇ ਇਸਦਾ ਸਾਰੰਸ਼ ਹੇਠ ਲਿਖੇ ਸ਼ਬਦ ਵਿਚ ਕੀਤਾ ਹੈ:


'ਪੰਜਾਬੀ ਕਵਿਤਾ ਵਿਚ ਇਕ ਵਾਵਰੋਲੇ ਵਾਂਗ ਆਇਆ ਅਤੇ ਆਪਣੇ ਪਿੱਛੇ ਬਹੁਤ ਕੁਝ ਅਜਿਹਾ ਛੱਡ ਗਿਆ, ਜਿਸ ਨੂੰ ਸਮਝਣਾ, ਉਸ ਦੇ ਵਿਛੜ ਜਾਣ ਤੋਂ ਏਨੇ ਸਾਲਾਂ ਬਾਅਦ ਵੀ ਇਕ ਰਹੱਸ ਬਣਿਆ ਹੋਇਆ ਹੈ। ਉਹ ਇਕ ਕਵੀ ਸੀ, ਇਕ ਸਮਾਜ ਸੁਧਾਰਕ ਸੀ ਅਤੇ ਇਕ ਅਜਿਹੀ ਸ਼ਖਸੀਅਤ ਦਾ ਮਾਲਕ ਸੀ, ਜੋ ਆਪਣੇ ਆਸ਼ਿਆਂ ਵੱਲ ਬਹੁਤ ਤੇਜ਼ੀ ਨਾਲ ਅੱਗੇ ਵਧਦੀ ਦਿਸਦੀ ਸੀ।

ਕੀ ਹੋ ਸਕਦੇ ਸਨ, ਉਸ ਦੇ ਆਸ਼ੇ? ਇਹ ਰਹੱਸ ਵੀ ਅਜੇ ਤੱਕ ਬਣਿਆ ਹੋਇਆ ਹੈ।

ਪਾਸ਼ ਸਿਰਫ਼ ਵੀਹ ਕੁ ਸਾਲ ਦਾ ਸੀ, ਜਦੋਂ ਉਸ ਦੀ ਪਹਿਲੀ ਕਾਵਿ-ਕਿਤਾਬ 'ਲੋਹ ਕਥਾ' ਛਪ ਗਈ ਸੀ। ਕਵਿਤਾ ਦੀਆਂ ਉਸ ਨੇ ਸਿਰਫ ਤਿੰਨ ਕਿਤਾਬਾਂ ਲਿਖੀਆਂ। ਲੋਹਕਥਾ (1970), ਉੱਡਦੇ ਬਾਜਾਂ ਮਗਰ (1973) ਅਤੇ ਸਾਡੇ ਸਮਿਆਂ ਵਿਚ (1978)।

ਉਸ ਦੀਆਂ ਰਚਨਾਵਾਂ ਦੀ ਚੌਥੀ ਕਿਤਾਬ 'ਖਿੱਲਰੇ ਹੋਏ ਵਰਕੇ' ਉਸ ਦੀ ਮੌਤ ਤੋਂ ਬਾਅਦ 1989 ਵਿਚ ਛਪੀ ਸੀ ਜਿਸ ਵਿਚ ਕਵਿਤਾਵਾਂ ਦੇ ਨਾਲ-ਨਾਲ ਉਸ ਦੀਆਂ ਹੋਰ ਲਿਖਤਾਂ ਵੀ ਹਨ। ਇਸ ਕਿਤਾਬ ਵਿਚ ਉਸ ਦੀਆਂ ਬਹੁਚਰਚਿਤ ਕਵਿਤਾਵਾਂ ਸਭ ਤੋਂ ਖਤਰਨਾਕ, 'ਧਰਮ ਦੀਖਸ਼ਾ ਲਈ ਬਿਨੈਪੱਤਰ' ਅਤੇ ਅੰਗਰੇਜ਼ੀ ਕਵੀ ਕਾਤਲ ਸੈਂਡਬਰਗ ਦੀ ਮਸ਼ਹੂਰ ਕਵਿਤਾ 'ਗਰਾਸ' ਦਾ ਪੰਜਾਬੀ ਰੂਪਾਂਤਰਨ 'ਘਾਹ' ਵੀ ਸ਼ਾਮਿਲ ਹੈ। ਇਸੇ ਕਿਤਾਬ ਵਿਚ ਉਸ ਦੀਆਂ ਗ਼ਜ਼ਲਾਂ, ਕੁਝ ਦੋਹੇ ਅਤੇ ਕੁਝ ਚਿੱਠੀਆਂ ਵੀ ਸ਼ਾਮਿਲ ਹਨ।

ਉਸ ਦਾ ਪਰਿਵਾਰ ਮੱਧਵਰਗੀ ਕਿਸਾਨੀ ਪਰਿਵਾਰ ਸੀ।




ਪਿਤਾ ਸੋਹਣ ਸਿੰਘ ਸੰਧੂ ਫ਼ੌਜੀ ਸਨ ਅਤੇ ਕਵਿਤਾ ਲਿਖਣ ਦਾ ਸ਼ੌਕ ਵੀ ਰੱਖਦੇ ਸਨ। ਜਲੰਧਰ ਛਾਉਣੀ ਦੇ ਜੈਨ ਹਾਈ ਸਕੂਲ ਵਿਚ ਉਹ ਦਸਵੀਂ ਤੱਕ ਪੜ੍ਹਿਆ। ਫੇਰ ਉਸ ਨੇ ਗਿਆਨੀ ਕੀਤੀ ਅਤੇ ਫੇਰ ਸਰਕਾਰੀ ਸਕੂਲ ਸਮਰਾਏ ਜੰਡਿਆਲਾ ਵਿਚ ਜੇ. ਬੀ.ਟੀ. ਕਰਨ ਲੱਗਿਆ। ਇਥੋਂ ਹੀ ਉਹ ਸ਼ੇਖੂਪੁਰਾ (ਕਪੂਰਥਲਾ) ਦੇ ਸਕੂਲ ਵਿਚ ਚਲਾ ਗਿਆ। ਜੇ.ਬੀ.ਟੀ. ਕਰਨ ਤੋਂ ਪਹਿਲਾਂ ਹੀ ਉਹ ਜੇਲ੍ਹ ਯਾਤਰਾਵਾਂ ਦੇ ਰੰਗ ਵੀ ਦੇਖ ਚੁੱਕਾ ਸੀ ਅਤੇ ਦੋ ਕਿਤਾਬਾਂ ਦਾ ਲੇਖਕ ਵੀ ਬਣ ਚੁੱਕਾ ਸੀ।

ਉਸ ਨੇ ਆਪਣਾ ਕਰੀਅਰ 1967 ਵਿਚ ਬੀ.ਐਸ.ਐਫ. ਵਿਚ ਭਰਤੀ ਹੋਣ ਤੋਂ ਆਰੰਭ ਕੀਤਾ ਸੀ, ਪਰ ਸਥਾਪਤੀ ਪ੍ਰਤੀ ਸਵਾਲੀਆ ਸੁਭਾਅ ਨੇ ਉਸ ਨੂੰ ਇਥੇ ਟਿਕਣ ਨਾ ਦਿੱਤਾ।

ਮਈ 1970 ਵਿਚ ਉਸਨੂੰ ਇਕ ਕਤਲ ਦੇ ਮੁਕੱਦਮੇ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਇਕ ਸਾਲ ਬਾਅਦ ਹੀ ਉਹ ਬਾਹਰ ਆ ਗਿਆ ਤਾਂ 1972 ਵਿਚ ਮੋਗਾ ਕਾਂਡ ਵਿਚ ਫੇਰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ ਕੇਂਦਰੀ ਜੇਲ੍ਹ ਜਲੰਧਰ ਵਿਚ ਰੱਖਿਆ ਗਿਆ।...

1973 ਵਿਚ ਜਦੋਂ ਉਹ ਬਾਹਰ ਆਇਆ ਤਾਂ ਨਕਸਲੀ ਦੌਰ ਦੇ ਕਈ ਸਾਹਿਤਕ ਪਰਚਿਆਂ ਦਾ ਕਰਤਾ-ਧਰਤਾ ਬਣਿਆ, ਜਿਸ ਵਿਚ, 'ਸਿਆੜ', ਅਤੇ 'ਹੋਕਾ' ਆਦਿ ਗਿਣੇ ਜਾ ਸਕਦੇ ਹਨ। 9 ਸਤੰਬਰ, 1950 ਨੂੰ ਦੁਆਬੇ ਦੇ ਨਿੱਕੇ ਜਿਹੇ ਪਿੰਡ ਤਲਵੰਡੀ ਸਲੇਮ ਵਿਚ ਸੋਹਣ ਸਿੰਘ ਸੰਧੂ ਦੇ ਘਰ ਜੰਮਿਆ ਅਵਤਾਰ ਸਿੰਘ ਸੰਧੂ ਆਪਣੇ ਕਲਮੀ ਨਾਂਅ ਪਾਸ਼ ਨਾਲ ਜਾਣਿਆ ਗਿਆ।

1973 ਵਿਚ ਉਸ ਨੇ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਮੰਚ ਦੀ ਸਥਾਪਨਾ ਕੀਤੀ ਸੀ। ਇਹੀ ਉਹ ਦੌਰ ਹੈ, ਜਦੋਂ ਪਾਸ਼ ਰਵਾਇਤੀ ਖੱਬੇ-ਪੱਖੀਆਂ ਤੋਂ ਇਕ ਵਿੱਥ ਸਥਾਪਿਤ ਕਰਨ ਦੇ ਰਾਹ ਤੁਰ ਚੁੱਕਾ ਸੀ। ਉਹ ਟਰਾਟਸਕੀ ਦੇ ਕਲਾ ਅਤੇ ਸਾਹਿਤ ਹਰਫ਼ਾਂ ਬਾਰੇ ਵਿਚਾਰਾਂ ਦਾ ਕੱਟੜ ਹਮਾਇਤੀ ਸੀ। ਇਸੇ ਕਰਕੇ ਉਸ ਨੇ 'ਤੋਹਲੇ ਬਾਣ' ਤੋਂ ਵੱਖਰੇ ਪਰਚੇ 'ਸਿਆੜ' ਦੀ ਸਥਾਪਨਾ ਕੀਤੀ ਸੀ। ਕੁਝ ਸਾਲਾਂ ਬਾਅਦ ਛਪੀ 'ਸਾਡੇ ਸਮਿਆਂ ਵਿਚ' ਕਿਤਾਬ ਦੇ ਮੁੱਖ ਬੰਦ ਵਿਚ ਉਸ ਨੇ ਲਿਖਿਆ ਸੀ :—

'ਪਾਰਟੀ ਲੰਬਲਾਂ ਤੋਂ ਪਿੱਛਾ ਛੁਡਾਉਣ ਲਈ ਮੈਨੂੰ ਪਤਾ ਨਹੀਂ ਕੀ-ਕੀ ਸ਼ਰਾਰਤਾਂ ਕਰਨੀਆਂ ਪਈਆਂ। ਰਾਜਨੀਤਕ ਸਰਗਰਮੀਆਂ ਵਿਚੋਂ ਹੱਥ ਖਿੱਚ ਲੈਣ ਨਾਲ ਕੁਦਰਤੀ ਹੀ ਸੀ ਕਿ ਮੇਰੀ ਕਵਿਤਾ ਅੰਤਰਮੁਖਤਾ ਵੱਲ ਵਧ ਜਾਂਦੀ।'

ਇਹ ਅੰਤਰਮੁਖਤਾ ਉਸ ਦੀ ਸਮਾਜ ਸ਼ਾਸਤਰੀ ਪਹੁੰਚ ਦਾ ਇਕ ਪਸਾਰ ਹੈ, ਜਿਸ ਨੇ ਉਸ ਨੂੰ ਕਾਵਿ ਸਿਰਜਣਾ ਦੇ ਨਾਲ-ਨਾਲ ਗਹਿਰੇ ਸੋਚਸ਼ੀਲ ਵਿਅਕਤੀ ਵਜੋਂ ਹਮੇਸ਼ਾ ਜਿਊਂਦੇ ਰੱਖਿਆ।

ਸਮਾਜ ਨੂੰ ਬਦਲਣ ਲਈ ਤੁਰੇ ਪਾਸ਼ ਦੇ ਆਦਰਸ਼ਾਂ ਦਾ ਇਸ ਤਰ੍ਹਾਂ ਟੁੱਟਣਾ ਅਤੇ ਉਸ ਦੀ ਸਿਰਜਣਾਤਮਿਕ ਸਮਰੱਥਾ ਵਿਚ ਇਸ ਟੁੱਟ-ਭੱਜ ਦਾ ਇਸ ਤਰ੍ਹਾਂ ਓਤ-ਪੋਤ ਹੋ ਜਾਣਾ ਹੀ, ਪਾਸ਼ ਦਾ ਸੰਤਾਪ ਸੀ।

ਇਸੇ ਸੰਤਾਪ ਨੇ ਉਸ ਨੂੰ ਬੇਹੱਦ ਸ਼ਿੱਦਤ ਨਾਲ ਉਹ ਟੇਢ ਵੀ ਪ੍ਰਦਾਨ ਕਰ ਦਿੱਤੀ, ਜੋ ਆਪਣੀਆਂ ਰਾਜਨੀਤਕ ਅਤੇ ਸੱਭਿਆਚਾਰਕ ਰਹਿਤਲਾਂ ਵਿਚੋਂ ਬਾਹਰ ਆਉਣ ਲਈ ਬਾਰਤੀ ਸਮਾਜ ਲਈ ਬੇਹੱਦ ਜ਼ਰੂਰੀ ਹਨ। ਆਪਣੀ ਇਸ ਤੀਸਰੀ ਅੱਖ ਦੇ ਖੁੱਲ੍ਹਣ ਨਾਲ ਪੈਦਾ ਹੋਣ ਵਾਲੇ ਖ਼ਤਰੇ ਤੋਂ ਉਹ ਵਾਕਿਫ਼ ਸੀ:—

ਚਾਹੁਣ ਲਗਦਾ ਹਾਂ ਪਲ ਦੀ ਪਲ ਅਚਾਨਕ ਆਏ ਕਿਤੋਂ ਉਹ ਨਿਊਟਨ ਦਾ ਦਰਵੇਸ਼ ਡਾਇਮੰਡ ਫਿਰ ਸੁਣੋ ਇਕ ਵਾਰ ਬਲਦੀ ਮੋਮਬੱਤੀ ਮੇਰੇ ਜ਼ਿਹਨ ਦੀ ਖੁੱਲ੍ਹੀ ਦਰਾਜ਼ ਵਿਚ ਏਸ ਤੋਂ ਪਹਿਲਾਂ ਕਿ ਮੇਰੇ ਜ਼ਿਹਨ ਵਿਚ ਮੌਜੂਦ ਕੁੱਲ ਅਹੁਰੀਆਂ ਇਤਲਾਹਾਂ ਕਿਸੇ ਸਿਧਾਂਤ ਵਿਚ ਵਟਣ ਉਨ੍ਹਾਂ ਨੂੰ ਸਾੜ ਦਏ ਉਨ੍ਹਾਂ ਦੇ ਨਾ ਸੜਨ ਵਿਚ ਬਹੁਤ ਖਤਰਾ ਹੈ—

ਉਸ ਦਾ ਇਹ ਕਾਵਿ-ਬਿਆਨ ਕਮਿਊਨਿਸਟ ਸਿਧਾਂਤ ਦੇ ਪ੍ਰਾਪਤ ਪ੍ਰਤਿਪੇਖ ਦੇ ਵਿਰੋਧ ਵਿਚ ਇਕ ਨਵੇਂ ਇਸਥਾਰ ਦੀ ਸਿਰਜਣਾ ਦਾ ਸੰਕੇਤ ਦਿੰਦਾ ਹੈ। ਉਸ ਦੀਆਂ ਕਿਆਸ ਅਰਾਈਆਂ ਵਿਚ ਉਸ ਦੀ ਚਿੰਤਨਸ਼ੀਲਤਾ ਵਿਚ, ਇਸ ਨਵੇਂ ਵਿਸਥਾਰ ਦੀ ਰੂਪਰੇਖਾ ਕੀ ਸੀ? ਇਸ ਦੀ ਤਲਾਸ਼ ਵਿਚ ਰੁੱਝਿਆ ਹੋਇਆ ਪਾਸ਼ ਪੰਜਾਬ ਸੰਕਟ ਦੇ ਸਭ ਤੋਂ ਭਿਆਨਕ ਦਿਨਾਂ ਵਿਚ ਅਮਰੀਕਾ ਚਲਾ ਗਿਆ। ਕੁਝ ਹੀ ਸਾਲਾਂ ਬਾਅਦ 1988 ਦੇ ਸ਼ੁਰੂ ਵਿਚ ਉਹ ਆਪਣੇ ਵੀਜ਼ੇ ਦੇ ਨਵੀਨੀਕਰਨ ਲਈ ਇਧਰ ਆਇਆ। ਜਿਨ੍ਹਾਂ ਦਿਨਾਂ ਵਿਚ ਹੀ ਉਸ ਨੇ ਆਪਣੀ ਕਵਿਤਾ 'ਸਭ ਤੋਂ ਖ਼ਤਰਨਾਕ' ਲਿਖੀ:—

ਸਭ ਤੋਂ ਖਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ
ਸਭ ਕੁਝ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ 'ਤੇ
ਤੇ ਕੰਮ ਤੋਂ ਘਰ ਆਉਣਾ
ਸਭ ਤੋਂ ਖਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ...

ਸ਼ਾਇਦ ਇਹ ਕਵਿਤਾ ਉਸ ਵੱਲੋਂ ਲਿਖੀ ਗਈ ਸਭ ਤੋਂ ਆਖ਼ਰੀ ਕਵਿਤਾ ਹੈ।

23 ਮਾਰਚ, 1988 ਨੂੰ ਅਚਾਨਕ ਖ਼ਬਰ ਆਈ ਕਿ ਪਾਸ਼ ਅਤੇ ਉਸ ਦੇ ਦੋਸਤ ਹੰਸ ਰਾਜ ਨੂੰ ਗੋਲੀਆਂ ਵੱਜੀਆਂ ਹਨ ਅਤੇ ਉਨ੍ਹਾਂ ਦੀ ਮੌਤ ਹੋ ਗਈ ਹੈ।... ਰੋਹ ਭਰੇ ਸੋਗ ਦਾ ਸੰਨਾਟਾ ਚਾਰੇ ਪਾਸੇ ਪਸਰ ਗਿਆ।

ਪਾਸ਼ ਦੇ ਵਿਛੋੜੇ ਨੇ ਉਸ ਨੂੰ ਇਕ ਮਿੱਥ ਵਾਂਗ ਸਥਾਪਿਤ ਕਰ ਦਿੱਤਾ। ਪਰ ਪਾਸ਼ ਦੇ ਅੰਤਹਕਰਨ ਵਿਚ ਚਲਦੇ ਕਮਿਊਨਿਸਟ ਸਿਧਾਂਤ ਦੀਆਂ ਨਵੀਆਂ ਪਰਤਾਂ ਖੁੱਲ੍ਹਣ ਦੇ ਵਿਸਥਾਰ ਨੂੰ ਅਤੇ ਪਾਰਟੀਆਂ ਦੀ ਪੈਂਤੜੇਬਾਜ਼ੀ ਉੱਤੇ ਪੁਨਰ ਵਿਚਾਰ ਦੇ ਪ੍ਰਵਾਹ ਨੂੰ, ਪਾਸ਼ ਦੀ ਇਸ ਮਿੱਥ ਸਥਾਪਨਾ ਨੇ ਰੋਕ ਲਿਆ।

ਉਸ ਨੇ ਪੰਜਾਬੀ ਕਵਿਤਾ ਨੂੰ ਵਿਦਰੋਹ ਦਾ ਉਹ ਮੁਹਾਵਰਾ ਪ੍ਰਦਾਨ ਕੀਤਾ ਜਿਸ ਦੀ ਕੋਈ ਹੋਰ ਮਿਸਾਲ ਨਹੀਂ :—

ਮੈਂ ਉਮਰ ਭਰ ਜਿਸਦੇ ਖ਼ਿਲਾਫ਼
ਸੋਚਿਆ ਅਤੇ ਲਿਖਿਆ
ਜੇ ਉਸ ਦੇ ਸੋਗ ਵਿਚ
ਸਾਰਾ ਹੀ ਦੇਸ਼ ਸ਼ਾਮਿਲ ਹੈ
ਤਾਂ ਇਸ ਦੇਸ਼ 'ਚ ਮੇਰਾ ਨਾਮ ਕੱਟ ਦੇਵੋ
(ਬੇਦਖਲੀ ਲਈ ਬਿਨੈ ਪੱਤਰ)
ਹੱਥ ਜੇ ਹੋਣ ਤਾਂ
ਜੋੜਨ ਲਈ ਹੀ ਨਹੀਂ ਹੁੰਦੇ
ਨਾ ਦੁਸ਼ਮਣ ਸਾਹਮਣੇ
ਚੁੱਕਣ ਨੂੰ ਹੀ ਹੁੰਦੇ ਹਨ
ਇਹ ਗਿੱਚੀਆਂ ਮਰੋੜਨ ਲਈ
ਵੀ ਹੁੰਦੇ ਹਨ...

ਤਿੱਖੀ ਰਾਜਨੀਤਕ ਚੇਤਨਾ ਅਤੇ ਸੂਖਮ ਸੰਵੇਦਨਾ ਵਾਲੀ ਉਸ ਦੀ ਕਵਿਤਾ ਬਹੁ-ਪਰਤੀ ਪਸਾਰਾਂ ਵਾਲੀ ਹੈ। ਪ੍ਰਚਲਿਤ ਮਿੱਥਾਂ ਨੂੰ ਅਤਿ ਸੂਖ਼ਮਤਾ ਨਾਲ ਤੋੜਨ ਵਾਲੀ ਇਹ ਕਵਿਤਾ ਸਮਕਾਲੀ ਸਥਿਤੀ ਨੂੰ ਅੰਦਰੋਂ-ਬਾਹਰੋਂ ਸਮਝਣ ਲਈ ਕਿਰਿਆਸ਼ੀਲ ਹੈ। ਸਿੱਧੇ ਸੰਬੋਧਨ ਦੀ ਇਹ ਕਵਿਤਾ ਨਾਅਰੇ ਵਾਂਗ ਦਿਸਦੀ ਹੋਈ ਵੀ ਨਾਅਰਾ ਨਹੀਂ ਹੈ। ਐਲਾਨ ਵਾਂਗ ਬੋਲਦੀ ਹੋਈ ਵੀ ਨਿਰ੍ਹਾ ਐਲਾਨ ਨਹੀਂ ਹੈ:—

ਮੇਰੇ ਤੋਂ ਆਸ ਨਾ ਕਰਿਓ
ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਥੋੜੇ ਚਗਲੇ ਸੁਆਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ ਵਿਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਧੀਆਂ ਦਾ ਕੰਜਕ ਜਿਹਾ ਹਾਸਾ...

ਉਹ ਇਕੋ ਵੇਲੇ ਬੁਲੰਦ ਕਵੀ, ਅਤਿ ਦਰਜੇ ਦਾ ਗਹਿਰ-ਗੰਭੀਰ ਚਿੰਤਕ ਤੇ ਬੇਹੱਦ ਲਚਕੀਲਾ ਅਤੇ ਚੁਲਬੁਲਾ ਵਿਅਕਤੀ ਸੀ। ਉਸ ਦੀ ਸ਼ਖਸੀਅਤ ਦੀ ਏਹੀ ਵਿਲੱਖਣਤਾ, ਉਸ ਨੂੰ ਸਦੀਵੀ ਬਣਾਉਂਦੀ ਹੈ।

ਉਰਦੂ ਤੇ ਹਿੰਦੀ ਸ਼ਾਇਰੀ ਵਿਚ ਆਸਮਾਨ ਦੇ ਸਿਧਾਂਤ ਨੂੰ ਬਹੁ-ਅਰਥੀ ਭਾਵਨਾ ਨਾਲ ਵਰਤਿਆ ਜਾਂਦਾ ਹੈ। ਇਸਨੂੰ ਉੱਤਮਤਾ ਪ੍ਰਦਾਨ ਕਰਨ ਵਾਲਾ ਰਾਮ ਪ੍ਰਸਾਦ ਬਿਲਮਿਲ ਸੀ ਜਿਸਨੇ ਇਸ ਸ਼ਬਦ ਦੀ ਵਰਤੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਪ੍ਰਸੰਗ ਵਿਚ ਕੀਤੀ ਸੀ।

ਸਰਫਰੋਸ਼ੀ ਕੀ ਤਮੰਨਾ ਅੱਬ ਹਮਾਰੇ ਦਿਲ ਮੇਂ ਹੈ
ਦੇਖਨਾ ਹੈ ਜ਼ੋਰ ਕਿਤਨਾ ਬਾਜੂ-ਏ-ਕਾਤਿਲ ਮੇਂ ਹੈ
ਵਕਤ ਆਨੇ ਪੇ ਬਤਾ ਦੇਂਗੇ ਤੁਝੇ ਐ ਆਸਮਾਂ
ਹਮ ਅਭੀ ਸੇ ਕਿਉਂ ਬਤਾਏਂ ਜੋ ਹਮਾਰੇ ਦਿਲ ਮੇਂ ਹੈ

ਮਿਰਜ਼ਾ ਗਾਲਿਬ ਨੇ ਇਸ ਸ਼ਬਦ ਨੂੰ ਖੰਭ ਲਾਏ:—
ਮੰਜ਼ਿਰ ਏਕ ਬੁਲੰਦੀ ਪਰ ਔਰ ਹਮ ਬਨਾ ਸਕਤੇ
ਅਰਸ਼ ਸੇ ਇਧਰ ਹੋਤਾ ਕਾਸ਼ ਕਿ ਮਕਾਂ ਅਪਨਾ

ਹਮ ਕਹਾ ਕੇ ਦਾਨਾ ਥੇ ਕਿਸ ਹੁਨਰ ਮੇਂ ਯਕਤਾ ਥੇ
ਬੇਸਬਬ ਹੂ ਗ਼ਾਲਿਬ ਦੁਸ਼ਮ ਆਸਮਾਂ ਅਪਨਾ

ਹਾਲ-ਏ-ਦਿਲ ਲਿਖੂੰ ਕਬ ਤਕ ਕਿਉਂ ਨਾ ਜਾ ਕੇ ਦਿਖਲਾਊਂ
ਉਗਲੀਆਂ ਫ਼ਿਗਾਰ ਅਖਨੀ ਖਾਮਾ ਖ਼ੂੰਚੁਕਾਂ ਅਪਨਾ

**ਅੰਤਿਕਾ**
ਲੋਕਬਾਣੀ॥
ਜੇ ਟਿਮਟਿਮਾਉਂਦੇ ਮਲੂਕ ਦੀਵੇ ਹੈ ਮੌਤ ਬਲਣਾ ਸਦਾ ਇਕੱਲੇ
ਮਿਲਾ ਕੇ ਜਾਦਾਂ ਹੀ ਕਿਉਂ ਨਾ ਜਗੀਏ, ਮੈਂ ਆਪ ਵੈਰੀ ਹਨੇਰ ਦਾ ਹਾਂ।

---

*(ਪਿਛਲੇ ਸਫੇ ਦਾ ਬਾਕੀ)*

ਧਰਮਸ਼ਾਲਾ ਤੇ ਮਨਾਲੀ ਨੂੰ ਚੁਣਿਆ ਗਿਆ। ਓਮੁੰਗ ਕੁਮਾਰ ਦੇ ਨਿਰਦੇਸ਼ਨ ਵਿਚ ਬਣੀ ਫਿਲਮ 'ਮੈਰੀ ਕੋਮ' 5 ਸਤੰਬਰ 2014 ਨੂੰ ਰਿਲੀਜ਼ ਹੋਈ। ਫਿਲਮ ਦਾ ਪ੍ਰੀਮੀਅਰ ਟੋਰਾਂਟੋ ਦੇ ਇੰਟਰਨੈਸ਼ਨਲ ਫਿਲਮ ਫੈਸਟੀਵਲ ਵਿਚ ਵਿਖਾਇਆ ਗਿਆ। ਫਿਲਮ ਨੇ 60ਵੇਂ ਫਿਲਮ ਫੇਅਰ ਅਵਾਰਡਜ਼ ਤੋਂ ਲੈ ਕੇ ਅਨੇਕ ਹੋਰ ਅਵਾਰਡ ਜਿੱਤੇ। ਪ੍ਰਿਅੰਕਾ ਨੂੰ ਬੈੱਸਟ ਐਕਟਰੈੱਸ ਦਾ ਅਵਾਰਡ ਮਿਲਿਆ। ਫਿਲਮ ਦਾ ਬਜਟ ਬੇਸ਼ਕ 38 ਕਰੋੜ ਰੁਪਏ ਦਾ ਸੀ ਪਰ ਕਮਾਈ 86 ਕਰੋੜ ਤੋਂ ਵੱਧ ਦੀ ਹੋਈ। ਲੇਖਕ ਦੀਨਾ ਸੈਰਟੋ ਦੇ ਸਹਿਯੋਗ ਨਾਲ ਮੈਰੀ ਕੋਮ ਦੀ ਸਵੈ-ਜੀਵਨੀ 'ਅਨਬ੍ਰੇਕੇਬਲ' ਲਿਖੀ ਗਈ ਜੋ ਹੈਪਰ ਕੋਲਿੰਜ਼ ਨੇ 2013 ਵਿਚ ਪ੍ਰਕਾਸ਼ਿਤ ਕੀਤੀ। ਉਸ ਦੀਆਂ ਕੁਝ ਲਿਖਤਾਂ ਵਿਦਿਆਰਥੀਆਂ ਦੀਆਂ ਪਾਠ-ਪੁਸਤਕਾਂ ਵਿਚ ਵੀ ਪੜ੍ਹਾਈਆਂ ਜਾਂਦੀਆਂ ਹਨ।

ਮੈਰੀ ਕੋਮ ਦੇ ਸਮੁੱਚੇ ਜੀਵਨ 'ਤੇ ਝਾਤ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਉਸ ਨੂੰ ਹਰ ਤਰ੍ਹਾਂ ਦਾ ਸੰਘਰਸ਼ ਕਰਨਾ ਪਿਆ। ਪਹਿਲਾਂ ਘਰ ਤੇ ਕਿਸਾਨੀ ਦਾ ਕੰਮਕਾਰ, ਸਕੂਲੇ ਅਥਲੈਟਿਕਸ, ਫੁੱਟਬਾਲ ਤੇ ਵਾਲੀਬਾਲ ਖੇਡਣਾ। ਆਖ਼ਰ ਮੁੱਕੇਬਾਜ਼ੀ 'ਚ ਭਾਗ ਲੈਣਾ ਜਿਸ ਨਾਲ ਵੱਡੇ ਭਾਗ ਬਣੇ। ਮੁੱਕੇਬਾਜ਼ੀ ਦੇ ਏਸ਼ੀਆ ਚੈਂਪੀਅਨ ਡਿੰਗਕੋ ਸਿੰਘ ਨੇ ਉਸ ਨੂੰ 2000 ਵਿਚ ਹੀ ਪੂਰਨ ਤੌਰ 'ਤੇ ਮੁੱਕੇਬਾਜ਼ੀ ਲਈ ਪ੍ਰੇਰਿਤ ਕਰ ਦਿੱਤਾ ਸੀ। ਤਦ ਤਕ ਉਹ 18 ਸਾਲਾਂ ਦੀ ਹੋ ਚੁੱਕੀ ਸੀ। ਉਸ ਨੂੰ ਪਹਿਲਾ ਕੋਚ ਨਰਜਿਤ ਸਿੰਘ ਮਿਲਿਆ ਸੀ ਤੇ ਫਿਰ ਸਮੇਂ ਸਮੇਂ ਕੋਚ ਬਦਲਦੇ ਗਏ ਸਨ।

2002 ਵਿਚ ਉਸ ਨੇ ਅੰਨਾਤਾਲਿਆ ਦੀ ਵਿਸ਼ਵ ਚੈਂਪੀਅਨਸ਼ਿਪ 'ਚੋਂ ਗੋਲਡ ਮੈਡਲ ਜਿੱਤ ਕੇ ਬੱਲੇ-ਬੱਲੇ ਕਰਾ ਦਿੱਤੀ ਸੀ। 2005, 6, 8, 10 ਤੇ 18 ਵਿਚ ਫਿਰ ਗੋਲਡ ਮੈਡਲ ਜਿੱਤੇ। 2001 'ਚ ਸਿਲਵਰ ਮੈਡਲ ਜਿੱਤਿਆ ਸੀ ਤੇ 2019 ਵਿਚ ਬ੍ਰੌਂਜ਼ ਮੈਡਲ। 2018 ਵਿਚ ਕਾਮਨਵੈਲਥ ਖੇਡਾਂ 'ਚੋਂ ਵੀ ਗੋਲਡ ਮੈਡਲ ਜਿੱਤਿਆ। 2009 ਵਿਚ ਹਨੋਈ ਵਿਖੇ ਏਸ਼ੀਅਨ ਇਨਡੋਰ ਖੇਡਾਂ ਹੋਈਆਂ ਤਾਂ ਉਥੇ ਵੀ ਗੋਲਡ ਮੈਡਲ ਜਿੱਤਿਆ। ਏਸ਼ੀਅਨ ਮੁੱਕੇਬਾਜ਼ੀ ਚੈਂਪੀਅਨਸ਼ਿਪਸ ਦੇ ਉਸ ਨੇ 7 ਮੈਡਲ ਹੋਰ ਜਿੱਤੇ। ਭਾਰਤ ਦੀ ਉਹ ਇਕੋ-ਇਕ ਔਰਤ ਮੁੱਕੇਬਾਜ਼ ਹੈ ਜਿਸ ਨੇ ਓਲੰਪਿਕ ਖੇਡਾਂ 'ਚੋਂ ਵੀ ਮੈਡਲ ਜਿੱਤਿਆ। ਜਿੰਨੀ ਵੱਡੀ ਗਿਣਤੀ 'ਚ ਮੈਰੀ ਕੋਮ ਨੇ ਭਾਰਤ ਲਈ ਮੈਡਲ ਜਿੱਤੇ ਉਵੇਂ ਭਾਰਤ ਸਰਕਾਰ ਨੇ ਵੀ ਖੁੱਲ੍ਹ ਕੇ ਮਾਨ-ਸਨਮਾਨ ਦਿੱਤੇ।

2015 ਤਕ ਪੁੱਜਦਿਆਂ ਹੀ ਮੈਰੀ ਕੋਮ ਸ਼ੌਕੀਆ ਮੁੱਕੇਬਾਜ਼ ਵਜੋਂ ਬਹੁਤ ਸਾਰੇ ਪੇਸ਼ਾਵਰ ਮੁੱਕੇਬਾਜ਼ਾਂ ਨਾਲੋਂ ਵੱਧ ਮਸ਼ਹੂਰ ਹੋ ਗਈ ਸੀ। ਉਹ ਕਮਾਈ, ਅੰਡੋਰਸਮੈਂਟਾਂ ਤੇ ਅਵਾਰਡਾਂ 'ਚ ਉਨ੍ਹਾਂ ਨਾਲੋਂ ਕਿਤੇ ਵਧ ਗਈ ਸੀ। ਉਸ ਨੂੰ 2006 ਵਿਚ ਅਰਜਨ ਅਵਾਰਡ ਤੇ 2013 ਵਿਚ ਮੇਜਰ ਧਿਆਨ ਚੰਦ ਖੇਲ ਰਤਨ ਅਵਾਰਡ ਮਿਲ ਗਿਆ ਸੀ। 2009 ਵਿਚ ਪਦਮ ਸ਼੍ਰੀ, 2020 ਵਿਚ ਪਦਮ ਭੂਸ਼ਨ ਤੇ 2021 ਵਿਚ ਪਦਮ ਵਿਭੂਸ਼ਨ ਦੇ ਪੁਰਸਕਾਰ ਮਿਲੇ। ਇੰਟਰਨੈਸ਼ਨਲ ਬੌਕਸਿੰਗ ਐਸੋਸੀਏਸ਼ਨ ਨੇ ਉਸ ਨੂੰ ਇੰਟਰਨੈਸ਼ਨਲ ਵਰਲਡ ਬੌਕਸਿੰਗ ਚੈਂਪੀਅਨਸ਼ਿਪਸ ਦੀ ਬਰਾਂਡ ਅੰਬੈਸਡਰ ਬਣਾਇਆ। 2007 ਵਿਚ ਉਹਦਾ ਨਾਂ ਲਿਮਕਾ ਬੁੱਕ ਆਫ਼ ਰਿਕਾਰਡਜ਼ ਵਿਚ ਦਰਜ ਹੋਇਆ। 2008 ਵਿਚ ਉਸ ਨੂੰ 'ਮੈਗਨੀਫੀਸ਼ੈਂਟ ਮੈਰੀ' ਦਾ ਖ਼ਿਤਾਬ ਮਿਲਿਆ। 2010 ਵਿਚ ਉਹ ਸਪੋਰਟਸ ਵੋਮੈੱਨ ਆਫ਼ ਦਾ ਯੀਅਰ ਐਲਾਨੀ ਗਈ। ਨਾਰਥ-ਈਸਟਰਨ ਯੂਨੀਵਰਸਿਟੀ ਵੱਲੋਂ 29 ਮਾਰਚ 2016 ਨੂੰ ਉਸ ਨੂੰ ਡੀ.ਲਿੱਟ ਦੀ ਆਨਰੇਰੀ ਡਿਗਰੀ ਦਿੱਤੀ ਗਈ ਅਤੇ ਕਾਜ਼ੀਰੰਗਾ ਯੂਨੀਵਰਸਿਟੀ ਵੱਲੋਂ 14 ਜਨਵਰੀ 2019 ਨੂੰ ਡੀ.ਫਿੱਲ ਦੀ ਆਨਰੇਰੀ ਡਿਗਰੀ ਨਾਲ ਸਨਮਾਨਤ ਕੀਤਾ ਗਿਆ।

2012 ਵਿਚ ਲੰਡਨ ਦੀਆਂ ਓਲੰਪਿਕ ਖੇਡਾਂ 'ਚੋਂ ਉਹ ਕਾਂਸੀ ਦਾ ਤਗ਼ਮਾ ਜਿੱਤ ਕੇ ਮੁੜੀ ਤਾਂ ਮਨੀਪੁਰ ਸਰਕਾਰ ਨੇ 50 ਲੱਖ ਰੁਪਏ, ਰਾਜਸਥਾਨ ਸਰਕਾਰ ਨੇ 25 ਲੱਖ, ਅਸਾਮ ਸਰਕਾਰ ਨੇ 20 ਲੱਖ, ਅਰੁਨਾਚਲ ਪ੍ਰਦੇਸ਼ ਸਰਕਾਰ ਨੇ 10 ਲੱਖ, ਮਨਿਸਟਰੀ ਆਫ਼ ਟ੍ਰਾਈਬਲ ਅਫੇਅਰਜ਼ ਨੇ 10 ਲੱਖ ਰੁਪਏ ਤੇ ਨਾਰਥ ਈਸਟਰਨ ਕੌਂਸਲ ਨੇ 40 ਲੱਖ ਰੁਪਏ ਦੇ ਨਕਦ ਇਨਾਮ ਦਿੱਤੇ। 2018 ਵਿਚ ਮਨੀਪੁਰ ਸਰਕਾਰ ਨੇ ਉਸ ਨੂੰ 'ਮੀਥੋਈਲੀਮਾ' ਦਾ ਮਹਾਨ ਖ਼ਿਤਾਬ ਦਿੱਤਾ।

ਮੈਰੀ ਕੋਮ ਦੀ ਬੱਸ ਇਕੋ ਹਸਰਤ ਰਹਿ ਗਈ ਸੀ ਕਿ ਉਹ ਬਿਮਾਰ ਹੋਣ ਕਾਰਨ ਰੀਓ ਓਲੰਪਿਕਸ-2016 ਦੀਆਂ ਓਲੰਪਿਕ ਖੇਡਾਂ 'ਚ ਭਾਗ ਨਾ ਲੈ ਸਕੀ ਜਿਥੋਂ ਦੂਜਾ ਓਲੰਪਿਕ ਮੈਡਲ ਜਿੱਤਣ ਦੀ ਪੂਰੀ ਆਸ ਸੀ। ਪਰ 2020 ਦੀਆਂ ਓਲੰਪਿਕ ਖੇਡਾਂ 'ਚ ਭਾਗ ਲੈਣ 'ਚ ਸਫਲ ਹੋ ਗਈ ਸੀ। ਇਹ ਵੱਖਰੀ ਗੱਲ ਹੈ ਕਿ ਉਥੇ ਉਹ ਕੋਈ ਮੈਡਲ ਨਾ ਜਿੱਤ ਸਕੀ। ਉਹ ਖੇਡਾਂ ਕੋਵਿਡ ਦੇ ਕਹਿਰ ਕਾਰਨ 2020 ਦੀ ਥਾਂ 2021 ਵਿਚ ਹੋਈਆਂ ਸਨ ਤੇ ਉਦੋਂ ਤਕ ਉਹ 39 ਸਾਲਾਂ ਦੀ ਹੋ ਗਈ ਸੀ। ਆਖ਼ਰ ਜੁਆਨੀ ਦੀ ਵੀ ਤਾਂ ਕੋਈ ਹੱਦ ਹੁੰਦੀ ਹੈ।

# ਹਾਜ਼ਰ-ਗ਼ੈਰਹਾਜ਼ਰ... ਇੱਕ ਅਨਮੋਲ ਪੁਸਤਕ

ਕੁਲਵਿੰਦਰ ਸਿੰਘ ਬਾਠ
ਫੋਨ: 209-600-2897

ਅਨੇਕਾਂ ਮਿਆਰੀ ਪੁਸਤਕਾਂ ਦੇ ਰਚਣਹਾਰ ਲਖਵਿੰਦਰ ਸਿੰਘ ਜੌਹਲ ਦੁਆਰਾ ਰਚਿਤ ਅਤੇ ਕੁਝ ਸਮਾਂ ਪਹਿਲਾਂ ਛਪੀ ਪੁਸਤਕ 'ਹਾਜ਼ਰ-ਗ਼ੈਰਹਾਜ਼ਰ' ਨੂੰ ਪੜ੍ਹਨ ਦਾ ਮੌਕਾ ਮਿਲਿਆ। ਓਪਰੀ ਨਜ਼ਰੇ ਕੁਝ ਭੁਲੇਖਾ ਵੀ ਪਿਆ, ਇਹ ਸੋਚਦਿਆਂ ਕਿ 'ਹਾਜ਼ਰ-ਗ਼ੈਰਹਾਜ਼ਰ' ਅਤੇ 'ਗ਼ੈਰਹਾਜ਼ਰ-ਹਾਜ਼ਰ' ਕਿਵੇਂ ਹੋ ਸਕਦਾ ਹੈ? ਪਰ ਪੁਸਤਕ ਨੂੰ ਪੜ੍ਹਦਿਆਂ, ਜਾਣਦਿਆਂ ਅਤੇ ਮਾਣਦਿਆਂ ਮਨ ਦੇ ਭੁਲੇਖੇ ਵੀ ਨਿਕਲਦੇ ਗਏ...।

ਲਖਵਿੰਦਰ ਸਿੰਘ ਜੌਹਲ...

ਦੋ-ਆਬਾਂ ਦੀ ਧਰਤੀ 'ਤੇ ਘੁੱਗ ਵੱਸਦੇ ਸ਼ਹਿਰ ਨੁਮਾ ਪਿੰਡ ਜੰਡਿਆਲਾ ਮੰਜਕੀ ਵਿਚ ਜਨਮਿਆ ਅਤੇ ਜਵਾਨ ਹੋਇਆ ਲਖਵਿੰਦਰ ਜੌਹਲ ਪੰਜਾਬੀ ਸਾਹਿਤ, ਕਲਾ ਅਤੇ ਸੱਭਿਆਚਾਰ ਦੇ ਖੇਤਰ ਦਾ ਉਹ ਨਾਂਅ ਹੈ, ਜਿਸ ਦੀ ਜਾਣ-ਪਛਾਣ ਕਰਾਉਣ ਦੀ ਬਹੁਤੀ ਜ਼ਰੂਰਤ... ਰਹਿ ਨਹੀਂ ਜਾਂਦੀ। ਤੇਰਾਂ ਕੁ ਕਾਵਿ-ਸੰਗ੍ਰਹਿ ਅਤੇ ਬਹੁਤ



ਸਾਰੀਆਂ ਹੋਰ ਖ਼ੂਬਸੂਰਤ ਪੰਜਾਬੀ ਰਚਨਾਵਾਂ ਦਾ ਇਹ ਰਚਣਹਾਰਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿਚ ਅੱਜ ਵੀ ਪੂਰੇ ਜੋਸ਼ ਨਾਲ ਸਰਗਰਮ ਹੈ। ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਵਜੋਂ ਵੀ ਆਪਣਾ ਬਣਦਾ ਯੋਗਦਾਨ ਪਾ ਚੁੱਕਾ ਹੈ। ਲਫ਼ਜ਼ਾਂ ਨਾਲ ਖੇਡਣ ਅਤੇ ਸ਼ਬਦਾਂ ਨੂੰ ਲਿਖਤਾਂ ਵਿਚ ਖ਼ੂਬਸੂਰਤੀ ਨਾਲ ਪ੍ਰੋਣ ਦੀ ਜਾਦੂਗਰੀ ਵਿਚ ਵੀ ਪੂਰਾ ਨਿਪੁੰਨ ਹੈ। ਇਸ ਦੀਆਂ ਸ਼ਬਦੀ-ਸਾਂਝਾਂ ਜ਼ਿੰਦਗੀ ਦੇ ਸਫ਼ਰ 'ਤੇ ਪਾਠਕਾਂ ਦਾ ਮਾਰਗ-ਦਰਸ਼ਨ ਵੀ ਕਰਦੀਆਂ ਹਨ। ਕਵਿਤਾ ਲਿਖਣ ਦੇ ਸੰਗ-ਸੰਗ ਕਵਿਤਾ ਨੂੰ ਜਿਉਂਦਾ ਵੀ ਹੈ। ਨਿਰਸੰਦੇਹ ਹੀ ਇਸ ਦੇ ਪਾਠਕਾਂ ਦਾ ਘੇਰਾ ਵੀ ਵਿਸ਼ਾਲ ਹੈ।

ਹਾਜ਼ਰ-ਗ਼ੈਰਹਾਜ਼ਰ...

ਜੀਵਨ ਦੇ ਪਲ-ਪਲ ਬੀਤਦੇ ਪਲਾਂ ਦਰਮਿਆਨ ਜਦ ਕੱਲ੍ਹ ਦੇ ਕੁਝ ਕੁ ਹੁਸੀਨ ਪਲ ਅੱਜ ਦੀਆਂ ਖ਼ੂਬਸੂਰਤ ਯਾਦਾਂ ਬਣ ਜਾਣ ਤਾਂ ਭਲਾ ਕੌਣ ਉਨ੍ਹਾਂ ਨੂੰ ਜਾਨਣਾ ਜਾਂ ਮਾਣਨਾ ਨਹੀਂ ਚਾਹੇਗਾ? ਲਖਵਿੰਦਰ ਜੌਹਲ ਦੇ ਮਨ ਦੇ ਇਨ੍ਹਾਂ ਵਲਵਲਿਆਂ, ਅਹਿਸਾਸਾਂ ਅਤੇ ਖਿਆਲਾਂ ਨੇ ਇੱਕ ਖ਼ੂਬਸੂਰਤ ਅਤੇ ਸ਼ਾਹਕਾਰ ਰਚਨਾ ਬਣਦਿਆਂ ਸੁਹਿਰਦ ਪਾਠਕਾਂ ਦੇ ਦਰਵਾਜ਼ੇ 'ਤੇ ਆ ਦਸਤਕ ਦਿੱਤੀ। ਲਖਵਿੰਦਰ ਦੀ ਰੂਹ ਅਤੇ ਦਿਲ ਦੀਆਂ ਗੱਲਾਂ ਕਰਦੀ ਇਸ ਕਿਤਾਬ ਦੀਆਂ ਕਈ ਹੋਰ ਵਿਸ਼ੇਸ਼ਤਾਵਾਂ ਤੋਂ ਇਲਾਵਾ 'ਸਿਮਰਤੀਆਂ ਵਿਚ ਸਮਾਏ ਹੋਏ ਸੱਚ' ਨੂੰ ਰੂਹ ਨਾਲ ਲਫ਼ਜ਼ਾਂ ਵਿਚ ਪ੍ਰੋਣ ਦੀ ਪ੍ਰਕਿਰਿਆ ਵੀ ਉੱਭਰ ਕੇ ਸਾਹਮਣੇ ਆਉਂਦੀ ਹੈ - ਅਸਲੀ ਪਾਤਰਾਂ ਦੀਆਂ ਅਸਲੀ ਕਹਾਣੀਆਂ ਅਤੇ ਸ਼ਬਦ-ਚਿਤਰ!

ਦੋਸਤੋ,... ਭਰ ਚਾਨਣੀ ਰਾਤ ਵਿਚ ਖੁੱਲ੍ਹੇ ਅਸਮਾਨ ਵੱਲ ਨਿਗ੍ਹਾ ਮਾਰੀਏ ਤਾਂ ਕਦੇ-ਕਦੇ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਚੰਨ ਅਤੇ ਤਾਰਿਆਂ ਨਾਲ ਭਰੇ ਆਕਾਸ਼ ਦਾ ਚੰਦੋਆ ਪੂਰੀ ਕਾਇਨਾਤ ਨੂੰ ਲਿਸ਼ਕਦੇ ਮੋਤੀਆਂ ਨਾਲ ਸ਼ਿੰਗਾਰ ਰਿਹਾ ਹੋਵੇ। ਜ਼ਰਾ ਕੁ ਹੋਰ ਗਹੁ ਨਾਲ ਦੇਖੀਏ ਤਾਂ ਇਨ੍ਹਾਂ ਅਣਗਿਣਤ ਟਿਮ-ਟਿਮਾਉਂਦੇ ਤਾਰਿਆਂ ਦੇ ਝੁਰਮਟ ਦਰਮਿਆਨ ਕੁਝ ਸਿਤਾਰੇ ਕੁਝ ਕੁ ਅਲੱਗ ਅਤੇ ਨਿਵੇਕਲੀਆਂ ਰੌਸ਼ਨੀਆਂ ਬਿਖੇਰਦੇ ਨਜ਼ਰੀਂ ਪੈਂਦੇ ਹਨ। ਇੰਜ ਹੀ... ਆਪਣੇ ਜੀਵਨ ਵਿਚ ਪਿਛਲ-ਝਾਤ ਮਾਰਦਿਆਂ, ਲਖਵਿੰਦਰ ਸਿੰਘ ਜੌਹਲ ਨੇ ਸਮਾਜ ਦੇ ਮੋਤੀਆਂ ਵਿਚੋਂ ਚੌਦਾਂ ਕੁ ਨਗੀਨਿਆਂ ਨੂੰ ਚੁਣਿਆ ਅਤੇ ਬੜੀ ਰੂਹ ਨਾਲ ਇਸ ਪੁਸਤਕ ਵਿਚ ਖ਼ੂਬਸੂਰਤ ਲਫ਼ਜ਼ਾਂ ਨਾਲ ਪਰੋ ਦਿੱਤਾ। ਲੇਖਕ ਇਨ੍ਹਾਂ 'ਹੀਰੇ ਸੱਜਣਾਂ' ਦੇ ਅੰਗ-ਸੰਗ ਵਿਚਰਨ ਦਾ ਨਿੱਘ ਮਾਣਦਾ ਰਿਹਾ ਹੈ... ਜਿਸ ਦਾ ਉਸ ਦੀ ਖੁਦ ਦੀ ਸ਼ਖ਼ਸੀਅਤ ਉੱਪਰ ਗਹਿਰਾ ਅਸਰ ਪਿਆ। ਇਹ ਵਿਲੱਖਣ ਸ਼ਖ਼ਸੀਅਤਾਂ ਭਾਵੇਂ ਸਰੀਰਕ ਤੌਰ 'ਤੇ ਤਾਂ ਅੱਗੜ-ਪਿੱਛੜ ਤੁਰ ਕੇ 'ਗ਼ੈਰ-ਹਾਜ਼ਰ' ਹੋ ਗਈਆਂ ਪਰ ਉਨ੍ਹਾਂ ਦੀ ਵਿਲੱਖਣਤਾ ਉਨ੍ਹਾਂ ਦੀ ਗ਼ੈਰ-ਹਾਜ਼ਰੀ ਨੂੰ ਅੱਜ ਵੀ 'ਹਾਜ਼ਰ' ਰੱਖ ਰਹੀ ਹੈ।

ਕੁਦਰਤ ਦੇ ਅਸੂਲ ਮੁਤਾਬਕ ਜੋ ਇਸ ਦੁਨੀਆਂ 'ਤੇ ਆਇਆ ਹੈ, ਉਹ ਇਕ ਦਿਨ ਜ਼ਰੂਰ ਚਲੇ ਵੀ ਜਾਵੇਗਾ। ਪਰ ਸੱਚ ਇਹ ਵੀ ਹੈ ਕਿ ਸੁਖ਼ਨਵਰ ਜਾ ਕੇ ਵੀ... ਕਦੇ ਨਹੀਂ ਜਾਂਦੇ। ਉਹ ਆਪਣੇ ਕੀਤੇ ਹੋਏ ਕੰਮਾਂ-ਕਾਜਾਂ, ਬੋਲਾਂ ਜਾਂ ਲਫ਼ਜ਼ਾਂ ਦੇ ਸੰਗ ਜਿਉਂਦੇ ਰਹਿੰਦੇ ਹਨ। ਲਖਵਿੰਦਰ ਜੌਹਲ ਦੀ 'ਹਾਜ਼ਰ-ਗ਼ੈਰਹਾਜ਼ਰ' ਪੁਸਤਕ ਉਨ੍ਹਾਂ ਮਹਾਨ ਸਪੂਤਾਂ ਦੇ ਮਨਾਂ ਵਿਚਲੀ ਮੁਹੱਬਤ ਅਤੇ ਉਨ੍ਹਾਂ ਦੀਆਂ ਰਮਣੀਕ ਅਤੇ ਸੰਦਲੀ ਪੈੜਾਂ ਨੂੰ ਸਲਾਮ ਵੀ ਹੈ! ਇਸ ਦਸਤਾਵੇਜ਼ੀ ਪੁਸਤਕ ਨੂੰ ਪੜ੍ਹਦਿਆਂ, ਪੰਜਾਬੀ ਕਵਿਤਾ ਦੇ ਹਸਤਾਖਰ ਅਤੇ ਵਿਲੱਖਣ ਸ਼ਖ਼ਸੀਅਤ ਸੁਰਜੀਤ ਪਾਤਰ ਦੀਆਂ ਸੁੰਦਰ ਲਾਈਨਾਂ ਯਾਦ ਆ ਗਈਆਂ:

ਜਦੋਂ ਤੱਕ ਲਫ਼ਜ਼ ਜਿਊਂਦੇ ਨੇ ਸੁਖਨਵਰ ਜਿਉਣ ਮਰ ਕੇ ਵੀ
ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿਚ ਸੁਆਹ ਬਣਦੇ
-ਸੁਰਜੀਤ ਪਾਤਰ

ਪੁਸਤਕ ਦੀ ਸ਼ੁਰੂਆਤ ਪੰਜਾਬੀ ਸਾਹਿਤ ਦੇ ਬਹੁ-ਪੱਖੀ ਅਤੇ ਬਹੁ-ਵਿਧਾਵੀ ਲੇਖਕ, ਨਾਵਲ ਦੇ ਸਿਰਨਾਵੇਂ, ਅਤੇ ਦੂਰਅੰਦੇਸ਼ੀ ਸੋਚਣੀ ਦੇ ਮਾਲਕ ਜਸਵੰਤ ਸਿੰਘ ਕੰਵਲ ਨਾਲ ਕਰਦਿਆਂ ਲਖਵਿੰਦਰ ਜੌਹਲ ਨੇ ਲਿਖਿਆ, 'ਉਸ ਨੂੰ ਮਿਲਦਿਆਂ ਇਹ ਅਹਿਸਾਸ ਕਦੇ ਨਹੀਂ ਸੀ ਹੁੰਦਾ ਕਿ ਅਸੀਂ ਇੱਕ ਯੁੱਗ ਪੁਰਸ਼ ਨੂੰ ਮਿਲ ਰਹੇ ਹਾਂ! ਜਮਾਤਾਂ ਦੇ ਨਜ਼ਰੀਏ ਤੋਂ ਘੱਟ ਪੜ੍ਹੇ-ਲਿਖੇ ਹੋਣ ਦੇ ਬਾਵਜੂਦ, ਅਜਿਹਾ ਦੂਰਅੰਦੇਸ਼ੀ ਵਾਲਾ ਅਕਾਦਮਿਕ ਅਮਲ ਜਸਵੰਤ ਸਿੰਘ ਕੰਵਲ ਦਾ ਉਹ ਹਾਸਲ ਹੈ, ਜਿਹੜਾ ਉਸ ਨੂੰ, ਉਨ੍ਹਾਂ ਪੰਜਾਬੀ ਲੇਖਕਾਂ ਨਾਲੋਂ ਨਿਖੇੜ ਦਿੰਦਾ ਹੈ, ਜਿਹੜੇ ਖੋਪੇ ਲੱਗੇ ਬਲਦ ਵਾਂਗੂੰ, ਸਾਊ ਬਣੇ ਹੋਏ, ਪਹਿਲੀਆਂ ਪੈੜਾਂ ਨੂੰ ਹੀ ਹੋਰ ਗੂੜ੍ਹਾ ਕਰੀ ਜਾਣ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਅਜਿਹਾ ਕਰਨ ਵਿਚ ਹੀ ਆਨੰਦ ਪ੍ਰਾਪਤ ਕਰਦੇ ਸਨ। ਪੰਜਾਬੀਅਤ ਦੀ ਰੂਹ ਜਸਵੰਤ ਸਿੰਘ ਕੰਵਲ ਦੀ ਰੂਹ ਵਿਚ ਇਸ ਕਦਰ ਰਮ ਚੁੱਕੀ ਸੀ ਕਿ ਦੋਹਾਂ ਨੂੰ ਇੱਕ ਦੂਸਰੇ ਤੋਂ ਵਿਛੁੰਨਣਾ ਮੁਸ਼ਕਲ ਸੀ। ਉਸ ਦੀ ਜੀਵਨ-ਕਥਾ, ਦੰਦ-ਕਥਾ, ਲੋਕ-ਕਥਾ ਅਤੇ ਅਸਧਾਰਨ ਲੋਹ-ਕਥਾ ਨੂੰ ਸੌ ਸੌ ਸਲਾਮਾਂ।'

ਗੁਰੂ ਨਾਨਕ ਦੇ ਸਿੱਖ ਅਤੇ ਲੈਨਿਨ ਦੇ ਸਿਪਾਹੀ, ਸ. ਸੰਤੋਖ ਸਿੰਘ ਧੀਰ ਦਾ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਸਥਾਨ ਹੈ। ਉੱਚਕੋਟੀ ਦਾ ਸ਼੍ਰੋਮਣੀ ਸਾਹਿਤਕਾਰ ਅਤੇ ਕਹਾਣੀਕਾਰ ਜਿਸਦੀਆਂ ਅਨੇਕਾਂ ਰਚਨਾਵਾਂ ਉਸ ਨੂੰ ਅਮਰ ਕਰ ਗਈਆਂ। ਉਹ ਸਾਹਿਤ, ਜ਼ਿੰਦਗੀ ਅਤੇ ਮਨੁੱਖਤਾ ਪ੍ਰਤੀ ਇੱਕੋ ਜਿੰਨਾ ਪ੍ਰਤੀਬੱਧ ਸੀ। ਉਸ ਦੇ ਜ਼ਿੰਦਗੀ ਨੂੰ ਜਿਉਣ ਦੇ ਆਪਣੇ ਅਸੂਲ ਸਨ ਜਿਨ੍ਹਾਂ ਨੂੰ ਨਿਭਾਉਣ ਲਈ ਉਹ ਜਨੂੰਨ ਦੀ ਹੱਦ ਤੱਕ ਲੜਾਈ ਲੜਦਾ ਸੀ। ਉਸ ਦੀ ਅਸੂਲਾਂ ਪ੍ਰਤੀ ਲੜਾਈ ਨੂੰ ਲਖਵਿੰਦਰ ਜੌਹਲ ਨੇ ਬਹੁਤ ਸੁੰਦਰ ਸ਼ਬਦਾਂ ਵਿਚ ਇੰਜ ਬਿਆਨਿਆ ਹੈ...'ਜਾਗ੍ਰਿਤੀ ਰਸਾਲੇ ਉਤੇ ਉਸ ਨੇ ਆਪਣੀਆਂ ਰਚਨਾਵਾਂ ਨੂੰ ਤੋੜ-ਮਰੋੜ ਕੇ ਛਾਪਣ ਦਾ ਮੁਕੱਦਮਾ ਕਰ ਦਿੱਤਾ। ਪਹਿਲੀ ਵਾਰ ਹਾਰਨ ਬਾਅਦ ਉਸ ਨੇ ਫੇਰ ਸਿਰਫ ਇੱਕ ਰੁਪਏ ਦੇ ਹਰਜਾਨੇ ਲਈ ਮੁਕੱਦਮਾ ਕੀਤਾ। ਉਸ ਨੇ ਉਂਗਲੀ ਖੜ੍ਹੀ ਕਰਕੇ ਕਿਹਾ 'ਗੱਲ ਪੈਸੇ ਦੀ ਨਹੀਂ ਅਸੂਲ ਦੀ ਹੈ। ਇਹ ਲੇਖਕ ਦੀ ਖ਼ੁਦਦਾਰੀ ਦਾ ਸਵਾਲ ਹੈ, ਮੈਂ ਪਿੱਛੇ ਨਹੀਂ ਹਟਾਂਗਾ।' ਸਾਲਾਂ




ਤੱਕ ਮੁਕੱਦਮਾ ਚੱਲਿਆ ਤੇ ਆਖ਼ਰ ਸਰਕਾਰ ਹਾਰ ਗਈ। ਧੀਰ ਸਾਹਿਬ ਜਿੱਤ ਗਏ। ਇਹ ਜਿੱਤ ਬੇਅਸੂਲੀ ਉੱਤੇ ਅਸੂਲ ਦੀ ਜਿੱਤ ਸੀ। ਸਾਹਿਤ ਦੇ ਸੰਤੋਖ ਸਿੰਘ ਧੀਰ ਅਤੇ ਜ਼ਿੰਦਗੀ ਦੇ 'ਬੀਰੂ ਤਾਂਗੇ ਵਾਲੇ', 'ਸਵੇਰ ਹੋਣ ਤੱਕ' ਮੁੜ-ਮੁੜ ਜੰਮਦੇ ਰਹਿਣਗੇ।'

ਸਖ਼ਤ ਸੁਭਾਅ ਵਾਲੇ ਨਰਮ ਦਿਲ ਇਨਸਾਨ ਜਗਜੀਤ ਸਿੰਘ ਆਨੰਦ ਤੋਂ ਭਲਾ ਕੌਣ ਵਾਕਿਫ ਨਹੀਂ? ਪੰਜਾਬੀ ਪੱਤਰਕਾਰੀ ਦਾ ਨਿਵੇਕਲਾ ਹਸਤਾਖ਼ਰ ਹੈ। ਉਸ ਦੇ ਗੁੱਸੇ ਬਾਰੇ ਕਾਮਰੇਡ ਸੋਹਣ ਸਿੰਘ ਜੋਸ਼ ਦੇ ਬੋਲਾਂ ਨੂੰ ਲਖਵਿੰਦਰ ਜੌਹਲ ਨੇ ਇੰਜ ਲਫ਼ਜ਼ਾਂ ਵਿਚ ਪ੍ਰੋਇਆ ਹੈ, 'ਜੇਕਰ ਆਨੰਦ ਨੂੰ ਆਪਣੇ ਗੁੱਸੇ ਉੱਤੇ ਕਾਬੂ ਪਾ ਲੈਣ ਦੀ ਮੁਹਾਰਤ ਹੁੰਦੀ ਤਾਂ ਪੰਡਤ ਨਹਿਰੂ ਤੋਂ ਬਾਅਦ ਦੇਸ਼ ਦੀ ਸਭ ਤੋਂ ਵੱਡੀ ਰਾਜਨੀਤਕ ਸ਼ਖ਼ਸੀਅਤ ਹੁੰਦੀ ਅਤੇ ਇਸ ਦਾ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪਹੁੰਚਣਾ ਸੰਭਵ ਸੀ।' ਕਾਮਰੇਡ ਆਨੰਦ ਦਾ ਲੇਖਕ ਦੀ ਸ਼ਖ਼ਸੀਅਤ ਦੇ ਵਿਕਾਸ ਅਤੇ ਨਿਖਾਰਨ ਵਿਚ ਵੱਡਾ ਯੋਗਦਾਨ ਸੀ ਜਿਸ ਬਾਰੇ ਲਖਵਿੰਦਰ ਨੇ ਲਿਖਿਆ ਕਿ, 'ਮੇਰੀ ਸ਼ਖ਼ਸੀਅਤ ਦੇ ਵਿਕਾਸ ਵਿਚ ਕਾਮਰੇਡ ਆਨੰਦ ਦੇ ਯੋਗਦਾਨ ਦਾ ਲੇਖਾ-ਜੋਖਾ ਕਰਨਾ ਹੋਵੇ ਤਾਂ ਮੇਰੀ ਵਿਚਰਨ ਕਲਾ ਅਤੇ ਲਿਖਣ ਕਲਾ, ਮੈਨੂੰ ਉਨ੍ਹਾਂ ਦੀ ਹੀ ਦੇਣ ਦਿਸਦਾ ਹੈ।'

ਸੁਰਜਨ ਸਿੰਘ ਜ਼ੀਰਵੀ ਨਾਲ ਬਿਤਾਏ ਪਲਾਂ ਨੂੰ ਲੇਖਕ ਨੇ ਖੁੱਲ੍ਹ ਕੇ ਅਤੇ ਬਾਖ਼ੂਬੀ ਨਾਲ ਬਿਆਨਿਆ ਹੈ...'ਚਿਹਰੇ 'ਤੇ ਮੁਸਕਾਨ, ਜ਼ੁਬਾਨ ਉੱਤੇ ਹਾਸੇ-ਮਜ਼ਾਕ ਨਾਲ ਭਰਪੂਰ ਚੁਟਕਲੇ, ਦਿਮਾਗ਼ ਵਿਚ ਦਗਦੇ ਵਿਚਾਰ ਅਤੇ ਦਿਲ ਵਿਚ ਦੇਸ਼, ਦੁਨੀਆ, ਦੋਸਤਾਂ ਦਾ ਦਰਦ। ਇਹੀ ਸੀ - ਸੁਰਜਨ ਜ਼ੀਰਵੀ... ਜੋ ਮਹਿਜ਼ ਮੁਸਕਰਾ ਕੇ ਹੀ ਜ਼ਿੰਦਗੀ ਦੇ ਗ਼ਮ ਨਿਖਾਰ ਲੈਂਦਾ ਸੀ।'

ਲਖਵਿੰਦਰ ਜੌਹਲ ਖੁਦ ਬਹੁਤ ਵਧੀਆ ਕਵੀ ਹੈ। ਉਸ ਦੀਆਂ ਰਚਨਾਵਾਂ ਵਿਚੋਂ ਆਸ ਅਤੇ ਸਕਾਰਾਤਮਕਤਾ ਗਾਇਬ ਨਹੀਂ ਹੁੰਦੀ। ਉਹ ਬਾਖ਼ੂਬੀ ਇਹ ਵੀ ਜਾਣਦਾ ਹੈ ਕਿ... ਜੀਵਨ ਜਿਉਂਦਿਆਂ ਹਰ ਪਲ ਦਾ ਆਪਣਾ ਰੰਗ ਹੁੰਦਾ ਹੈ ਜਿਸ ਨੂੰ ਮਾਣਨਾ ਵੀ ਜ਼ਿੰਦਗੀ ਦਾ ਜਸ਼ਨ ਹੁੰਦਾ ਹੈ। 'ਕਾਮਰੇਡ ਕਵੀ ਬਾਰੇ ਮੇਰਾ ਹਲਫ਼ੀਆ ਬਿਆਨ' ਦੇ ਲੇਖ ਵਿਚ ਉਹ ਉੱਘੇ ਕਵੀ ਹਰਭਜਨ ਸਿੰਘ ਹੁੰਦਲ ਨਾਲ ਬਿਤਾਏ ਕਈ ਪਲਾਂ ਵਿਚੋਂ ਇੱਕ ਪਲ ਨੂੰ ਇੰਜ ਬਿਆਨ ਕਰਦਾ ਹੈ... 'ਮੇਰੀ ਕਵਿਤਾ ਦੀ ਨਵੀਂ ਕਿਤਾਬ ਛਪੀ... ਜਲੰਧਰ ਵਿਚ ਗੋਸ਼ਟੀ ਹੋਈ। ਹਰਭਜਨ ਸਿੰਘ ਹੁੰਦਲ ਨੇ ਇਸ ਗੋਸ਼ਟੀ ਵਿਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ, 'ਜੌਹਲ ਦੀ ਕਵਿਤਾ ਮੇਰੇ ਮਨ ਨੂੰ ਧੂ ਪਾਉਣ ਵਾਲੀ ਕਵਿਤਾ ਨਹੀਂ ਹੈ।' ਲਖਵਿੰਦਰ ਜੌਹਲ ਅੱਗੇ ਲਿਖਦੇ ਹਨ ਕਿ... 'ਉਸ ਦੇ ਇਸ ਬਿਆਨ ਉੱਤੇ ਮੈਂ ਉਦੋਂ ਵੀ ਕੋਈ ਟਿੱਪਣੀ ਨਾ ਕੀਤੀ, ਅਤੇ ਉਸ ਦੇ ਜਿਉਂਦੇ ਰਹਿਣ ਤੱਕ ਵੀ, ਮੈਂ ਉਸ ਦੇ ਮਨ ਨੂੰ ਧੂ ਪਾਉਣ ਵਾਲੀ ਆਪਣੀ ਕਿਸੇ ਕਵਿਤਾ ਦੀ ਨਿਸ਼ਾਨਦੇਹੀ ਨਹੀਂ ਕਰ ਸਕਿਆ...।' ਇਹ ਲਖਵਿੰਦਰ ਜੌਹਲ ਦੇ ਵਿਸ਼ਾਲ ਹਿਰਦੇ ਅਤੇ ਵਡੱਪਣ ਦਾ ਪ੍ਰਮਾਣ ਹੈ।

ਸੋਹਣ ਸਿੰਘ ਮੀਸ਼ੇ ਨੂੰ ਲਖਵਿੰਦਰ ਜੌਹਲ ਨੇ ਆਪਣਾ ਆਦਰਸ਼ ਐਲਾਨਿਆ। ਕਵਿਤਾ ਵਿਚ ਅਤੇ ਕਿੱਤੇ ਵਿਚ ਵੀ। ਉਸ ਬਾਰੇ ਲਿਖੇ ਇਹ ਸ਼ਬਦ ਖੁਦ ਬੋਲ ਰਹੇ ਨੇ...

ਮੇਰੇ ਕੰਨਾਂ ਵਿਚ
ਧੀਮਾ ਧੀਮਾ ਮੀਸ਼ਾ ਬੋਲੇ...

'ਧੀਮੇ ਬੋਲਾਂ ਦਾ ਬੁਲੰਦ ਕਵੀ' ਲੇਖ ਵਿਚ ਲਖਵਿੰਦਰ ਨੇ ਮੀਸ਼ੇ ਬਾਰੇ ਅਤੇ ਉਸ ਨਾਲ ਬਿਤਾਏ ਯਾਦਗਾਰੀ ਪਲਾਂ ਨੂੰ ਸੁਰਜੀਤ ਕੀਤਾ ਹੈ - ਬੜੀ ਰੂਹ ਅਤੇ ਖ਼ੂਬਸੂਰਤੀ ਨਾਲ! ਸਮੇਂ ਦਾ ਮਹਾਨ ਕਵੀ, ਬੇਸ਼ੁਮਾਰ ਕਾਵਿ-ਝੀਲਾਂ ਦਾ ਤਾਰੂ ਮੀਸ਼ਾ ਆਖਰ ਕਾਂਜਲੀ ਝੀਲ ਵਿਚ ਕਿਵੇਂ ਡੁੱਬ ਗਿਆ? ਇਹ ਸਵਾਲ ਲੇਖਕ ਦੇ ਕੋਮਲ ਮਨ ਨੂੰ ਅੱਜ ਵੀ ਹੈਰਾਨ ਤੇ ਪਰੇਸ਼ਾਨ ਕਰਦਾ ਹੈ!

ਆਪਣੇ ਪਿਤਾ ਦੇ ਕਰੀਬੀ ਦੋਸਤ, ਇਨਕਲਾਬੀ ਕਵੀ ਡਾ. ਜਗਤਾਰ ਬਾਰੇ ਲਖਵਿੰਦਰ ਜੌਹਲ ਲਿਖਦਾ ਹੈ ਕਿ... ਉਸ ਦੀ ਸਮੁੱਚੀ ਦਿਖ ਇੱਕ ਖਿਝੇ ਹੋਏ ਆਦਮੀ ਵਰਗੀ ਸੀ। ਉਹ ਮੁਸਕਰਾਉਂਦਾ ਜਾਂ ਹੱਸਦਾ ਵੀ, ਆਪਣੇ ਚਿਹਰੇ ਤੋਂ ਗੰਭੀਰਤਾ ਨੂੰ ਉਰੇ-ਪਰ੍ਹੇ ਨਹੀਂ ਸੀ ਹੋਣ ਦਿੰਦਾ। 32 ਤੋਂ ਵੱਧ ਕਿਤਾਬਾਂ ਦੇ ਰਚਨਹਾਰੇ ਡਾ. ਜਗਤਾਰ ਦੀ ਜ਼ਿੰਦਗੀ ਦੇ ਚੰਗੇ-ਮਾੜੇ ਅਤੇ ਰੰਗ-ਬਰੰਗੇ ਪਲਾਂ ਨੂੰ ਸੁੰਦਰ ਸ਼ਬਦਾਂ ਵਿਚ ਉਤਾਰਦਾ ਜਾਂਦਾ ਹੈ...ਜ਼ਿੰਦਗੀ ਦੇ ਸੱਚ ਨੂੰ ਲਿਖਣਾ ਅਤੇ ਅਜੇਹੀ ਲੇਖਣੀ ਦੀ ਪਰਚਮ ਹੱਥਾਂ ਵਿਚ ਲੈ ਕੇ ਅਡੋਲ ਖੜ੍ਹੇ ਹੋਣ 'ਤੇ ਮਾਣ ਮਹਿਸੂਸ ਕਰਨਾ, ਜਗਤਾਰ ਦਾ ਹਾਸਿਲ ਹੈ।

ਰਸੂਲ ਹਮਜ਼ਾਤੋਵ ਦੁਆਰਾ ਅਵਾਰ ਬੋਲੀ ਵਿਚ ਲਿਖੀ ਸੰਸਾਰ ਪ੍ਰਸਿੱਧ ਕਿਤਾਬ 'ਮੇਰਾ ਦਾਗ਼ਿਸਤਾਨ' ਨੂੰ ਪੰਜਾਬੀ ਵਿਚ ਅਨੁਵਾਦ ਕਰਨ ਵਾਲੀ ਵਿਲੱਖਣ ਸ਼ਖ਼ਸੀਅਤ ਗੁਰਬਖ਼ਸ਼ ਸਿੰਘ ਫਰੈਂਕ ਨਾਲ ਬਿਤਾਏ ਵਕਤ ਨੂੰ 'ਸੁਹਜ, ਸਹਿਜ ਅਤੇ ਸਿਰੜ ਦੀ ਤ੍ਰਿਵੈਣੀ' ਲੇਖ ਅੰਦਰ ਬਾਖ਼ੂਬੀ ਪਾਠਕਾਂ ਅੱਗੇ ਪਰੋਸਿਆ ਹੈ।

ਪੁਸਤਕ ਵਿਚ ਅੱਗੇ ਚੱਲਦਿਆਂ ਜਗਦੀਸ਼ ਸਿੰਘ ਵਰਿਆਮ, ਪ੍ਰਮਿੰਦਰਜੀਤ, ਅਮਿਤੋਜ, ਅਤੇ ਪ੍ਰੇਮ ਗੋਰਖੀ ਦੇ ਸ਼ਬਦ-ਚਿਤਰ ਉਲੀਕਦਿਆਂ ਇਨ੍ਹਾਂ ਖ਼ੂਬਸੂਰਤ ਰੂਹਾਂ ਨਾਲ ਬਿਤਾਏ ਪਲਾਂ ਨੂੰ ਮੁੜ ਚਿਤਵਣ ਦਾ ਬਹੁਤ ਚੰਗਾ ਉਪਰਾਲਾ ਕੀਤਾ ਹੈ, ਲਖਵਿੰਦਰ ਜੌਹਲ ਨੇ!

ਆਪਣੇ ਇਲਾਕੇ ਦੇ ਕਵੀ ਡਾ. ਰਣਧੀਰ ਸਿੰਘ ਚੰਦ ਨੂੰ ਯਾਦ ਕਰਦਿਆਂ ਲਖਵਿੰਦਰ ਜੌਹਲ ਲਿਖਦੇ ਹਨ ਕਿ 'ਰਣਧੀਰ ਸਿੰਘ ਚੰਦ ਉਨ੍ਹਾਂ ਕਵੀਆਂ ਵਿਚੋਂ ਸੀ, ਜਿਨ੍ਹਾਂ ਦੇ ਮੈਂ ਆਪਣੀ ਚੜ੍ਹਦੀ ਉਮਰ ਵਿਚ ਹੀ, ਬਹੁਤ ਨੇੜੇ ਹੋ ਗਿਆ ਸਾਂ। ਇਹ ਇਲਾਕੇ ਦਾ ਮੋਹ ਸੀ? ਉਸ ਦੀ ਸ਼ਖ਼ਸੀਅਤ ਦਾ ਤਲਿਸਮ ਸੀ? ਜਾਂ ਉਸ ਦੀ ਗ਼ਜ਼ਲਗੋਈ ਦਾ ਕਮਾਲ? ਇਸ ਦਾ ਫ਼ੈਸਲਾ ਕਰਨਾ ਮੁਸ਼ਕਿਲ ਹੈ।' ਅੱਗੇ ਚੱਲ ਕੇ ਲਿਖਦੇ ਨੇ, 'ਡਾ. ਚੰਦ ਨੂੰ ਦੋਸਤ ਅਤੇ ਦੁਸ਼ਮਣ ਬਣਾਉਣ ਦੀ ਇੱਕੋ ਜਿੰਨੀ ਮੁਹਾਰਤ ਹਾਸਲ ਸੀ। ਉਹ ਜਿਸ ਦੇ ਨੇੜੇ ਹੁੰਦਾ, ਪੂਰੀ ਤਰ੍ਹਾਂ ਹੁੰਦਾ, ਜਿਸ ਤੋਂ ਦੂਰ ਹੁੰਦਾ ਤਾਂ ਵੀ ਪੂਰੀ ਤਰ੍ਹਾਂ ਹੁੰਦਾ। ਫਿਰ ਵੀ ਸਾਡਾ 'ਦਿਲ-ਦਰਿਆ', ਰਣਧੀਰ ਸਿੰਘ ਚੰਦ 'ਕਤਰੇ ਵਿਚ ਸਮੁੰਦਰ' ਸੀ।'

ਪਾਸ਼ ਨਾਲ ਬਿਤਾਏ ਕੁਝ ਪਲਾਂ ਦੀਆਂ ਯਾਦਾਂ ਨੂੰ ਬਹੁਤ ਭਾਵਪੂਰਤੀ ਨਾਲ ਇੰਜ ਬਿਆਨਿਆ, 'ਪਾਸ਼ ਇੱਕ ਵਰਤਾਰੇ ਦਾ ਨਾਮ ਹੈ, ਜੋ ਪੰਜਾਬੀ ਕਵਿਤਾ ਵਿਚ ਵਾਵਰੋਲੇ ਵਾਂਗ ਆਇਆ ਅਤੇ ਆਪਣੇ ਪਿੱਛੇ ਬਹੁਤ ਕੁਝ ਅਜਿਹਾ ਛੱਡ ਗਿਆ, ਜਿਸ ਨੂੰ ਸਮਝਣਾ, ਉਸ ਦੇ ਵਿਛੜ ਜਾਣ ਤੋਂ ਏਨੇ ਸਾਲਾਂ ਬਾਅਦ ਵੀ ਇੱਕ ਰਹੱਸ ਬਣਿਆ ਹੋਇਆ ਹੈ। ਉਹ ਨਕਸਲੀ ਕਾਰਕੁਨ ਸੀ? ਕਵੀ ਸੀ? ਸਮਾਜ ਸੁਧਾਰਕ ਸੀ? ਇਨਕਲਾਬੀ ਯੋਧਾ ਸੀ? ਜਾਂ ਫਿਰ ਇੱਕ ਤਿੱਖਾ ਸ਼ਰਾਰਤੀ-ਸ਼ਿੰਦਰੀ ਨੌਜਵਾਨ ਸੀ, ਜੋ ਪੈਰ ਪੈਰ ਉੱਤੇ ਬਦਲਦਾ, ਪਲਾਇਨ ਕਰਦਾ ਅਤੇ ਆਪਣੇ ਆਸ਼ਿਆਂ ਵੱਲ ਅੱਗੇ ਵਧਦਾ ਜਾਂਦਾ ਸੀ? ਉਹ ਇੱਕੋ ਵੇਲੇ ਬੁਲੰਦ ਕਵੀ ਸੀ, ਅਤਿ ਦਰਜੇ ਦਾ ਗਹਿਰ ਗੰਭੀਰ ਚਿੰਤਕ ਸੀ ਤੇ ਬੇਹੱਦ ਲਚਕੀਲਾ ਅਤੇ ਚੁਲਬੁਲਾ ਵਿਅਕਤੀ ਵੀ ਸੀ। ਉਸ ਦੀ ਸ਼ਖ਼ਸੀਅਤ ਦੀ ਇਹੀ ਵਿਲੱਖਣਤਾ, ਬਹੁਤ ਸਾਰੀਆਂ ਵਿਰੋਧਤਾਈਆਂ ਦੇ ਬਾਵਜੂਦ, ਉਸ ਨੂੰ ਸਾਡਾ ਦੋਸਤ ਬਣਾਈ ਰੱਖਦੀ ਸੀ।'

ਇਸ ਪੁਸਤਕ ਵਿਚ ਹੋਰ ਬਹੁਤ ਕੁਝ ਵੀ ਪੜ੍ਹ ਕੇ ਜਾਨਣ ਅਤੇ ਮਾਣਨ ਵਾਲਾ ਹੈ, ਜੋ ਮੈਂ ਸਾਹਿਤ ਦੇ ਸੁਹਿਰਦ ਪਾਠਕਾਂ ਦੇ ਨਜ਼ਰੀਏ 'ਤੇ ਛੱਡਣਾ ਹੀ ਬਿਹਤਰ ਸਮਝਦਾ ਹਾਂ। ਮੈਨੂੰ ਉਮੀਦ ਹੀ ਨਹੀਂ ਬਲਕਿ ਪੂਰਾ ਯਕੀਨ ਵੀ ਹੈ ਕਿ ਪਾਠਕਾਂ ਨੂੰ ਇਹ ਵਿਲੱਖਣ ਅਤੇ ਸ਼ਾਹਕਾਰ ਰਚਨਾ ਜ਼ਰੂਰ ਪਸੰਦ ਆਵੇਗੀ। ਮੇਰੇ ਵੱਲੋਂ ਲਖਵਿੰਦਰ ਜੌਹਲ ਨੂੰ ਇਸ ਨਿਵੇਕਲੀ ਕੋਸ਼ਿਸ਼ ਅਤੇ ਕਾਮਯਾਬੀ ਲਈ ਢੇਰ ਸਾਰੀਆਂ ਮੁਬਾਰਕਾਂ ਅਤੇ ਅਗਲੇ ਸਾਹਿਤਕ ਸਫ਼ਰ ਲਈ ਸ਼ੁਭ ਕਾਮਨਾਵਾਂ ਵੀ!!

# ਸਰਲ ਜ਼ਮਾਨਿਆਂ ਵਿਚ ਪਿਆਰ-ਮੁਹੱਬਤਾਂ ਦੇ ਸਰੂਪ

ਮੰਗਣੀ ਤੋਂ ਕੁਝ ਦਿਨ ਮਗਰੋਂ ਵਾਪਿਸ ਸਕੂਲ ਮੁੜ ਆਈ...


ਓਹਨਾਂ ਨੇ ਵੀ ਜਮਨਾਨਗਰ ਲਾਗੇ ਆਪਣਾ ਸਕੂਲ ਜੋਇਨ ਕਰ ਲਿਆ!

ਕੁਝ ਦਿਨਾਂ ਬਾਅਦ ਹੀ ਸਕੂਲ ਦੇ ਪਤੇ 'ਤੇ ਇੱਕ ਚਿਠੀ ਆਈ....ਲਿਖਤੁਮ 'ਗੁਰਪਾਲ ਸਿੰਘ' ਜੀ ਹੀ ਸਨ...

ਹੋਰਨਾਂ ਗੱਲਾਂ ਤੋਂ ਇਲਾਵਾ ਅਖੀਰ ਵਿਚ ਇੱਕ ਤਾਕੀਦ ਕੀਤੀ ਹੋਈ ਸੀ... 'ਕਿਰਪਾ ਕਰਕੇ ਇਸ ਦਾ ਜੁਆਬ ਇੱਕ ਚਿਠੀ ਦੇ ਰਾਹੀਂ ਛੇਤੀ ਤੋਂ ਛੇਤੀ ਭੇਜਿਆ ਜਾਏ।'

ਪਰ ਕਿੰਨੇ ਦਿਨ ਲੰਘ ਗਏ...ਸ਼ਸ਼ੋਪੰਜ ਵਿਚ ਪਈ ਨੂੰ ਕੋਈ ਵੀ ਜੁਆਬ ਨਾ ਅਹੁੜਿਆ...!

ਫੇਰ ਇੱਕ ਦਿਨ ਅੱਧੀ ਛੁੱਟੀ ਵੇਲੇ ਕੋਈ ਚੌਂਕੀਦਾਰ ਨੂੰ ਮੇਰੇ ਲਈ ਇੱਕ ਰੁੱਕਾ ਫੜਾ ਗਿਆ। ਕੰਬਦੇ ਹੱਥਾਂ ਨਾਲ ਖੋਲ੍ਹਿਆ ਤਾਂ ਗੁਰਪਾਲ ਜੀ ਦਾ ਭੇਜਿਆ ਹੋਇਆ ਇੱਕ ਸੁਨੇਹਾ ਹੀ ਸੀ। ਸੁਨੇਹਾ ਕਾਹਦਾ ਸ਼ਿਕਵੇ-ਸ਼ਿਕਾਇਤਾਂ ਦੀ ਪੂਰੀ ਦੀ ਪੂਰੀ ਪੰਡ ਵਰਕੇ 'ਤੇ ਉਤਾਰ ਛੱਡੀ ਸੀ। ਵਾਰ-ਵਾਰ ਇਹੋ ਗੱਲ ਆਖੀ ਸੀ ਕਿ 'ਏਨੇ ਦਿਨ ਹੋ ਗਏ ਜੁਆਬ ਉਡੀਕਦੇ ਨੂੰ'?



ਮੈਂ ਫੇਰ ਚੁੱਪ ਜਿਹੀ ਕਰ ਗਈ...ਪਰਿਵਾਰਿਕ ਮਾਹੌਲ ਐਸਾ ਸੀ ਕਿ ਲਾਵਾਂ-ਫੇਰਿਆਂ ਤੋਂ ਪਹਿਲਾਂ ਇਹ ਸਭ ਕੁਝ ਪੂਰੀ ਤਰ੍ਹਾਂ ਵਰਜਿਤ ਸੀ...। ਫੇਰ ਅਗਲੇ ਕੁਝ ਦਿਨਾਂ ਤੱਕ ਚੌਂਕੀਦਾਰ ਨੂੰ ਕੋਈ ਵੀ ਰੁੱਕਾ ਫੜਾ ਕੇ ਨਾ ਗਿਆ। ਪੱਕਾ ਯਕੀਨ ਹੋ ਗਿਆ ਕਿ ਗੁਰਪਾਲ ਜੀ ਸੱਚ-ਮੁੱਚ ਗੁੱਸਾ ਕਰ ਗਏ ਨੇ...। ਫੇਰ ਇੱਕ ਦਿਨ ਜਜ਼ਬਾਤਾਂ ਦੇ ਲੋਰ ਵਿਚ ਆਈ ਨੇ ਕਾਗਤ ਪੈਨ ਫੜ ਹੀ ਲਿਆ...ਕਿੰਨੀ ਵਾਰ ਕੁਝ ਲਿਖਦੀ ਤੇ ਘੜੀ ਕੁ ਮਗਰੋਂ ਹੀ ਕੁਝ ਸੋਚ ਫੇਰ ਫਾੜ ਦਿਆ ਕਰਦੀ...ਅਖੀਰ ਹਾਲ-ਏ-ਦਿਲ ਬਿਆਨ ਕਰ ਚਿੱਠੀ ਪੋਸਟ ਕਰ ਹੀ ਦਿੱਤੀ...!

ਵਿਚ ਲਿਖਿਆ ਸੀ...'ਬੜਾ ਜੀ ਕਰਦਾ ਏ ਕਿ ਕਿਸੇ ਦਿਨ 'ਕੱਲੀ ਬੈਠੀ ਆਪਣੇ ਧਿਆਨ ਕੰਮ ਕਰਦੀ ਹੋਵਾਂ ਤੇ ਤੁਸੀਂ ਪਿੱਛੋਂ ਦੀ ਦੱਬੇ ਪੈਰੀਂ ਆਵੋ ਤੇ ਆਪਣੇ ਦੋਵੇਂ ਹੱਥਾਂ ਨਾਲ ਮੇਰੀਆਂ ਦੋਵੇਂ ਅੱਖਾਂ ਢੱਕ ਦੇਵੋ ਤੇ ਜਦੋਂ ਮੈਂ ਹੱਥ ਪਰੇ ਹਟਾਉਣ ਵਿਚ ਨਾਕਾਮਯਾਬ ਹੋ ਜਾਵਾਂ

(ਬਾਕੀ ਅਗਲੇ ਸਫੇ 'ਤੇ)

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

# ਚਰਨਜੀਤ ਸਿੰਘ ਪੰਨੂ ਦੁਆਰਾ ਰਚਿਤ ਸਫ਼ਰਨਾਮਾ 'ਨਾਰਥ ਪੋਲ' ਦੇ ਥੀਮਕ ਪਾਸਾਰ

ਚਰਨਜੀਤ ਸਿੰਘ ਪੰਨੂ ਅਮਰੀਕਾ ਵਿਚ ਵੱਸਦਾ ਚਰਚਿਤ ਪਰਵਾਸੀ ਪੰਜਾਬੀ ਸਫ਼ਰਨਾਮਾਕਾਰ ਹੈ। ਉਸ ਨੇ ਅਲਾਸਕਾ, ਵ੍ਹਾਈਟ ਹਾਊਸ, ਹਵਾਈ, ਕੀਨੀਆ, ਤਨਜ਼ਾਨੀਆ, ਪਾਕਿਸਤਾਨ ਤੋਂ ਇਲਾਵਾ ਯੂਟਾਹ ਵਰਗੀਆਂ ਥਾਵਾਂ 'ਤੇ ਘੁੰਮਦਿਆਂ ਉੱਥੋਂ ਦੇ ਸਮਾਜਿਕ, ਆਰਥਿਕ, ਰਾਜਸੀ, ਧਾਰਮਿਕ ਅਤੇ ਸਭਿਆਚਾਰਕ ਜਨ-ਜੀਵਨ ਦੇ ਸਮੁੱਚੇ ਹਾਲ ਨੂੰ ਆਪਣੇ ਸਫ਼ਰਨਾਮਿਆਂ ਰਾਹੀਂ ਪੇਸ਼ ਕੀਤਾ ਹੈ। ਉਨ੍ਹਾਂ ਨੇ ਆਪਣੀ ਉਮਰ ਦਾ ਲੰਮਾ ਸਮਾਂ ਅਮਰੀਕਾ ਵਿਚ ਗੁਜ਼ਾਰਦਿਆਂ ਤੇ ਉੱਥੇ ਵੱਖ-ਵੱਖ ਥਾਵਾਂ 'ਤੇ ਕੰਮ ਕਰਨ ਦੇ ਬਾਵਜੂਦ ਪੰਜਾਬੀ ਸਾਹਿਤ ਪੜ੍ਹਨ ਅਤੇ ਲਿਖਣ ਨੂੰ ਵਿਸ਼ੇਸ਼ ਮਹੱਤਵ ਦਿੱਤਾ ਹੈ। ਪੰਜਾਬੀ ਨਾਵਲ, ਕਹਾਣੀ, ਕਵਿਤਾ ਦੀ ਸਿਰਜਣਾ ਕਰਨ ਤੋਂ ਇਲਾਵਾ ਚਰਨਜੀਤ ਸਿੰਘ ਪੰਨੂ ਨੇ ਵਾਰਤਕ ਦੇ ਮਹੱਤਵਪੂਰਨ ਰੂਪ ਸਫ਼ਰਨਾਮਾ ਵਿਚ ਹੱਥ ਅਜ਼ਮਾਉਂਦਿਆਂ ਬਹੁਤ ਸਾਰੀਆਂ ਕਠਨ ਯਾਤਰਾਵਾਂ ਦੇ ਅੱਖੀਂ ਡਿੱਠੇ ਹਾਲ ਨੂੰ ਆਪਣੇ ਸਫ਼ਰਨਾਮਿਆਂ ਵਿਚ ਪੇਸ਼ ਕੀਤਾ ਹੈ।

**ਡਾ. ਗੁਰਦੀਪ ਸਿੰਘ ਭੁੱਲਰ**
**ਫੋਨ: 89689-33436**

ਹਰਜੀਤ ਅਟਵਾਲ ਦੇ ਅਨੁਸਾਰ, 'ਚਰਨਜੀਤ ਸਿੰਘ ਪੰਨੂ ਹੰਢਿਆ ਹੋਇਆ ਲੇਖਕ ਹੈ। ਉਸ ਨੇ ਪੰਜਾਬੀ ਸਾਹਿਤ ਦੀ ਹਰ ਵਿਧਾ ਵਿਚ ਕਲਮ ਅਜ਼ਮਾਈ ਕੀਤੀ ਹੈ। ਕਵਿਤਾ, ਨਾਵਲ, ਕਹਾਣੀ ਤੇ ਸਫ਼ਰਨਾਮਾ ਆਦਿ ਸਭ ਲਿਖੇ ਹਨ। ਉਸ ਦੇ ਸਫ਼ਰਨਾਮਿਆਂ ਨੂੰ ਪਾਠਕ ਬਹੁਤ ਦਿਲਚਸਪੀ ਨਾਲ ਪੜ੍ਹਿਆ ਕਰਦੇ ਹਨ।' ਚਰਨਜੀਤ ਸਿੰਘ ਪੰਨੂ ਨੂੰ ਵੱਖ-ਵੱਖ ਥਾਵਾਂ 'ਤੇ ਕੀਤੇ ਗਏ ਸਫ਼ਰ ਅਤੇ ਆਮ ਜੀਵਨ ਵਿਚ ਆਪਣੇ ਪਰਿਵਾਰ ਵੱਲੋਂ ਹਮੇਸ਼ਾ ਸਹਿਯੋਗ ਮਿਲਦਾ ਰਿਹਾ ਹੈ। ਉਹ ਹੁਣ ਬੇਸ਼ੱਕ ਬਜ਼ੁਰਗ ਅਵਸਥਾ ਵਿਚ ਸ਼ਾਮਲ ਹੋ ਚੁੱਕਾ ਹੈ ਪਰੰਤੂ ਅੱਜ ਵੀ ਉਹ ਸਰੀਰਕ ਪੱਖੋਂ ਤੰਦਰੁਸਤ ਅਤੇ ਪੱਲਿਓਂ ਬੇਹਿਸਾਬੇ ਡਾਲਰ ਖ਼ਰਚ ਕੇ ਖ਼ਤਰਨਾਕ ਥਾਵਾਂ 'ਤੇ ਸਫ਼ਰ ਕਰਨ ਲਈ ਤਤਪਰ ਰਹਿੰਦਾ ਹੈ। ਉਹ ਸਕਾਰਾਤਮਿਕ ਸੋਚ ਅਤੇ ਸੁਲਝੇ ਹੋਏ ਵਿਅਕਤੀਤਵ ਵਾਲਾ ਵਿਅਕਤੀ ਹੈ।


'ਨਾਰਥ ਪੋਲ' ਚਰਨਜੀਤ ਸਿੰਘ ਪੰਨੂ ਦੁਆਰਾ ਰਚਿਤ ਮਹੱਤਵਪੂਰਨ ਸਫ਼ਰਨਾਮਾ ਹੈ, ਜਿਸ ਵਿਚ ਉਸ ਨੇ 'ਨਾਰਥ ਪੋਲ' ਦੀ ਫੇਰੀ ਦੌਰਾਨ ਉੱਥੋਂ ਦੇ ਬਰਫ਼ੀਲੇ ਖ਼ਤਰਨਾਕ ਇਲਾਕੇ ਦੀ ਸਮੁੱਚੀ ਸਥਿਤੀ ਅਤੇ ਜਨ-ਜੀਵਨ ਦੀ ਅਸਲ ਤਸਵੀਰ ਨੂੰ ਬੜੀ ਬਾਰੀਕੀ ਅਤੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਸਫ਼ਰਨਾਮਾਕਾਰ 'ਨਾਰਥ ਪੋਲ' 'ਤੇ ਪਹੁੰਚਣ ਵਾਲੇ ਯਾਤਰੀਆਂ ਬਾਰੇ ਜ਼ਿਕਰ ਕਰਦਾ ਹੈ ਕਿ, 'ਪਹਿਲਾਂ ਮੈਂ ਵਾਲੀ ਇਸ ਹੋੜ ਵਿਚ ਹਜ਼ਾਰਾਂ ਉੱਦਮੀ ਇਸ ਜੰਮੇ ਆਰਕਟਿਕ ਸਮੁੰਦਰ ਨੇ ਹੜੱਪ ਕਰ ਲਏ ਪਰ ਹਕੀਕਤ ਤੌਰ 'ਤੇ ਅਜੇ ਤੱਕ ਇਹ ਕਿਸੇ ਦੇ ਹੱਥ ਨਹੀਂ ਆਇਆ। ਕੁੱਝ ਖ਼ੁਸ਼ਕਿਸਮਤ ਅਡਵੈਂਚਰ ਨਾਰਥ ਪੋਲ ਉੱਪਰ ਪਹੁੰਚਣ ਦਾ ਦਾਅਵਾ ਕਰਦੇ ਹਨ ਪਰ ਕੋਈ ਵੀ ਸਾਫ਼ ਸਪਸ਼ਟ ਭਰੋਸੇਯੋਗ ਨਹੀਂ ਮੰਨਿਆ ਗਿਆ।' ਇਸ ਸਫ਼ਰਨਾਮੇ ਵਿਚ ਮੁੱਖ ਤੌਰ 'ਤੇ ਬੈਰੋ ਉਤਕੀਆਗਵਿਕ, ਟਾਪ ਆਫ਼ ਦੀ ਵਰਲਡ ਪੁਆਇੰਟ, ਹੋਟਲ ਮੂੰਗਵਿਟ, ਨਾਰਥ ਪੋਲ ਦੀ ਹੋਂਦ, ਨਾਰਥ ਪੋਲ ਦੇ ਲੱਛਣ, ਨਾਰਥ ਪੋਲ ਦੀ ਖੋਜ ਮੁਹਿੰਮ, ਨਾਰਥ ਪੋਲ ਮਹਾਂਦੀਪ ਦੇ ਨੇੜਲੇ ਦੇਸ਼, ਨਾਰਥ ਪੋਲ ਇਲਾਕੇ ਵਿਚ ਜਾਨਵਰ ਅਤੇ ਪੰਛੀਆਂ ਦੀ ਸਥਿਤੀ, ਐਂਕੋਰੇਜ਼, ਬਰੇਵ ਕਰੂਜ਼ ਸਵਾਰੀ, ਭੂਚਾਲ, ਕੁੱਤਾ ਬੱਘੀ, ਪੋਲਰ ਪ੍ਰੀਤ, ਹਵਾਈ ਉਡਾਣਾਂ, ਪੁਲਾੜ ਖੋਜ ਤੋਂ ਇਲਾਵਾ ਧਰਤੀ ਵਿਚਲੇ ਪਾੜ ਬਾਰੇ ਚਰਚਾ ਕੀਤੀ ਗਈ ਹੈ।

ਸਫ਼ਰਨਾਮਾਕਾਰ ਨੇ 'ਨਾਰਥ ਪੋਲ' ਸਫ਼ਰਨਾਮੇ ਵਿਚ ਅਮਰੀਕਾ ਦੀ ਅਲਾਸਕਾ ਸਟੇਟ ਦੇ ਚਰਚਿਤ ਬਰਫ਼ੀਲੇ ਸ਼ਹਿਰ 'ਬੈਰੋ' ਬਾਰੇ ਜ਼ਿਕਰ ਕੀਤਾ ਹੈ। ਇਸ ਸ਼ਹਿਰ ਦਾ ਮੁੱਢਲਾ ਨਾਂ ਉਤਕੀਆਗਵਿਕ ਸੀ ਜੋ ਅਮਰੀਕਾ ਦੀ ਹੱਦ ਦਾ ਆਖ਼ਰੀ ਕੋਨਾ ਹੈ। ਬੈਰੋ ਸ਼ਹਿਰ ਦਾ ਚਾਰ ਚੁਫੇਰਾ ਬਰਫ਼ ਨਾਲ ਜੰਮਿਆ ਰਹਿੰਦਾ ਹੈ ਤੇ ਇੱਥੇ ਉੱਸਰੇ ਵੱਡੇ-ਵੱਡੇ ਬਰਫ਼ ਦੇ ਪਹਾੜ ਅਮਰੀਕਾ ਦੀ ਸੁੰਦਰਤਾ ਅਤੇ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਦੇ ਹਨ। ਪੁਰਾਤਨ ਇਤਿਹਾਸਕ ਵੇਰਵਿਆਂ ਅਨੁਸਾਰ 500 ਏ. ਡੀ. ਤੱਕ ਇਸ ਸ਼ਹਿਰ ਦੇ ਆਸਪਾਸ ਸੰਘਣੀ ਵਸੋਂ ਸੀ। ਇਸ ਸਥਾਨ 'ਤੇ ਜ਼ਿਆਦਾਤਰ ਐੱਸਕੀਮੋ ਲੋਕ ਵੱਸਦੇ ਸਨ, ਜਿਨ੍ਹਾਂ ਦੀ ਹਾਲਤ ਬਹੁਤ ਤਰਸਯੋਗ ਸੀ। ਅਮਰੀਕਾ ਸਰਕਾਰ ਨੇ ਆਪਣੀਆਂ ਵਿਸ਼ੇਸ਼ ਯੋਜਨਾਵਾਂ ਤਹਿਤ ਇਨ੍ਹਾਂ ਲੋਕਾਂ ਲਈ ਹਸਪਤਾਲ, ਕਚਹਿਰੀ, ਖੇਡ ਦੇ ਮੈਦਾਨਾਂ ਤੋਂ ਇਲਾਵਾ ਲੋਕਾਂ ਦੇ ਜੀਵਨ ਨਿਰਬਾਹ ਲਈ ਹੋਰ ਕਈ ਸਹੂਲਤਾਂ ਦਾ ਪ੍ਰਬੰਧ ਕੀਤਾ। 'ਬੈਰੋ ਕਸਬਾ ਨਾਰਥ ਪੋਲ ਦੀ ਕਰੂੰਬਲੀ ਉੱਪਰ ਇੱਕ ਕਾਲੇ ਤਿ਼ਲ ਵਾਂਗ ਇਸ ਦੀ ਸੁੰਦਰਤਾ ਵਿਚ ਵਾਧਾ ਕਰਦਾ ਮੂੰਹ ਮੱਥਾ ਸੰਵਾਰਦਾ ਹੈ। ਏਸੇ ਇਲਾਕੇ ਨੂੰ ਹੀ 'ਟਾਪ ਆਫ ਦੀ ਵਲਡ ਪੋਆਇੰਟ' ਕਰਕੇ ਜਾਣਿਆ ਜਾਂਦਾ ਹੈ। ਚਾਰ ਚੁਫੇਰੇ ਮੋਟੀ ਬਰਫ਼ਾਨੀ ਪਰਤ ਵਾਲਾ ਆਰਕਟਿਕ ਜੰਮਿਆ ਸਮੁੰਦਰ ਤੇ ਬਰਫ਼ ਦੇ ਵਿਛੇ ਸਫ਼ੈਦ ਕੰਬਲ ਜਿਹੇ ਸੈਂਕੜੇ ਮੀਲ ਗਲੇਸ਼ੀਅਰ ਸੈਲਾਨੀਆਂ ਨੂੰ ਦੰਦਾਂ ਵਿਚ ਉਂਗਲਾਂ ਲੈਣ ਦੀ ਨੌਬਤ ਤੱਕ ਪਹੁੰਚਾ ਦਿੰਦੇ ਹਨ।' ਇਸੇ ਤਰ੍ਹਾਂ ਸਫ਼ਰਨਾਮੇ ਵਿਚ ਇਸ ਸ਼ਹਿਰ ਵਿਚ ਲਗਾਏ ਗਏ ਪਣਡੁੱਬੀ ਬਣਾਉਣ ਵਾਲੇ ਕਾਰਖ਼ਾਨੇ, ਲੋਕਾਂ ਨੂੰ ਧਰਮ ਨਾਲ ਜੋੜਨ ਲਈ ਬਣਾਏ ਗਏ ਚਰਚ, ਵਿਗਿਆਨਕ ਪ੍ਰਯੋਗਸ਼ਾਲਾ, ਮਛੇਰਿਆਂ ਦੀਆਂ ਬੇੜੀਆਂ, ਜਾਲ ਤੇ ਉਨ੍ਹਾਂ ਦੇ ਭੋਜਨ, ਸਿੱਖਿਆ, ਬਿਜਲੀ, ਪਾਣੀ, ਸਫ਼ਾਈ ਪ੍ਰਬੰਧ, ਸਿਹਤ ਸਹੂਲਤਾਂ ਤੋਂ ਇਲਾਵਾ ਸਮੁੰਦਰੀ ਵੇਲਾਂ ਬਾਰੇ ਵੀ ਚਿਤਰਨ ਕੀਤਾ ਗਿਆ ਹੈ।

ਇਸ ਸਫ਼ਰਨਾਮੇ ਵਿਚ ਟਾਪ ਆਫ਼ ਦੀ ਵਰਲਡ ਪੁਆਇੰਟ ਖੇਤਰ ਨਾਰਥ ਪੋਲ ਬਾਰੇ ਚਰਚਾ ਕੀਤੀ ਗਈ ਹੈ। ਨਾਰਥ ਪੋਲ ਅਮਰੀਕਾ ਦੀ ਅਲਾਸਕਾ ਸਟੇਟ ਦਾ ਇੱਕ ਸ਼ਹਿਰ ਹੈ। ਇਸ ਸਥਾਨ 'ਤੇ ਸਮੁੰਦਰ ਦਾ ਪਾਣੀ ਲਗਭਗ ਦੋ ਤੋਂ ਪੰਦਰਾਂ ਮੀਟਰ ਤੱਕ ਜੰਮਿਆ ਰਹਿੰਦਾ ਹੈ। ਸਮੁੰਦਰੀ ਬਰਫ਼ੀਲੇ ਜਾਨਵਰਾਂ ਤੋਂ ਇਲਾਵਾ ਇਸ ਸਥਾਨ 'ਤੇ ਉੱਲੂਆਂ ਦੀ ਬਹੁਤ ਜ਼ਿਆਦਾ ਗਿਣਤੀ ਹੈ। 'ਇਹ ਉੱਲੂ ਸਮੇਂ ਅਨੁਸਾਰ ਕਿਧਰੇ ਘੁਰਨਿਆਂ ਅੰਦਰ ਲੁੱਕ ਦੜ ਜਾਂਦੇ ਹਨ। ਇਸ ਉਤਕੀਆਗਵਿਕ ਖੇਤਰ ਨੂੰ ਸਥਾਨਕ ਇਨੂਪੀਆਟ ਲੋਕ ਉਕਪੀਗਵਿਕ ਦਾ ਨਾਂ ਵੀ ਦਿੰਦੇ ਹਨ ਜਿਸ ਦਾ ਮਤਲਬ ਹੈ 'ਬਰਫ਼ ਦੇ ਉੱਲੂਆਂ ਦਾ ਘਰ।' ਇਸੇ ਤਰ੍ਹਾਂ ਸਫ਼ਰਨਾਮੇ ਵਿਚ ਨਾਰਥ ਪੋਲ ਦੀਆਂ ਸੜਕਾਂ ਦੀ ਖਸਤਾ ਹਾਲਤ, ਅਜਾਇਬ ਘਰ, ਸਕੂਲਾਂ ਦੀਆਂ ਇਮਾਰਤਾਂ, ਖੇਡ ਮੈਦਾਨਾਂ, ਗਲੀਆਂ, ਠੰਢੇ ਮੌਸਮ ਦੀ ਜਾਣਕਾਰੀ ਲਈ ਬਣਾਇਆ ਗਿਆ ਗਲੋਬਲ ਐਟਮਸਫੀਅਰ ਵਾਚ, ਜੰਮੇ ਸਮੁੰਦਰ ਅੰਦਰ ਆਰਾਮ ਕਰਨ ਲਈ ਸਰਕਾਰ ਵੱਲੋਂ ਬਣਾਏ ਗਏ ਸਮਰ ਕੈਬਿਨਜ਼, ਇੱਥੋਂ ਦੀ ਸਥਾਨਕ ਭਾਸ਼ਾ 'ਨੁਵਕ ਬਾਰੇ', ਨਾਰਥ ਪੋਲ ਦੀ ਚੁੰਬਕੀ ਗੁਰੂਤਾ, ਪੁਲਿਸ, ਆਵਾਜਾਈ ਦੇ ਸਾਧਨ, ਵਰਕਸ਼ਾਪਾਂ, ਕਬਾੜਖ਼ਾਨਿਆਂ, ਖਾਣ-ਪੀਣ ਵਾਲੀਆਂ ਵਸਤੂਆਂ, ਵੇਲ ਬੋਨ ਆਰਕ, ਸਮੁੰਦਰੀ ਥਣ-ਧਾਰੀ ਜਾਨਵਰ ਸੀ ਓਟਰ, ਦਾੜ੍ਹੀ ਵਾਲੀ ਸੀਲ, ਸਫ਼ੇਦ ਭਾਲੂ ਤੋਂ ਇਲਾਵਾ ਬਰਫ਼ ਦੇ ਵੱਡੇ-ਵੱਡੇ ਪਹਾੜਾਂ ਬਾਰੇ ਚਿਤਰਨ ਕੀਤਾ ਗਿਆ ਹੈ। ਇਸੇ ਤਰ੍ਹਾਂ ਸਫ਼ਰਨਾਮੇ ਵਿਚ ਮੁੱਢਲੇ ਇਨੂਪੀਆਟ ਲੋਕਾਂ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਦਾ ਮੁੱਖ ਕਿੱਤਾ ਵੱਡੀਆਂ ਵੇਲ ਮੱਛੀਆਂ ਪਕੜਨਾ ਸੀ।

ਨਾਰਥ ਪੋਲ ਸਫ਼ਰਨਾਮੇ ਵਿਚ ਬੈਰੋ ਸ਼ਹਿਰ ਦੇ ਚਰਚਿਤ ਹੋਟਲ 'ਮੂੰਗਵਿਟ' ਬਾਰੇ ਵੀ ਚਿਤਰਨ ਕੀਤਾ ਗਿਆ ਹੈ। ਇਸ ਹੋਟਲ ਦੀਆਂ ਤਾਕੀਆਂ ਵਿਚੋਂ ਨਾਰਥ ਪੋਲ ਤੇ ਜੰਮੀ ਬਰਫ਼ ਦੇ ਪਹਾੜ ਬਹੁਤ ਸਾਫ਼ ਦਿਖਾਈ ਦਿੰਦੇ ਹਨ। ਹੋਟਲ ਵਿਚ ਖਾਣਾ ਡੱਬਿਆਂ ਰਾਹੀਂ ਕਮਰਿਆਂ ਵਿਚ ਆਉਂਦਾ ਹੈ ਜੋ ਬਹੁਤ ਹੀ ਮਹਿੰਗਾ ਅਤੇ ਬੇਸੁਆਦਾ ਹੁੰਦਾ ਹੈ। ਇਸ ਸਥਾਨ ਤੇ ਚੋਰੀ ਅਤੇ ਹੋਰ ਵਾਰਦਾਤਾਂ ਹੋਣ ਕਾਰਨ ਸੈਲਾਨੀਆਂ ਨੂੰ ਚੌਕਸ ਰਹਿਣ ਲਈ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਤਾਂ ਕਿ ਕਿਸੇ ਦਾ ਕੋਈ ਜਾਨੀ-ਮਾਲੀ ਨੁਕਸਾਨ ਨਾ ਹੋ ਜਾਵੇ। ਸਫ਼ਰਨਾਮੇ ਵਿਚ ਨਾਰਥ ਪੋਲ ਦੀ ਹੋਂਦ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ। ਧਰਮ ਗ੍ਰੰਥਾਂ ਅਨੁਸਾਰ ਧਰਤੀ ਦੀ ਹੋਂਦ ਲਗਭਗ ਚਾਰ ਹਜ਼ਾਰ ਸਾਲ ਪਹਿਲਾ ਦੀ ਹੈ। ਇਸੇ ਤਰ੍ਹਾਂ ਗ੍ਰਹਿਆਂ ਅਤੇ ਨਛੱਤਰਾਂ ਦੀ ਗਿਣਤੀ ਲਗਭਗ ਅਠਾਰਾਂ ਹਜ਼ਾਰ ਮੰਨੀ ਗਈ ਹੈ। ਪ੍ਰਸਿੱਧ ਵਿਗਿਆਨੀ ਗੈਲੀਲੀਓ ਨੇ ਆਪਣੇ ਪ੍ਰਯੋਗ ਰਾਹੀਂ ਸਿੱਧ ਕੀਤਾ ਸੀ ਕਿ ਧਰਤੀ ਸਮੇਤ ਸਾਰੇ ਗ੍ਰਹਿ ਸੂਰਜ ਦੁਆਲੇ ਇੱਕ ਖ਼ਾਸ ਰਫ਼ਤਾਰ ਨਾਲ ਚੱਕਰ ਲਗਾਉਂਦੇ ਹਨ। ਆਰੀਆ ਲੋਕਾਂ ਦੀ ਵੰਸ਼ ਬ੍ਰਹਿਮੰਡ ਬਾਰੇ ਖ਼ਾਸ ਗਿਆਨ ਰੱਖਦੀ ਸੀ। ਭਾਰਤ ਵਿਚ ਰਚੇ ਗਏ ਵੇਦਾਂ ਅਨੁਸਾਰ ਬਰਫ਼ ਜੰਮਣ ਤੋਂ ਪਹਿਲਾਂ ਉੱਤਰੀ ਧਰੁਵ ਆਰੀਆ ਲੋਕਾਂ ਦਾ ਘਰ ਸੀ। ਇਸੇ ਤਰ੍ਹਾਂ ਐੱਸਕੀਮੋ ਲੋਕ ਵੀ ਇਸ ਖ਼ਿੱਤੇ ਵਿਚੋਂ ਨਿਕਲ ਕੇ ਏਸ਼ੀਆ ਤੇ ਭਾਰਤ ਦੀ ਧਰਤੀ ਤੇ ਵਾਸ ਕਰ ਗਏ ਕਿਉਂਕਿ ਉੱਥੇ ਪਾਣੀ ਅਤੇ ਹੋਰ ਖ਼ੁਰਾਕ ਦੇ ਸਰੋਤਾਂ ਦੀ ਬਹੁਤਾਤ ਸੀ। ਇਸ ਪ੍ਰਕਾਰ 'ਧਰਤੀ ਦੇ ਕੁੱਲ ਪਾਣੀਆਂ ਦਾ ਪੰਜਵਾਂ ਭਾਗ ਇੱਥੇ ਬਰਫ਼ ਦੇ ਰੂਪ ਵਿਚ ਜੰਮਿਆ ਪਿਆ ਹੈ, ਜਿਸ ਨੂੰ ਗਲੇਸ਼ੀਅਰ ਕਹਿੰਦੇ ਹਨ।' ਸਫ਼ਰਨਾਮੇ ਵਿਚ ਗੁਰੂਤਾ ਸ਼ਕਤੀ ਤੋਂ ਇਲਾਵਾ ਨਾਰਥ ਤੇ ਸਾਊਥ ਪੋਲ ਵਿਚਕਾਰ ਧਰਤੀ ਦੀ ਸਥਿਤੀ ਬਾਰੇ ਵੀ ਜ਼ਿਕਰ ਕੀਤਾ ਗਿਆ, ਜਿੱਥੇ ਸਾਊਥ ਪੋਲ ਨਾਰਥ ਨਾਲੋਂ ਜ਼ਿਆਦਾ ਠੰਢਾ ਹੈ। ਇਸ ਬੇਆਬਾਦ ਖੇਤਰ ਵਿਚ ਸਥਾਨਕ ਵਸੋਂ ਬਿਲਕੁਲ ਨਹੀਂ ਹੈ। ਨਾਰਥ ਪੋਲ ਦਾ ਸਾਰਾ ਇਲਾਕਾ ਬਰਫ਼ ਨਾਲ ਢਕਿਆ ਰਹਿੰਦਾ ਹੈ ਤੇ ਇੱਥੇ ਰਹਿਣ ਵਾਲੇ ਵਸਨੀਕ ਕੁਦਰਤੀ ਕਰੋਪੀ ਦਾ ਸ਼ਿਕਾਰ ਹੁੰਦੇ ਕਈ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਨ।

ਇਸੇ ਤਰ੍ਹਾਂ ਨਾਰਥ ਪੋਲ ਦੇ ਲੱਛਣਾਂ ਬਾਰੇ ਜ਼ਿਕਰ ਕਰਦਿਆ ਦਰਸਾਇਆ ਗਿਆ ਹੈ ਕਿ ਇਸ ਖੇਤਰ ਵਿਚ ਤਾਜ ਹਵਾਵਾਂ ਕਾਰਨ ਬਰਫ਼ਾਨੀ ਪਾਣੀ ਤੇ ਬਰਫ਼ੀਲੇ ਪਹਾੜ ਆਪਣਾ ਟਿਕਾਣਾ ਬਦਲਦੇ ਰਹਿੰਦੇ ਹਨ। 'ਨਾਰਥ ਪੋਲ ਧਰਤੀ ਦਾ ਉੱਤਰੀ ਬਿੰਦੂ ਹੈ ਜੋ ਦੱਖਣੀ ਧਰੁਵ ਦੇ ਉਲਟ ਪਾਸੇ ਹੈ, ਧਰਤੀ ਦੀਆਂ ਵਾਗਾਂ ਫੜ ਘੁਮਾਈ ਫਿਰਦਾ ਹੈ। ਵਿਚਾਰੀ ਅਬਲਾ ਧਰਤੀ ਇਸ ਦੇ ਰਹਿਮ ਕਰਮ ਤੇ ਨਿਰਭਰ ਕਰਦੀ ਹੈ।' ਸੰਨ 1900 ਵਿਚ ਇਹ ਕੈਨੇਡਾ ਵਿਚ ਗਿਣਿਆ ਜਾਂਦਾ ਸੀ ਤੇ 2000 ਵਿਚ ਇਹ




ਗਰੀਨਲੈਂਡ ਨੇੜੇ ਪਹੁੰਚ ਗਿਆ। ਇਸ ਦੇ ਆਲ਼ੇ ਦੁਆਲੇ ਕੈਨੇਡਾ ਤੋਂ ਇਲਾਵਾ ਆਈਸਲੈਂਡ, ਡੈਨਮਾਰਕ, ਗਰੀਨਲੈਂਡ, ਨਾਰਵੇ, ਸਵੀਡਨ ਫਿਨਲੈਂਡ, ਰੂਸ ਅਤੇ ਅਮਰੀਕਾ ਵਰਗੇ ਦੇਸ਼ ਹਨ। ਇਸ ਖੇਤਰ ਵਿਚ ਸੋਵੀਅਤ ਸੰਘ ਨੇ 1937 ਵਿਚ ਮਿਲਟਰੀ ਬੇਸ ਬਣਾਏ ਤੇ ਸੈਰ ਸਪਾਟੇ ਤੇ ਹੋਰ ਵਪਾਰਕ ਉਦਯੋਗ ਸ਼ੁਰੂ ਕੀਤੇ ਸਨ। ਇਸੇ ਤਰ੍ਹਾਂ ਪੂਰੀ ਦੁਨੀਆ ਦਾ ਤੀਹ ਪ੍ਰਤੀਸ਼ਤ ਤੇਲ ਦਾ ਭੰਡਾਰ ਇਸ ਬਰਫ਼ੀਲੇ ਇਲਾਕੇ ਹੇਠਾਂ ਜਮਾਂ ਹੈ। ਇਸ ਮਹਾਂਦੀਪ ਤੇ ਵੱਸਦੇ ਲੋਕ ਇਨੂਇਟ, ਨਾਰਡਿਕ, ਫਿਨਿਸ਼, ਸਾਮੀ, ਚੂਚਕੀ, ਸਲਾਵਿਕ ਤੇ ਸਾਇਬੇਰੀਅਨ ਹਨ। ਇਨ੍ਹਾਂ ਲੋਕਾਂ ਦਾ ਕੱਦ ਮਧਰਾ ਹੁੰਦਾ ਹੈ ਜੋ ਜ਼ਿਆਦਾਤਰ ਮੱਛੀਆਂ ਪਕੜ ਕੇ ਖਾਂਦੇ ਹਨ। ਇਸ ਸਥਾਨ 'ਤੇ ਜ਼ਿਆਦਾਤਰ ਸੰਖਿਆ ਰਿੱਛ, ਵਾਲਰਸ ਅਤੇ ਲੂੰਬੜੀ ਵਰਗੇ ਜਾਨਵਰਾਂ ਦੀ ਹੈ।

ਇਸ ਸਫ਼ਰਨਾਮੇ ਵਿਚ ਨਾਰਥ ਪੋਲ ਦੀ ਖੋਜ ਮੁਹਿੰਮ ਬਾਰੇ ਵੀ ਜ਼ਿਕਰ ਕੀਤਾ ਹੈ, ਜਿਸ ਨੂੰ ਲੱਭਣ ਲਈ ਮਨੁੱਖ ਸਦੀਆਂ ਤੋਂ ਸੰਘਰਸ਼ ਕਰਦਾ ਰਿਹਾ ਹੈ। 'ਇਸ ਨਿਆਰੇ ਪਿਆਰੇ (ਪੋਲ) ਬਿੰਦੂ ਨੂੰ ਲੱਭਣ ਤੇ ਖੋਜਣ ਲਈ ਕਈ ਸਦੀਆਂ ਤੋਂ ਤਰਕ ਵਿਗਿਆਨੀ ਮਨੁੱਖ ਜੂਝਦਾ ਆ ਰਿਹਾ ਹੈ। ਉਨ੍ਹਾਂ ਨੂੰ ਇਹ ਪਤਾ ਲੱਗ ਚੁੱਕਾ ਸੀ ਕਿ ਧਰਤੀ 23.5 ਦਰਜਾ ਟੇਢੀ ਧੁਰੀ ਤੇ ਟਿਕੀ ਹੋਈ ਆਪਣੀ ਧੁਰੀ ਦੁਆਲੇ ਘੁੰਮਦੀ ਹੈ, ਜਿਸ ਦੀ ਉੱਪਰਲੀ ਬੋਦੀ ਨਾਰਥ ਦੇ ਹੇਠਲਾ ਹਿੱਸਾ ਸਾਊਥ ਦੋਵੇਂ ਪਾਸੇ ਜੰਮਿਆ ਸਮੁੰਦਰ ਹੈ। ਇਸ ਖੇਤਰ ਦਾ ਚਾਰ ਚੁਫੇਰੇ ਬਰਫ਼ ਦੇ ਪਹਾੜ ਅਤੇ ਡੂੰਘੀਆਂ ਗੁਫਾਵਾਂ ਹਨ। ਨਾਰਥ ਪੋਲ ਦੀ ਧਰਤੀ ਤੇ ਮਨੁੱਖ ਦੀ ਪਹੁੰਚ ਸਭ ਤੋਂ ਪਹਿਲਾਂ 1890 ਵਿਚ ਹੋਈ ਜੋ ਪ੍ਰਮਾਣਿਕ ਤੌਰ ਤੇ ਠੀਕ ਨਹੀਂ ਹੈ। ਇਸੇ ਤਰ੍ਹਾਂ 1845 ਵਿਚ ਇੱਕ ਬ੍ਰਿਟਿਸ਼ ਵਿਅਕਤੀ ਜੋਹਨ ਫਰੈਂਕਫਿਨ ਨੇ ਆਪਣੇ 24 ਸਾਥੀਆਂ ਸਮੇਤ ਨਾਰਥ ਪੋਲ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਪਰ ਬਰਫ਼ ਵਿਚ ਦੋਨਾਂ ਜਹਾਜ਼ਾਂ ਦੇ ਜੰਮਣ ਕਾਰਨ ਉਹ ਸਾਰੇ ਮਰ ਗਏ ਸਨ। ਸੰਨ 1837 ਵਿਚ ਥਾਮਸ ਸਿੰਪਸਨ ਬਰਫ਼ੀਲੇ ਇਲਾਕੇ ਬੈਰੋ ਤੱਕ ਪਹੁੰਚਿਆ ਤੇ 1849 ਵਿਚ ਵਿਲੀਅਮ ਪੁੱਲਨ ਨੇ ਨਾਰਥ ਪੋਲ ਤੇ ਪਹੁੰਚਣ ਦੀ ਹਿੰਮਤ ਕੀਤੀ ਪਰ ਸਫਲ ਨਾ ਹੋ ਸਕਿਆ। ਇਸੇ ਤਰ੍ਹਾਂ 1871 ਵਿਚ ਚਾਰਲਸ ਦੀ ਕੋਸ਼ਿਸ਼ ਵੀ ਜ਼ਿਆਦਾ ਸਫਲ ਨਾ ਹੋ ਸਕੀ। ਉਹ ਵੀ ਰਸਤੇ ਚ ਕਈ ਸਮੱਸਿਆਵਾਂ ਦਾ ਸ਼ਿਕਾਰ ਹੋ ਗਿਆ। ਇਸੇ ਤਰ੍ਹਾਂ ਰਾਬਰਟ ਪੀਅਰੀ ਨੇ 1856 ਵਿਚ ਆਪਣੇ ਸਿਰੜ ਅਤੇ ਲਮੇਰੇ ਸੰਘਰਸ਼ ਦੌਰਾਨ ਕਈ ਮੁਸੀਬਤਾਂ ਨੂੰ ਝੱਲਦਿਆਂ ਹੋਇਆ ਨਾਰਥ ਪੋਲ ਤੇ ਪਹੁੰਚ ਕਰਨ ਦੀ ਕੋਸ਼ਿਸ਼ ਕੀਤੀ ਪਰ ਆਪਣੇ ਸਾਥੀਆਂ ਵਿਚਲੀ ਅਣਬਣ ਕਾਰਨ ਉਸ ਦਾ ਇਹ ਉਪਰਾਲਾ ਅਸਫਲ ਰਿਹਾ। ਸੰਨ 1909 ਵਿਚ ਦੁਬਾਰਾ ਰਾਬਰਟ ਪੀਅਰੀ ਆਪਣੇ ਸਾਥੀਆਂ ਸਮੇਤ ਨਾਰਥ ਪੋਲ ਤੇ ਪਹੁੰਚਣ ਵਿਚ ਸਫਲ ਹੋ ਗਿਆ। ਇਸ ਪ੍ਰਕਾਰ ਲਗਭਗ 1926 ਤੱਕ ਨਾਰਥ ਪੋਲ ਤੇ ਪਹੁੰਚਣ ਵਾਲੇ ਮੁਹਿੰਮਕਾਰਾਂ ਬਾਰੇ ਭਰੋਸੇਯੋਗ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਪਰ 12 ਮਈ 1926 ਵਿਚ ਰੋਲਡ ਅਮੰਡਸੇਨ ਅਤੇ ਉਸ ਦੇ ਸਾਥੀ ਲਿੰਕਨ ਏਲਸਵਰਥ ਨੇ ਨਾਰਥ ਪੋਲ ਤੇ ਪਹੁੰਚ ਕੇ ਉੱਥੇ ਆਪਣਾ ਝੰਡਾ ਗੱਡਿਆ ਸੀ।

ਇਸੇ ਤਰ੍ਹਾਂ ਨਾਰਥ ਪੋਲ ਦੇ ਬਰਫ਼ੀਲੇ ਇਲਾਕੇ ਵਿਚ 2003 ਤੋਂ ਹੁਣ ਤੱਕ 2.62 ਮੀਲ ਲੰਬੀ ਕਲਾਸਕੀ ਮੈਰਾਥਨ ਦੌੜ ਕਰਵਾਈ ਜਾਂਦੀ ਹੈ। ਇਹ ਦੌੜ ਹਰ ਸਾਲ ਦੋ ਵਾਰ ਗਰਮੀਆਂ ਦੇ ਮੌਸਮ ਵਿਚ ਹੁੰਦੀ ਹੈ। ਇਸ ਦੌੜ ਵਿਚ ਭਾਗ ਲੈਣ ਵਾਲੇ ਵਿਅਕਤੀ ਦਾ ਖਰਚਾ ਲਗਭਗ ਪੰਜਾਹ ਹਜ਼ਾਰ ਡਾਲਰ ਦੇ ਕਰੀਬ ਹੁੰਦਾ ਹੈ। ਇਸ ਦੌੜ ਵਿਚ ਹੁਣ ਤੱਕ 54 ਦੇਸ਼ਾਂ ਦੇ ਲਗਭਗ 559 ਮਰਦ-ਔਰਤਾਂ ਨੇ ਹਿੱਸਾ ਲਿਆ ਹੈ। ਨਾਰਥ ਪੋਲ ਦੇ ਇਲਾਕੇ ਵਿਚ ਜ਼ਿਆਦਾ ਬਰਫ਼ ਪੈਣ ਕਾਰਨ ਇੱਥੇ ਖਾਣ-ਪੀਣ ਦੇ ਸਰੋਤ ਬਹੁਤ ਸੀਮਤ ਹਨ, ਜਿਸ ਕਾਰਨ ਇੱਥੇ ਵਾਸ ਕਰਦੇ ਜਾਨਵਰਾਂ ਅਤੇ ਪੰਛੀਆਂ ਦਾ ਲੰਮੇ ਸਮੇਂ ਤੱਕ ਜਿਊਣਾ ਮੁਸ਼ਕਿਲ ਹੁੰਦਾ ਹੈ। ਇਸ ਬਰਫ਼ੀਲੇ ਖੇਤਰ ਵਿਚ ਜੱਤ ਵਾਲਾ ਰਿੱਛ, ਹਾਰਪ ਸੀਲ, ਬਾਰਾਂ ਸਿੰਗਾ, ਰੇਂਡੀਅਰ, ਵੇਲ ਮੱਛੀਆਂ, ਮੂਜ਼, ਬਘਿਆੜ, ਚੀਤੇ, ਜੱਤ ਵਾਲੀਆਂ ਭੇਡਾਂ ਅਤੇ ਬੱਕਰੀਆਂ, ਲੂੰਬੜੀ ਤੋਂ ਇਲਾਵਾ ਗੰਜੀ ਇੱਲ, ਬਰਫ਼ ਦੀ ਬੱਤਖ਼, ਬਾਜ, ਗਿਰਗਿਟ ਅਤੇ ਚਿੱਟਾ ਉੱਲੂ ਮਿਲਦੇ ਹਨ। ਸਫ਼ਰਨਾਮੇ ਵਿਚ ਅਮਰੀਕਾ ਦੀ ਅਲਾਸਕਾ ਸਟੇਟ ਦੇ ਵੱਡੇ ਸ਼ਹਿਰ 'ਐਂਕੋਰੇਜ਼' ਬਾਰੇ ਵੀ ਜ਼ਿਕਰ ਕੀਤਾ ਗਿਆ ਹੈ। ਇਸ ਸ਼ਹਿਰ ਵਿਚ ਬਹੁਤ ਵੱਡਾ ਹਵਾਈ ਅੱਡਾ ਹੈ ਜੋ ਵਪਾਰ ਤੋਂ ਇਲਾਵਾ ਮੁਸਾਫ਼ਰ ਹਵਾਈ ਜਹਾਜ਼ਾਂ ਨਾਲ ਭਰਿਆ ਰਹਿੰਦਾ ਹੈ। ਅਲਾਸਕਾ ਦੇ ਇਸ ਸਮੁੱਚੇ ਖੇਤਰ ਵਿਚ 86 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ।

ਇਸ ਸਫ਼ਰਨਾਮੇ ਵਿਚ ਬਰੇਵ ਕਰੂਜ਼ ਛੋਟੇ ਸਮੁੰਦਰੀ ਜਹਾਜ਼ ਬਾਰੇ ਵੀ ਚਿਤਰਨ ਕੀਤਾ ਗਿਆ ਹੈ। ਇਹ ਜਹਾਜ਼ ਸੀਵਾਰਡ ਪੋਰਟ ਤੋਂ ਕੈਨਾਈ ਫੀਓਰਡਜ਼ ਨੈਸ਼ਨਲ ਪਾਰਕ ਦੇ ਗਲੇਸ਼ੀਅਰ ਤੱਕ 200 ਸਵਾਰੀਆਂ ਨੂੰ ਲੈ ਕੇ ਜਾਂਦਾ ਹੈ। ਇਸ ਜਹਾਜ਼ ਦੀ ਪ੍ਰਤੀ ਵਿਅਕਤੀ 300 ਡਾਲਰ ਟਿਕਟ ਹੈ। ਜਹਾਜ਼ ਦੀ ਪਹਿਲੀ ਮੰਜ਼ਲ ਤੇ ਸਵਾਰੀਆਂ ਲਈ ਦੂਰਬੀਨਾਂ, ਗਰਮ ਚਾਕਲੇਟ, ਸਨੈਕਸ, ਸੋਢੇ, ਬੀਅਰ, ਵਾਈਨ ਤੇ ਕਈ ਕਿਸਮ ਦੀ ਸ਼ਰਾਬ ਮਿਲਦੀ ਹੈ। ਜਹਾਜ਼ ਰਾਹੀਂ ਸਾਰੇ ਯਾਤਰੀ ਸਮੁੰਦਰੀ ਸ਼ਾਰਕਾਂ, ਬਰਫ਼ ਦੇ ਵੱਡੇ-ਵੱਡੇ ਗਲੇਸ਼ੀਅਰ, ਦੂਰ ਪਹਾੜਾਂ ਤੇ ਚਰਦੀਆਂ ਬੱਕਰੀਆਂ ਤੋਂ ਇਲਾਵਾ ਛੋਟੇ-ਵੱਡੇ ਘਰਾਂ ਨੂੰ ਦੇਖਣ ਦਾ ਅਨੰਦ ਮਾਣ ਸਕਦੇ ਹਨ। ਸਫ਼ਰਨਾਮੇ ਵਿਚ ਇਸ ਬਰਫ਼ੀਲੇ ਖੇਤਰ ਵਿਚ ਆਉਂਦੇ ਭੁਚਾਲਾਂ ਬਾਰੇ ਵੀ ਚਿਤਰਨ ਕੀਤਾ ਗਿਆ ਹੈ। ਇਸੇ ਤਰ੍ਹਾਂ ਕੁੱਤਾ ਬੱਘੀ ਇੱਥੇ ਵੱਸਦੇ ਲੋਕਾਂ ਦਾ ਸਭਿਆਚਾਰਕ ਧੰਦਾ ਹੈ, ਜਿਸ ਰਾਹੀਂ ਲੋਕ ਦੂਰ ਦੁਰਾਡੇ ਬਰਫ਼ੀਲੇ ਮੈਦਾਨਾਂ ਦੀ ਸੈਰ ਕਰਦੇ ਹਨ। ਕੁੱਤਾ ਬੱਘੀ ਅਸਲ ਵਿਚ ਸਿੱਖਿਅਕ ਮੋਟੀ ਜੱਤ ਵਾਲੇ ਕੁੱਤਿਆਂ ਦੀ ਇੱਕ ਟੀਮ ਹੁੰਦੀ ਹੈ ਜੋ ਰਲ ਕੇ ਬੱਘੀ ਨੂੰ ਬਰਫ਼ ਤੇ ਖਿੱਚਦੇ ਹਨ। ਇਸੇ ਤਰ੍ਹਾਂ ਸਫ਼ਰਨਾਮੇ ਵਿਚ ਉਨ੍ਹਾਂ ਸਿਰੜੀ ਖੋਜਕਾਰਾਂ ਬਾਰੇ ਵੀ ਦਰਸਾਇਆ ਗਿਆ ਹੈ, ਜਿਨ੍ਹਾਂ ਨੇ ਧਰਤੀ ਦੇ ਆਰ-ਪਾਰ ਜਾਣ ਲਈ ਲਗਭਗ ਬਾਰਾਂ ਕਿੱਲੋਮੀਟਰ ਤੱਕ ਦਾ ਪਾੜ ਪਾ ਦਿੱਤਾ ਸੀ ਪਰ ਉਨ੍ਹਾਂ ਦੀ ਇਹ ਕੋਸ਼ਿਸ਼ ਸਫਲ ਨਾ ਹੋ ਸਕੀ।

ਉਪਰੋਕਤ ਚਰਚਾ ਨੂੰ ਸਮੇਟਦੇ ਹੋਏ ਕਿਹਾ ਜਾ ਸਕਦਾ ਹੈ ਕਿ ਚਰਨਜੀਤ ਸਿੰਘ ਪੰਨੂ ਦੁਆਰਾ ਰਚਿਤ 'ਨਾਰਥ ਪੋਲ' ਸਫ਼ਰਨਾਮਾ ਅਹਿਮ ਸਫ਼ਰਨਾਮਾ ਹੈ। ਇਸ ਸਫ਼ਰਨਾਮੇ ਵਿਚ ਸਫ਼ਰਨਾਮਾਕਾਰ ਨੇ ਨਾਰਥ ਪੋਲ ਦੀ ਫੇਰੀ ਦੌਰਾਨ ਉੱਥੋਂ ਦੇ ਬਰਫ਼ੀਲੇ ਖੇਤਰ ਦੇ ਸਮੁੱਚੇ ਵਰਤਾਰੇ ਨੂੰ ਚਿਤਰਿਆ ਹੈ। ਸਫ਼ਰਨਾਮੇ ਵਿਚ ਮੁੱਖ ਤੌਰ 'ਤੇ ਬੈਰੋ ਉਤਕੀਆਗਵਿਕ, ਟਾਪ ਆਫ਼ ਦੀ ਵਰਲਡ ਪੁਆਇੰਟ, ਹੋਟਲ ਮੂੰਗਵਿਟ, ਨਾਰਥ ਪੋਲ ਦੀ ਹੋਂਦ, ਨਾਰਥ ਪੋਲ ਦੇ ਲੱਛਣ, ਨਾਰਥ ਪੋਲ ਦੀ ਖੋਜ ਮੁਹਿੰਮ, ਨਾਰਥ ਪੋਲ ਮਹਾਂਦੀਪ ਦੇ ਨੇੜਲੇ ਦੇਸ਼, ਨਾਰਥ ਪੋਲ ਇਲਾਕੇ ਵਿਚ ਜਾਨਵਰ ਅਤੇ ਪੰਛੀਆਂ ਦੀ ਸਥਿਤੀ, ਐਂਕੋਰੇਜ਼, ਬਰੇਵ ਕਰੂਜ਼ ਸਵਾਰੀ, ਭੁਚਾਲ, ਕੁੱਤਾ ਬੱਘੀ, ਪੋਲਰ ਪ੍ਰੀਤ, ਹਵਾਈ ਉਡਾਣਾਂ, ਪੁਲਾੜ ਖੋਜ ਤੋਂ ਇਲਾਵਾ ਧਰਤੀ ਵਿਚਲੇ ਪਾੜ ਬਾਰੇ ਬਹੁਤ ਬਾਰੀਕੀ ਨਾਲ ਦਰਸਾਇਆ ਗਿਆ ਹੈ।

---

***(ਪਿਛਲੇ ਸਫੇ ਦਾ ਬਾਕੀ)***

ਤਾਂ ਤੁਸੀਂ ਅੱਗੋਂ ਸ਼ਰਤ ਰੱਖ ਦੇਵੋ ਕੇ ਤਾਂ ਹੀ ਹਟਾਵਾਂਗਾ ਜੇ ਮੇਰੀ ਪੱਗ ਦੀ ਪੂਣੀ ਕਰਵਾਏਂਗੀ ਤਾਂ...।

ਤੇ ਮੈਂ ਅੱਗੋਂ ਸ਼ਰਤ ਮੰਨਦੀ ਹੋਈ ਹਾਂ ਵਿਚ ਸਿਰ ਹਿਲਾ ਦੇਵਾਂ ਤੇ ਜਦੋਂ ਤੁਹਾਡੇ ਹੱਥਾਂ ਦੀ ਪਕੜ ਥੋੜ੍ਹੀ ਢਿੱਲੀ ਜਿਹੀ ਹੋ ਜਾਵੇ ਤਾਂ ਮੈਂ ਏਨਾ ਆਖਦੀ ਹੋਈ ਦੂਰ ਭੱਜ ਜਾਵਾਂ ਕੇ 'ਹਾਇ ਜੀ ਕੀ ਪਏ ਕਰਦੇ ਓ...ਜਵਾਕ ਵੇਖ ਰਹੇ ਨੇ'!

ਚਿਠੀ ਪੋਸਟ ਤਾਂ ਕਰ ਦਿੱਤੀ ਪਰ ਮੁੜ ਕਿੰਨੇ ਦਿਨ ਅਰਦਾਸਾਂ ਹੀ ਕਰਦੀ ਰਹੀ ਕਿ ਰੱਬ ਕਰੇ ਮਿਲੇ ਹੀ ਨਾ...ਜਜ਼ਬਾਤਾਂ ਦੇ ਰੌਂਅ ਵਿਚ ਆ ਕੇ ਪਤਾ ਨੀ ਕੀ-ਕੀ ਊਟ-ਪਟਾਂਗ ਜਿਹਾ ਲਿਖ ਦਿੱਤਾ ਸੀ...ਹਾਇ ਜੇ ਕਿਸੇ ਹੋਰ ਦੇ ਹੱਥ ਆ ਗਈ ਤਾਂ ਫੇਰ ਕੀ ਬਣੂੰ?

ਮੇਰੀ ਹੋਣ ਵਾਲੀ ਨਿੱਕੀ ਨਨਾਣ ਵੀ ਤਾਂ ਓਸੇ ਸਕੂਲ ਓਹਨਾਂ ਦੇ ਨਾਲ ਹੀ ਪੜ੍ਹਾਉਂਦੀ ਸੀ!

ਖ਼ੈ'ਰ ਹਫਤਾ ਲੰਘਿਆ...ਫੇ'ਰ ਦੋ ਹਫਤੇ...ਫੇਰ ਮਹੀਨਾ...ਦੋ ਮਹੀਨੇ...ਜਦੋਂ ਕੋਈ ਜੁਆਬ ਨਾ ਆਇਆ ਤਾਂ ਪੱਕਾ ਯਕੀਨ ਜਿਹਾ ਹੋ ਗਿਆ ਕਿ ਚਿੱਠੀ ਵਾਕਿਆ ਹੀ ਲਿਖੇ ਹੋਏ ਪਤੇ 'ਤੇ ਅੱਪੜੀ ਹੀ ਨਹੀਂ ਏ!

ਫੇਰ ਮਹੀਨੇ ਕੁ ਮਗਰੋਂ ਮੈਨੂੰ ਟੀਚਰਜ਼ ਟ੍ਰੇਨਿੰਗ ਵਾਸਤੇ ਅੰਬਾਲੇ ਜਾਣਾ ਪੈ ਗਿਆ...ਦੂਰ-ਦੂਰ ਸਕੂਲਾਂ ਤੋਂ ਤਕਰੀਬਨ ਸੌ ਕੁ ਟੀਚਰ ਆਏ ਹੋਏ ਸਨ...ਮਰਦ ਅਧਿਆਪਕ ਨਾਲਦੇ ਹੋਸਟਲ ਵਿਚ ਵੱਖਰੇ ਠਹਿਰੇ ਹੋਏ ਸਨ!

ਇੱਕ ਦਿਨ ਸਵੇਰੇ-ਸਵੇਰੇ ਕਲਾਸ ਲਈ ਤੁਰਨ ਲੱਗੀ ਕਿ ਕਾਹਲੀ ਵਿਚ ਚੁੰਨੀ 'ਤੇ ਸਬਜ਼ੀ ਡੁੱਲ੍ਹ ਗਈ। ਕੋਲ ਪਏ ਮੱਗ ਵਿਚ ਪਾਣੀ ਭਰ ਅਜੇ ਚੁੰਨੀ ਦੀ ਕਿਨਾਰੀ ਧੋਣ ਵਾਸਤੇ ਵਿਚ ਡੋਬੀ ਹੀ ਸੀ ਕਿ ਕਿਸੇ ਨੇ ਪਿੱਛੋਂ ਅਛੋਪਲੇ ਜਿਹੇ ਆ ਮੇਰੀਆਂ ਦੋਵਾਂ ਅੱਖਾਂ 'ਤੇ ਹੱਥ ਰੱਖ ਦਿੱਤੇ...ਇਸ ਤੋਂ ਪਹਿਲਾਂ ਕਿ ਮੈਨੂੰ ਕੁਝ ਸਮਝ ਆਉਂਦੀ...ਕਿਸੇ ਜਾਣੀ-ਪਛਾਣੀ ਆਵਾਜ਼ ਦੇ ਮਿੱਠੇ-ਮਿੱਠੇ ਬੋਲ ਕੰਨੀਂ ਪੈਣੇ ਸ਼ੁਰੂ ਹੋ ਗਏ, 'ਅੱਜ ਪੂਣੀ ਕਰਵਾਏ ਬਗੈਰ ਨਾ ਤੇ ਅੱਖਾਂ ਤੋਂ ਹੱਥ ਹੀ ਹਟਣਗੇ ਤੇ ਨਾ ਦੌੜਨ ਦਾ ਮੌਕਾ ਹੀ ਮਿਲਣਾ...ਕਿਉਂਕਿ ਅੱਜ ਤੇ ਜਵਾਕ ਵੀ ਨਹੀਂ ਵੇਖ ਰਹੇ...!

ਈ.ਮੇਲ, ਫੇਸਬੁਕ, ਵ੍ਹਟਸਐਪ, ਮੋਬਾਈਲ ਅਤੇ ਲੈਪਟੋਪਾਂ ਤੋਂ ਸੱਖਣੇ ਓਹਨਾਂ ਸਰਲ ਤੇ ਸਪਸ਼ਟ ਜ਼ਮਾਨਿਆਂ ਵਿਚ ਪਿਆਰ-ਮੁਹੱਬਤਾਂ ਦੇ ਸਰੂਪ ਵੀ ਕੁਝ ਏਦਾਂ ਦੇ ਹੀ ਹੋਇਆ ਕਰਦੇ ਹੋਣਗੇ...।

ਮਿੱਤਰ ਪਿਆਰਿਆਂ ਦੀ ਸੋਹਣੀ ਸੂਰਤ ਦੇ ਬਿੰਦ ਕੁ ਭਰ ਲਈ ਹੋਏ ਸਬੱਬੀਂ ਦਰਸ਼ਨਾਂ ਦਾ ਸਰੂਰ ਪੋਹ ਮਾਘ ਦੇ ਸੰਘਣੇ ਕੋਹਰਿਆਂ ਵਾਂਙ ਭਾਵੇਂ ਕਈ-ਕਈ ਦਿਨ ਜ਼ਿਹਨ 'ਤੇ ਭਾਰੂ ਰਿਹਾ ਕਰਦਾ ਸੀ ਪਰ ਮਜਾਲ ਏ ਕਿ ਸਫ਼ਰ ਕਰਦਿਆਂ ਕੋਈ ਹਾਦਸਾ ਵਾਪਰ ਜਾਵੇ ਕਿਉਂਕਿ ਜ਼ਿੰਦਗੀ ਦੀ ਰਫਤਾਰ ਅਤੇ ਜਵਾਨੀ ਦੀਆਂ ਭਾਵਨਾਵਾਂ ਦੋਵੇਂ ਹੀ ਇਨਸਾਨ ਦੇ ਕਾਬੂ ਵਿਚ ਹੋਇਆ ਕਰਦੀਆਂ ਸਨ!

# ਮੇਰਾ ਜਮਾਤੀ ਗੇਜੂ

ਮੇਰੇ ਕੋਲ ਯਾਦਾਂ ਦਾ ਬਹੁਤ ਵੱਡਾ ਖ਼ਜ਼ਾਨਾ ਹੈ। ਮਿੱਠੀਆਂ ਤੇ ਕੌੜੀਆਂ ਯਾਦਾਂ ਦਾ ਮਿਸ਼ਰਣ। ਕਈ ਯਾਦਾਂ ਦੇ ਚਿਹਰੇ ਧੁੰਦਲਾ ਗਏ ਨੇ ਤੇ ਕਈ ਤਰੋ ਤਾਜ਼ਾ ਪਈਆਂ ਹਨ। ਕਈ ਯਾਦਾਂ ਤੋਂ ਪਰੇ ਭੱਜੀ ਦਾ ਕਿ ਉਹ ਯਾਦ ਨਾ ਆਉਣ ਤਾਂ ਚੰਗਾ ਹੈ ...ਤੇ ਕਈ ਏਨੀਆਂ ਪਿਆਰੀਆਂ ਤੇ ਮਿੱਠੀਆਂ ਹੁੰਦੀਆਂ ਹਨ ਕਿ ਉਨ੍ਹਾਂ ਬਾਰੇ ਗੱਲ ਕਰਨ ਨੂੰ ਵਾਰ-ਵਾਰ ਜੀਅ ਕਰਦਾ ਹੈ। ਇਨ੍ਹਾਂ ਸਭ ਤਰ੍ਹਾਂ ਦੀਆਂ ਯਾਦਾਂ 'ਚੋਂ ਬਚਪਨ ਦੀਆਂ ਯਾਦਾਂ ਅਭੁੱਲ ਹੁੰਦੀਆਂ ਹਨ। ਪਤਾ ਨਹੀਂ ਕਿਉਂ? ਸ਼ਾਇਦ ਇਸ ਕਰਕੇ ਬਚਪਨ 'ਚ ਮਨ ਦੀ ਸਲੇਟ ਬਹੁਤ ਸਾਫ਼ ਅਤੇ ਪਾਕ ਪਵਿੱਤਰ ਹੁੰਦੀ ਹੈ। ਉਸ ਉਪਰ ਜੋ ਉਲੀਕਿਆ ਜਾਂਦਾ ਹੈ ਉਮਰ ਭਰ ਯਾਦ ਰਹਿੰਦਾ ਹੈ। ਉਮਰ ਦੇ ਨਾਲ-ਨਾਲ ਮਨ ਦੀ ਸਾਫ਼ ਸੁਥਰੀ ਪਲੇਟ 'ਤੇ ਵੀ ਦੁਨੀਆਂਦਾਰੀ ਦੀ ਮੈਲ ਜੰਮਣੀ ਸ਼ੁਰੂ ਹੋ ਜਾਂਦੀ ਹੈ। ਘਟਨਾਵਾਂ ਏਨੀਆਂ ਗੁੰਝਲਦਾਰ ਹੁੰਦੀਆਂ ਹਨ ਕਿ ਚੇਤਿਆਂ 'ਚੋਂ ਵਿਸਰ ਜਾਂਦੀਆ ਨੇ ਜਾਂ ਉਨ੍ਹਾਂ ਨੂੰ ਯਾਦ ਕਰਕੇ ਧੁੜਧੜੀ ਆ ਜਾਂਦੀ ਹੈ।



ਸੁਰਿੰਦਰ ਗੀਤ
ਫੋਨ: 403 605-3734

ਮੇਰਾ ਬਚਪਨ ਚੰਗਾ ਹੀ ਬਿਤਿਆ। ਮੱਧ ਵਰਗੀ ਕਿਸਾਨੀ ਘਰ ਸੀ। ਏਨਾ ਜ਼ਰੂਰ ਸੀ ਕਿ ਸਾਡਾ ਘਰ ਸੂਬੇਦਾਰਾਂ ਦਾ ਘਰ ਵਜਦਾ ਸੀ। ਕਾਰਣ ਇਹ ਕਿ ਮੇਰੇ ਬਾ ਜੀ (ਦਾਦਾ ਜੀ) ਅੰਗਰੇਜ਼ਾਂ ਦੀ ਫ਼ੌਜ 'ਚੋਂ ਸੂਬੇਦਾਰੀ ਪੈਨਸ਼ਨ 'ਤੇ ਸਨ। ਘਰ 'ਚ ਜੇਕਰ ਅਮੀਰੀ ਨਹੀਂ ਸੀ ਤਾਂ ਗਰੀਬੀ ਵੀ ਨਹੀਂ ਸੀ।

ਸਾਡੇ ਪਿੰਡ ਰਾਉਕੇ ਦਾ ਸਕੂਲ ਚੌਥੀ ਤਕ ਸੀ। ਮੁੰਡੇ ਕੁੜੀਆਂ ਦਾ ਸਾਂਝਾ ਸਕੂਲ। ਦੋ ਕਮਰਿਆਂ ਵਾਲਾ। ਸੁਣਿਆ ਸੀ ਪਹਿਲਾਂ ਇਕ ਕਮਰਾ ਹੀ ਹੁੰਦਾ ਸੀ ਅਤੇ ਦੂਸਰਾ ਕਮਰਾ ਬਾਅਦ 'ਚ ਬਣਾਇਆ ਗਿਆ। ਇਸ ਪ੍ਰਾਇਮਰੀ ਸਕੂਲ ਦੀ ਉਸਾਰੀ ਪਿੰਡ ਦੇ ਲੋਕਾਂ ਦੇ ਸਾਂਝੇ ਉੱਦਮ ਦਾ ਨਤੀਜਾ ਸੀ। ਜਦੋਂ ਮੈਂ ਇਸ ਸਕੂਲ ਵਿਚ ਦਾਖਲਾ ਲਿਆ ਤਾਂ ਸਕੂਲ ਦੀ ਫ਼ਰਸ਼ ਕੱਚੀ ਸੀ। ਪਾਣੀ ਪੀਣ ਲਈ ਇਕ ਨਲਕਾ ਸੀ ਜਿਸਦੀ ਹੱਥ ਡੰਡੀ ਗੇੜ ਕੇ ਪਾਣੀ ਕੱਢਿਆ ਜਾਂਦਾ ਸੀ।

ਪਹਿਲੀਆਂ ਚਾਰ ਜਮਾਤਾਂ ਮੈਂ ਏਸੇ ਸਕੂਲ ਤੋਂ ਕੀਤੀਆਂ। ਸਕੂਲ 'ਚ ਦੋ ਮਾਸਟਰ ਹੁੰਦੇ ਸਨ। ਵੱਡੇ ਮਾਸਟਰ ਜੀ ਬੱਧਨੀ ਕਸਬੇ ਤੋਂ ਆਉਂਦੇ ਸਨ ਅਤੇ ਛੋਟੇ ਮਾਸਟਰ ਜੀ ਬੁੱਟਰ ਪਿੰਡ ਤੋਂ। ਉਹ ਦੋਨੋਂ ਸਾਈਕਲਾਂ 'ਤੇ ਆਉਂਦੇ ਤੇ ਅਸੀਂ ਖਾਲ 'ਤੇ ਬਣੀ ਪੁਲੀ ਉਤੇ ਖੜ੍ਹ ਕੇ ਮਾਸਟਰਾਂ ਦੇ ਆਉਣ ਦੀ ਉਡੀਕ ਕਰਦੇ ਰਹਿੰਦੇ ਤੇ ਜਦੋਂ ਦੂਰੋਂ ਉਨ੍ਹਾਂ ਦੇ ਸਾਈਕਲ ਦਿਖਾਈ ਦਿੰਦੇ ਤਾਂ ਦੌੜ ਕੇ ਸਕੂਲ 'ਚ ਜਾ ਵੜਦੇ। ਵੱਡੇ ਮੁੰਡੇ ਅੱਗੇ ਹੋ ਕੇ ਮਾਸਟਰਾਂ ਦੇ ਸਾਈਕਲ ਫੜ ਲੈਂਦੇ। ਓਦੋਂ ਸਾਨੂੰ ਇਹ ਦੋਨੋਂ ਮਾਸਟਰ ਕਿਸੇ ਮਹਾਰਾਜੇ ਤੋਂ ਘੱਟ ਨਹੀਂ ਸਨ ਜਾਪਦੇ।

ਪਹਿਲਾਂ ਕਮਰਿਆਂ 'ਚ ਸਫ਼ਾਈ ਕੀਤੀ ਜਾਂਦੀ। ਕੁੜੀਆਂ ਪਾਣੀ ਛਿੜਕ ਕੇ ਝਾੜੂ ਫੇਰਦੀਆਂ ਤੇ ਮੁੰਡੇ ਤਪੜ ਵਿਛਾ ਦਿੰਦੇ। ਮੈਂ ਇਸ ਕੰਮ 'ਚ ਘੱਟ ਹੀ ਹਿੱਸਾ ਲੈਂਦੀ। ਮੇਰੇ ਕਪੜੇ ਦੂਜੇ ਮੁੰਡੇ ਕੁੜੀਆਂ ਤੋਂ ਚੰਗੇ ਹੁੰਦੇ ਸਨ ਅਤੇ ਮੈਂ ਇਸ ਗੱਲ ਦੇ ਮਾਣ 'ਚ ਆਪਣੇ ਕਪੜਿਆਂ ਨੂੰ ਮਿੱਟੀ ਘੱਟੇ ਤੋਂ ਬਚਾਈ ਰੱਖਦੀ। ਪਰ ਹਾਂ ਕਦੇ-ਕਦੇ ਵਗਦੇ ਖਾਲ 'ਚੋਂ ਫੱਟੀ ਪੋਚਣ ਸਮੇਂ ਮੈਂ ਆਪਣੇ ਕਪੜੇ ਜ਼ਰੂਰ ਭਿਉਂ ਲੈਂਦੀ ਤੇ ਮੈਨੂੰ ਆਪਣੀ ਦਾਦੀ ਤੇ ਮਾਂ ਦੀਆਂ ਝਿੜਕਾਂ ਸੁਣਨੀਆਂ ਪੈਂਦੀਆਂ। ਵੈਸੇ ਸਕੂਲ ਦੇ ਮਾਸਟਰ ਵੀ ਮੈਨੂੰ ਸਫ਼ਾਈ ਦੇ ਕੰਮ ਤੋਂ ਬਚਾਈ ਰੱਖਦੇ। ਓਦੋਂ ਤਾਂ ਮੈਨੂੰ ਇਹ ਚੰਗਾ ਲੱਗਦਾ ਸੀ ਪਰ ਅੱਜ ਜਦੋਂ ਉਨ੍ਹਾਂ ਦੇ ਇਸ ਵਰਤਾਰੇ ਬਾਰੇ ਸੋਚਦੀ ਹਾਂ ਤਾਂ ਮੈਨੂੰ ਇਹ ਬਹੁਤ ਬੁਰਾ ਲਗਦਾ ਹੈ। ਇਹ ਇਕ ਤਰ੍ਹਾਂ ਨਾਲ ਦੂਸਰੇ ਬੱਚਿਆਂ ਨਾਲ ਬੇਇਨਸਾਫ਼ੀ ਸੀ। ਇਹ ਸੋਚ ਕੇ ਮੈਨੂੰ ਆਪਣੇ ਆਪ ਤੋਂ ਸ਼ਰਮ ਆ ਜਾਂਦੀ ਆ।

ਸਫ਼ਾਈ ਤੋਂ ਬਾਦ ਸਾਰੇ ਵਿਦਿਆਰਥੀਆਂ ਨੂੰ ਗਰਾਊਂਡ 'ਚ ਇਕੱਠਾ ਕਰ ਲਿਆ ਜਾਂਦਾ ਤੇ ਪਾਲਾਂ 'ਚ ਖੜ੍ਹ ਕੇ ਪ੍ਰਾਰਥਨਾ ਕੀਤੀ ਜਾਂਦੀ। ਜਣ ਗਣ ਮਨ ਗਇਆ ਜਾਂਦਾ। ਸੋਮਵਾਰ ਵਾਲੇ ਦਿਨ ਮਾਸਟਰ ਜੀ ਬੱਚਿਆਂ ਦੇ ਨਹੁੰਆਂ ਦਾ ਮੁਆਇਨਾ ਕਰਦੇ। ਹਰ ਇਕ ਨੂੰ ਸਵੇਰੇ ਨਹਾ ਕੇ ਆਉਣ ਦੀ ਹਦਾਇਤ ਸੀ। ਪਰ ਕਦੇ ਕਦੇ ਕੋਈ ਬਿਨਾਂ ਨਾਤਿਆਂ ਵੀ ਆ ਵੜਦਾ। ਕਈ ਵਿਚਾਰੇ ਮੂੰਹ ਵੀ ਨਾ ਧੋਂਦੇ। ਕਈਆਂ ਦੇ ਇਕ ਦੋ ਥੱਪੜ ਵੀ ਲੱਗ ਜਾਂਦੇ ਅਤੇ ਮਾਸਟਰ ਜੀ ਨਲਕੇ 'ਤੇ ਮੂੰਹ ਧੋਣ ਭੇਜ ਦਿੰਦੇ।

ਮੇਰੇ ਨਾਲ ਦੇ ਸਾਰੇ ਵਿਦਿਆਰਥੀ ਪੋਣੇ 'ਚ ਰੋਟੀ ਬੰਨ੍ਹ ਕੇ ਲਿਆਇਆ ਕਰਦੇ ਸਨ ਪਰ ਮੇਰੇ ਕੋਲ ਛੋਟਾ ਜਿਹਾ ਸਟੀਲ ਦਾ ਡੱਬਾ ਹੁੰਦਾ ਸੀ। ਮੇਰੇ ਨਾਲ ਪੜ੍ਹਦੀ ਮੇਰੀ ਸਹੇਲੀ ਸਿੱਟੋ ਮੈਨੂੰ ਬਹੁਤ ਚੰਗੀ ਲਗਦੀ। ਮੈਂ ਆਪਣੀ ਰੋਟੀ ਉਸ ਨਾਲ ਜ਼ਰੂਰ ਸਾਂਝੀ ਕਰਦੀ। ਟਾਹਲੀਆਂ ਦੀ ਛਾਂ 'ਚ ਬੈਠ ਕੇ ਰੋਟੀ ਖਾਣ ਦਾ ਵਖਰਾ ਹੀ ਆਨੰਦ ਸੀ। ਮੈਂ ਸਾਰਿਆਂ ਦੇ ਸਾਹਮਣੇ ਆਪਣਾ ਡੱਬਾ ਖੋਲ੍ਹਦੀ ਤਾਂ ਮੈਨੂੰ ਆਪਣਾ ਆਪ ਤੇ ਡੱਬਾ ਸੋਹਣੇ ਲੱਗਦੇ। ਹਰ ਇਕ ਦੀ ਨਿਗਾਹ ਮੇਰੇ ਡੱਬੇ 'ਤੇ ਹੁੰਦੀ। ਇਕ ਦਿਨ ਕੇਹਰੂ ਨੇ ਆਖ ਹੀ ਦਿੱਤਾ, 'ਮੈਂ ਵੀ ਆਪਣੀ ਕਲਕੱਤੇ ਵਾਲੀ ਭੂਆ ਤੋਂ ਡੱਬਾ ਮੰਗਾਇਆ ਹੈ... ਆ ਈ ਜਾਣਾ ਆ ਭੂਆ ਨੇ...ਸ਼ਿੰਦਰ ਦੇ ਡੱਬੇ ਤੋਂ ਸੋਹਣਾ ਹੋਊ!।

'ਡੱਬੇ ਤਾਂ ਬੱਧਨੀ ਵੀ ਬਥੇਰੇ ਪਏ ਆ ਰਾਮ ਦੀ ਹੱਟੀ 'ਤੇ...ਏਵੇਂ ਨਾ ਕਲਕੱਤੇ ਦੀ ਧੌਂਸ ਦਿਖਾ!' ਗੇਜੂ ਨੇ ਕੇਹਰੂ ਦੀ ਗੱਲ ਪੂਰੀ ਨਾ ਹੋਣ ਦਿੱਤੀ।

ਗੇਜੂ ਦੀ ਇਕ ਗੱਲ ਹੋਰ ਯਾਦ ਆ ਗਈ। ਸਿਆਲਾਂ ਦੇ ਦਿਨੀਂ ਬੱਧਨੀ ਵਾਲੇ ਮਾਸਟਰ ਜੀ ਧੁੱਪੇ ਹੀ ਕਲਾਸ ਲਾ ਲੈਂਦੇ। ਮਾਸਟਰ ਜੀ ਦੇ ਮੂੰਹੋਂ ਧੁੱਪੇ ਜਾਣ ਦੀ ਗੱਲ ਨਿਕਲਣ ਸਾਰ, ਕੇਹਰੂ ਮਾਸਟਰ ਜੀ ਦੀ ਕੁਰਸੀ ਕੋਲ ਜਾ ਖੜ੍ਹਦਾ। ਉਹ ਇਹ ਨਹੀਂ ਸੀ ਚਾਹੁੰਦਾ ਕਿ ਉਹਦੇ ਬਿਨਾਂ ਕੋਈ ਹੋਰ ਮਾਸਟਰ ਜੀ ਦੀ ਕੁਰਸੀ ਨੂੰ ਹੱਥ ਲਾਵੇ। ਕਈ ਵਾਰੀ ਤਾਂ ਗੇਜੂ ਤੇ ਕੇਹਰੂ ਦੀ ਲੜਾਈ ਮਾਸਟਰ ਜੀ ਦੀ ਕੁਰਸੀ ਚੁੱਕਣ ਪਿੱਛੇ ਹੀ ਹੋ ਜਾਂਦੀ। ਗੇਜੂ ਦੇ ਮੂੰਹੋਂ ਡੱਬੇ ਵਾਲੀ ਗੱਲ ਸੁਣ ਕੇ ਕੇਹਰੂ ਦਾ ਚਿਹਰਾ ਲਾਲ ਹੋ ਗਿਆ। ਉਹਨੇ ਰੋਟੀ ਦੀ ਬੁਰਕੀ ਓਥੇ ਹੀ ਰੱਖ ਦਿੱਤੀ ਤੇ ਖੜ੍ਹਾ ਹੋ ਗਿਆ, 'ਹੁਣ ਤੂੰ ਲਾਈਂ ਮਾਸਟਰਾਂ ਦੀ ਕੁਰਸੀ ਨੂੰ ਹੱਥ...ਛੁੱਟੀ ਵੇਲੇ ਦੇਖ ਲੀਂ! ਰੋਜ਼ ਦੋ ਗਲਾਸ ਦੁੱਧ ਦੇ ਪੀਨਾਂ...!'

ਅੱਧੀ ਛੁੱਟੀ ਖ਼ਤਮ ਹੋਣ ਸਾਰ ਹੀ ਗੇਜੂ ਨੇ ਮਾਸਟਰ ਜੀ ਕੋਲ ਸ਼ਿਕਾਇਤ ਲਾ ਦਿੱਤੀ ਕਿ ਅੱਜ ਸਾਰੀ ਛੁੱਟੀ ਵੇਲੇ ਕੇਹਰੂ ਮੈਨੂੰ ਕੁੱਟਣ ਨੂੰ ਫਿਰਦਾ...। ਮਾਸਟਰ ਜੀ ਨੇ ਦੋਨਾਂ ਦੇ ਹੱਥਾਂ 'ਤੇ ਇਕ-ਇਕ ਡੰਡਾ ਲਾ ਕੇ ਗੱਲ ਖ਼ਤਮ ਕਰ ਦਿੱਤੀ।

ਹੁਣ ਉਮਰ ਦੇ ਤੀਸਰੇ ਪਹਿਰ ਵਿਚ ਮੈਂ ਜਦ ਵੀ ਆਪਣੇ ਪੋਤੇ ਜਾਂ ਪੋਤੀ ਦਾ ਲੰਚ-ਬਾਕਸ ਧੋਂਦੀ ਆਂ ਤਾਂ ਮੈਨੂੰ ਆਪਣਾ ਉਹ ਰੋਟੀ ਵਾਲਾ ਡੱਬਾ ਯਾਦ ਆ ਜਾਂਦਾ ਹੈ ਜੋ ਗੇਜੂ ਤੇ ਕੇਹਰੂ 'ਚ ਲੜਾਈ ਦਾ ਕਾਰਣ ਬਣਿਆ।

ਇਕ ਦਿਨ ਧੁੱਪ 'ਚ ਘਾਹ 'ਤੇ ਬੈਠਿਆਂ ਮੈਂ ਗੇਜੂ ਕੋਲ ਤੇਲ ਦੀ ਸ਼ੀਸ਼ੀ ਦੇਖ ਲਈ। ਮੇਰੇ ਤੋਂ ਰਿਹਾ ਨਾ ਗਿਆ।

'ਗੇਜੂ! ਆਹ ਕੀ ਆ?'

'ਸਰ੍ਹੋਂ ਦਾ ਤੇਲ ਆ...ਘਾਹ 'ਚੋਂ ਮੇਰੇ ਭੂਰੀਆਂ ਕੀੜੀਆਂ ਲੜਦੀਆਂ ਰਹਿੰਦੀਆਂ। ਧੱਫੜ ਪਾ ਦਿੰਦੀਆਂ...ਮੈਂ ਧੱਫੜਾਂ 'ਤੇ ਤੇਲ ਲਾ ਲੈਨਾਂ!'

ਏਨਾ ਕਹਿ ਕੇ ਗੇਜੂ ਨੇ ਤੇਲ ਵਾਲੀ ਸ਼ੀਸ਼ੀ ਬਸਤੇ ਵਿਚ ਲਕੋ ਲਈ। ਮੈਂ ਗੇਜੂ ਦੀ ਇਹ ਗੱਲ ਕਿਸੇ ਨੂੰ ਨਹੀਂ ਦੱਸੀ।

...ਤੇ ਸਿੱਟੋ, ਭਾਵੇਂ ਉਹ ਬਹੁਤ ਮੈਲੀ ਕੁਚੈਲੀ ਜਿਹੀ ਸੀ ਪਰ ਮੇਰੀ ਸਹੇਲੀ ਸੀ। ਉਨ੍ਹਾਂ ਦੇ ਘਰ ਪਏ ਵੱਖ-ਵੱਖ ਰੰਗਾਂ ਦੇ ਸੂਤ ਮੇਰੇ ਮਨ ਨੂੰ ਖਿੱਚ ਪਾਉਂਦੇ। ਉਸਦਾ ਘਰ ਸਕੂਲ ਦੇ ਰਾਹ 'ਚ ਸੀ। ਛੁੱਟੀ ਤੋਂ ਬਾਦ ਇਕ ਦਿਨ ਮੈਂ ਉਨ੍ਹਾਂ ਦੇ ਘਰ ਠਹਿਰ ਗਈ। ਸਿੱਟੋ ਦੀ ਮਾਂ ਧਾਰੀਆਂ ਪਾ-ਪਾ ਤਾਣਾ ਤਣ ਰਹੀ ਸੀ। ਰੰਗਾਂ ਦੀਆਂ ਧਾਰੀਆਂ ਮੈਨੂੰ ਬਹੁਤ ਚੰਗੀਆਂ ਲੱਗਦੀਆਂ। ਦੇਖਦਿਆਂ-ਦੇਖਦਿਆਂ ਮੈਨੂੰ ਦੇਰ ਹੋ ਗਈ ਤੇ ਮੇਰੀ ਦਾਦੀ ਉਨ੍ਹਾਂ ਦੇ ਘਰ ਜਾ ਧਮਕੀ। ਉਸਨੇ ਮੈਨੂੰ ਫੜ ਕੇ ਏਨੇ ਜ਼ੋਰ ਦੀ ਝੰਜੋੜਿਆ ਕਿ ਕਈ ਦਿਨ ਮੇਰੀ ਗਰਦਨ ਦੁਖਦੀ ਰਹੀ।

ਇਸ ਸਕੂਲ ਦੀ ਜੋ ਗੱਲ ਮੈਨੂੰ ਬਹੁਤ ਚੰਗੀ ਤਰ੍ਹਾਂ ਯਾਦ ਹੈ ਉਹ ਇਹ ਕਿ ਮੈਂ ਜਮ੍ਹਾਂ-ਘਟਾਓ, ਜਰਬ ਤੇ ਤਕਸੀਮ ਦੇ ਸਵਾਲ ਸਾਰਿਆਂ ਤੋਂ ਪਹਿਲਾਂ ਹੱਲ ਕਰ ਕੇ ਮਾਸਟਰ ਜੀ ਨੂੰ ਦਿਖਾਉਂਦੀ ਸੀ। ਫੱਟੀ 'ਤੇ ਖ਼ੂਬਸੂਰਤ ਲਿਖਾਈ ਲਿਖਦੀ। ਬੱਧਨੀ ਵਾਲੇ ਮਾਸਟਰ ਆਪਣੇ ਚਾਕੂ ਨਾਲ ਕਲਮਾਂ ਘੜ ਕੇ ਦਿੰਦੇ। ਕਲਮਾਂ ਘੜਨ ਵਾਸਤੇ ਹੀ ਉਹ ਚਾਕੂ ਰੱਖਦੇ ਅਤੇ ਕਦੇ-ਕਦੇ ਉਹ ਨਲਕੇ ਕੋਲ ਜਾ ਕੇ ਪੱਥਰ 'ਤੇ ਘਸਾ ਕੇ ਚਾਕੂ ਤਿੱਖਾ ਕਰ ਲੈਂਦੇ। ਮੈਨੂੰ ਉਸ ਸਮੇਂ ਇਹ ਮਾਸਟਰ ਦੁਨੀਆਂ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਇਨਸਾਨ ਲੱਗਦੇ ਸਨ। ਮੇਰੇ ਚਿੱਤ 'ਚ ਖ਼ਿਆਲ ਆਉਂਦਾ ਕਿ ਮੈਂ ਜਦੋਂ ਵੱਡੀ ਹੋ ਕੇ ਮਾਸਟਰਨੀ ਬਣੂੰਗੀ ਤਾਂ ਇਸ ਤਰ੍ਹਾਂ ਦੇ ਚਾਕੂ ਨਾਲ ਕਾਨੇ ਦੀਆਂ ਕਲਮਾਂ ਘੜ ਕੇ ਦਿਆ ਕਰੂੰਗੀ। ਗੱਲ ਦੱਸਣੀ ਚੰਗੀ ਲਗਦੀ ਹੈ ਕਿ ਮੈਂ ਹਮੇਸ਼ਾ ਪੱਕੇ ਕਾਨੇ ਦੀ ਤਲਾਸ਼ ਵਿਚ ਰਹਿੰਦੀ ਸੀ। ਜਿੱਥੇ ਕਿਤੇ ਕਾਨਾ ਦੇਖਦੀ ਲੈ ਆਉਂਦੀ। ਕਾਨੇ ਦੀਆਂ ਇਹ ਕਲਮਾਂ ਮੇਰੇ ਜ਼ਿਹਨ 'ਚ ਏਨੀਆਂ ਡੂੰਘੀਆਂ ਲਹਿ ਗਈਆਂ ਕਿ ਮੈਂ ਆਪਣੀ ਕਵਿਤਾ ਦੀ ਇਕ ਕਿਤਾਬ ਦਾ ਨਾਂ ਵੀ 'ਕਾਨੇ ਦੀਆਂ ਕਲਮਾਂ' ਰੱਖਿਆ।

ਗੇਜੂ ਮੇਰਾ ਜਮਾਤੀ ਸੀ। ਸੀ ਤਾਂ ਉਹ ਮੈਥੋਂ ਅਗਾਂਹ ਹੀ। ਇਕ ਵਾਰ ਫੇਲ੍ਹ ਹੋਣ ਕਾਰਨ ਮੇਰਾ ਜਮਾਤੀ ਹੋ ਗਿਆ। ਵਿਚਾਰਾ ਪੜ੍ਹਾਈ 'ਚ ਬਹੁਤ ਹੀ ਮਾੜਾ। ਵੱਡੇ ਮਾਸਟਰ ਜੀ ਨੇ ਮੇਰੀ ਡਿਊਟੀ ਲਾ ਦਿੱਤੀ ਕਿ ਇਸਦਾ ਘਰ ਲਈ ਦਿੱਤਾ ਕੰਮ ਦੇਖਾਂ। ਉਸ ਦੇ ਘਰ ਲਈ ਦਿੱਤੇ ਕੰਮ ਦੇ ਸਾਰੇ ਸਵਾਲ ਗਲਤ ਸਨ। ਮੈਂ ਮਾਸਟਰ ਜੀ ਨੂੰ ਦੱਸ ਦਿੱਤਾ ਕਿ ਇਸਦਾ ਕੀਤਾ ਕੰਮ ਸਾਰਾ ਹੀ ਗਲਤ ਹੈ। ਮਾਸਟਰ ਜੀ ਨੇ ਮੈਨੂੰ ਉਸਦੇ ਚਪੇੜ ਲਾਉਣ ਲਈ ਆਖ ਦਿੱਤਾ। ਮੈਂ ਮਾਸਟਰ ਜੀ ਦੇ ਮੂੰਹ ਵੱਲ ਦੇਖਣ ਲੱਗ ਗਈ। ਮਾਸਟਰ ਜੀ ਪੂਰੇ ਰੋਹਬ ਨਾਲ ਬੋਲੇ, 'ਸੁਣਦਾ ਨੀ! ਮਾਰ ਦੋ ਚਪੇੜਾਂ ਇਸ ਗਧੇ ਦੇ।'

ਮੈਂ ਨਾ ਚਾਹੁੰਦੀ ਹੋਈ ਨੇ ਉਸਦੇ ਦੋ ਚਪੇੜਾਂ ਜੜ ਦਿੱਤੀਆਂ। ਗੇਜੂ ਦੀਆਂ ਅੱਖਾਂ 'ਚੋਂ ਤ੍ਰਿਪ-ਤ੍ਰਿਪ ਵਗਦਾ ਪਾਣੀ ਮੈਨੂੰ ਅੱਜ ਵੀ ਯਾਦ ਹੈ। ਉਸ ਦਿਨ ਤੋਂ ਬਾਦ ਗੇਜੂ ਮੇਰੇ ਨਾਲ ਕਦੇ ਨਾ ਬੋਲਿਆ। ਉਹ ਮੇਰੇ ਵੱਲ ਦੇਖਦਾ ਤੇ ਮੂੰਹ ਭਵਾਂ ਲੈਂਦਾ। ਪਿੰਡ ਦੇ ਇਸ ਸਕੂਲ ਬਾਰੇ ਲਿਖਦਿਆਂ ਇਹ ਮੇਰੇ ਲਈ ਸਭ ਤੋਂ ਮਾੜੀ ਤੇ ਘਿਨੌਣੀ ਘਟਨਾ ਹੈ ਜਿਸਦੇ ਯਾਦ ਆਉਂਦਿਆਂ ਹੀ ਮੈਨੂੰ ਆਪਣੇ ਆਪ 'ਤੇ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ।

ਪਿੰਡ ਦੇ ਸਕੂਲ 'ਚੋਂ ਚਾਰ ਜਮਾਤਾਂ ਪਾਸ ਕਰ ਕੇ ਮੈਂ ਮੋਗੇ ਦੇ ਸਰਕਾਰੀ ਗਰਲਜ਼ ਹਾਇਰ ਸੈਕੰਡਰੀ ਸਕੂਲ ਵਿਚ ਪੜ੍ਹਨ ਲੱਗ ਗਈ। ਸਮੇਂ ਦੇ ਨਾਲ ਨਾਲ ਮੈਂ ਬੀ.ਐਸ.ਸੀ. ਕਰਕੇ ਕੈਨੇਡਾ ਆ ਵਸੀ। ਮੈਨੂੰ ਏਨਾ ਪਤਾ ਹੈ ਕਿ ਗੇਜੂ ਪਿੰਡ ਦੇ ਸਕੂਲ 'ਚੋਂ ਚਾਰ ਜਮਾਤਾਂ ਪੜ੍ਹ ਕੇ ਅੱਗੇ ਨਹੀਂ ਪੜ੍ਹਿਆ।

ਮੈਂ ਜਦੋਂ ਵੀ ਪਿੰਡ ਜਾਂਦੀ ਤਾਂ ਮੇਰੀ ਕੋਸ਼ਿਸ਼ ਹੁੰਦੀ ਕਿ ਗੇਜੂ ਮੈਨੂੰ ਨਾ ਮਿਲੇ। ਜੇ ਕਿਤੇ ਬੰਦਿਆਂ ਦੀ ਢਾਣੀ 'ਚ ਬੈਠਾ ਦੇਖ ਲੈਂਦੀ ਤਾਂ ਚੁੱਪ-ਚਾਪ ਲੰਘ ਜਾਂਦੀ। ਦੇਖਿਆ ਅਣ-ਦੇਖਿਆ ਕਰ ਦਿੰਦੀ। ਉਸਦੀ ਦੁੱਧ ਚਿੱਟੀ ਅਣਕੱਟ ਦਾੜ੍ਹੀ ਤੋਂ ਸੰਗ ਜਾਂਦੀ।

ਇਕ ਦਿਨ ਗੇਜੂ ਮੈਨੂੰ ਬੀਹੀ ਵਿਚ ਮਿਲ ਗਿਆ। ਉਹ ਆਪਣੇ ਦਰਵਾਜ਼ੇ ਮੂਹਰੇ ਖੜ੍ਹਾ ਸੀ। ਨਾ ਮੈਂ ਪਿੱਛੇ ਮੁੜ ਸਕਦੀ ਸਾਂ ਅਤੇ ਨਾ ਹੀ ਅਣਦੇਖਿਆਂ ਕਰ ਸਕਦੀ ਸਾਂ। ਮੈਂ ਉਨ੍ਹਾਂ ਦੇ ਦਰਵਾਜ਼ੇ ਤੋਂ ਪਰੇ ਹੀ ਸੀ ਕਿ ਉਹ ਮੇਰੇ ਵੱਲ ਨੂੰ ਆ ਗਿਆ। ਮੈਂ ਵੀ ਰੁਕ ਗਈ।

ਮੇਰੇ ਸਿਰ 'ਤੇ ਹੱਥ ਰੱਖਦਿਆਂ ਕਹਿਣ ਲੱਗਾ, 'ਕਿਵੇਂ ਐ ਕੁੜੇ ਸ਼ਿੰਦਰ! ਤਕੜੀ ਐਂ...ਕਦੋਂ ਆਈ ਸੀ...ਜਵਾਕ ਜੱਲਾ ਸਾਰਾ ਠੀਕ ਆ!।

'ਹਾਂ ਬਾਈ! ਸਭ ਠੀਕ ਠਾਕ ਹੈ...ਤੇਰੀ ਸਿਹਤ ਕਿਵੇਂ ਆ... ਭਾਬੀ ਕਿਵੇਂ ਆ?' ਮੈਂ ਸੰਗਦੀ ਸੰਗਦੀ ਏਨਾ ਕੁਝ ਇਕੋ ਸਾਹ ਵਿਚ ਹੀ ਕਹਿ ਗਈ।

'ਆ ਜਾ ਕੁੜੇ... ਚਾਹ ਪਾਣੀ ਪੀ ਕੇ ਜਾਵੀਂ। ਤੇਰਾ ਆਪਣਾ ਘਰ ਆ...ਘਰੇ ਦੁੱਧ ਬਥੇਰਾ...ਤੇਰੀ ਭਾਬੀ ਨੇ ਪਿੰਨੀਆਂ ਬਣਾਈਆਂ ਅਜੇ ਕਲ੍ਹ ਈ। ਆ ਜਾ ਅੰਦਰ ਲੰਘ ਆ। ਤੇਰੀ ਭਾਬੀ ਬਹੁਤ ਯਾਦ ਕਰਦੀ ਆ ਤੈਨੂੰ ...ਕਹਿੰਦੀ ਹੁੰਦੀ ਆ ਸ਼ਿੰਦਰ ਤਾਂ ਬਾਹਲੀ ਹੀ ਨਿਰਮੋਹੀ ਆ ...ਕਦੇ ਮਿਲ ਕੇ ਨੀ ਜਾਂਦੀ। '

ਉਹਦੀ ਗੱਲ ਅਜੇ ਵਿਚੇ ਹੀ ਸੀ ਕਿ ਗੇਜੂ ਦੀ ਵਹੁਟੀ ਸਾਡੇ ਕੋਲ ਆ ਖਲੋਤੀ। ਪਿੰਡ 'ਚ ਉਹ ਨੂੰ ਸਾਰੇ ਤਾਰੋ ਆਖਦੇ ਹਨ। ਪੇਕਿਆਂ ਨੇ ਨਾਂ ਤਾਂ ਓਹਦਾ ਜਗਤਾਰ ਕੌਰ ਰੱਖਿਆ ਸੀ। ਪਤਾ ਨੀ ਕਿਵੇਂ ਤੇ ਕਦੋਂ ਲੋਕੀਂ ਤਾਰੋ ਸੱਦਣ ਲੱਗ ਪਏ।

'ਮੈਂ ਏਧਰ ਪਾਥੀਆਂ ਲੈਣ ਆਈ ਸੀ....ਬੀਬੀ ਤੇਰਾ ਬੋਲ ਸੁਣ ਕੇ ਜਾਣੀਂ ਚਾਅ ਚੜ੍ਹ ਗਿਆ। ਆ ਜਾ ਹੁਣ...ਮੈਂ ਇਉਂ ਨੀ ਜਾਣ ਦੇਣਾ ...ਚਾਹ ਦੁੱਧ ਪੀ ਕੇ ਜਾਣਾ ਪੈਣਾ ਆ। '

ਨਾ ਚਾਹੁੰਦੀ ਹੋਈ ਵੀ ਮੈਂ ਅੰਦਰ ਚਲੀ ਗਈ। ਵੱਡਾ ਸਾਰਾ ਵਿਹੜਾ ਲੰਘ ਕੇ ਜਾਣਾ ਪੈਂਦਾ ਸੀ। ਗੇਜੂ ਨੇ ਸਾਡੇ ਅੱਗੇ ਅੱਗੇ ਜਾ ਕੇ ਕੰਧ ਨਾਲ ਖੜ੍ਹਾ ਮੰਜਾ ਸਿੱਧਾ ਕਰ ਦਿੱਤਾ। ਇਕ ਮੰਜਾ ਪਹਿਲਾਂ ਹੀ ਚੌਕੇ-ਚੁੱਲ੍ਹੇ ਦੇ ਕੋਲ ਡਾਹਿਆ ਪਿਆ ਸੀ। ਹੁਣ ਘਰ ਦਾ ਨਕਸ਼ਾ ਬਦਲਿਆ ਪਿਆ ਸੀ। ਬਚਪਨ ਦੇ ਘਰ ਤੋਂ ਬਿਲਕੁਲ ਵੱਖਰਾ। ਪਰ ਫਿਰ ਵੀ ਕੋਈ ਪੁਰਾਣੀ ਨਿਸ਼ਾਨੀ ਦੇਖ ਕਈ ਗੱਲਾਂ ਯਾਦ ਆ ਰਹੀਆਂ ਸਨ ਖਾਸ ਕਰਕੇ ਖ਼ੁਰੀ ਵਾਲੀ ਥਾਂ ਜੋ ਹੁਣ ਭਰ ਦਿੱਤੀ ਗਈ ਸੀ। ਸੁਣਿਆ ਸੀ ਇਸ ਖ਼ੁਰੀ 'ਚ ਦੋ ਕੁ ਮਹੀਨਿਆਂ ਦੀ ਵੱਛੀ ਡਿੱਗ ਪਈ। ਸਾਰੀ ਪੱਤੀ ਦੇ ਲੋਕਾਂ ਨੇ ਰਲ ਕੇ ਮਸਾਂ ਬਾਹਰ ਕੱਢੀ।

'ਲੈ ਭਾਈ ਸ਼ਿੰਦਰ ਆਰਾਮ ਨਾਲ ਬੈਠ ਏਥੇ। ਬਾਹਲੇ ਈ ਚਿਰ ਪਿੱਛੋਂ ਤੂੰ ਆਈਂ ਏਂ ਸਾਡੇ ਘਰੇ।' ਗੇਜੂ ਦੇ ਬੋਲਾਂ 'ਚ ਲੋਹੜੇ ਦਾ ਪਿਆਰ ਸੀ।

ਪਰ ਮੈਨੂੰ ਤਾਂ ਆਪਣਾ ਈ ਪਾਲਾ ਮਾਰ ਰਿਹਾ ਸੀ। ਮੈਂ ਸੁੰਗੜੀ ਜਿਹੀ ਬੈਠੀ ਸਾਂ।

'ਹਾਂ ਦੱਸ ਸ਼ਿੰਦਰ...ਕਿੰਨੇ ਦਿਨਾਂ ਦੀ ਛੁੱਟੀ ਆ...? ਨੌਕਰੀ ਤਾਂ ਕਰਦੀ ਹੋਵੇਂਗੀ ਓਥੇ...ਤੂੰ ਤਾਂ ਪੜ੍ਹਾਈ ਵੀ ਬਹੁਤ ਕੀਤੀ ਆ!'

ਗੇਜੂ ਦੇ ਮੂੰਹੋਂ ਪੜ੍ਹਾਈ ਦੀ ਗੱਲ ਸੁਣ ਕੇ ਮੈਨੂੰ ਫ਼ਿਕਰ ਜਿਹਾ ਹੋ ਗਿਆ ਕਿ ਗੇਜੂ ਕਿਤੇ ਸਕੂਲ ਵਾਲੀ ਗੱਲ ਨਾ ਛੇੜ ਲਵੇ।

'ਨਹੀਂ ਬਾਈ...ਤੁਹਾਨੂੰ ਈ ਲੱਗਦੈ ਮੈਂ ਬਹੁਤਾ ਪੜ੍ਹੀ ਆਂ...ਏਨਾ ਕੁ ਤਾਂ ਅੱਜ ਕਲ੍ਹ ਆਮ ਈ ਆ।' ਮੈਂ ਆਪਣੀ ਚੁੱਪ ਤੋੜਦਿਆਂ ਕਿਹਾ।

'ਸ਼ਿੰਦਰ! ਨੰਬਰਦਾਰਾਂ ਦਾ ਮੁੰਡਾ ਦੱਸਦਾ ਸੀ ਬਈ ਕੈਨੇਡਾ 'ਚ ਤਾਂ ਬਾਹਲੀ ਠੰਢ ਆ। ਬਰਫ਼ ਪੈਂਦੀ ਰਹਿੰਦੀ ਆ। ਔਖਾ ਹੁੰਦਾ ਹੋਊ ਏਨੀ ਠੰਢ 'ਚ ਰਹਿਣਾ?'

ਮੈਂ ਗੱਲ ਦਾ ਜਵਾਬ ਦੇਣ ਬਾਰੇ ਸੋਚਦੀ ਹੀ ਸੀ ਕਿ ਭਾਬੀ ਤਾਰੋ ਨੇ ਛੋਟਾ ਜਿਹਾ ਸਟੂਲ ਦੋਨਾਂ ਮੰਜਿਆਂ ਵਿਚਾਲੇ ਲਿਆ ਧਰਿਆ।

'ਸ਼ਿੰਦਰ! ਆ ਸਟੂਲ ਬਾਬੇ ਨੇ ਲੋਪੋ ਦੇ ਇਕ ਮਿਸਤਰੀ ਤੋਂ ਬਣਵਾਇਆ ਸੀ। ਬਾਬੇ ਦਾ ਪੱਕਾ ਯਾਰ ਸੀ ਉਹ।'

ਗੇਜੂ ਦੀ ਗੱਲ ਵਿਚੇ ਹੀ ਸੀ ਕਿ ਤਾਰੋ ਗਰਮ ਦੁੱਧ ਦੇ ਭਰੇ ਦੋ ਗਲਾਸ, ਪਿੰਨੀਆਂ ਵਾਲੀ ਪਲੇਟ ਸਟੂਲ 'ਤੇ ਰੱਖਦਿਆਂ ਤੇ ਮੇਰੇ ਵੱਲ ਦੇਖ ਕੇ ਕਹਿਣ ਲੱਗੀ, 'ਲਉ ਤੁਸੀਂ ਦੋਨੋਂ ਭੈਣ-ਭਰਾ ਤੱਤਾ ਤੱਤਾ ਦੁੱਧ ਪੀਓ। ਸਟੂਲ ਦੀ ਗੱਲ ਬਾਦ 'ਚ ਕਰਿਓ। ਸਟੂਲ ਕਿਤੇ ਨੀ ਜਾਂਦਾ।'

'ਭਾਬੀ! ਤੂੰ ਨੀ ਦੁੱਧ ਪੀਣਾ?' ਮੈਂ ਤਾਰੋ ਨਾਲ ਨਜ਼ਰ ਮਿਲਾ ਕੇ ਪੁੱਛਿਆ।

'ਨਾ ਬੀਬੀ ਮੈਂ ਨੀ ਪੀਂਦੀ ਦੁੱਧ...ਸਹੁੰ ਤੇਰੀ...ਮੈਨੂੰ ਚੰਗਾ ਈ ਨੀ ਲੱਗਦਾ! ਦਹੀਂ ਬਥੇਰਾ ਖਾ ਲੈਨੀ ਆਂ!'

'ਹਾਂ ਬਾਈ ਤੂੰ ਸਟੂਲ ਦੀ ਗੱਲ ਕਰਦਾ ਸੀ...ਵਿਚੇ ਰਹਿ ਗਈ!'

'ਬਾਬਾ ਕਹਿੰਦਾ ਹੁੰਦਾ ਸੀ ਏਨੂੰ ਸਾਂਭ ਕੇ ਰੱਖੋ...ਮੇਰੇ ਯਾਰ ਦੀ ਨਿਸ਼ਾਨੀ ਆ!' ਗੇਜੂ ਦੀਆਂ ਅੱਖਾਂ ਨਮ ਹੋ ਗਈਆਂ।

'ਪਹਿਲਾਂ ਦੁੱਧ ਪੀ ਲਉ...ਠੰਢਾ ਹੋ ਜੂ...ਤਾਰੋ ਨੇ ਆਪਣੀ ਚੁੰਨੀ ਦੇ ਲੜ ਨਾਲ ਮੱਖੀਆਂ ਉਡਾਉਂਦਿਆਂ ਕਿਹਾ ਹੀ ਸੀ ਕਿ ਗੇਜੂ ਬੋਲ ਪਿਆ, 'ਦੁੱਧ ਠੰਢਾ ਹੋ ਜੂ...ਫਿਰ ਕੀ ਹੋ ਜੂ...ਫਿਰ ਗਰਮ ਹੋ ਜੂ...ਵਿਚ ਬੋਲਣ ਦੀ ਆਦਤ ਨੀ ਜਾਂਦੀ...ਮਸਾਂ ਕੁੜੀ ਆਈ ਆ...ਅਸੀਂ ਦਿਲ ਦੀਆਂ ਗੱਲਾਂ ਕਰਨੀਆਂ...ਆਪਣੇ ਬਚਪਨ ਦੀਆਂ...ਤੂੰ ਐਵੇਂ ਈ..!'

ਉਸ ਦੇ ਮੂੰਹੋਂ 'ਬਚਪਨ' ਸ਼ਬਦ ਸੁਣ ਕੇ ਮੇਰਾ ਮੱਥਾ ਠਣਕਿਆ। ਮੈਨੂੰ ਲੱਗਿਆ ਗੇਜੂ ਜ਼ਰੂਰ ਚਪੇੜ ਵਾਲੀ ਗੱਲ ਕਰੇਗਾ।

ਗੱਲ ਦਾ ਰੁਖ਼ ਬਦਲਣ ਲਈ ਮੈਂ ਇਕ ਦਮ ਬੋਲ ਪਈ 'ਭਾਬੀ! ਮੇਰੇ ਤੋਂ ਏਨਾ ਦੁੱਧ ਪੀਤਾ ਨੀ ਜਾਣਾ... ਅੱਧਾ ਕੁ ਦੁੱਧ ਕੱਢ ਲੈ...।'

ਮੇਰੇ ਵਾਰ-ਵਾਰ ਕਹਿਣ 'ਤੇ ਉਹਨੇ ਮੇਰਾ ਗਲਾਸ ਮਾੜਾ ਜਿਹਾ ਊਣਾ ਕਰ ਦਿੱਤਾ।

'ਗੇਜੂ ਨੇ ਪਿੰਨੀਆਂ ਵਾਲੀ ਪਲੇਟ ਮੇਰੇ ਮੂਹਰੇ ਕਰਦਿਆਂ ਕਿਹਾ, 'ਲੈ ਭਾਈ ਸ਼ਿੰਦਰ...ਖਾ ਕੇ ਦੇਖ ...ਤੇਰੀ ਭਾਬੀ ਮਾਹਿਰ ਆ ਪਿੰਨੀਆਂ ਬਣਾਉਣ 'ਚ ਤੇ ਗੱਲਾਂ ਕਰਨ 'ਚ!'

'ਬਾਈ! ਗੱਲ ਤਾਂ ਤੇਰੀ ਠੀਕ ਆ...ਮੈਂ ਪਹਿਲੀ ਵਾਰ ਏਨੀ ਸਵਾਦ ਪਿੰਨੀ ਖਾਧੀ ਆ!'

ਆਪਣੀਆਂ ਬਣਾਈਆਂ ਪਿੰਨੀਆਂ ਦੀ ਪ੍ਰਸ਼ੰਸਾ ਸੁਣ ਕੇ ਤਾਰੋ ਖ਼ੁਸ਼ ਹੋ ਗਈ, 'ਤੂੰ ਮੈਨੂੰ ਜਾਣ ਵੇਲੇ ਦੋ ਕੁ ਦਿਨ ਪਹਿਲਾਂ ਦੱਸ ਦੇਈਂ ...ਬਣਾ ਦੂੰਗੀ ਨਾਲ ਲਿਜਾਣ ਵਾਸਤੇ। ਦੋਹਤੇ-ਦੋਹਤੀਆਂ ਨੂੰ ਪਤਾ ਲੱਗੇ ਕਿ ਪਿੰਡ ਸਾਡੀ ਕੋਈ ਮਾਮੀ ਹੈਗੀ!'

ਮੇਰੇ ਕੋਲੋਂ ਗੇਜੂ ਦੀ ਨਿਗਾਹ ਦਾ ਸਾਹਮਣਾ ਕਰਨਾ ਮੁਸ਼ਕਿਲ ਹੋ ਰਿਹਾ ਸੀ। ਉਹ ਬੈਠਾ ਵੀ ਤਾਂ ਮੇਰੇ ਸਾਹਮਣੇ ਸੀ। ਉਸ ਦੀ ਦੁੱਧ ਚਿੱਟੀ ਲੰਮੀ ਦਾੜ੍ਹੀ ਦੇਖ ਵਾਰ-ਵਾਰ ਏਹੀ ਖ਼ਿਆਲ ਆਉਂਦਾ ਕਿ ਮੈਂ ਮਾਸਟਰ ਜੀ ਦੇ ਕਹੇ ਚਪੇੜ ਕਿਉਂ ਮਾਰੀ?

ਮੈਨੂੰ ਭੁੱਲ ਹੀ ਗਿਆ ਕਿ ਓਦੋਂ ਤਾਂ ਇਸਦੇ ਦਾੜ੍ਹੀ ਨਹੀਂ ਸੀ... ਓਦੋਂ ਤਾਂ ਦਸ ਕੁ ਸਾਲਾਂ ਦਾ ਸੀ ਇਹ। ਚੋਰ ਸਿਪਾਹੀ ਖੇਡਣ ਵੇਲੇ ਸਾਰੇ ਜਵਾਕ ਏਹਨੂੰ ਗੇਜੂ ਮੇਜੂ ਈ ਕਹਿੰਦੇ ਹੁੰਦੇ ਸੀ।

ਓਹੀ ਗੱਲ ਹੋਈ ਜਿਸ ਦਾ ਮੈਨੂੰ ਡਰ ਸੀ। ਗੇਜੂ ਨੇ ਦੁੱਧ ਦੀ ਆਖ਼ਰੀ ਘੁੱਟ ਭਰੀ, ਗਲਾਸ ਭੁੰਜੇ ਰੱਖਿਆ ਤੇ ਬੋਲਿਆ, 'ਸ਼ਿੰਦਰ! ਤੂੰ ਤਾਂ ਬਾਹਲੀ ਈ ਹੁਸ਼ਿਆਰ ਹੁੰਦੀ ਸੀ ਸਾਬ ਵਿਚ ... ਮਾਸਟਰ ਅਜੇ ਬੋਲ ਕੇ ਹਟਦਾ ਈ ਸੀ ਤੇ ਤੂੰ ਸਵਾਲ ਕੱਢ ਕੇ ਦਿਖਾ ਦਿੰਦੀ ਸੀ।'

ਮੈਂ ਕੁਝ ਨਾ ਬੋਲੀ। ਮੇਰੀ ਨੀਂਵੀ ਪੈ ਗਈ।

'ਤੈਨੂੰ ਯਾਦ ਆ ਇਕ ਵਾਰੀ ਬੁੱਟਰ ਆਲੇ ਮਾਸਟਰ ਨੇ ਤੇਰੇ ਤੋਂ ਮੇਰੇ ਚਪੇੜ ਮਰਵਾਈ ਸੀ... ਮੈਨੂੰ ਅਜੇ ਤਕ ਯਾਦ ਆ!'

ਮੇਰਾ ਰੋਣ ਨਿਕਲ ਗਿਆ। ਮੇਰਾ ਦਿਲ ਕਰਦਾ ਸੀ ਕਿ ਧਰਤੀ ਪਾਟ ਜਾਵੇ ਤੇ ਮੈਂ ਬੈਠੀ-ਬੈਠੀ ਧਰਤੀ 'ਚ ਸਮਾ ਜਾਵਾਂ।

'ਲੈ ਕੁੜੇ!...ਤੂੰ ਕਿਉਂ ਮਨ ਖ਼ਰਾਬ ਕਰਦੀ ਏਂ... ਮੈਨੂੰ ਤਾਂ ਫ਼ਖ਼ਰ ਆ ਤੇਰੇ 'ਤੇ...ਮਾਸਟਰਾਂ ਨੇ ਜਿਹੜਾ ਕੰਮ ਆਪ ਕਰਨਾ ਸੀ ਉਹ ਤੇਰੇ ਤੋਂ ਕਰਾਇਆ।'

'ਬਾਈ! ਮੈਂ ਨੀ ਸੀ ਚਾਹੁੰਦੀ ਕਿ ਮੈਂ ਤੇਰੇ ਚਪੇੜ ਮਾਰਾਂ...ਮਾਸਟਰ ਤੋਂ ਡਰਦੀ ਨੇ ਮਾਰੀ ਸੀ। ਮੈਂ ਉੱਠ ਕੇ ਗੇਜੂ ਦੇ ਨਾਲ ਬੈਠ ਗਈ।'

ਬਾਈ ਗੇਜੂ ਨੇ ਮੇਰੇ ਸਿਰ 'ਤੇ ਹੱਥ ਰੱਖਿਆ। ਉਸਦਿਆਂ ਵੀ ਅੱਖਾਂ ਭਰ ਆਈਆਂ।

ਭਾਬੀ ਤਾਰੋ ਉੱਚੀ-ਉੱਚੀ ਹੱਸਣ ਲੱਗ ਪਈ। 'ਲੈ...ਦੋਨੋਂ ਭੈਣ ਭਰਾ ਰੋਈ ਜਾਂਦੇ ਆ...ਬਾਹਲਾ ਥੋੜ੍ਹਾ ਦਿਲ ਆ ਥੋਡਾ ਦੋਨਾਂ ਦਾ। ਨਿਆਣੇ ਹੁੰਦਿਆਂ ਤੋਂ ਤਾਂ ਇਉਂ ਹੋ ਈ ਜਾਂਦੈ...। ਐਵੇਂ ਨਾ ਕਮਲੇ ਬਣੋ...!'

ਮੇਰਾ ਰੋਣਾ ਹੋਰ ਤੇਜ਼ ਹੋ ਗਿਆ। ਮੈਂ ਆਪਣੀ ਸ਼ਾਲ ਨਾਲ ਅੱਖਾਂ ਪੂੰਝਣ ਹੀ ਲੱਗੀ ਸੀ ਕਿ ਗੇਜੂ ਨੇ ਆਪਣੇ ਮੋਢੇ 'ਤੇ ਰੱਖਿਆ ਡੱਬੀਆਂ ਵਾਲਾ ਪਰਨਾ ਮੇਰੇ ਮੂਹਰੇ ਕਰ ਦਿੱਤਾ।

'ਲੈ ਇਹਦੇ ਨਾਲ ਪੂੰਝ ਅੱਖਾਂ...ਆਹ ਤੇਰੀ ਚੁੰਨੀ ਤਾਂ ਗਰਮ ਆ ...ਧਾਗਾ ਕਰੜਾ ਆ... ਅੱਖਾਂ ਰਗੜੀਆਂ ਜਾਣਗੀਆਂ।'

'ਬੀਬੀ...ਤੇਰਾ ਬਾਈ ਅੱਜ ਸਵੇਰੇ ਈ ਦੱਸਦਾ ਸੀ ਕਿ ਗੁੱਲੀ ਡੰਡਾ ਖੇਡਦਿਆਂ ਗੁੱਲੀ ਤੇਰੀ ਅੱਖ 'ਤੇ ਵੱਜੀ ਸੀ।' ਤਾਰੋ ਨੇ ਗੱਲ ਬਦਲਣੀ ਚਾਹੀ।'

'ਤੈਨੂੰ ਯਾਦ ਆ ਕੁੜੇ...ਅਸੀਂ ਫ਼ਿਰਨੀ 'ਤੇ ਗੁੱਲੀ ਡੰਡਾ ਖੇਡਦੇ ਹੁੰਦੇ ਸੀ, ਮੈਂ ਗੁੱਲੀ 'ਤੇ ਡੰਡਾ ਲਾਇਆ ਤੇ ਗੁੱਲੀ ਬੁੜ੍ਹਕ ਕੇ ਤੇਰੀ ਅੱਖ 'ਤੇ ਵੱਜੀ...ਬਾਪੂ ਨੇ ਬਹੁਤ ਛਿੱਤਰ ਲਾਏ ਓਦੋਂ...ਕਹਿੰਦਾ ਜੇ ਗੁੱਲੀ ਅੱਖ 'ਚ ਵੱਜ ਜਾਂਦੀ ਤਾਂ ਜਾ ਜਾਂਦੀ ਹੋ ਜਾਣੀ ਸੀ ਵਿਚਾਰੀ ਧੀ ਧਿਆਣੀ ਨਾਲ...!' ਗੇਜੂ ਨੇ ਮੇਰੇ ਹੱਥੋਂ ਆਪਣਾ ਪਰਨਾ ਫੜਦਿਆਂ ਕਿਹਾ।

'ਬਾਈ! ਮੈਨੂੰ ਤਾਂ ਯਾਦ ਨੀ...ਨਿੱਕੇ ਹੁੰਦਿਆਂ ਬਥੇਰਾ ਕੁਝ ਹੁੰਦਾ ਸੀ ਏਹੋ ਜਿਹਾ!'

'ਤੇ ਫਿਰ...ਤੂੰ ਕਿਉਂ ਐਵੇਂ ਰੋਈ ਜਾਨੀ ਏਂ, ਮਾੜੀ ਜੀ ਗੱਲ ਤੋਂ। ਮੈਨੂੰ ਤਾਂ ਤੇਰੇ 'ਤੇ ਬਾਹਲਾ ਈ ਫ਼ਖਰ ਆ ਬਾਈ ਸਾਡੀ ਕੁੜੀ ਐਨੀ 'ਸ਼ਿਆਰ ਹੁੰਦੀ ਸੀ।' ਗੇਜੂ ਨੇ ਹੱਥ ਨਾਲ ਮੇਰਾ ਸਿਰ ਹਿਲਾਇਆ।

'ਸਕੂਲ 'ਚ ਏਹਨੂੰ ਸਵਾਲ ਨਾ ਔਂਦੇ ਹੋਣ ਗੇ ਪਰ ਹੁਣ ਤਾਂ ਬਾਹਲਾ ਈ ਸਾਬੀ ਕਤਾਬੀ ਆ...ਮਜ਼ਾਲ ਆ ਇਕ ਰੁਪਈਆ ਵੀ ਏਧਰ-ਓਧਰ ਹੋ ਜੇ ਇਹਦੀ ਜੇਬ 'ਚੋਂ'। ਤਾਰੋ ਭਾਬੀ ਨੇ ਚਿਟਕਾਰਾ ਲਾਇਆ।

'ਜੇ ਸਾਬ ਕਤਾਬ ਨਾ ਰੱਖਾਂ ...ਤੂੰ ਤਾਂ ਬੱਧਨੀ ਸਾਧੂ ਕੀ ਹੱਟੀ 'ਤੇ ਹੀ ਬੈਠੀ ਰਹੇਂ!' ਗੇਜੂ ਨੇ ਹੱਸਦਿਆਂ-ਹੱਸਦਿਆਂ ਤਾਰੋ ਨੂੰ ਮੋੜਵਾਂ ਜਵਾਬ ਦਿੱਤਾ।

ਮੈਂ ਖ਼ੁਸ਼ੀ-ਖ਼ੁਸ਼ੀ ਆਪਣੇ ਘਰ ਪਰਤ ਆਈ। ਅੱਜ ਵਰ੍ਹਿਆਂ ਦਾ ਬੋਝ ਮੇਰੇ ਸਿਰ ਤੋਂ ਲਹਿ ਗਿਆ ਸੀ।

ਅੱਜ-ਕਲ੍ਹ ਗੇਜੂ ਪਿੰਡ ਦਾ ਸਭ ਤੋਂ ਸਿਆਣਾ ਬੰਦਾ ਆ। ਪਿੰਡ 'ਚ ਕੋਈ ਲੜਾਈ-ਝਗੜਾ ਹੋਵੇ, ਉਹ ਬੜੇ ਸਹਿਜ ਨਾਲ ਸਮਝੌਤੇ ਕਰਵਾ ਦਿੰਦਾ ਆ ਤੇ ਪਿੰਡ ਦੇ ਲੋਕਾਂ ਦੇ ਵੱਡੇ-ਵੱਡੇ ਹਿਸਾਬ ਕਿਤਾਬ ਮਿੰਟਾਂ ਸਕਿੰਟਾਂ 'ਚ ਕਰ ਦਿੰਦਾ ਵਾ!

# ਫ਼ਿਲਮ ਲੋਕ



## ਸੰਨੀ ਲਿਓਨ ਵਾਲਾ ਕਿਰਦਾਰ ਨਿਭਾਏਗੀ ਤਮੰਨਾ ਭਾਟੀਆ

ਏਕਤਾ ਕਪੂਰ ਦੀ ਫ਼ਿਲਮ 'ਰਾਗਿਨੀ ਐਮ.ਐਮ.ਐਸ. ਦੇ ਤੀਜੇ ਹਿੱਸੇ 'ਰਾਗਿਨੀ ਐਮ.ਐਮ.ਐਸ.-3' ਲਈ ਅਦਾਕਾਰਾ ਤਮੰਨਾ ਭਾਟੀਆ ਦਾ ਨਾਂਅ ਫਾਈਨਲ ਹੋ ਚੁੱਕਾ ਹੈ। ਸੰਨੀ ਲਿਓਨ ਦੀ ਤਰ੍ਹਾਂ ਤਮੰਨਾ ਵੀ ਹੁਣ ਇਸ ਫ਼ਿਲਮ ਜ਼ਰੀਏ ਆਪਣੇ ਹੁਸਨ ਦੇ ਜਲਵੇ ਦਿਖਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਸ਼ਸ਼ਾਂਕ ਘੋਸ਼ ਵਲੋਂ ਨਿਰਦੇਸ਼ਕ ਕੀਤੀ ਜਾਣ ਵਾਲੀ ਇਸ ਫ਼ਿਲਮ ਵਿਚ ਉਹ ਆਮਿਰ ਖਾਨ ਦੇ ਬੇਟੇ ਜੁਨੈਦ ਖਾਨ ਨਾਲ ਰੋਮਾਂਸ ਕਰਦੀ ਨਜ਼ਰ ਆਉਣ ਵਾਲੀ ਹੈ। ਇਸ ਡਾਰਕ ਕਾਮੇਡੀ ਅਤੇ ਸੰਗੀਤਕ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਹੋ ਚੁੱਕੀ ਹੈ ਅਤੇ ਫ਼ਿਲਮ ਅਗਲੇ ਸਾਲ ਰਿਲੀਜ਼ ਹੋਵੇਗੀ।ਕਰੀਅਰ ਦੇ ਸ਼ੁਰੂਆਤੀ ਦਿਨਾਂ ਵਿਚ ਤਮੰਨਾ ਭਾਟੀਆ ਨੇ ਛੋਟੇ ਮੋਟੇ ਰੋਲ ਵੀ ਕੀਤੇ, ਪਰ ਅੱਗੇ ਉਸ ਦੀ ਮਿਹਨਤ, ਹੁਨਰ ਅਤੇ ਆਤਮ-ਵਿਸ਼ਵਾਸ ਨੇ ਉਸ ਨੂੰ ਸਿਰਫ਼ ਦੱਖਣ ਹੀ ਨਹੀਂ, ਸਗੋਂ ਪੂਰੇ ਦੇਸ਼ ਵਿਚ ਪਛਾਣ ਦਿਵਾਈ ਅਤੇ ਦੇਖਦੇ ਹੀ ਦੇਖਦੇ ਉਹ ਦੱਖਣ ਭਾਰਤ ਦੀ ਫ਼ਿਲਮ ਸਨਅਤ ਦੀ ਹਰਮਨ ਪਿਆਰੀ ਅਦਾਕਾਰਾ ਬਣ ਗਈ। ਤਮੰਨਾ ਭਾਟੀਆ ਨੂੰ ਸਭ ਤੋਂ ਜ਼ਿਆਦਾ ਹਰਮਨਪਿਆਰਤਾ ਪੈਨ ਇੰਡੀਆ ਫ਼ਿਲਮ 'ਬਾਹੂਬਲੀ : ਦ ਬਿਗਨਿੰਗ' ਅਤੇ 'ਬਾਹੂਬਲੀ 2 : ਦ ਕਨਕਲੂਉਜ਼ਨ' ਤੋਂ ਮਿਲੀ। ਹਾਲ ਹੀ ਵਿਚ ਸ਼ਾਹਿਦ ਕਪੂਰ ਦੀ ਫ਼ਿਲਮ 'ਓ ਰੋਮੀਓ' ਵਿਚ ਨਜ਼ਰ ਆਈ ਸੀ। ਇਸ ਵਿਚ ਸ਼ਾਹਿਦ ਦੇ ਨਾਲ ਤ੍ਰਿਪਤੀ ਡਿਮਰੀ ਮੁੱਖ ਭੂਮਿਕਾ ਵਿਚ ਸੀ ਜਦਕਿ ਤਮੰਨਾ ਦਾ ਇਕ ਕਿਰਦਾਰ ਮੀ। ਇਸ ਤੋਂ ਬਾਅਦ ਤਮੰਨਾ ਤਾਮਿਲ ਫ਼ਿਲਮ 'ਪੁਰੁਸ਼ਨ' ਤੋਂ ਇਲਾਵਾ ਹਿੰਦੀ ਫ਼ਿਲਮ 'ਵਨ-ਫੋਰਸ ਆਫ਼ ਦ ਫੋਰੈਸਟ', 'ਰੇਂਜਰਜ਼', 'ਆਈ.ਪੀ.ਐਸ. ਮਾਰੀਆ', ਵੀ. ਸ਼ਾਂਤਾਰਾਮ ਦੀ ਬਾਇਓਪਿਕ ਅਤੇ ਕਾਫ਼ੀ ਸਮੇਂ ਤੋਂ ਬਣ ਰਹੀ 'ਬੋਲੇ ਚੂੜੀਆਂ' ਕਰ ਰਹੀ ਹੈ। 'ਵਨ-ਫੋਰਸ ਆਫ਼ ਦੇ ਫਾਰਸਟ' - ਸਸਪੈਂਸ ਥ੍ਰਿਲਰ ਫ਼ਿਲਮ 15 ਮਈ, 2026 ਵਿਚ ਰਿਲੀਜ਼ ਹੋਵੇਗੀ। ਜਦਕਿ 'ਰੇਂਜਰਜ਼' 4 ਦਸੰਬਰ, 2026 ਨੂੰ ਰਿਲੀਜ਼ ਹੋਵੇਗੀ। ਇਸ -ਵਿਚ ਅਜੈ ਦੇਵਗਨ ਅਤੇ ਸੰਜੈ ਦੱਤ ਮੁੱਖ ਭੂਮਿਕਾ ਵਿਚ ਹਨ। 2026 ਵਿਚ ਉਹ ਫ਼ਿਲਮ 'ਰੇਂਜਰ' ਵਿਚ ਦਿਸੇਗੀ। ਵੀ. ਸ਼ਾਂਤਾਰਾਮ ਦੀ ਬਾਇਓਪਿਕ ਵਿਚ ਉਹ ਉਸ ਦੀ ਪਤਨੀ ਜੈਸ੍ਰੀ ਸ਼ਾਂਤਾਰਾਮ ਦਾ ਕਿਰਦਾਰ ਨਿਭਾਅ ਰਹੀ ਹੈ। ਇਹ ਫ਼ਿਲਮ ਅਗਲੇ ਸਾਲ ਆਉਣ ਦੀ ਸੰਭਾਵਨਾ ਹੈ।

## ਅਦਿਤੀ ਰਾਓ ਹੈਦਰੀ ਫ਼ਰਜ਼ੀ ਵ੍ਹਟਸਐਪ ਤੋਂ ਦੁਖੀ



ਅਦਿਤੀ ਰਾਓ ਹੈਦਰੀ ਦੇ ਨਾਂਅ 'ਤੇ ਫਰਜ਼ੀ 'ਵੱਟਸਐਪ' ਚੱਲ ਰਿਹਾ ਹੈ। ਇਸ ਵੱਟਸਐਪ ਰਾਹੀਂ ਕਈ ਫੋਟੋਗ੍ਰਾਫ਼ਰਾਂ ਨਾਲ ਠੱਗੀ ਵੱਜ ਚੁੱਕੀ ਹੈ। ਅਦਿਤੀ ਨੇ 'ਵੱਟਸਐਪ' ਨੂੰ ਕਈ ਫੋਨ, ਚਿੱਠੀਆਂ ਤੇ ਮੇਲ ਵੀ ਕੀਤੀਆਂ ਹਨ ਪਰ ਨਤੀਜਾ ਕੁਝ ਨਹੀਂ ਨਿਕਲਿਆ।

ਹਮੇਸ਼ਾ ਅਦਿਤੀ ਰਾਓ ਹੈਦਰੀ ਦੀ ਚਰਚਾ ਰਹਿੰਦੀ ਹੈ, ਚਾਹੇ ਉਹ 'ਹੀਰਾ ਮੰਡੀ' ਸੀਰੀਜ਼ ਹੋਵੇ ਜਾਂ ਸਿਧਾਰਥ ਨਾਲ ਪ੍ਰੇਮ ਸੰਬੰਧ ਹੋਣ ਉਹ ਹਮੇਸ਼ਾ ਖ਼ਬਰਾਂ ਵਿਚ ਰਹਿੰਦੀ ਹੈ। ਹੋਰ ਸੁਣੋ ਅਦਿਤੀ ਰਾਓ ਹੈਦਰੀ ਦੇ ਨਾਂਅ 'ਤੇ ਫ਼ਰਜ਼ੀ 'ਵੱਟਸਐਪ' ਚੱਲ ਰਿਹਾ ਹੈ। ਇਸ ਵੱਟਸਐਪ ਰਾਹੀਂ ਕਈ ਫੋਟੋਗ੍ਰਾਫ਼ਰਾਂ ਨਾਲ ਠੱਗੀ ਵੱਜ ਚੁੱਕੀ ਹੈ।ਅਦਿਤੀ ਨੇ 'ਵੱਟਸਐਪ' ਨੂੰ ਕਈ ਫੋਨ, ਚਿੱਠੀਆਂ ਤੇ ਮੇਲ ਵੀ ਕੀਤੀਆਂ ਹਨ ਪਰ ਨਤੀਜਾ ਕੁਝ ਨਹੀਂ ਨਿਕਲਿਆ। ਸਿਧਾਰਥ ਨਾਲ ਦੋ ਸਾਲ ਪਹਿਲਾਂ ਅਦਿਤੀ ਨੇ ਵੈਸੇ ਘਰ ਵਸਾ ਲਿਆ। ਆਪਣੀ ਸਾਦਗੀ ਲਈ ਮਸ਼ਹੂਰ ਅਦਿਤੀ ਰਾਓ ਹੈਦਰੀ ਨੇ ਸੋਸ਼ਲ ਮੀਡੀਆ ਪ੍ਰਤੀ ਦੁੱਖ ਜਤਾਇਆ ਹੈ । ਸ਼ੁੱਧ ਰੇਸ਼ਮ ਦਾ ਲਹਿੰਗਾ ਪਹਿਨ ਕੇ ਈਦ 'ਤੇ ਅਦਿਤੀ ਰਾਓ ਹੈਦਰੀ ਬਾਜ਼ਾਰ 'ਚ ਨਿਕਲੀ ਤਾਂ ਲੋਕ ਹੈਰਾਨ ਹੋ ਗਏ।

ਯਾਦ ਕਰੋ ਸੱਤਿਆਦੀਪ ਤੇ ਉਸ ਨਾਲ 21 ਸਾਲ ਦੀ ਉਮਰ 'ਚ ਅਦਿਤੀ ਰਾਓ ਹੈਦਰੀ ਦਾ ਵਿਆਹ ਹੋਇਆ ਸੀ। ਸੱਤਿਆਦੀਪ ਨੇ ਬੁਰੀ ਤਰ੍ਹਾਂ ਅਦਿਤੀ ਦਾ ਦਿਲ' ਤੋੜਿਆ ਪਰ ਅਦਿਤੀ ਆਖਦੀ ਹੈ ਕਿ ਰੱਬ ਹੈ, 45 ਸਾਲ ਦੀ ਉਮਰ 'ਚ ਉਸ ਨੂੰ ਜਿਹੜਾ ਅਨੰਦ ਦੂਜੇ ਵਿਆਹ ਦਾ ਆਇਆ ਹੈ, ਉਹ ਅਲੌਕਿਕ ਹੈ। ਅਦਿਤੀ ਦੀ ਓ.ਟੀ.ਟੀ. 'ਤੇ ਫ਼ਿਲਮ 'ਵੈੱਲਕਮ ਟੂ ਖੋਇਆ ਮਹਿਲ' ਚੱਲ ਰਹੀ ਹੈ। ਅਦਿਤੀ ਨੇ ਦੱਖਣ ਭਾਰਤ ਤੇ ਬਾਲੀਵੁੱਡ 'ਚ ਫ਼ਰਕ ਬਾਰੇ ਆਪਣੇ ਬੇਬਾਕ ਵਿਚਾਰ ਦਿੱਤੇ ਹਨ। ਉਹ ਆਖਦੀ ਹੈ ਕਿ ਦੱਖਣ ਭਾਰਤ ਵਾਲੇ ਡਿੱਗੇ ਇਨਸਾਨ ਨੂੰ ਚੁੱਕ ਕੇ ਫਿਰ ਅੱਗੇ ਵਧਣ ਲਈ ਉਤਸ਼ਾਹਿਤ ਕਰਦੇ ਹਨ ਤੇ ਬਾਲੀਵੁੱਡ ਵਿਚ ਇਕ-ਦੂਜੇ ਦੀਆਂ ਲੱਤਾਂ ਖਿੱਚਣ ਦੀ ਪ੍ਰਕਿਰਿਆ ਬਹੁਤ ਤੇਜ਼ ਹੈ। ਨਵਾਬਾਂ ਦੇ ਖਾਨਦਾਨ ਦੀ ਧੀ ਅਦਿਤੀ ਰਾਓ 'ਗਾਂਧੀ ਟਾਕਸ' ਨਾਲ ਖ਼ੂਬ ਪਿਆਰ ਪ੍ਰਾਪਤ ਕਰ ਰਹੀ ਹੈ ਤੇ ਹਾਵ-ਭਾਵ ਨਾਲ ਹੀ ਅਭਿਨੈ। ਕੋਈ ਸੰਵਾਦ ਨਹੀਂ ਤੇ ਇਹ ਵੱਖਰੀ ਫ਼ਿਲਮ ਨਾਲ ਅਦਿਤੀ ਨੇ ਸਾਬਤ ਕੀਤਾ ਹੈ ਕਿ ਉਹ ਅਭਿਨੈ ਦੀ ਪੂਰੀ ਮਾਹਿਰ ਹੈ। ਇਕੱਲਾ ਗਲੈਮਰ ਹੀ ਨਹੀਂ ਉਸ ਕੋਲ ਅਭਿਨੈ ਦਾ ਖਜ਼ਾਨਾ ਹੈ। ਇਹ ਫ਼ਿਲਮ ਨਗਰੀ ਨਵੇਂ ਲੋਕਾਂ ਨੂੰ ਮੁਸ਼ਕਿਲ ਨਾਲ ਕੰਮ ਦਿੰਦੀ ਹੈ। ਇਕ ਚੁੱਪ- ਚਪੀਤੀ ਫ਼ਿਲਮ ਜਿਸ ਤਰ੍ਹਾਂ 'ਗਾਂਧੀ ਟਾਕਸ' ਹੀ ਦੱਸਦੀ ਹੈ ਕਿ ਤੁਹਾਡੇ ਅੰਦਰ ਅਭਿਨੈ ਸੱਚਮੁੱਚ ਹੈ ਜਾਂ ਫਿਰ ਰੱਟਾ ਲਾ ਕੇ ਸੰਵਾਦ ਹੀ ਬੋਲ ਸਕਦੇ ਹੋ। ਅਦਿਤੀ ਨੇ ਇਹ ਗੱਲ 'ਗਾਂਧੀ ਟਾਕਸ' ਫ਼ਿਲਮ ਨੂੰ ਲੈ ਕੇ ਉਸ ਨੂੰ ਮਿਲ ਰਹੀ ਵਾਹਵਾਹੀ ਬਾਰੇ ਆਖੀ ਹੈ। ਅਦਿਤੀ ਨੇ ਇਹ ਵੀ ਕਿਹਾ ਕਿ ਉਹ ਭਾਗਾਂਵਾਲੀ ਹੈ ਕਿ ਬਾਹਰੀ ਕਲਾਕਾਰ ਹੋਣ 'ਤੇ ਵੀ ਉਸ ਨੇ ਸੰਜੇ ਲੀਲਾ ਭੰਸਾਲੀ ਜਿਹੇ ਨਿਰਦੇਸ਼ਾਂ ਨਾਲ ਕੰਮ ਕੀਤਾ ਹੈ। ਇਕ ਵਾਰ ਫਿਰ ਅਦਿਤੀ ਰਾਓ ਨੇਆਪਣੇ ਚਹੇਤਿਆਂ 'ਤੇ ਹੋਰ ਲੋਕਾਂ ਨੂੰ ਸਾਵਧਾਨ ਕੀਤਾ ਹੈ ਕਿ 'ਵੱਟਸਐਪ ਫ਼ਰਜ਼ੀ' ਤੋਂ ਇਲਾਵਾ ਉਸ ਦੇ ਫੇਸਬੁੱਕ 'ਤੇ ਵੀ ਫਰਜ਼ੀ ਖਾਤੇ ਚੱਲ ਰਹੇ ਹਨ ਤੇ ਇਨ੍ਹਾਂ ਖਾਤਿਆਂ 'ਤੇ ਪੈਸੇ ਮੰਗਣ 'ਤੇ ਲੋਕ ਕਿਸੇ ਨੂੰ ਪੈਸੇ ਨਾ ਦੇਣ। ਸਾਈਬਰ ਅਪਰਾਧਾਂ ਤੋਂ ਅਦਿਤੀ ਬਹੁਤ ਦੁਖੀ ਹੈ।

## ਵਿਜੈ ਦੇਵਰਕੋਂਡਾ-ਰਸ਼ਮਿਕਾ ਮੰਦਾਨਾ ਦੀ ਫ਼ਿਲਮ 'ਰਾਣਾ ਬਾਲੀ'

ਭਾਰਤੀ ਸਿਨੇਮਾ ਦੇ ਸਭ ਤੋਂ ਹੁਨਰਮੰਦ ਪੈਨ-ਇੰਡੀਆ ਸਟਾਰ ਵਿਜੈ ਦੇਵਰਕੋਂਡਾ ਨੇ ਆਪਣੀ ਦਮਦਾਰ ਤੇ ਸ਼ਾਨਦਾਰ ਸਕ੍ਰੀਨ ਪੇਸ਼ਕਾਰੀ ਅਤੇ ਯਾਦਗਾਰੀ ਪੇਸ਼ਕਾਰੀ ਦੇ ਦਮ 'ਤੇ ਫ਼ਿਲਮਾਂ ਵਿਚ ਇਸ ਤਰ੍ਹਾਂ ਦੇ ਕਿਰਦਾਰ ਨਿਭਾਏ ਹਨ ਜੋ ਦਰਸ਼ਕਾਂ ਦੇ ਦਿਮਾਗ਼ ਵਿਚ ਡੂੰਘੀ ਤਰ੍ਹਾਂ ਰਚੇ-ਬਚੇ ਹੋਏ ਹਨ। ਵਿਜੈ ਇਕ ਵਾਰ ਫਿਰ ਆਪਣੀ ਦੋ ਅਸਲ ਕਹਾਣੀਆਂ 'ਤੇ ਆਧਾਰਿਤ ਲੰਮੀ ਉਡੀਕ ਵਾਲੀਆਂ ਫ਼ਿਲਮਾਂ 'ਰਾਣਾ ਬਾਲੀ' ਅਤੇ 'ਰਾਊਡੀ ਜਨਾਰਦਨ' ਦੇ ਨਾਲ ਵੱਡੇ ਪਰਦੇ 'ਤੇ ਧਮਾਲ ਮਚਾਉਣ ਦੀ ਤਿਆਰੀ ਵਿਚ ਹੈ। ਫ਼ਿਲਮ ਜ਼ਰੀਏ ਹਾਲ ਹੀ ਵਿਚ 26 ਫਰਵਰੀ ਨੂੰ ਵਿਆਹ ਬੰਧਨ ਵਿਚ ਬੱਝ ਚੁੱਕੇ ਵਿਜੈ ਦੇਵਰਕੋਂਡਾ ਅਤੇ ਰਸ਼ਮਿਕਾ ਮੰਦਾਨਾ 'ਗੀਤਾ ਗੋਵਿੰਦਮ' ਅਤੇ 'ਡੀਅਰ ਕਾਮਰੇਡ' ਬਾਅਦ ਇਕ ਵਾਰ ਫਿਰ ਵੱਡੇ ਪਰਦੇ 'ਤੇ ਇਕੱਠੇ ਨਜ਼ਰ ਆਉਣ ਵਾਲੇ ਹਨ, ਜਦ ਕਿ ਰਵੀ ਕਿਰਨ ਕੋਲਾ ਦੇ ਨਿਰਦੇਸ਼ਨ ਵਿਚ ਬਣ ਰਹੀ 'ਰਾਉੜੀ ਜਨਾਰਦਨ' ਵਿਚ ਵਿਜੈ ਦੇਵਰਕੋਂਡਾ ਇਕ ਵੱਖਰੇ ਅੰਦਾਜ਼ ਵਿਚ ਨਜ਼ਰ ਆਉਣਗੇ। ਉਮੀਦ ਕੀਤੀ ਜਾ ਰਹੀ ਹੈ ਕਿ ਵੱਖਰੀ ਤਰ੍ਹਾਂ ਦੀ ਕਹਾਣੀ 'ਤੇ ਆਧਾਰਿਤ ਇਹ ਫ਼ਿਲਮ ਇਕ ਵਾਰ ਫਿਰ ਤੋਂ ਵਿਜੈ ਦੇ ਹੁਨਰ ਨੂੰ ਸਾਬਿਤ ਕਰੇਗੀ। ਵਿਜੈ ਦੇਵਰਕੋਂਡਾ ਦੇ ਇਹ ਦੋਵੇਂ ਹੀ ਕਿਰਦਾਰ ਸ਼ਖ਼ਸੀਅਤ, ਗਹਿਰਾਈ ਅਤੇ ਭਾਵੁਕਤਾ ਵਿਚ ਬਿਲਕੁਲ ਵੱਖਰੇ ਹਨ।



## 'ਭੂਤ ਬੰਗਲਾ' ਵਿਚ ਨਜ਼ਰ ਆਵੇਗੀ ਮਿਥਿਲਾ ਪਾਲਕਰ



ਅਦਾਕਾਰਾ ਮਿਥਿਲਾ ਪਾਲਕਰ ਫਿਲਮ 'ਭੂਤ ਬੰਗਲਾ' ਵਿਚ ਅਕਸ਼ੈ ਕੁਮਾਰ ਦੀ ਭੈਣ ਦੇ ਕਿਰਦਾਰ ਵਿਚ ਨਜ਼ਰ ਆਉਣ ਵਾਲੀ ਹੈ । ਸਾਲ 2026 ਦੀਆਂ ਉਡੀਕੀਆਂ ਜਾਣ ਵਾਲੀਆਂ ਫ਼ਿਲਮਾਂ ਵਿਚੋਂ ਇਕ ਇਸ ਫ਼ਿਲਮ ਜ਼ਰੀਏ ਅਕਸ਼ੈ ਕੁਮਾਰ ਅਤੇ ਨਿਰੇਦਸ਼ਕ ਪ੍ਰਿਆ ਦਰਸ਼ਨ ਲਗਭਗ 16 ਸਾਲ ਬਾਅਦ ਵਾਪਸੀ ਕਰਨ ਜਾ ਰਹੇ ਹਨ। 11 ਜਨਵਰੀ, 1993 ਨੂੰ ਮੁੰਬਈ ਦੇ ਦੂਰ ਦਰਾਜ ਦੇ ਉੱਪ-ਨਗਰ ਬਸਈ ਦੇ ਇਕ ਮਰਾਠੀ ਪਰਿਵਾਰ ਵਿਚ ਪੈਦਾ ਹੋਈ ਮਿਥਿਲਾ ਪਾਲਕਰ ਦਾ ਬਚਪਨ ਮੁੰਬਈ ਦੇ ਦਾਦਰ ਸਥਿਤ ਨਾਨਾ-ਨਾਨੀ ਦੇ ਘਰ ਬੀਤਿਆ। ਮਿਥਿਲਾ ਪਾਲਕਰ ਨੇ 16ਵੇਂ ਮੁੰਬਈ ਕੌਮਾਂਤਰੀ ਫ਼ਿਲਮ ਸਮਾਰੋਹ ਵਿਚ ਪ੍ਰਦਰਸ਼ਿਤ ਮਰਾਠੀ ਵਿਚ ਬਣੀ ਲਘੂ ਫ਼ਿਲਮ 'ਮਾਝਾ ਹਨੀਮੂਨ' ਨਾਲ ਆਪਣੇ ਐਕਟਿੰਗ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਉਸ ਨੇ ਫ਼ਿਲਮ 'ਕੱਟੀ ਬੱਟੀ' ਵਿਚ ਇਮਰਾਨ ਖਾਨ ਦੀ ਭੈਣ ਦੀ ਭੂਮਿਕਾ ਨਿਭਾਉਂਦੇ ਹੋਏ ਹਿੰਦੀ ਫ਼ਿਲਮਾਂ ਵਿਚ ਆਪਣੀ ਸ਼ੁਰੂਆਤ ਕੀਤੀ ਸੀ, ਪਰ ਬਦਕਿਸਮਤੀ ਨਾਲ ਇਸ ਫ਼ਿਲਮ ਨੇ ਟਿਕਟ ਖਿੜਕੀ 'ਤੇ ਚੰਗਾ ਪ੍ਰਦਰਸ਼ਨ ਨਹੀਂ ਕੀਤਾ।

ਮਰਾਠੀ ਵਿਚ ਬਣੀ ਫ਼ਿਲਮ 'ਮੁਰੰਬਾ' ਦੇ ਇੰਦੂ ਵਾਲੇ ਕਿਰਦਾਰ ਵਿਚ ਸ਼ਾਨਦਾਰ ਪ੍ਰਦਰਸ਼ਨ ਲਈ ਮਿਥਿਲਾ ਨੂੰ ਬੈਸਟ ਫੀਮੇਲ ਡੈਬਿਊ (ਮਰਾਠੀ) ਦਾ ਫ਼ਿਲਮਫੇਅਰ ਪੁਰਸਕਾਰ ਮਿਲਿਆ ਸੀ। ਮਿਥਿਲਾ ਪਾਲਕਰ ਹੁਣ ਤੱਕ ਕਈ ਹਿੰਦੀ, ਮਰਾਠੀ, ਅਤੇ ਤਾਮਿਲ ਫ਼ਿਲਮਾਂ ਤੋਂ ਇਲਾਵਾ ਵੈੱਬ ਸੀਰੀਜ਼ ਵਿਚ ਨਜ਼ਰ ਆ ਚੁੱਕੀ ਹੈ। ਉਸ ਦੀਆਂ ਹੋਰ ਵਰਨਣਯੋਗ ਫ਼ਿਲਮਾਂ ਵਿਚੋਂ ਹਿੰਦੀ ਵਿਚ ਬਣੀ 'ਕਾਰਵਾਂ' ਅਤੇ 'ਤ੍ਰਿਭੰਗਾ' ਦੇ ਨਾਂਅ ਵੀ ਸ਼ਾਮਿਲ ਹਨ। ਫ਼ਿਲਮ 'ਕਾਰਵਾਂ' ਵਿਚ ਇਰਫ਼ਾਨ ਖਾਨ, ਦੁਲਕਰ ਸਲਮਾਨ ਅਤੇ ਕ੍ਰਿਤੀ ਖਰਬੰਦਾ ਦੇ ਨਾਲ ਮਿਥਿਲਾ ਦੀ ਮੌਜੂਦਗੀ ਅਤੇ ਉਸ ਦਾ ਆਤਮ-ਵਿਸ਼ਵਾਸ ਦੇਖਿਆਂ ਹੀ ਬਣਦਾ ਸੀ। ਹਿੰਦੀ ਤੋਂ ਰਾਠੀ, ਇੰਗਲਿਸ਼, ਤੇਲਗੂ ਇਲਾਵਾ ਅੰਗਰੇਜ਼ੀ ਅਤੇ ਮਰਾਠੀ ਵਿਚ ਵੀ ਰਿਲੀਜ਼ ਹੋਈ ਫ਼ਿਲਮ 'ਤ੍ਰਿਭੰਗਾ' ਨੂੰ ਹਰ ਕਿਸੇ ਨੇ ਬਹੁਤ ਸਰਾਹਿਆ ਅਤੇ ਪਸੰਦ ਕੀਤਾ ਸੀ। ਵੈੱਬ ਸੀਰੀਜ਼ 'ਗਰਲ ਇਨ ਦ ਸਿਟੀ' ਅਤੇ 'ਲਿਟਲ ਥਿੰਗਸ' ਦੇ ਕਿਰਦਾਰਾਂ ਲਈ ਮਿਥਿਲਾ ਦੇ ਕੰਮ ਦੀ ਜੰਮ ਕੇ ਪ੍ਰਸੰਸਾ ਹੋਈ। ਮਿਥਿਲਾ ਪਾਲਕਰ ਹਿੰਦੀ ਵਿਚ ਬਣ ਰਹੀ ਫ਼ਿਲਮ 'ਭੂਤ ਬੰਗਲਾ' ਤੋਂ ਇਲਾਵਾ ਇਕ ਹੋਰ ਹਿੰਦੀ ਫ਼ਿਲਮ 'ਹੈਪੀ ਪਟੇਲ : ਖ਼ਤਰਨਾਕ ਜਾਸੂਸ' ਵੀ ਕਰ ਰਹੀ ਹੈ। ਉਹ ਤੇਲਗੂ ਟੈਲੀਵਿਜ਼ਨ ਸ਼ੋਅ 'ਸੁਪਰ ਸੁੱਬੂ' ਵਿਚ ਵੀ ਨਜ਼ਰ ਆਉਣ ਵਾਲੀ ਹੈ। ਇਸ ਦੀ ਸ਼ੂਟਿੰਗ ਖ਼ਤਮ ਹੋ ਚੁੱਕੀ ਹੈ ਅਤੇ ਇਹ ਸ਼ੋਅ ਛੇਤੀ ਹੀ ਟੈਲੀਕਾਸਟ ਹੋਵੇਗਾ।



# ਸਿੱਖ ਰਿਲੀਜੀਅਸ ਸੁਸਾਇਟੀ, ਬਰੁੱਕਫੀਲਡ (ਵਿਸਕਾਨਸਿਨ)

ਖਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥

## ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਖਾਲਸਾ ਸਿਰਜਣਾ ਦਿਵਸ ਵਿਸਾਖੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ (ਨਾਨਕਸ਼ਾਹੀ ਕੈਲੰਡਰ ਮੁਤਾਬਿਕ) ਦੀ

# ਲੱਖ ਲੱਖ ਵਧਾਈ !



*ਵਿਸਾਖੀ ਨੂੰ ਸਮਰਪਿਤ ਵਿਸ਼ੇਸ਼ ਕੀਰਤਨ ਦਰਬਾਰ 14 ਅਪਰੈਲ, ਦਿਨ ਮੰਗਲਵਾਰ ਨੂੰ ਸ਼ਾਮ 6 ਤੋਂ 8 ਵਜੇ ਤੱਕ ਹੋਵੇਗਾ।*

### ਪ੍ਰੋਗਰਾਮ ਦਾ ਵੇਰਵਾ

*ਅਰੰਭ ਸ੍ਰੀ ਅਖੰਡ ਪਾਠ ਸਾਹਿਬ*
*17 ਅਪਰੈਲ , 2026*
*ਦਿਨ ਸ਼ੁਕਰਵਾਰ*
*ਭੋਗ ਸ੍ਰੀ ਅਖੰਡ ਪਾਠ ਸਾਹਿਬ*
*19 ਅਪਰੈਲ, 2026*
*ਦਿਨ ਐਤਵਾਰ*





*ਸਮਾਗਮ ਦੌਰਾਨ ਭਾਈ ਹਰਸਿਮਰਨ ਸਿੰਘ, ਭਾਈ ਸੁਖਵਿੰਦਰ ਸਿੰਘ, ਭਾਈ ਅਰਸ਼ਦੀਪ ਸਿੰਘ, ਕਥਾਵਾਚਕ ਭਾਈ ਲਖਵਿੰਦਰ ਸਿੰਘ ਅਤੇ ਭਾਈ ਗੁਰਦੀਪ ਸਿੰਘ ਕਥਾ-ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ।*

*ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਬਲਬੀਰ ਸਿੰਘ ਮੁਲਤਾਨੀ ਅਤੇ ਪਰਿਵਾਰ ਵਲੋਂ ਕੀਤੀ ਜਾਵੇਗੀ।*

Sikh Religious Society of Wisconsin

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# Sikh Religious Society of Wisconsin

3675 N Calhoun Rd, Brookfield WI 53207 Ph: 262-790-1600